ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 21 | Issue 124| 22 May to 28 May, 2024 | Ph.: (510) 240-5949 | Email: asrtimes@gmail.com



# ਪੰਜਾਬ ਦੀ ਸਿਆਸਤ 'ਚ ਦੀਨ ਈਮਾਨ ਦੀ ਥਾਂ ਹੋਈ ਸੋੜੀ

ਬਲਰਾਜ ਪੰਨੂੰ

ਇੱਕ ਜੂਨ ਨੂੰ ਸੱਤਵੇਂ ਤੇ ਆਖ਼ਰੀ ਪੜਾਅ ਦੇ ਵਿੱਚ ਵੋਟ ਪਾਉਣ ਦੀ ਵਾਰੀ ਪੰਜਾਬ ਵਾਸੀਆਂ ਦੀ ਵੀ ਹੈ, ਤੇ ਆਖ਼ਰੀ ਵਾਰ ਵੋਟਿੰਗ ਦਾ ਇੱਕ ਫਾਇਦਾ ਇਹ ਹੈ ਕਿ ਤੁਹਾਨੂੰ ਨਤੀਜਿਆਂ ਦੇ ਲਈ ਲੰਬਾ ਇੰਤਜ਼ਾਰ ਨਹੀਂ ਕਰਨਾ ਪੈਣਾ। ਤੇ ਪੰਜਾਬ ਦੇ ਲਈ ਇੱਕ ਫਾਇਦਾ ਇਹ ਵੀ ਹੈ ਕਿ ਸਾਰੇ ਪੱਖਾਂ ਨੂੰ, ਸਾਰੀਆਂ ਪਾਰਟੀਆਂ ਨੂੰ ਸੁਣਨ ਦੇ ਲਈ ਉਹਨਾਂ ਕੋਲ ਲੰਬਾ ਸਮਾਂ ਰਿਹਾ। ਪੰਜਾਬ ਸਿਆਸੀ ਸਟੇਟ ਹੈ, ਉਸ ਦੀਆਂ ਆਪਣੀਆਂ ਲੋੜਾਂ ਹਨ, ਕੁਝ ਦੁਸ਼ਵਾਰੀਆਂ ਨੇ ਪਰ ਇੱਥੇ ਦੇ ਲੀਡਰ ਕਿਸੇ ਵੀ ਉਸਾਰੂ ਸੋਚ ਦੇ ਨਾਲ ਲੋਕ ਸਭਾ ਚੋਣਾਂ ਦਾ ਪ੍ਰਚਾਰ ਨਹੀਂ ਕਰ ਰਹੇ, ਮੁੱਦਾਹੀਣ ਬਹਿਸ ਹੋ ਰਹੀ ਹੈ, ਮੁੱਦੇ ਗਾਇਬ ਨੇ ਤੇ ਲੋਕਾਂ ਨੇ ਉਮੀਦਵਾਰਾਂ ਨੂੰ ਅਣਦੇਖਿਆ ਕਰ ਦਿੱਤਾ ਹੈ। ਬੋਲ ਕੁਬੋਲ ਇੱਕ ਦੂਜੇ ਨੂੰ ਹੋ ਰਹੇ ਨੇ। ਮਰਿਆਦਾ ਤੋਂ ਸੱਖਣੀ ਰਾਜਨੀਤੀ ਦਾ ਬੋਲ ਬਾਲਾ ਚੱਲ ਰਿਹਾ ਹੈ। ਕਿਧਰੇ ਸਾਡੇ ਮੁੱਖ ਮੰਤਰੀ ਨਵੇਂ ਭਰਤੀ ਪੁਲਿਸ ਕਰਮਚਾਰੀਆਂ ਦੇ ਨਾਲ ਭੰਗੜਾ ਪਾਉਂਦੇ ਦਿਖਦੇ ਨੇ, ਤੇ ਕਿਧਰੇ ਸਟੇਜ 'ਤੇ ਕਿਕਲੀ ਪਾਉਂਦੇ ਚਰਚਾ ਵਿੱਚ ਰਹੇ। ਕਿਕਲੀ ਤਾਂ ਸੰਸਦ ਦੇ ਵਿੱਚ ਭਗਵੰਤ ਮਾਨ ਨੇ ਪਹਿਲਾਂ ਵੀ ਪਾਈ ਸੀ, ਖ਼ੈਰ ਉਦੋਂ ਵਾਲੀ ਕਿਕਲੀ ਤੇ ਹੁਣ ਵਾਲੀ ਕਿਕਲੀ ਵਿੱਚ ਬੜਾ ਫ਼ਰਕ ਹੈ। ਉਦੋਂ ਵਾਲੀ ਕਿਕਲੀ ਦੇ ਵਿੱਚ ਲੋਕਾਂ ਦੀ ਗੱਲ ਕੀਤੀ ਗਈ ਸੀ, ਪਰ ਹੁਣ ਵਾਲੀ ਕਿਕਲੀ ਵਿੱਚ ਇੱਕ ਖਾਸ ਧਿਰ ਨੂੰ ਨਿਸ਼ਾਨਾ ਬਣਾਇਆ ਗਿਆ। ਮਸਖਰੀ ਕਰਨੀ ਪੰਜਾਬੀ ਸੱਭਿਆਚਾਰ ਦਾ ਹਿੱਸਾ ਹੈ, ਕੋਈ ਮਾੜੀ ਗੱਲ ਨਹੀਂ ਪਰ ਮਸਖਰੀਆਂ ਨਾਲ ਸਿਆਸਤ ਨਹੀਂ ਚੱਲਦੀ। ਕੋਈ ਸਮਾਂ ਸੀ ਜਦੋਂ ਮਾਨ ਸਰਕਾਰ ਲੋਕਾਂ ਨੂੰ ਕਹਿੰਦੀ ਸੀ ਕਿ ਮੁਰਗੀ ਮਰੀ ਦੇ ਵੀ ਪੈਸੇ ਦੇਵਾਂਗੇ। ਖ਼ੈਰ, ਅਸੀਂ ਇਸ ਗੱਲ ਦੇ ਵੀ ਹੱਕ ਵਿੱਚ ਨਹੀਂ, ਕਿਉਂਕਿ ਲੋਕਾਂ ਨੂੰ ਮੁਫ਼ਤ ਰਾਸ਼ਨ ਨੇ ਹੀ ਨਕਾਰਾ ਕੀਤਾ ਹੋਇਆ ਹੈ। ਪਰ ਪੰਜਾਬ ਦੇ ਭਲੇ ਲਈ ਪੰਜਾਬ ਦੀਆਂ ਸਮੱਸਿਆਵਾਂ ਵੱਲ ਨਜ਼ਰ ਮਾਰਨੀ ਤਾਂ ਬਣਦੀ ਹੈ। ਹੋਰ ਕੁਝ ਨਹੀਂ, ਮਾਨ ਸਾਹਿਬ ਖੇਤੀ ਪਾਲਿਸੀ ਦਾ ਜੋ ਡਰਾਫ਼ਟ ਬਣਿਆ, ਉਸ 'ਤੇ ਹੀ ਨਜ਼ਰ ਮਾਰ ਲੈਂਦੇ ਕਿਉਂਕਿ ਤੁਹਾਡੇ ਆਪਣੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ ਲੋਕ ਬਠਿੰਡੇ ਦੇ ਵਿੱਚ ਸਵਾਲ ਤੇ ਸਵਾਲ ਕਰ ਰਹੇ ਹਨ ਪਰ ਭਗਵੰਤ ਮਾਨ ਜੀ, ਤੁਸੀਂ ਕਹਿ ਰਹੇ ਹੋ ਕਿ ਗੁਰਮੀਤ ਸਿੰਘ ਖੁੱਡੀਆਂ ਨੂੰ ਧੌਣ ਵਿਚੋਂ ਕਿੱਲਾ ਕੱਢਣਾ ਆਉਂਦਾ ਹੈ ਤੇ ਐਤਕੀਂ ਉਹ ਅਕਾਲੀ ਦਲ ਵਾਲੀ ਕਿੱਲੀ ਵੀ ਕੱਢ ਦੇਣਗੇ।

ਭਗਵੰਤ ਮਾਨ ਦੀ ਕਿਕਲੀ ਤੋਂ ਬਿਨਾ ਪੰਜਾਬ ਦੀ ਇੱਕ ਗੱਲ ਹੋਰ ਚਰਚਾ ਦੇ ਵਿੱਚ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਸੁਖਪਾਲ ਖਹਿਰਾ ਦੇ ਬਿਆਨ ਨੂੰ ਸਿਆਸੀ ਪਾਣ ਚਾੜ ਕੇ ਕੁਝ ਹੋਰ ਹੀ ਰੂਪ ਦੇ ਦਿੱਤਾ ਹੈ। ਅਸਲ ਦੇ ਵਿੱਚ ਨਰਿੰਦਰ ਮੋਦੀ ਹਰ ਇੱਕ ਛੋਟੀ ਗੱਲ ਨੂੰ ਵੱਡਾ ਤੇ ਪਾੜ ਪਾਉਣ ਵਾਲੀ ਬਣਾ ਕੇ ਲੋਕਾਂ ਸਾਹਮਣੇ ਪੇਸ਼ ਕਰਦੇ ਹਨ। ਪ੍ਰਧਾਨ ਮੰਤਰੀ ਚੋਣਾਂ ਦੇ ਹਰ ਇੱਕ ਗੇੜ ਵਿੱਚ ਆਪਣਾ ਸਟੈਂਡ ਬਦਲਦੇ ਰਹੇ ਹਨ। ਸੁਖਪਾਲ ਖਹਿਰਾ ਨੇ ਇਹ ਕਿਹਾ ਸੀ ਕਿ ਗੈਰ ਪੰਜਾਬੀਆਂ ਨੂੰ ਪੰਜਾਬ ਦੇ ਵਿੱਚ ਸਿੱਧਾ ਵੋਟ ਦੇਣ ਦਾ ਅਧਿਕਾਰ ਤੇ ਨੌਕਰੀ ਲੈਣ ਦਾ ਅਧਿਕਾਰ ਨਹੀਂ ਦੇਣਾ ਚਾਹੀਦਾ, ਹਾਲਾਂਕਿ ਦੂਜੇ ਸੂਬਿਆਂ ਦੇ ਹਵਾਲੇ ਵੀ ਉਹਨਾਂ ਨੇ ਦਿੱਤੇ ਸਨ, ਜਿਵੇਂ ਕਿ ਹਿਮਾਚਲ, ਜੰਮੂ ਕਸ਼ਮੀਰ ਆਦਿ। ਪੰਜਾਬ ਵਿਧਾਨ ਸਭਾ ਵਿੱਚ ਇਸ ਤੋਂ ਪਹਿਲਾਂ ਸੁਖਪਾਲ ਖਹਿਰਾ ਨੇ ਏਸ ਸਬੰਧੀ ਇੱਕ ਬਿਲ ਵੀ ਲਿਆਂਦਾ ਸੀ ਪਰ ਸਪੀਕਰ ਨੇ ਮਨਜ਼ੂਰੀ ਨਹੀਂ ਸੀ ਦਿੱਤੀ। ਇਸ ਗੱਲ ਨੇ ਇੱਕ ਨਵੀਂ ਡੀਬੇਟ ਛੇੜ ਦਿੱਤੀ ਹੈ ਹਾਲਾਂਕਿ ਸੁਖਪਾਲ ਖਹਿਰਾ ਨੇ ਪ੍ਰਧਾਨ ਮੰਤਰੀ ਦੇ ਬਿਆਨ ਤੋਂ ਬਾਅਦ ਆਪਣਾ ਪੱਖ ਵਧੀਆ ਤਰੀਕੇ ਦੇ ਨਾਲ ਪੇਸ਼ ਕੀਤਾ ਹੈ, ਪਰ ਹਕੀਕਤ ਨੂੰ ਅੱਖੋਂ ਪਰੋਖੇ ਕਰਨਾ ਵੀ ਪੰਜਾਬ ਲਈ ਚੰਗੀ ਗੱਲ ਨਹੀਂ ਹੈ।

ਭਲਕੇ ਨਰਿੰਦਰ ਮੋਦੀ ਪੰਜਾਬ ਵਿੱਚ ਪਟਿਆਲਾ, ਗੁਰਦਾਸਪੁਰ ਤੇ ਜਲੰਧਰ ਫੇਰੀ 'ਤੇ ਆਉਣਗੇ ਤੇ ਰੈਲੀਆਂ ਦੌਰਾਨ ਲੋਕਾਂ ਨੂੰ ਸੰਬੋਧਨ ਕਰਨਗੇ। ਪ੍ਰਕਾਸ਼ ਸਿੰਘ ਬਾਦਲ ਹਮੇਸ਼ਾ ਕਿਹਾ ਕਰਦੇ ਸਨ ਕਿ ਭਾਜਪਾ ਦੇ ਨਾਲ ਸਾਡਾ ਨਹੁੰ ਮਾਸ ਦਾ ਰਿਸ਼ਤਾ ਹੈ ਪਰ ਇਸ ਵਾਰ ਨਹੁੰ ਅਲੱਗ ਉਲਝਿਆ ਹੋਇਆ ਹੈ ਤੇ ਮਾਸ ਅਲੱਗ ਉਲਝਿਆ ਹੋਇਆ ਹੈ। ਪੰਜਾਬ ਭਾਜਪਾ ਨਰਿੰਦਰ ਮੋਦੀ ਦੀਆਂ ਇਹਨਾਂ ਰੈਲੀਆਂ ਦੇ ਲਈ ਪੱਬਾਂ ਭਾਰ ਹੋਈ ਪਈ ਹੈ। ਅਸਲ ਵਿੱਚ ਪਟਿਆਲੇ ਦੇ ਵਿੱਚ ਕੋਈ ਪ੍ਰਧਾਨ ਮੰਤਰੀ 20 ਸਾਲ ਬਾਅਦ ਆ ਰਿਹਾ ਹੈ। ਇਸ ਤੋਂ ਪਹਿਲਾਂ 2004 ਦੇ ਵਿੱਚ ਅਕਾਲੀ-ਭਾਜਪਾ ਗਠਜੋੜ ਦੇ ਉਮੀਦਵਾਰ ਕੈਪਟਨ ਕੰਵਲਜੀਤ ਸਿੰਘ ਦੇ ਹੱਕ ਵਿੱਚ ਉਸ ਸਮੇਂ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਪਟਿਆਲੇ ਆਏ ਸਨ। ਉਂਝ ਤਾਂ ਪ੍ਰਧਾਨ ਮੰਤਰੀ ਜਿਥੇ ਵੀ ਜਾਂਦੇ ਨੇ, ਹਰ ਸੂਬੇ ਨੂੰ ਨੰਬਰ ਵਨ ਸੂਬਾ ਬਣਾਉਣ ਦੀ ਗੱਲ ਆਖਦੇ ਨੇ, ਵੇਖੋ ਭਲਕੇ ਪੰਜਾਬ ਵਾਲਿਆਂ ਦੀ ਕਿਸਮਤ ਦੇ ਵਿੱਚ ਕੀ ਆਉਂਦਾ ਹੈ? ਕਿਉਂਕਿ ਪੰਜਾਬੀਆਂ ਦਾ ਲਾਰਿਆਂ ਪੱਖੋਂ ਹਾਜਮਾ ਕਮਜ਼ੋਰ ਹੀ ਹੈ। ਪੰਜਾਬੀ ਲਾਰਿਆਂ ਵਾਲੀ ਸਿਆਸਤ ਨੂੰ ਹਮੇਸ਼ਾ ਕਿਨਾਰੇ ਲਾਉਂਦੇ ਆਏ ਨੇ। ਤੁਹਾਨੂੰ ਯਾਦ ਹੋਣੈ, ਪਿਛਲੀ ਵਾਰ ਜਦੋਂ 2019 ਦੇ ਵਿੱਚ ਨਰਿੰਦਰ ਮੋਦੀ ਪੰਜਾਬ ਫੇਰੀ 'ਤੇ ਸਨ ਤਾਂ ਉਸ ਸਮੇਂ ਸੁਰੱਖਿਆ ਨੂੰ ਲੈ ਕੇ ਇੱਕ ਵੱਡਾ ਵਿਵਾਦ ਖੜ੍ਹਾ ਕੀਤਾ ਗਿਆ ਸੀ ਤੇ ਗੋਦੀ ਮੀਡੀਆ ਨੇ ਇਸ ਮਾਮਲੇ ਨੂੰ ਬਹੁਤ ਹਵਾ ਦਿੱਤੀ ਸੀ ਪਰ ਚਰਨਜੀਤ ਸਿੰਘ ਚੰਨੀ ਦੇ ਇੱਕ ਬਿਆਨ ਨੇ ਮੀਡੀਆ ਦੀਆਂ ਆਸਾਂ 'ਤੇ ਪਾਣੀ ਫੇਰ ਦਿੱਤਾ ਸੀ।

ਪੀ. ਐਮ. ਦੀ ਪੰਜਾਬ ਫੇਰੀ ਤੋਂ ਪਹਿਲਾਂ ਕਿਸਾਨ ਮਹਾਂਪੰਚਾਇਤ ਨੇ ਨਰਿੰਦਰ ਮੋਦੀ ਦਾ ਕਾਲੀਆਂ ਝੰਡੀਆਂ ਦੇ ਨਾਲ ਸ਼ਾਂਤਮਈ ਵਿਰੋਧ ਦਾ ਐਲਾਨ ਕਰ ਦਿੱਤਾ ਹੈ। ਤੇ ਉਧਰ ਲੋਕ ਸਭਾ ਚੋਣਾਂ ਦੇ ਵਿੱਚ ਪੰਜਾਬ ਦੇ ਰਾਜ ਸਭਾ ਮੈਂਬਰਾਂ ਦੀ ਗੈਰਹਾਜ਼ਰੀ ਚਰਚਾ ਦੇ ਵਿੱਚ ਹੈ। ਖਾਸ ਕਰਕੇ ਰਾਘਵ ਚੱਢਾ ਕਾਫ਼ੀ ਚਰਚਾ ਦੇ ਵਿੱਚ ਹੈ। ਪਰ ਅਸਲ ਵਿੱਚ ਸੰਦੀਪ ਪਾਠਕ ਨੂੰ ਛੱਡ ਕੇ ਹੋਰ ਕੋਈ ਵੀ ਰਾਜ ਸਭਾ ਮੈਂਬਰ ਚੋਣ ਸਰਗਰਮੀਆਂ ਦੇ ਵਿੱਚ ਦਿਖਾਈ ਨਹੀਂ ਦੇ ਰਿਹਾ। ਵਿਕਰਮਜੀਤ ਸਾਹਨੀ, ਸੰਤ ਬਲਬੀਰ ਸਿੰਘ ਸੀਚੇਵਾਲ, ਸੰਜੀਵ ਅਰੋੜਾ, ਅਸ਼ੋਕ ਮਿੱਤਲ, ਹਰਭਜਨ ਸਿੰਘ ਇਹ ਸਾਰੇ ਗਾਇਬ ਨੇ। ਤੇ ਇਹਨਾਂ ਨੂੰ ਸਟਾਰ ਪ੍ਰਚਾਰਕਾਂ ਦੀ ਸੂਚੀ ਵਿਚੋਂ ਵੀ ਬਾਹਰ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਪੰਜਾਬ ਦੀ ਸਿਆਸਤ ਤੋਂ ਵੀ ਵੱਡੇ ਸਟਾਰ ਚਿਹਰੇ ਇਸ ਵਾਰ ਕਿਧਰੇ ਗੁਆਚੇ ਹੋਏ ਨੇ, ਕੈਪਟਨ ਅਮਰਿੰਦਰ ਸਿੰਘ, ਮਨਪ੍ਰੀਤ ਬਾਦਲ, ਨਵਜੋਤ ਸਿੰਘ ਸਿੱਧੂ, ਸੁਖਦੇਵ ਸਿੰਘ ਢੀਂਡਸਾ, ਗੁਰਪ੍ਰੀਤ ਸਿੰਘ ਘੁੱਗੀ, ਸੁੱਚਾ ਸਿੰਘ ਛੋਟੇਪੁਰ, ਸ਼ਮਸ਼ੇਰ ਸਿੰਘ ਦੂਲੋਂ, ਆਵਾਜ਼ ਏ ਪੰਜਾਬ ਵਜੋਂ ਜਾਣੇ ਜਾਂਦੇ ਜਗਮੀਤ ਸਿੰਘ ਬਰਾੜ ਵੀ ਪੰਜਾਬ ਦੀ ਸਿਆਸਤ ਤੋਂ ਗਾਇਬ ਨੇ।

ਵੈਸੇ ਪੰਜਾਬ ਦੇ ਸਾਰੇ ਸਿਆਸਤਦਾਨ ਪੰਜਾਬ ਦੇ ਡੇਰਿਆਂ 'ਤੇ ਚੱਕਰ ਲਗਾ ਆਏ ਨੇ, ਸੋਸ਼ਲ ਮੀਡੀਆ 'ਤੇ ਫੋਟੋਆਂ ਵੀ ਪਾ ਦਿੱਤੀਆਂ ਨੇ ਪਰ ਪੰਜਾਬ ਦੀ ਸਾਈਲੈਂਟ ਵੋਟ ਸਿਆਸਤ ਨੂੰ ਪੂਰੇ ਤਰੀਕੇ ਨਾਲ ਘੁਮਾ ਸਕਦੀ ਹੈ। ਪੰਜਾਬ ਦੇ ਡੇਰੇ ਹਮੇਸ਼ਾ ਗੈਰ ਸਿਆਸੀ ਹੋਣ ਦਾ ਦਾਅਵਾ ਕਰਦੇ ਨੇ, ਪਰ ਸਿਆਸਤ ਦਾ ਗੋਡਾ ਛੱਡਣਾ ਉਹਨਾਂ ਲਈ ਕਈ ਮੁਸ਼ਕਿਲਾਂ ਖੜੀਆਂ ਕਰਦਾ ਹੈ। ਸੁਖਬੀਰ ਬਾਦਲ ਦਾ ਬਿਆਨ ਅੱਜ ਕੱਲ੍ਹ ਕਾਫ਼ੀ ਚਰਚਾ ਦੇ ਵਿੱਚ ਹੈ "ਅਖੇ ਵੋਟਾਂ ਵਾਲੇ ਦਿਨ 1 ਜੂਨ ਸਿੱਖਾਂ ਦੇ ਲਈ ਖਾਸ ਹੈ, ਅਕਾਲ ਪੁਰਖ ਨੇ ਸਜ਼ਾ ਦੇਣ ਦੀ ਯਾਦ ਦਿਵਾਉਣ ਲਈ ਇਹ ਦਿਨ ਚੁਣਿਆ ਹੈ।" ਮੇਰਾ ਖ਼ਿਆਲ ਹੈ ਕਿ ਇਹਨਾਂ ਦਿਨਾਂ ਵਿੱਚ ਸੁਖਬੀਰ ਬਾਦਲ ਜਿੰਨਾ ਘੱਟ ਬੋਲਣ, ਉਹਨਾਂ ਹੀ ਚੰਗਾ। ਪਰ ਸਿਆਣੇ ਕਹਿੰਦੇ ਨੇ ਕਿ ਝੂਠਾ ਹੋਵੇ ਦੂਣਾ ਝਗੜੇ। ਅਕਾਲੀ ਦਲ ਅਨੇਕਾਂ ਗਲਤੀਆਂ ਕਰਕੇ ਹੋਂਦ ਦੀ ਲੜਾਈ ਲੜ ਰਿਹਾ ਹੈ। ਬਠਿੰਡਾ ਉਹਨਾਂ ਦੇ ਲਈ ਇੱਜ਼ਤ ਦਾ ਸਵਾਲ ਬਣਿਆ ਹੋਇਆ ਹੈ। ਜੂਨ ਮਹੀਨਾ ਇਕੱਲੇ ਸਿੱਖਾਂ ਲਈ ਹੀ ਨਹੀਂ, ਸਗੋਂ ਨਸਲਕੁਸ਼ੀ ਦੇ ਖ਼ਿਲਾਫ਼ ਹਰ ਇੱਕ ਇਨਸਾਨ ਦੀ ਰੂਹ ਨੂੰ ਕਾਂਬਾ ਛੇੜਦਾ ਹੈ। ਸਾਨੂੰ ਨਹੀਂ ਲੱਗਦਾ ਕਿ ਏਡੀ ਵੱਡੀ ਗੱਲ ਕਰਨੀ ਚਾਹੀਦੀ ਸੀ, ਉਹ ਵੀ ਆਪਣੇ ਲਾਲਚ ਵਿੱਚ। ਅਕਾਲੀ ਆਪਣੇ ਆਪ ਨੂੰ ਭਾਵੇਂ ਲੱਖ ਵਾਰ ਢੱਕ ਲੈਣ, ਪਰ ਲੋਕ ਪੁਰਾਣੀ ਤੋਂ ਪੁਰਾਣੀ ਗੱਲ ਨੂੰ ਵੀ ਉਂਗਲਾਂ 'ਤੇ ਗਿਣਾਉਣ ਨੂੰ ਤਿਆਰ ਰਹਿੰਦੇ ਨੇ। ਅੱਜ ਜਿਹੜੇ ਅਕਾਲੀ ਪਾਰਟੀ ਛੱਡ ਕੇ ਦੂਜੇ ਦਲਾਂ ਵਿੱਚ ਜਾਣ ਵਾਲੇ ਦੀ ਨਿੰਦਾ ਕਰ ਰਹੇ ਨੇ, ਉਹਨਾਂ ਨੂੰ ਚੇਤੇ ਹੋਣਾ ਚਾਹੀਦਾ ਹੈ ਕਿ ਆਪਣੀ ਹੀ ਪਾਰਟੀ ਵਿੱਚ ਰਹਿੰਦਿਆਂ ਆਪਣੀ ਪਾਰਟੀ ਦੀ ਪਛਾਣ, ਆਧਾਰ, ਇਤਿਹਾਸਕ ਵਿਰਸੇ ਨੂੰ ਗਵਾ ਕੇ ਪੰਜਾਬ ਦੀ ਸਿਆਸਤ ਵਿੱਚ ਸਭ ਤੋਂ ਪਹਿਲਾਂ ਪ੍ਰਕਾਸ਼ ਸਿੰਘ ਬਾਦਲ ਨੇ ਹੀ ਜਨਸੰਘ ਨਾਲ ਸਮਝੌਤਾ ਕੀਤਾ ਸੀ। ਸ਼੍ਰੋਮਣੀ ਅਕਾਲੀ ਦਲ ਦਾ ਜੇ ਪੰਥ ਦੇ ਨਾਲ ਕੋਈ ਰਿਸ਼ਤਾ ਸੀ ਤਾਂ ਉਹ ਰਿਸ਼ਤਾ ਮੰਗ ਕਰਦਾ ਸੀ ਕਿ ਆਰ.ਐਸ.ਐਸ. ਦੇ ਹਿੰਦੂ ਰਾਸ਼ਟਰਵਾਦ ਦਾ ਵਿਰੋਧ ਕੀਤਾ ਜਾਂਦਾ, ਜਿਹੜਾ ਧਰਮ ਦੇ ਆਧਾਰ 'ਤੇ ਹਿੰਦੂਆਂ ਨੂੰ ਛੱਡ ਕੇ ਸਭ ਨਾਲ ਨਫ਼ਰਤ ਕਰਦਾ ਹੈ ਕਿਉਂਕਿ ਸਾਡੇ ਗੁਰੂ ਸਾਹਿਬਾਨ ਨੇ ਜਾਤ ਪਾਤ, ਫ਼ਿਰਕੂਵਾਦ ਨੂੰ ਰੱਦ ਕਰਕੇ ਸਾਂਝੀਵਾਲਤਾ ਦਾ ਪ੍ਰਕਾਸ਼ ਕੀਤਾ ਸੀ। ਸੁਖਬੀਰ ਬਾਦਲ ਦੀ ਸਿਆਣਪ ਵਾਲੀ ਅੱਖ ਹੁਣ ਖੁੱਲ੍ਹੀ ਹੈ, ਜਦੋਂ ਸਾਰਾ ਤਾਣਾ ਬਾਣਾ ਵਿਗੜ ਚੁੱਕਿਆ ਹੈ। ਸੋਚਿਆ ਜਾਵੇ ਤਾਂ ਭਾਜਪਾ ਤੇ ਅਕਾਲੀਆਂ ਦੇ ਵਿੱਚ ਕਾਫ਼ੀ ਫ਼ਰਕ ਹੈ ਜੇ ਭਾਜਪਾ ਆਰ.ਐਸ.ਐਸ. ਦਾ ਸਿਆਸੀ ਵਿੰਗ ਹੈ ਤਾਂ ਇਸ ਦੇ ਉਲਟ ਸ਼੍ਰੋਮਣੀ ਕਮੇਟੀ ਅਕਾਲੀ ਦਲ ਦਾ ਧਾਰਮਿਕ ਵਿੰਗ ਹੈ। ਭਾਜਪਾ ਧਰਮ ਨੂੰ ਉੱਪਰ ਰੱਖ ਰਹੀ ਹੈ ਜਦੋਂਕਿ ਅਕਾਲੀ ਦਲ ਸਿਆਸਤ ਨੂੰ ਪਹਿਲ ਦੇ ਰਿਹਾ ਹੈ। ਅਕਾਲੀ ਦਲ ਦੇ ਪ੍ਰਭਾਵ ਦੇ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਆਪਣੇ ਫ਼ਰਜ਼ਾਂ ਨੂੰ ਬੇਦਾਵਾ ਦਿੱਤਾ ਹੈ। ਸ਼੍ਰੋਮਣੀ ਕਮੇਟੀ ਸਿੱਖ ਧਰਮ ਦੇ ਪ੍ਰਸਾਰ ਦੇ ਲਈ ਕੋਈ ਵਿਦਵਾਨ ਵੀ ਪੈਦਾ ਨਹੀਂ ਕਰ ਸਕੀ। ਵਿਦਿਅਕ ਸੰਸਥਾਵਾਂ ਨਹੀਂ ਬਣਾ ਸਕੀ। ਸਵਾਲ ਤਾਂ ਪੰਜਾਬ ਦੇ ਉਹਨਾਂ ਦਲ ਬਦਲੂਆਂ ਨੂੰ ਵੀ ਬਣਦਾ ਹੈ ਜੋ ਭਾਰਤੀ ਜਨਤਾ ਪਾਰਟੀ ਵੱਲ ਨਿੱਤ ਦਿਨ ਛੜੱਪਾ ਮਾਰ ਰਹੇ ਨੇ। ਪੁੱਛਣਾ ਉਹਨਾਂ ਨੂੰ ਇਹ ਬਣਦਾ ਹੈ ਕਿ ਕੀ ਤੁਸੀਂ ਹਿੰਦੂ ਰਾਸ਼ਟਰਵਾਦ ਅਪਨਾਅ ਲਿਆ? ਕੀ ਤੁਸੀਂ ਵੀ ਕਾਰਪੋਰੇਟ ਮਾਡਲ ਦੇ ਹੱਕ ਵਿੱਚ ਭੁਗਤੋਂਗੇ? ਕੀ ਤੁਸੀਂ ਵੀ ਭਾਰਤੀ ਜਨਤਾ ਪਾਰਟੀ ਦੀ ਤਰ੍ਹਾਂ ਕਿਸਾਨ ਵਿਰੋਧੀ ਹੋਵੋਂਗੇ? ਕੀ ਤੁਸੀਂ ਅਗਨੀਵੀਰ ਯੋਜਨਾ ਪ੍ਰਵਾਨ ਕਰ ਲਈ ਹੈ? ਸਵਾਲ ਤਾਂ ਬਹੁਤ ਹਨ ਪਰ ਕਰਨੇ ਉਹਨਾਂ ਨੂੰ ਚਾਹੀਦੇ ਨੇ, ਜਿਹੜੇ ਅਮਲ ਕਰਦੇ ਨੇ। ਦਲ ਬਦਲੂ ਸਿਆਸੀ ਪਤਨ ਦੀ ਨਿਸ਼ਾਨੀ ਹੈ। ਦਲ ਬਦਲੀ ਨੂੰ ਅੱਜ ਤੱਕ ਕੋਈ ਵੀ ਸੰਸਥਾ ਨਹੀਂ ਰੋਕ ਸਕੀ ਪਰ ਜਨਤਾ ਦੇ ਸਵਾਲਾਂ ਤੋਂ ਲੱਗਦਾ ਹੈ ਕਿ ਉਹ ਇਸ ਵਾਰ ਦਲ ਬਦਲੂ ਸਿਆਸਤਦਾਨਾਂ ਦੀ ਸੰਘੀ ਨੂੰ ਜ਼ਰੂਰ ਘੁੱਟਣਗੇ।

## ਬਰਤਾਨੀਆ ਦੇ ਸ਼ਹਿਰ ਸਲੋਹ ਦੇ ਪਹਿਲੇ ਸਿੱਖ ਮੇਅਰ ਬਣੇ ਬਲਵਿੰਦਰ ਸਿੰਘ ਢਿੱਲੋਂ

ਲੰਡਨ/ਏ.ਟੀ.ਨਿਊਜ਼: ਪੰਜਾਬ ਦੇ ਜ਼ਿਲ੍ਹਾ ਤਰਨਤਾਰਨ ਦੇ ਜੰਮਪਲ ਬਲਵਿੰਦਰ ਸਿੰਘ ਨੇ ਬਰਤਾਨੀਆ ਦੇ ਸ਼ਹਿਰ ਸਲੋਹ ਦੇ ਪਹਿਲੇ ਸਿੱਖ ਮੇਅਰ ਬਣ ਕੇ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ ਹੈ। ਸਲੋਹ ਵਿੱਚ ਕੰਜ਼ਰਵੇਟਿਵ ਪਾਰਟੀ ਤੇ ਲਿਬਰਲ ਡੈਮੋਕਰੇਟਸ ਪਾਰਟੀਆਂ ਵਿੱਚ ਆਪਸੀ ਗਠਜੋੜ ਸਰਕਾਰ ਹੈ ਤੇ ਕੰਜ਼ਰਵੇਟਿਵ ਪਾਰਟੀ ਵੱਲੋਂ ਕੌਂਸਲਰ ਬਲਵਿੰਦਰ ਸਿੰਘ ਢਿੱਲੋਂ ਨੂੰ ਮੇਅਰ ਬਣਾਇਆ ਗਿਆ ਹੈ।

ਬਲਵਿੰਦਰ ਢਿੱਲੋਂ ਤਰਨਤਾਰਨ ਦੇ ਪਿੰਡ ਕੋਟ ਜਸਪਤ ਦੇ ਰਹਿਣ ਵਾਲੇ ਹਨ, ਜੋ ਕਿ ਕਰੀਬ 50 ਸਾਲ ਪਹਿਲਾਂ ਪੰਜਾਬ ਤੋਂ ਇੰਗਲੈਂਡ ਆਏ ਸਨ। ਸਲੋਹ ਦੇ ਮੇਅਰ ਦਫ਼ਤਰ ਵਿੱਚ ਹੋਈ ਮੇਅਰ ਚੋਣ ਦੌਰਾਨ ਕੌਂਸਲਰ ਢਿੱਲੋਂ ਨੇ ਲੇਬਰ ਦੇ ਕੌਂਸਲਰ ਡਾਰ ਨੂੰ ਹਰਾਇਆ। ਇਸ ਮੌਕੇ ਲੇਬਰ ਦੇ 18 ਕੌਂਸਲਰਾ ਵਿਚੋਂ 16 ਮੈਂਬਰ ਹੀ ਹਾਜ਼ਰ ਰਹੇ।



### ਇੱਕ ਰਿਪੋਰਟ ਵਿੱਚ ਕੀਤਾ ਗਿਆ ਦਾਅਵਾ

# ਕੈਨੇਡਾ ਜਾਣ ਲਈ ਭਾਰਤੀ ਵਿਦਿਆਰਥੀਆਂ ਵਿੱਚ ਘਟਿਆ ਰੁਝਾਨ

## ਵਿਦਿਆਰਥੀਆਂ ਨੂੰ ਰਿਹਾਇਸ਼ ਅਤੇ ਰੁਜ਼ਗਾਰ ਦੀ ਘਾਟ ਦਾ ਕਰਨਾ ਪੈਂਦਾ ਹੈ ਸਾਹਮਣਾ

ਟੋਰਾਂਟੋ/ਏ.ਟੀ.ਨਿਊਜ਼ : ਭਾਰਤੀਆਂ ਲਈ ਸਿੱਖਿਆ ਦੇ ਸਥਾਨ ਵਜੋਂ ਕੈਨੇਡਾ ਦਾ ਆਕਰਸ਼ਣ ਘੱਟਦਾ ਜਾ ਰਿਹਾ ਹੈ। ਕੈਨੇਡਾ ਸਰਕਾਰ ਵੱਲੋਂ 2024 ਵਿੱਚ ਆਪਣੀਆਂ ਯੂਨੀਵਰਸਿਟੀਆਂ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਦੇਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਵਿੱਚ 35% ਦੀ ਕਟੌਤੀ ਤੋਂ ਬਾਅਦ, ਵਿਦਿਆਰਥੀ ਉੱਥੇ ਅਪਲਾਈ ਕਰਨ ਤੋਂ ਘਬਰਾ ਰਹੇ ਹਨ। ਨਾਲ ਹੀ ਕੈਨੇਡੀਅਨ ਯੂਨੀਵਰਸਿਟੀਆਂ ਵਿੱਚ ਅਪਲਾਈ ਕਰਨ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਇਸ ਸਾਲ 40-45% ਦੀ ਕਮੀ ਆਈ ਹੈ।

ਹੋਰ ਕਾਰਕ ਵੀ ਭੂਮਿਕਾ ਨਿਭਾ ਰਹੇ ਹਨ। ਪਿਛਲੇ ਸਾਲ ਤੋਂ ਕੈਨੇਡਾ ਨੂੰ ਹਾਊਸਿੰਗ ਡਿਮਾਂਡ-ਸਪਲਾਈ ਦੇ ਸੰਕਟ ਦਾ ਸਾਹਮਣਾ ਕਰਨਾ ਪਿਆ ਹੈ ਜਿੱਥੇ ਵੱਡੀ ਗਿਣਤੀ ਵਿੱਚ ਆਉਣ ਵਾਲੇ ਵਿਦਿਆਰਥੀਆਂ ਲਈ ਲੋੜੀਂਦੇ ਰਿਹਾਇਸ਼ੀ ਵਿਕਲਪ ਉਪਲਬਧ ਨਹੀਂ ਸਨ। ਨਾਲ ਹੀ ਪਿਛਲੇ ਇੱਕ ਸਾਲ ਵਿੱਚ ਵਿਦਿਆਰਥੀਆਂ ਅਤੇ ਨੌਜਵਾਨ ਪੇਸ਼ੇਵਰਾਂ ਲਈ ਉਪਲਬਧ ਨੌਕਰੀਆਂ ਵੀ ਇੱਕ ਚੁਣੌਤੀ ਰਹੀ ਹੈ। ਸਲਾਹਕਾਰਾਂ ਨੇ ਕਿਹਾ ਹੈ ਕਿ ਉੱਚ ਸਿੱਖਿਆ ’ਤੇ ਸੰਕਟ ਦੇ ਬੱਦਲ ਬਣੇ ਰਹਿਣਗੇ ਅਤੇ ਇਹ ਗਿਰਾਵਟ ਅਕਤੂਬਰ 2025 ਤੱਕ ਹੋਣ ਵਾਲੀਆਂ ਕੈਨੇਡੀਅਨ ਚੋਣਾਂ ਤੱਕ ਜਾਰੀ ਰਹੇਗੀ।





ਉਦਾਹਰਨ ਲਈ ਦੇਸ਼ ਦੀਆਂ ਸਭ ਤੋਂ ਵੱਡੀਆਂ ਯੂਨੀਵਰਸਿਟੀਆਂ ਵਿੱਚੋਂ ਇੱਕ ਟੋਰਾਂਟੋ ਯੂਨੀਵਰਸਿਟੀ ਵਿੱਚ ਇਸ ਸਾਲ ਭਾਰਤ ਤੋਂ ਅਰਜ਼ੀਆਂ ਦੀ ਗਿਣਤੀ ਵਿੱਚ 40% ਦੀ ਗਿਰਾਵਟ ਆਈ ਹੈ। ਇਸ ਗਿਰਾਵਟ ਨੂੰ ਮਹੱਤਵਪੂਰਨ ਦੱਸਦੇ ਹੋਏ ਯੂਨੀਵਰਸਿਟੀ ਦੇ ਇੰਟਰਨੈਸ਼ਨਲ ਦੇ ਉਪ-ਪ੍ਰਧਾਨ ਜੋਸੇਫ ਵੋਂਗ ਨੇ ਕਿਹਾ,‘ ਸਪੱਸ਼ਟਤਾ ਦੀ ਕਮੀ ਅਤੇ ਅਨਿਸ਼ਚਿਤਤਾ ਦਾ ਇੱਕ ਘਟੀਆ ਪ੍ਰਭਾਵ ਸੀ ਅਤੇ ਇਹ ਇਸ ਸਾਲ ਭਾਰਤੀ ਵਿਦਿਆਰਥੀਆਂ ਤੋਂ ਸਾਨੂੰ ਪ੍ਰਾਪਤ ਹੋਈਆਂ ਅਰਜ਼ੀਆਂ ਦੀ ਗਿਣਤੀ ਵਿੱਚ ਗਿਰਾਵਟ ਨੂੰ ਦਰਸਾਉਂਦਾ ਹੈ।’ ਯੂਨੀਵਰਸਿਟੀ ਵਿੱਚ 2023-2024 ਵਿੱਚ ਭਾਰਤ ਤੋਂ 2,520 ਵਿਦਿਆਰਥੀ ਸਨ। ਇਹ ਹੁਣ ਭਾਰਤੀ ਵਿਦਿਆਰਥੀਆਂ ਨਾਲ ਗੱਲਬਾਤ ਕਰਨ, ਸੰਭਾਵੀ ਪਰਿਵਾਰਾਂ ਨਾਲ ਮੁਲਾਕਾਤ ਕਰਨ ਅਤੇ ਉਨ੍ਹਾਂ ਦੀਆਂ ਅਨਿਸ਼ਚਿਤਤਾਵਾਂ ਨੂੰ ਦੂਰ ਕਰਨ ਲਈ ਮੁੰਬਈ ਅਤੇ ਦਿੱਲੀ ਵਿੱਚ ਸਮਾਗਮਾਂ ਦਾ ਆਯੋਜਨ ਕਰਨ ਲਈ ਆਪਣੇ ਯਤਨਾਂ ਨੂੰ ਦੁੱਗਣਾ ਕਰ ਰਿਹਾ ਹੈ। 2024-2025 ਅਕਾਦਮਿਕ ਸਾਲ ਲਈ ਯੂਨੀਵਰਸਿਟੀ ਵਿੱਚ ਸ਼ਾਮਲ ਹੋਣ ਵਾਲੇ ਵਿਦਿਆਰਥੀ ਸਤੰਬਰ 2024 ਵਿੱਚ ਆਪਣੀ ਪੜ੍ਹਾਈ ਸ਼ੁਰੂ ਕਰਨਗੇ।

ਅੰਤਰਰਾਸ਼ਟਰੀ ਵਿਦਿਆਰਥੀਆਂ ’ਤੇ ਸੀਮਾ ਅਤੇ ਸਖ਼ਤ ਵਰਕ ਵੀਜ਼ਾ ਨਿਯਮਾਂ ਨੇ ਹਜ਼ਾਰਾਂ ਵਿਦਿਆਰਥੀਆਂ ਨੂੰ ਅਰਜ਼ੀ ਦੇ ਪੜਾਅ ’ਤੇ ਹੀ ਦੂਜੇ ਦੇਸ਼ਾਂ ਦੀ ਚੋਣ ਕਰਨ ਲਈ ਮਜਬੂਰ ਕੀਤਾ ਹੈ। ਭਾਵੇਂ ਕਿ ਪੋਸਟ-ਗ੍ਰੈਜੂਏਟ ਜਾਂ ਡਾਕਟੋਰਲ ਕੋਰਸਾਂ ’ਤੇ ਵਿਦਿਆਰਥੀ ਗਿਣਤੀ ’ਤੇ ਕੈਪ ਲਾਗੂ ਨਹੀਂ ਹੁੰਦੀ, ਇੱਥੋਂ ਤੱਕ ਕਿ ਇਹ ਵਿਦਿਆਰਥੀ ਅਨਿਸ਼ਚਿਤਤਾ ਕਾਰਨ ਦੂਰ ਰਹਿ ਰਹੇ ਹਨ। 25 ਸਾਲਾ ਭਾਰਤੀ ਵਿਦਿਆਰਥੀ, ਜੋ ਸ਼ੁਰੂ ਵਿੱਚ ਆਪਣੀ ਐਮ.ਬੀ.ਏ ਡਿਗਰੀ ਲਈ ਕੈਨੇਡਾ ਜਾਣ ਦੀ ਯੋਜਨਾ ਬਣਾ ਰਿਹਾ ਸੀ ਪਰ ਵੀਜ਼ਾ ਨਿਯਮ ਆਉਣ ਤੋਂ ਬਾਅਦ ਉਸ ਨੇ ਜਨਵਰੀ ਵਿੱਚ ਆਪਣੀ ਯੋਜਨਾ ਬਦਲ ਦਿੱਤੀ। ਵਿਦਿਆਰਥੀ ਮੁਤਾਬਕ ਕੈਨੇਡਾ ਵਿੱਚ ਉਸ ਦੇ ਰਿਸ਼ਤੇਦਾਰਾਂ ਨੇ ਉਸ ਨੂੰ ਨਾ ਆਉਣ ਦੀ ਸਲਾਹ ਦਿੱਤੀ ਹੈ।

# 16 ਲੱਖ ਪ੍ਰਵਾਸੀ ਦੱਖਣੀ ਸਰਹੱਦ ਤੋਂ ਪਹੁੰਚੇ ਅਮਰੀਕਾ

ਵਾਸ਼ਿੰਗਟਨ/ਏ.ਟੀ.ਨਿਊਜ਼: ਬਾਈਡੇਨ ਪ੍ਰਸ਼ਾਸਨ ਦੇ ਅਧੀਨ ਲਗਭਗ 16 ਲੱਖ ਪ੍ਰਵਾਸੀ ਦੇਸ਼ ਦੀ ਦੱਖਣੀ ਸਰਹੱਦ ਰਾਹੀਂ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿੱਚ ਦਾਖਲ ਹੋਏ ਹਨ।

ਫੌਕਸ ਨਿਊਜ਼ ਨੇ ਅਮਰੀਕੀ ਕਸਟਮ ਅਤੇ ਬਾਰਡਰ ਪ੍ਰੋਟੈਕਸ਼ਨ (ਸੀ.ਬੀ.ਪੀ) ਤੋਂ ਪ੍ਰਾਪਤ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਇਹ ਜਾਣਕਾਰੀ ਦਿੱਤੀ। ਰਿਪੋਰਟ ਅਨੁਸਾਰ 2021 ਅਤੇ 2023 ਵਿਚਕਾਰ ਸੀ.ਬੀ.ਪੀ ਨੇ ਰਿਕਾਰਡ ਕੀਤਾ ਕਿ ਲਗਭਗ 1.6 ਮਿਲੀਅਨ (16 ਲੱਖ) ਪ੍ਰਵਾਸੀ ਗੈਰ-ਕਾਨੂੰਨੀ ਤੌਰ ’ਤੇ ਅਮਰੀਕਾ ਦੀ ਦੱਖਣੀ ਸਰਹੱਦ ਨੂੰ ਪਾਰ ਕਰਕੇ ਅਧਿਕਾਰੀਆਂ ਤੋਂ ਬਚਣ ਵਿੱਚ ਸਮਰੱਥ ਰਹੇ।

ਓਬਾਮਾ ਅਤੇ ਟਰੰਪ ਪ੍ਰਸ਼ਾਸਨ ਦੇ ਅਧੀਨ ਵਿੱਤੀ ਸਾਲ 2010 ਅਤੇ 2020 ਦੇ ਵਿਚਕਾਰ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ-ਮੈਕਸੀਕੋ ਸਰਹੱਦ ਪਾਰ ਕਰਨ ਵਾਲੇ ਪ੍ਰਵਾਸੀਆਂ ਦੀ ਗਿਣਤੀ ਪਿਛਲੇ ਸਾਲਾਂ ਦੇ ਮੁਕਾਬਲੇ 14 ਲੱਖ ਤੋਂ ਵੱਧ ਸੀ। ਅਮਰੀਕਾ ਦੀ ਦੱਖਣੀ ਸਰਹੱਦ ’ਤੇ ਪਹੁੰਚਣ ਵਾਲੇ ਜ਼ਿਆਦਾਤਰ ਪਨਾਹ ਮੰਗਣ ਵਾਲੇ ਪ੍ਰਵਾਸੀ ਅਮਰੀਕਾ ਵਿੱਚ ਦਾਖਲ ਹੋਣ ਤੋਂ ਤੁਰੰਤ ਬਾਅਦ ਆਪਣੇ ਆਪ ਨੂੰ ਯੂ.ਐੱਸ. ਬਾਰਡਰ ਪੈਟਰੋਲ ਏਜੰਟਾਂ ਨੂੰ ਸੌਂਪ ਦਿੰਦੇ ਹਨ। ਅਮਰੀਕੀ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਗੈਰ-ਕਾਨੂੰਨੀ ਤੌਰ ’ਤੇ ਯੂ.ਐਸ-ਮੈਕਸੀਕੋ ਸਰਹੱਦ ਪਾਰ ਕਰਦੇ ਸਮੇਂ ਡਰ ਤੋਂ ਬਚਣ ਦੀ ਕੋਸ਼ਿਸ਼ ਕਰਨ ਵਾਲੇ ਪ੍ਰਵਾਸੀਆਂ ਦੇ ਅਪਰਾਧਿਕ ਪਿਛੋਕੜ ਹੋਣ ਦੀ ਸੰਭਾਵਨਾ ਹੈ ਜੋ ਅਮਰੀਕੀ



ਅਧਿਕਾਰੀਆਂ ਦੁਆਰਾ ਫੜੇ ਜਾਣ ’ਤੇ ਤੁਰੰਤ ਦੇਸ਼ ਨਿਕਾਲੇ ਦਾ ਕਾਰਨ ਬਣ ਸਕਦੀ ਹੈ।

ਜਨਤਕ ਤੌਰ ’ਤੇ ਉਪਲਬਧ ਸੀ.ਬੀ.ਪੀ ਦੇ ਅੰਕੜਿਆਂ ਅਨੁਸਾਰ ਜਨਵਰੀ 2021 ਵਿੱਚ ਬਾਈਡੇਨ ਦੇ ਵ੍ਹਾਈਟ ਹਾਊਸ ਦਾ ਅਹੁਦਾ ਸੰਭਾਲਣ ਤੋਂ ਬਾਅਦ ਯੂ.ਐਸ ਦੀ ਦੱਖਣੀ ਸਰਹੱਦ ’ਤੇ ਗੈਰ-ਕਾਨੂੰਨੀ ਪ੍ਰਵਾਸ ਨੇ ਲਗਾਤਾਰ ਤਿੰਨ ਰਿਕਾਰਡ ਤੋੜ ਸਾਲਾਂ ਦਾ ਅਨੁਭਵ ਕੀਤਾ ਹੈ। ਇਸ ਸਮੇਂ ਦੌਰਾਨ ਕੁੱਲ ਮਿਲਾ ਕੇ 80 ਲੱਖ ਦੇ ਕਰੀਬ ਗੈਰ-ਕਾਨੂੰਨੀ ਮੁਕਾਬਲੇ ਦਰਜ ਕੀਤੇ ਗਏ ਹਨ। ਅੰਕੜਿਆਂ ਅਨੁਸਾਰ ਅਕਤੂਬਰ 2023 ਤੱਕ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਣ ਲਈ ਦੱਖਣੀ ਸਰਹੱਦ ’ਤੇ ਅੰਦਾਜ਼ਨ 1.5 ਮਿਲੀਅਨ (15 ਲੱਖ ) ਪ੍ਰਵਾਸੀਆਂ ਨੂੰ ਫੜਿਆ ਗਿਆ ਹੈ।

# ਹੁਣ ਰੂਸ ਦੇ ਸੋਹਣੇ ਇਲਾਕਿਆਂ ਦੀ ਆਸਾਨੀ ਨਾਲ ਯਾਤਰਾ ਕਰ ਸਕਣਗੇ ਭਾਰਤੀ

## ਰੂਸ ਤੇ ਭਾਰਤ ਵੀਜ਼ਾ ਮੁਕਤ ਸਮੂਹ ’ਚ ਸੈਲਾਨੀਆਂ ਦੀ ਆਮਦ ’ਤੇ ਕਰਨਗੇ ਫ਼ੈਸਲਾ

ਮਾਸਕੋ/ਏ.ਟੀ.ਨਿਊਜ਼: ਰੂਸ ਅਤੇ ਭਾਰਤ ਇੱਕ-ਦੂਜੇ ਦੇ ਦੇਸ਼ਾਂ ਵਿੱਚ ਨਾਗਰਿਕਾਂ ਦੀ ਆਵਾਜਾਈ ਨੂੰ ਆਸਾਨ ਬਣਾਉਣ ਲਈ ਜੂਨ ਵਿੱਚ ਦੁਵੱਲੇ ਸਮਝੌਤੇ ’ਤੇ ਵਿਚਾਰ ਕਰਨਾ ਸ਼ੁਰੂ ਕਰਨਗੇ। ਰੂਸ ਦੇ ਇੱਕ ਮੰਤਰੀ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਰੂਸ ਅਤੇ ਭਾਰਤ ਸੈਰ-ਸਪਾਟੇ ਨੂੰ ਮਜ਼ਬੂਤ ਕਰਨ ਲਈ ਇੱਕ-ਦੂਜੇ ਦੇ ਦੇਸ਼ ਵਿੱਚ ਸੈਲਾਨੀਆਂ ਦੀ ਵੀਜ਼ਾ ਮੁਕਤ ਸਮੂਹਿਕ ਫੇਰੀ ਬਾਰੇ ਸਮਝੌਤੇ ਦੇ ਨੇੜੇ ਹਨ।

ਰੂਸੀ ਨਿਊਜ਼ ਚੈਨਲ ਆਰਟੀ ਨਿਊਜ਼ ਨੇ ਰੂਸ ਦੇ ਆਰਥਿਕ ਵਿਕਾਸ ਮੰਤਰਾਲੇ ਦੇ ਬਹੁ-ਪੱਖੀ ਆਰਥਿਕ ਸਹਿਯੋਗ ਅਤੇ ਵਿਸ਼ੇਸ਼ ਪ੍ਰੋਜੈਕਟਾਂ ਦੇ ਵਿਭਾਗ ਦੀ ਨਿਰਦੇਸ਼ਕ ਨਿਕਿਤਾ ਕੋਂਦ੍ਰਤਯੇਵ ਦੇ ਹਵਾਲੇ ਨਾਲ ਕਿਹਾ ਕਿ ਭਾਰਤ ਵਿੱਚ ਇਸ ਮੁੱਦੇ ’ਤੇ ਤਰੱਕੀ ਹੋਈ ਹੈ। ਮੰਤਰੀ ਨੇ ਕਜ਼ਾਨ ਵਿੱਚ ਅੰਤਰਰਾਸ਼ਟਰੀ ਆਰਥਿਕ ਫੋਰਮ, ‘ਰੂਸ-ਇਸਲਾਮਿਕ ਵਰਲਡ: ਕਜ਼ਾਨ ਫੋਰਮ 2024’ ਮੌਕੇ ਕਿਹਾ ਕਿ ਖਰੜਾ ਸਮਝੌਤੇ ’ਤੇ ਜੂਨ ਵਿੱਚ ਚਰਚਾ ਕੀਤੀ ਜਾਵੇਗੀ ਅਤੇ ਸਾਲ ਦੇ ਅੰਤ ਤੱਕ ਇਸ ’ਤੇ



ਦਸਤਖ਼ਤ ਕੀਤੇ ਜਾਣ ਦੀ ਉਮੀਦ ਹੈ।

ਮੰਤਰੀ ਨੇ ਕਿਹਾ, ਰੂਸ ਅਤੇ ਭਾਰਤ ਆਪਣੇ ਸੈਰ-ਸਪਾਟਾ ਸਬੰਧਾਂ ਨੂੰ ਮਜ਼ਬੂਤ ਕਰਨ ਦੀ ਉਮੀਦ ਰੱਖਦੇ ਹਨ ਕਿਉਂਕਿ ਉਹ ਵੀਜ਼ਾ-ਮੁਕਤ ਸਮੂਹ ਟੂਰਿਸਟ ਐਕਸਚੇਂਜ ਸ਼ੁਰੂ ਕਰਨ ਦੀ ਤਿਆਰੀ ਕਰਦੇ ਹਨ। ਸਾਲ ਦੇ ਅੰਤ ਤੱਕ ਦੁਵੱਲੇ ਸਮਝੌਤੇ ਨੂੰ ਅੰਤਿਮ ਰੂਪ ਦੇਣ ਦੇ ਉਦੇਸ਼ ਨਾਲ ਦੋਵਾਂ ਦੇਸ਼ਾਂ ਵਿਚਾਲੇ ਗੱਲਬਾਤ ਦਾ ਪਹਿਲਾ ਦੌਰ ਜੂਨ ’ਚ ਹੋਵੇਗਾ। ਨਿਕਿਤਾ ਨੇ ਕਿਹਾ ਕਿ ਰੂਸ ਦੀ ਯੋਜਨਾ ਚੀਨ ਅਤੇ ਇਰਾਨ ਨਾਲ ਪਹਿਲਾਂ ਹੀ ਕੀਤੇ ਗਏ ਸਮਾਨ ਸਮਝੌਤਿਆਂ ਨੂੰ ਭਾਰਤ ਨਾਲ ਦੁਹਰਾਉਣਾ ਹੈ। ਰੂਸ ਅਤੇ ਚੀਨ ਨੇ ਪਿਛਲੇ ਸਾਲ 1 ਅਗਸਤ ਨੂੰ ਵੀਜ਼ਾ-ਮੁਕਤ ਗਰੁੱਪ ਟੂਰ ਦੇ ਅਦਾਨ-ਪ੍ਰਦਾਨ ਦੀ ਸ਼ੁਰੂਆਤ ਕੀਤੀ ਸੀ। ਉਸੇ ਦਿਨ ਰੂਸ ਨੇ ਸੈਰ-ਸਪਾਟਾ ਸਹਿਯੋਗ ਦੇ ਇੱਕ ਨਵੇਂ ਯੁੱਗ ਨੂੰ ਉਤਸ਼ਾਹਿਤ ਕਰਨ ਲਈ ਇਰਾਨ ਨਾਲ ਇੱਕ ਸਮਾਨ ਸਮਝੌਤਾ ਕੀਤਾ ਸੀ।

# ਲੋਕ ਸਭਾ ਚੋਣਾਂ 'ਚੋਂ ਲੋਕਾਂ ਦੇ ਹੀ ਮੁੱਦੇ ਗਾਇਬ !

## ਸਿਆਸੀ ਪਾਰਟੀਆਂ ਦੀ ਕਾਰਗੁਜ਼ਾਰੀ ਤੋਂ ਨਿਰਾਸ਼ ਨੇ ਵੋਟਰ







ਪਟਿਆਲਾ/ਏ.ਟੀ.ਨਿਊਜ਼ : ਪੰਜਾਬ ਦੇ ਵਸਨੀਕ ਇਸ ਸਮੇਂ ਤਿੰਨ ਤਰ੍ਹਾਂ ਦੀ ਗਰਮੀ ਦਾ ਸਾਹਮਣਾ ਕਰ ਰਹੇ ਹਨ, ਇੱਕ ਤਾਂ ਉਹਨਾਂ ਨੂੰ ਮੌਸਮ ਦੀ 'ਭਿਅੰਕਰ ਗਰਮੀ' ਦੀ ਮਾਰ ਪੈ ਰਹੀ ਹੈ, ਦੂਜੇ ਪਾਸੇ ਪੰਜਾਬ ਵਿੱਚ 1 ਜੂਨ ਨੂੰ ਲੋਕ ਸਭਾ ਵਾਸਤੇ ਪੈ ਰਹੀਆਂ ਵੋਟਾਂ ਲਈ ਸਿਆਸੀ ਪਾਰਟੀਆਂ ਤੇ ਉਮੀਦਵਾਰਾਂ ਵੱਲੋਂ ਕੀਤੇ ਜਾ ਰਹੇ ਚੋਣ ਪ੍ਰਚਾਰ ਨੇ 'ਸਿਆਸੀ ਗਰਮੀ' ਲਿਆਂਦੀ ਹੋਈ ਹੈ। ਤੀਜਾ ਪੰਜਾਬ ਵਾਸੀਆਂ ਨੂੰ ਦਿਨੋਂ ਦਿਨ ਅਮਰ ਵੇਲ ਵਾਂਗ ਵਧ ਰਹੀ 'ਮਹਿੰਗਾਈ ਦੀ ਗਰਮੀ' ਨੇ ਤਪਾਇਆ ਹੋਇਆ ਹੈ। ਇਸ ਸਮੇਂ ਪੰਜਾਬ ਦੇ ਹਾਲਾਤ ਇਹ ਹਨ ਕਿ ਰਵਾਇਤੀ ਪਾਰਟੀਆਂ ਅਕਾਲੀ ਦਲ ਤੇ ਕਾਂਗਰਸ ਦੇ ਵਾਰੋ ਵਾਰੀ ਕੀਤੇ ਗਏ ਰਾਜ ਤੋਂ ਅੱਕੇ ਲੋਕ ਹੁਣ ਤੀਜੇ ਸਿਆਸੀ ਬਦਲ ਆਮ ਆਦਮੀ ਪਾਰਟੀ ਦੇ ਰਾਜ ਤੋਂ ਵੀ ਸੰਤੁਸ਼ਟ ਨਹੀਂ ਦਿਖਾਈ ਦੇ ਰਹੇ, ਜਿਸ ਕਾਰਨ ਪੰਜਾਬ ਵਿੱਚ ਲੋਕ ਸਭਾ ਲਈ ਵੋਟਾਂ ਪੈਣ ਵਿੱਚ ਕੁਝ ਦਿਨ ਰਹਿਣ ਦੇ ਬਾਵਜੂਦ ਵੀ ਪੰਜਾਬੀ ਖੁੱਲ੍ਹ ਕੇ ਕਿਸੇ ਵੀ ਸਿਆਸੀ ਧਿਰ ਨਾਲ ਨਹੀਂ ਤੁਰੇ, ਇਸੇ ਕਾਰਨ ਅਜੇ ਤੱਕ ਪੰਜਾਬ ਵਿੱਚ ਕਿਸੇ ਵੀ ਸਿਆਸੀ ਪਾਰਟੀ ਦੇ ਹੱਕ ਵਿੱਚ ਕੋਈ ਲਹਿਰ ਜਾਂ ਹਵਾ ਨਹੀਂ ਚੱਲੀ ਹੈ।

ਚੋਣ ਕਮਿਸ਼ਨ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਲਈ ਕੁੱਲ 328 ਉਮੀਦਵਾਰ ਚੋਣ ਮੈਦਾਨ ਵਿੱਚ ਹਨ, ਜਦਕਿ ਲੋਕ ਸਭਾ ਚੋਣਾਂ-2014 ਵਿੱਚ 253 ਅਤੇ 2019 ਵਿੱਚ ਕੁੱਲ 278 ਉਮੀਦਵਾਰਾਂ ਨੇ ਚੋਣ ਲੜੀ ਸੀ। ਇਸ ਵਾਰ ਨਾਮਜ਼ਦਗੀਆਂ ਵਾਪਸ ਲੈਣ ਦੀ ਆਖ਼ਰੀ ਮਿਤੀ ਤੱਕ ਕੁੱਲ 25 ਉਮੀਦਵਾਰਾਂ ਨੇ ਆਪਣੇ ਨਾਂ ਵਾਪਸ ਲਏ ਹਨ। ਇਸ ਤੋਂ ਪਹਿਲਾਂ ਸੂਬੇ ਵਿੱਚ 466 ਉਮੀਦਵਾਰਾਂ ਨੇ 598 ਨਾਮਜ਼ਦਗੀ ਪੱਤਰ ਦਾਖਲ ਕੀਤੇ ਸਨ ਅਤੇ ਕਾਗਜ਼ਾਂ ਦੀ ਪੜਤਾਲ 'ਤੇ ਪੱਤਰ ਵਾਪਸੀ ਤੋਂ ਬਾਅਦ ਕੁੱਲ ਉਮੀਦਵਾਰਾਂ ਦੀ ਗਿਣਤੀ 328 ਰਹਿ ਗਈ ਹੈ, ਜਿਨ੍ਹਾਂ ਵਿੱਚ 302 ਮਰਦ ਅਤੇ 26 ਮਹਿਲਾ ਉਮੀਦਵਾਰ ਸ਼ਾਮਲ ਹਨ।

ਪੰਜਾਬ ਦੀਆਂ 13 ਲੋਕ ਸਭਾ ਸੀਟਾਂ 'ਤੇ ਇਸ ਵਾਰੀ ਚਾਰ ਕੋਣੀ ਜਾਂ ਪੰਜ ਕੋਣੀ ਮੁਕਾਬਲੇ ਹੋਣ ਦੀ ਸੰਭਾਵਨਾ ਬਣੀ ਹੋਈ ਹੈ। ਇਹਨਾਂ ਚੋਣਾਂ ਦੌਰਾਨ ਆਮ ਆਦਮੀ ਪਾਰਟੀ, ਅਕਾਲੀ ਦਲ, ਕਾਂਗਰਸ ਤੇ ਭਾਜਪਾ ਮੁੱਖ ਤੌਰ 'ਤੇ ਚੋਣ ਮੈਦਾਨ ਵਿੱਚ ਹਨ। ਇਸ ਤੋਂ ਇਲਾਵਾ ਅਨੇਕਾਂ ਆਜਾਦ ਉਮੀਦਵਾਰ ਵੀ ਆਪਣੀ ਕਿਸਮਤ ਅਪਨਾਅ ਰਹੇ ਹਨ। ਇਹਨਾਂ ਸਾਰੀਆਂ ਸਿਆਸੀ ਪਾਰਟੀਆਂ ਵਿੱਚ ਇਹ ਚੋਣਾਂ ਜਿੱਤਣ ਲਈ ਸਿਰਧੜ ਦੀ ਬਾਜੀ ਲੱਗੀ ਹੋਈ ਹੈ। ਜਦੋਂ ਇਹਨਾਂ ਚੋਣਾਂ ਸਬੰਧੀ ਆਮ ਲੋਕਾਂ ਨਾਲ ਗੱਲਬਾਤ ਕੀਤੀ ਜਾਂਦੀ ਹੈ ਤਾਂ ਪੰਜਾਬ ਦੇ ਵਸਨੀਕ ਕਿਸੇ ਵੀ ਸਿਆਸੀ ਪਾਰਟੀ ਜਾਂ ਉਮੀਦਵਾਰ ਦੇ ਪੱਖ ਵਿੱਚ ਖੁੱਲ੍ਹ ਕੇ ਨਹੀਂ ਬੋਲਦੇ। ਪੰਜਾਬੀਆਂ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਵਿੱਚ ਭਰੋਸਾ ਪ੍ਰਗਟਾਉਂਦਿਆਂ ਉਸ ਨੂੰ ਬਹੁਮਤ ਨਾਲ ਜਿਤਾਇਆ ਸੀ ਤੇ ਪੰਜਾਬ ਵਿੱਚ ਇਸ ਤਰ੍ਹਾਂ ਤੀਜਾ ਸਿਆਸੀ ਬਦਲ ਲਿਆਂਦਾ ਸੀ।

ਆਮ ਲੋਕਾਂ ਦਾ ਤਾਂ ਇਹ ਵੀ ਕਹਿਣਾ ਹੈ ਕਿ ਇਸ ਵਾਰ ਦੀਆਂ ਲੋਕ ਸਭਾ ਚੋਣਾਂ ਵਿਚੋਂ ਆਮ ਲੋਕਾਂ ਦੇ ਮੁੱਦੇ ਹੀ ਗਾਇਬ ਹਨ, ਇਸੇ ਕਾਰਨ ਕਿਸੇ ਵੀ ਸਿਆਸੀ ਪਾਰਟੀ ਨੂੰ ਵੋਟਰਾਂ ਵੱਲੋਂ ਭਰਪੂਰ ਹੁੰਗਾਰਾ ਨਹੀਂ ਭਰਿਆ ਜਾ ਰਿਹਾ, ਭਾਵੇਂ ਕਿ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂ ਆਪੋ ਆਪਣੀ ਜਿੱਤ ਹੋਣ ਦੇ ਦਾਅਵੇ ਕਰੀ ਜਾ ਰਹੇ ਹਨ। ਪੰਜਾਬੀਆਂ ਦਾ ਕਹਿਣਾ ਹੈ ਕਿ ਇਸ ਸਮੇਂ ਪੰਜਾਬ ਵਿੱਚ ਨਸ਼ੇ, ਬੇਰੁਜ਼ਗਾਰੀ, ਮਹਿੰਗਾਈ, ਅਮਨ-ਕਾਨੂੰਨ ਦੀ ਗੰਭੀਰ ਹੁੰਦੀ ਸਥਿਤੀ, ਖ਼ੂਨ ਪੀਣੀਆਂ ਸੜਕਾਂ, ਵੱਡੇ ਪੱਧਰ 'ਤੇ ਹੋ ਰਿਹਾ ਪਰਵਾਸ, ਪੰਜਾਬ ਦੀਆਂ ਸਨਅਤਾਂ ਦਾ ਦੂਜੇ ਰਾਜਾਂ ਨੂੰ ਪਲਾਇਣ, ਭ੍ਰਿਸ਼ਟਾਚਾਰ, ਨਿੱਤ ਦਿਨ ਵੱਖ ਵੱਖ ਥਾਂਵਾਂ ਤੇ ਲੱਗਦੇ ਧਰਨੇ ਤੇ ਆਵਾਜਾਈ ਠੱਪ ਹੋਣਾ, ਖਾਣ ਪੀਣ ਦੇ ਪਦਾਰਥਾਂ ਵਿੱਚ ਮਿਲਾਵਟ ਖੋਰੀ, ਪ੍ਰਦੂਸ਼ਨ ਆਦਿ ਮੁੱਖ ਮਸਲੇ ਅਤੇ ਸਮੱਸਿਆਵਾਂ ਹਨ, ਜਿਹਨਾਂ ਦੇ ਹੱਲ ਲਈ ਚੋਣਾਂ ਲੜ ਰਹੀਆਂ ਸਿਆਸੀ ਪਾਰਟੀਆਂ ਕੋਲ ਕੋਈ ਏਜੰਡਾ ਜਾਂ ਪ੍ਰੋਗਰਾਮ ਨਹੀਂ ਹੈ, ਜਿਸ ਕਰਕੇ ਹੀ ਪੰਜਾਬ ਵਾਸੀ ਅਜੇ ਕਿਸੇ ਵੀ ਸਿਆਸੀ ਪਾਰਟੀ ਨੂੰ ਖੁੱਲ ਕੇ ਹੁੰਗਾਰਾ ਨਹੀਂ ਭਰ ਰਹੇ। ਆਮ ਲੋਕਾਂ ਅਨੁਸਾਰ ਚੋਣਾਂ ਲੜ ਰਹੇ ਉਮੀਦਵਾਰ ਅਤੇ ਵੱਖ- ਵੱਖ ਸਿਆਸੀ ਆਗੂ ਇਹਨਾਂ ਸਮੱਸਿਆਵਾਂ ਦੇ ਹੱਲ ਲਈ ਕੋਈ ਰੂਪ ਰੇਖਾ ਬਣਾਉਣ ਦੀ ਥਾਂ ਨਿੱਜੀ ਦੂਸ਼ਣਬਾਜੀ ਵਿੱਚ ਹੀ ਉਲਝੇ ਪਏ ਹਨ। ਅਜਿਹੇ ਮਾਹੌਲ ਵਿੱਚ ਪੰਜਾਬ ਦੇ ਵੋਟਰ ਕਿਸ ਪਾਰਟੀ ਨੂੰ ਜਿਤਾਉਂਦੇ ਹਨ, ਇਸ ਦਾ ਪਤਾ ਤਾਂ ਚੋਣ ਨਤੀਜਿਆਂ ਤੋਂ ਬਾਅਦ ਹੀ ਲੱਗੇਗਾ।

## ਬ੍ਰਿਟਿਸ਼ ਸਿੱਖ ਸਾਂਸਦ 'ਤੇ ਇੱਕ ਸਾਲ ਦੀ ਪਾਬੰਦੀ ਲੱਗਣ ਦਾ ਖ਼ਦਸ਼ਾ



ਲੰਡਨ/ਏ.ਟੀ.ਨਿਊਜ਼: ਕੁਲਵੀਰ ਰੇਂਜਰ ਇੰਗਲੈਂਡ ਦੀ ਸੰਸਦ ਦੇ ਉੱਪਰਲੇ ਸਦਨ 'ਹਾਊਸ ਆਫ਼ ਲਾਰਡਜ਼' ਦੇ ਮੈਂਬਰ ਹਨ, ਪਰ ਇਸ ਵੇਲੇ ਉਨ੍ਹਾਂ 'ਤੇ ਕੁਝ ਸੰਕਟ ਛਾਇਆ ਹੋਇਆ ਹੈ। ਉਨ੍ਹਾਂ 'ਤੇ ਹੁਣ ਦੋਸ਼ ਲੱਗਾ ਹੈ ਕਿ ਉਨ੍ਹਾਂ ਸੰਸਦੀ ਬਾਰ ਅੰਦਰ ਕਥਿਤ ਤੌਰ 'ਤੇ 'ਸ਼ਰਾਬ ਪੀ ਕੇ ਦੋ ਔਰਤਾਂ ਨਾਲ ਝਗੜਾ ਕੀਤਾ ਸੀ ਤੇ ਉਨ੍ਹਾਂ ਨੂੰ ਪਰੇਸ਼ਾਨ ਕੀਤਾ ਸੀ।' ਇਸੇ ਦੋਸ਼ ਕਾਰਨ ਉਨ੍ਹਾਂ ਨੂੰ ਸਦਨ ਦੇ ਸਾਰੇ ਬਾਰਜ਼ 'ਚ ਜਾਣ 'ਤੇ ਇੱਕ ਸਾਲ ਤਕ ਦੀ ਰੋਕ ਲਗ ਸਕਦੀ ਹੈ।

ਇਸ ਤੋਂ ਇਲਾਵਾ ਉਨ੍ਹਾਂ 'ਤੇ ਹਾਊਸ ਆਫ਼ ਲਾਰਡਜ਼ 'ਚ ਜਾਣ 'ਤੇ ਵੀ ਤਿੰਨ ਹਫ਼ਤਿਆਂ ਤਕ ਦੀ ਪਾਬੰਦੀ ਲਗ ਸਕਦੀ ਹੈ। ਸੰਸਦੀ ਕਮੇਟੀ ਨੇ ਇਸ ਮਾਮਲੇ 'ਤੇ ਵਿਚਾਰ ਲਈ ਹਾਊਸ ਆਫ਼ ਕਾਮਨਜ਼ ਦੀ ਮੀਟਿੰਗ ਵੀ ਸੱਦ ਲਈ ਹੈ। ਹਾਊਸ ਆਫ਼ ਲਾਰਡਜ਼ ਬਿਲਕੁਲ ਉਵੇਂ ਹੁੰਦਾ ਹੈ, ਜਿਵੇਂ ਭਾਰਤੀ ਸੰਸਦ 'ਚ ਰਾਜ ਸਭਾ।

ਨੌਰਥਵੁਡ ਦੇ 49 ਸਾਲਾ ਲਾਰਡ ਰੇਂਜਰ ਦਾ ਜਨਮ ਲੰਡਨ 'ਚ ਹੀ ਹੋਇਆ ਹੈ। ਉਹ ਪਿਛਲੇ ਵਰ੍ਹੇ 2023 'ਚ ਹੀ ਯੂਕੇ ਦੀ ਸੰਸਦ ਦੇ ਉਪਰਲੇ ਸਦਨ 'ਹਾਊਸ ਆਫ਼ ਲਾਰਡਜ਼' ਦੇ ਮੈਂਬਰ ਬਣੇ ਸਨ।

ਹਾਊਸ ਆਫ਼ ਲਾਰਡਜ਼ ਦੀ ਆਚਾਰ-ਵਿਵਹਾਰ ਸਮਿਤੀ (ਕੰਡਕਟ ਕਮੇਟੀ) ਨੇ ਸਿਫ਼ਾਰਸ਼ ਕਰ ਦਿਤੀ ਹੈ ਕਿ ਲਾਰਡ ਰੇਂਜਰ ਨੂੰ ਸਦਨ 'ਚੋਂ ਤਿੰਨ ਹਫ਼ਤਿਆਂ ਲਈ ਮੁਅਤਲ ਕਰ ਦਿਤਾ ਜਾਵੇ ਅਤੇ ਸਦਨ ਦੇ ਕਿਸੇ ਵੀ ਬਾਰ 'ਚ ਉਨ੍ਹਾਂ ਨੂੰ 12 ਮਹੀਨਿਆਂ ਤਕ ਦਾਖ਼ਲ ਨਾ ਹੋਣ ਦਿਤਾ ਜਾਵੇ। ਇਸੇ ਵਰ੍ਹੇ 17 ਜਨਵਰੀ ਨੂੰ ਲਾਰਡ ਰੇਂਜਰ ਸਦਨ ਦੇ ਇੱਕ ਬਾਰ 'ਚ ਗਏ ਸਨ ਤੇ ਉਥੇ ਉਹ ਕਿਸੇ ਨੂੰ ਵੀ ਨਹੀਂ ਜਾਣਦੇ ਸਨ ਪਰ ਫਿਰ ਵੀ ਉਨ੍ਹਾਂ ਨੇ ਕਈ ਜਣਿਆਂ ਨਾਲ ਜ਼ਬਰਦਸਤੀ ਗਲਬਾਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਤਦ ਉਨ੍ਹਾਂ ਸਪੱਸ਼ਟ ਤੌਰ 'ਤੇ ਸ਼ਰਾਬ ਪੀਤੀ ਹੋਈ ਸੀ ਤੇ ਉਨ੍ਹਾਂ ਦੀ ਚਾਲ ਲੜਖੜਾ ਰਹੀ ਸੀ। ਉਨ੍ਹਾਂ ਉਥੇ ਮੌਜੂਦ ਇਸਤ੍ਰੀ ਮੈਂਬਰਾਂ ਤੋਂ ਪੁਛਿਆ ਸੀ ਕਿ ਉਨ੍ਹਾਂ ਦੀ ਉਮਰ ਕਿੰਨੀ ਹੈ ਅਤੇ ਕੀ ਉਨ੍ਹਾਂ ਨੇ ਕਿਸੇ ਅਸ਼ਲੀਲ ਵੀਡੀਉ ਬਾਰੇ ਕੋਈ ਗੱਲਬਾਤ ਕੀਤੀ ਹੈ। ਉਹ ਇੱਕ ਵਾਰ ਜਾ ਕੇ ਉਥੇ ਫਿਰ ਪਰਤੇ ਸਨ। ਤਦ ਉਨ੍ਹਾਂ ਨੇ ਦੋ ਔਰਤਾਂ ਨੂੰ ਕੁਝ ਹੋਰ ਖੋਜ ਕਰ ਕੇ ਸੁਆਲ ਪੁਛਣ ਲਈ ਕਿਹਾ ਸੀ। ਉਨ੍ਹਾਂ 'ਚੋਂ ਹੀ ਇਕ ਔਰਤ ਨੇ ਦੋਸ਼ ਲਾਇਆ ਹੈ ਕਿ ਲਾਰਡ ਰੇਂਜਰ ਵਾਰ-ਵਾਰ ਉਨ੍ਹਾਂ ਵਲ ਉਂਗਲ ਕਰ ਕੇ ਗੱਲ ਕਰੀ ਜਾ ਰਹੇ ਸਨ।

## ਅਮਰੀਕਾ 'ਚ ਭਾਰਤੀ ਵਿਦਿਆਰਥੀਆਂ ਦਾ ਦਬਦਬਾ



ਨਿਊਯਾਰਕ- ਅਮਰੀਕਾ ਵਿੱਚ ਭਾਰਤੀ ਵਿਦਿਆਰਥੀਆਂ ਦਾ ਦਬਦਬਾ ਵੱਧਦਾ ਜਾ ਰਿਹਾ ਹੈ। ਅਗਸਤ-ਸਤੰਬਰ ਤੋਂ ਸ਼ੁਰੂ ਹੋਣ ਵਾਲੇ 2024-25 ਦੇ ਸੈਸ਼ਨ ਵਿੱਚ ਰਿਕਾਰਡ 5.20 ਲੱਖ ਭਾਰਤੀ ਵਿਦਿਆਰਥੀ ਦਾਖਲ ਹੋਣਗੇ। ਇਹ 2023-24 ਦੇ ਮੁਕਾਬਲੇ 1 ਲੱਖ 80 ਹਜ਼ਾਰ ਯਾਨੀ 53 ਫੀਸਦੀ ਜ਼ਿਆਦਾ ਹੋਵੇਗਾ। ਓਪਨ ਡੋਰ ਆਨ ਇੰਟਰਨੈਸ਼ਨਲ ਐਜੂਕੇਸ਼ਨ ਐਕਸਚੇਂਜ ਦੀ ਰਿਪੋਰਟ ਅਨੁਸਾਰ 2023-24 ਵਿੱਚ ਭਾਰਤੀ ਵਿਦਿਆਰਥੀ ਅਮਰੀਕਾ ਵਿੱਚ ਪੜ੍ਹ ਰਹੇ ਕੁੱਲ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਲਗਭਗ ਇੱਕ ਚੌਥਾਈ ਬਣ ਗਏ। ਅਮਰੀਕਾ 'ਚ ਵਿਦੇਸ਼ੀ ਵਿਦਿਆਰਥੀਆਂ 'ਚ ਸਭ ਤੋਂ ਜ਼ਿਆਦਾ ਭਾਰਤੀ ਹਨ। ਇੱਥੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ 2030 ਤੱਕ ਵਧ ਕੇ 10 ਲੱਖ ਹੋ ਜਾਵੇਗੀ। ਭਾਰਤੀ ਵਿਦਿਆਰਥੀ ਅਮਰੀਕੀ ਯੂਨੀਵਰਸਿਟੀਆਂ ਲਈ ਆਮਦਨ ਦਾ ਸਭ ਤੋਂ ਵੱਡਾ ਸਰੋਤ ਹਨ। ਭਾਰਤੀ ਵਿਦਿਆਰਥੀ ਯੂਨੀਵਰਸਿਟੀਆਂ ਦੁਆਰਾ ਪ੍ਰਾਪਤ ਫੀਸਾਂ ਦਾ 20% ਅਦਾ ਕਰਦੇ ਹਨ।

ਭਾਰਤੀ ਵੱਧ ਰਹੇ ਹਨ ਕਿਉਂਕਿ ਅਮਰੀਕੀ ਵਿਦਿਆਰਥੀਆਂ ਦੇ ਦਾਖਲੇ ਵਿੱਚ 16% ਦੀ ਕਮੀ

ਉੱਚ ਸਿੱਖਿਆ ਪ੍ਰਤੀ ਅਮਰੀਕੀ ਵਿਦਿਆਰਥੀਆਂ ਵਿੱਚ ਝਿਜਕ ਹੈ। ਵਾਲ ਸਟਰੀਟ ਅਤੇ ਸ਼ਿਕਾਗੋ ਯੂਨੀਵਰਸਿਟੀ ਦੀਆਂ ਰਿਪੋਰਟਾਂ ਅਨੁਸਾਰ 10 ਸਾਲਾਂ ਵਿੱਚ ਅਮਰੀਕੀ ਵਿਦਿਆਰਥੀਆਂ ਦੇ ਦਾਖਲੇ ਵਿੱਚ 16% ਦੀ ਗਿਰਾਵਟ ਆਈ ਹੈ। ਜਦੋਂ ਕਿ ਇਸ ਸਮੇਂ ਦੌਰਾਨ ਅਮਰੀਕਾ ਦੀ ਆਬਾਦੀ ਵਿੱਚ 8% ਦਾ ਵਾਧਾ ਦਰਜ ਕੀਤਾ ਗਿਆ ਸੀ। ਰਿਪੋਰਟ ਅਨੁਸਾਰ 2030 ਤੱਕ ਅਮਰੀਕੀ ਵਿਦਿਆਰਥੀਆਂ ਦੇ ਦਾਖਲੇ ਵਿੱਚ 30% ਦੀ ਗਿਰਾਵਟ ਆਉਣ ਦੀ ਸੰਭਾਵਨਾ ਹੈ।

ਯੂਨੀਵਰਸਿਟੀਆਂ ਵਿੱਚ ਖਾਲੀ ਸੀਟਾਂ ਕਾਰਨ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਕੋਟਾ ਵਧਿਆ, ਭਾਰਤੀ ਵਿਦਿਆਰਥੀ ਲੈ ਰਹੇ ਲਾਹਾ

ਭਾਰਤੀ ਵਿਦਿਆਰਥੀ 10 ਸਾਲਾਂ ਵਿੱਚ 5 ਗੁਣਾ (ਗਿਣਤੀ ਲੱਖਾਂ ਵਿੱਚ)

2019-20 -1.93*
2020-21- 1.68
2021-22- 2.00
2022-23 -2.69
2023-24- 3.40
2024-25- 5.20
2029-30- 10.0

ਵੀਜ਼ਾ ਅਰਜ਼ੀ ਇੱਕ ਸਾਲ ਪਹਿਲਾਂ ਦਿੱਤੀ ਜਾ ਸਕਦੀ ਹੈ

ਸਿੱਖਿਆ ਮਾਹਿਰਾਂ ਦਾ ਕਹਿਣਾ ਹੈ ਕਿ ਬਾਈਡੇਨ ਸਰਕਾਰ ਵੱਲੋਂ ਵਿਦਿਆਰਥੀ ਸ਼੍ਰੇਣੀ ਐੱਫ ਅਤੇ ਐੱਮ ਵੀਜ਼ਿਆਂ ਲਈ ਅਰਜ਼ੀਆਂ ਹੁਣ ਇਕ ਸਾਲ ਪਹਿਲਾਂ ਦਿੱਤੀਆਂ ਜਾ ਸਕਦੀਆਂ ਹਨ। ਇਸ ਨਾਲ ਵਿਦਿਆਰਥੀਆਂ ਨੂੰ ਅਮਰੀਕਾ ਦਾ ਵੀਜ਼ਾ ਮਿਲਣ ਦੀ ਗਾਰੰਟੀ ਹੋ ? ?ਜਾਂਦੀ ਹੈ। ਦੋ ਸਾਲ ਪਹਿਲਾਂ ਤੱਕ ਵਿਦਿਆਰਥੀਆਂ ਨੂੰ 3 ਮਹੀਨੇ ਪਹਿਲਾਂ ਅਪਲਾਈ ਕਰਨਾ ਪੈਂਦਾ ਸੀ। ਅਜਿਹੇ 'ਚ ਵੀਜ਼ਾ ਨੂੰ ਲੈ ਕੇ ਵਿਦਿਆਰਥੀਆਂ 'ਚ ਅਨਿਸ਼ਚਿਤਤਾ ਬਣੀ ਰਹਿੰਦੀ ਸੀ।

# ਅਮਰੀਕਾ ਖ਼ਬਰਨਾਮਾ

## ਡਾ. ਸੁਰਜੀਤ ਪਾਤਰ ਦੀ ਯਾਦ ਵਿੱਚ ਵਿਸ਼ੇਸ਼ ਸਮਾਗਮ 26 ਮਈ ਨੂੰ

### ਵਿਪਸਾਅ ਕਰੇਗੀ ਯਾਦ 'ਪਾਤਰ ਦੀ ਸ਼ਾਇਰੀ ਅਤੇ ਜ਼ਿੰਦਗੀ'

ਹੇਵਰਡ/ਏ.ਟੀ.ਨਿਊਜ਼ : ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਕੈਲੀਫ਼ੋਰਨੀਆ (ਵਿਪਸਾਅ) ਵੱਲੋਂ ਅਚਾਨਕ ਸਦੀਵੀ ਵਿਛੋੜਾ ਦੇ ਗਏ ਸਿਰਮੌਰ ਪੰਜਾਬੀ ਸ਼ਾਇਰ ਡਾ: ਸੁਰਜੀਤ ਪਾਤਰ ਦੀ ਸ਼ਾਇਰੀ ਅਤੇ ਜ਼ਿੰਦਗੀ ਨੂੰ ਯਾਦ ਕਰਨ ਅਤੇ ਸ਼ਰਧਾਂਜਲੀਆਂ ਭੇਂਟ ਕਰਨ ਲਈ ਇੱਕ ਵਿਸ਼ੇਸ਼ ਸਾਹਿਤਕ ਇਕੱਠ 26 ਮਈ ਦਿਨ ਐਤਵਾਰ ਸ਼ਾਮ 5 ਤੋਂ 8:30 ਤੱਕ ਕੀਤਾ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅਕਾਦਮੀ ਦੇ ਪ੍ਰਬੰਧਕ ਕੁਲਵਿੰਦਰ ਅਤੇ ਜਗਜੀਤ ਨੌਸ਼ਹਿਰਵੀ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਡਾ: ਪਾਤਰ ਦੀ ਸ਼ਾਇਰੀ ਦਾ ਸੁਖਦੇਵ ਸਾਹਿਲ ਅਤੇ ਹੋਰਨਾਂ ਵੱਲੋਂ ਗਾਇਨ ਹੋਏਗਾ, ਮੈਂਬਰ ਅਤੇ ਹੋਰ ਪੰਜਾਬੀ ਸਾਹਿਤ ਪਿਆਰੇ ਉਹਨਾਂ ਦੀ ਮਨਭਾਉਂਦੀ ਸ਼ਾਇਰੀ ਪੜ੍ਹਨਗੇ, ਉਹਨਾਂ ਨਾਲ ਆਪਣੀ ਸਾਂਝ ਅਤੇ ਬਿਤਾਏ ਵਕਤ ਦੀਆਂ ਯਾਦਾਂ ਤਾਜ਼ਾ ਕਰਦੇ ਹੋਏ ਆਪਣੀ ਅਕੀਦਤ ਦੇ ਫ਼ੁੱਲ ਭੇਂਟ ਕਰਨਗੇ। ਉਹਨਾਂ ਦਸਿਆ ਕਿ ਇਹ ਸਮਾਗਮ ਇਰਵਿੰਗਟਨ ਕਮਿਉਨਿਟੀ ਸੈਂਟਰ, 41885 ਬਲੈਕਾਓ ਰੋਡ, ਫਰੀਮੌਂਟ ਵਿਖੇ ਹੋਏਗਾ।



ਸਮਾਗਮ 5 ਵਜੇ ਸ਼ਾਮ ਨੂੰ ਸ਼ੁਰੂ ਹੋਵੇਗਾ ਅਤੇ ਰਾਤ ਦੇ ਖਾਣੇ ਨਾਲ 8:30 ਵਜੇ ਸਮਾਪਤ ਹੋਏਗਾ। ਬੇ-ਏਰੀਏ ਦੇ ਇਲਾਕੇ ਨਾਲ ਸਬੰਧਿਤ ਸਭ ਪੰਜਾਬੀ ਸਾਹਿਤ ਪ੍ਰੇਮੀਆਂ ਨੂੰ ਇਸ ਸਮਾਗਮ ਵਿੱਚ ਸ਼ਿਰਕਤ ਕਰਨ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।

# ਸਿਨਸਿਨੈਟੀ ਓਹਾਇਓ ਵਿੱਖੇ ਸਿੱਖ ਯੂਥ ਸਿਮਪੋਜ਼ੀਅਮ-2024 ਦਾ ਆਯੋਜਨ

ਨਿਊਯਾਰਕ /ਏ.ਟੀ.ਨਿਊਜ਼ :- ਸਲਾਨਾ ਸਿੱਖ ਯੂਥ ਸਿਮਪੋਜ਼ੀਅਮ-2024 ਦੇ ਸਥਾਨਕ ਪੱਧਰ ਦੇ ਭਾਸ਼ਣ ਮੁਕਾਬਲੇ ਲਈ ਅਮਰੀਕਾ ਦੇ ਸੂਬੇ ਓਹਾਇਓ ਦੇ ਸਿਨਸਿਨੈਟੀ (ਡੇਟਨ) ਅਤੇ ਨੇੜਲੇ ਸ਼ਹਿਰਾਂ ਤੋਂ ਸਿੱਖ ਬੱਚੇ ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਿਨੈਟੀ ਗੁਰਦੁਆਰਾ ਸਾਹਿਬ ਵਿੱਖੇ ਇਕੱਠੇ ਹੋਏ। ਸਿੱਖ ਯੂਥ ਅਲਾਇੰਸ ਆਫ ਨਾਰਥ ਅਮਰੀਕਾ (ਸਿਆਨਾ) ਸੰਸਥਾ ਦੀ ਸਰਪ੍ਰਸਤੀ ਹੇਠ ਆਯੋਜਿਤ ਇਸ ਪ੍ਰੋਗਰਾਮ ਵਿੱਚ 6 ਸਾਲ ਤੋਂ ਲੈ ਕੇ 22 ਸਾਲ ਤੱਕ ਦੇ 50 ਬੱਚਿਆਂ ਤੇ ਨੌਜਵਾਨਾਂ ਨੇ ਭਾਗ ਲਿਆ। ਇਸ ਸਮਾਗਮ ਸੰਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਸਿਨਸਿਨਾਟੀ ਅਤੇ ਡੇਟਨ ਖੇਤਰ ਦੇ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਭਾਗ ਲੈਣ ਵਾਲੇ ਬੱਚਿਆਂ ਨੂੰ ਉਮਰ ਅਨੁਸਾਰ ਪੰਜ ਗਰੁੱਪਾਂ ਵਿੱਚ ਵੰਡਿਆ ਜਾਂਦਾ ਹੈ।

ਹਰੇਕ ਗਰੁੱਪ ਨੂੰ 4 ਮਹੀਨੇ ਪਹਿਲਾਂ ਇਕ ਕਿਤਾਬ ਦਿੱਤੀ ਜਾਂਦੀ ਹੈ ਤੇ ਬੱਚਿਆਂ ਨੇ ਉਸ ਦੇ ਵਿਚੋਂ ਦਿੱਤੇ ਗਏ ਤਿੰਨ ਸਵਾਲਾਂ ਦੇ ਜਵਾਬ 5 ਤੋਂ 7 ਮਿੰਟ ਵਿੱਚ ਭਾਸ਼ਣ ਦੇ ਰੂਪ ਵਿਚ ਦੇਣੇ ਹੁੰਦੇ ਹਨ। ਇਸ ਸਾਲ ਪਹਿਲੇ ਗਰੁੱਪ ਨੂੰ



ਮਾਈ ਗੁਰੂਜ਼ ਬਲੈਸਿੰਗਜ਼ , ਦੂਜੇ ਨੂੰ ਟੀਚਿੰਗ ਸਿੱਖ ਹੈਰੀਟੇਜ ਟੂ ਯੂਥ , ਤੀਜੇ ਨੂੰ 20 ਮਿੰਟ ਗਾਈਡ ਟੂ ਦਿ ਸਿੱਖ ਫੇਥ ਅਤੇ ਚੌਥੇ ਨੂੰ ਕਲੈਸ਼ ਆਫ ਕਲਚਰ ਪੁਸਤਕ ਦਿੱਤੀ ਗਈ। 1984 ਦੇ ਘੱਲੂਘਾਰੇ ਅਤੇ ਕਤਲੇਆਮ ਦੀ 40ਵੀ ਵਰ੍ਹੇਗੰਢ ਨੂੰ ਸਮਰਪਤ ਪੰਜਵੇਂ ਗਰੁੱਪ ਦਾ ਵਿਸ਼ਾ 1984 ਦਾ ਘੱਲੂਘਾਰਾ ਅਤੇ ਉਸ ਤੋਂ ਬਾਅਦ ਦਾ ਸਿੱਖ ਸੰਘਰਸ਼ ਰੱਖਿਆ ਗਿਆ ਹੈ। ਹਰ ਸਾਲ ਵਾਂਗ ਸਿਮਪੋਜ਼ੀਅਮ ਦੀ ਅਰੰਭਤਾ ਅਤੇ ਸਮਾਪਤੀ ਅਰਦਾਸ ਅਤੇ ਹੁਕਮਨਾਮਾ ਲੈ ਕੇ ਹੋਈ।

ਆਪਣੇ ਉਦਘਾਟਣੀ ਭਾਸ਼ਣ ਵਿੱਚ ਡਾ. ਕਿਰਨਪਾਲ ਸਿੰਘ ਸੰਘਾ ਨੇ ਭਾਗ ਲੈਣ ਨੌਜਵਾਨਾਂ, ਪਰਿਵਾਰ ਅਤੇ ਭਾਈਚਾਰੇ ਦੇ ਮੈਂਬਰਾਂ ਨੂੰ ਦੱਸਿਆ, ਸਿਨਸਿਨੈਟੀ ਵਿਖੇ ਸਿਮਪੋਜ਼ੀਅਮ ਦੇ ਆਯੋਜਨ ਦਾ ਇਹ 20ਵਾਂ ਸਾਲ ਹੈ।

2023 ਦੀ ਸਿੱਖ ਕੋਲੀਸ਼ਨ ਦੀ ਰਿਪੋਰਟ ਅਨੁਸਾਰ ਲਗਭਗ 80% ਸਿੱਖ ਨੌਜਵਾਨਾਂ ਨਾਲ ਸਕੂਲ ਵਿੱਚ ਦੂਜੇ ਬੱਚਿਆਂ ਵਲੋਂ ਧੱਕੇਸ਼ਾਹੀ ਹੁੰਦੀ ਹੈ। ਸਿਮਪੋਜ਼ੀਅਮ 'ਚ ਭਾਗ ਲੈਣ ਵਾਲੇ ਬੱਚਿਆਂ ਦਾ ਆਤਮ ਵਿਸ਼ਵਾਸ ਵਧੇਗਾ ਅਤੇ ਉਹ ਸਾਡੇ ਭਵਿੱਖ ਦੇ ਆਗੂ ਬਣ ਸਕਣਗੇ। ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਪੁਰਸਕਾਰ ਅਤੇ ਕਿਤਾਬਾਂ ਨਾਲ ਸਨਮਾਨਿਤ ਕੀਤਾ ਗਿਆ। ਹਰੇਕ ਗਰੁਪ ਦੇ ਜੇਤੂ ਬੱਚੇ ਓਹਾਇਓ ਅਤੇ ਪੈਨਸਿਲਵੇਨੀਆ ਸੂਬੇ ਦੇ ਹੋਰਨਾਂ ਸ਼ਹਿਰਾਂ ਦੇ ਜੇਤੂਆਂ ਨਾਲ ਕਲੀਵਲੈਂਡ ਵਿਖੇ ਹੋਣ ਵਾਲੇ ਰਾਜ ਪੱਧਰੀ ਮੁਕਾਬਲਿਆਂ ਵਿਚ ਭਾਗ ਲੈਣਗੇ। ਇਸ ਮੌਕੇ ਮਰਹੂਮ ਜੈਪਾਲ ਸਿੰਘ ਨੂੰ ਵੀ ਯਾਦ ਕੀਤਾ ਗਿਆ ਜਿਸ ਨੇ ਸਿੱਖ ਨੌਜਵਾਨਾਂ ਨੂੰ ਸਾਲ ਦਰ ਸਾਲ ਨਿਰਸਵਾਰਥ ਅਤੇ ਪੂਰੀ ਤਨਦੇਹੀ ਨਾਲ ਸਿੱਖਿਆ ਅਤੇ ਮਾਰਗਦਰਸ਼ਨ ਦਿੱਤਾ। ਭਾਈਚਾਰੇ ਦੇ ਸੀਨੀਅਰ ਮੈਂਬਰ ਅਤੇ ਜੱਜ ਦੀ ਸੇਵਾ ਕਰ ਰਹੇ ਤਰਲੋਚਨ ਸਿੰਘ ਸੰਧਾਵਾਲੀਆ ਨੇ ਇਸ ਸਮਾਗਮ ਦੀ ਸਫਲਤਾ ਲਈ ਬੱਚਿਆਂ, ਅਧਿਆਪਕਾਂ, ਮਾਪਿਆਂ, ਸੇਵਾਦਾਰਾਂ ਅਤੇ ਪ੍ਰਬੰਧਕਾ ਦਾ ਧੰਨਵਾਦ ਕੀਤਾ ਅਤੇ ਵਧਾਈ ਦਿੱਤੀ। ਉਨ੍ਹਾਂ ਕਿਹਾ, ਛੋਟੇ ਬੱਚਿਆਂ ਨੇ ਅੱਜ ਵੱਡੇ ਸੰਦੇਸ਼ ਦਿੱਤੇ, ਭਾਗ ਲੈਣ ਵਾਲੇ ਸਾਰੇ ਬੱਚੇ ਜੇਤੂ ਹਨ। ਮੈਂ ਆਸ ਕਰਦਾ ਹਾਂ ਅਤੇ ਅਰਦਾਸ ਕਰਦਾ ਹਾਂ ਕਿ ਗੁਰੂ ਸਾਹਿਬ ਇਨਾਂ ਬੱਚਿਆਂ ਨੂੰ ਹੋਰ ਗਿਆਨ ਦੇਣ ਅਤੇ ਗੁਰੂ ਨਾਨਕ ਦੀ ਫੁਲਵਾੜੀ ਨੂੰ ਹੋਰ ਵੱਡਾ ਅਤੇ ਸੁੰਦਰ ਬਣਾਉਣ।

# ਸੈਕਰਾਮੈਂਟੋ ਨੇੜੇ ਨੌਰਥ ਹਾਈਲੈਂਡਸ 'ਚ ਰਵਿੰਦਰ ਸਿੰਘ ਕਾਹਲੋਂ 'ਤੇ ਹੋਇਆ ਨਫ਼ਰਤੀ ਹਮਲਾ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ : ਸਥਾਨਕ ਭਾਈਚਾਰਕ ਕੰਮਾਂ 'ਚ ਵਿਚਰਨ ਵਾਲੇ ਸ. ਰਵਿੰਦਰ ਸਿੰਘ ਕਾਹਲੋਂ ਬੀਤੇ ਦਿਨ ਸ਼ਾਮ ਨੂੰ ਜਦੋਂ ਆਪਣੀ ਕਾਰ 'ਚ ਨੌਰਥ ਹਾਈਲੈਂਡਸ ਸ਼ਹਿਰ ਵਿਖੇ ਵਾਟ ਐਵੀਨਿਊਂ ਤੇ ਆਰਕੋ ਗੈਸ ਸਟੇਸ਼ਨ ਤੋਂ ਗੈਸ ਪਵਾ ਰਹੇ ਸਨ ਤਾਂ ਪਿਛੋਂ ਆਏ ਗੋਰੇ ਜੋੜੇ ਵੱਲੋਂ ਉਨ੍ਹਾਂ ਨੂੰ ਉਨ੍ਹਾਂ ਦੀ ਪੱਗ ਵਾਲੀ ਦਿੱਖ ਕਰਕੇ ਉਸਮਾਂ ਬਿਨ ਲਾਦੇਨ ਅੱਤਵਾਦੀ ਤੇ ਮੁਸਲਮਾਨ ਵਰਗੇ ਸ਼ਬਦਾਂ ਦੇ ਨਾਲ ਨਾਲ ਗਾਲਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ, ਰਵਿੰਦਰ ਸਿੰਘ ਕਾਹਲੋਂ ਦੇ ਦੱਸਣ ਅਨੁਸਾਰ ਉਹ ਬਿਲਕੁਲ ਸ਼ਾਂਤ ਰਹੇ, ਤੇ ਜਦੋਂ ਉਹ ਨਫ਼ਰਤੀ ਇਨਸਾਨ ਨਹੀਂ ਹਟਿਆ ਤਾਂ ਕਾਹਲੋਂ ਨੇ ਉਸ ਨੂੰ ਕਿਹਾ ਕੇ ਤੂੰ ਗਲਤ ਬੋਲ ਰਿਹਾ ਏਂ ਤੇ ਪਹਿਲਾਂ ਸਿੱਖਾਂ ਵਾਰੇ ਜਾਣਕਾਰੀ ਲੈ ਤੇ ਉਹ ਫਿਰ ਵੀ ਨਾ ਹੱਟਿਆ ਇਸ ਤੋਂ ਬਾਅਦ ਜਦੋਂ ਰਵਿੰਦਰ ਸਿੰਘ ਕਾਹਲੋਂ ਆਪਣੇ ਫੋਨ ਤੋਂ ਪੁਲਿਸ ਨੂੰ ਕਾਲ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਤਾਂ ਉਸ ਗੋਰੇ ਨੇ ਕਾਹਲੋਂ ਸਾਹਿਬ ਤੋਂ ਫੋਨ ਖੋਹ ਕੇ ਜ਼ਮੀਨ 'ਤੇ ਮਾਰਕੇ ਤੋੜ ਦਿੱਤਾ ਤੇ ਫੋਨ ਚੁੱਕ ਕੇ ਆਪਣੀ ਕਾਰ 'ਚ ਦੌੜ ਗਏ। ਇਸ ਦੌਰਾਨ ਪੁਲਿਸ



ਸ਼ੈਰਿਫ਼ ਨੂੰ ਰਿਪੋਰਟ ਕਰ ਦਿਤੀ ਗਈ ਹੈ, ਇਸ ਉਪਰੰਤ ਐਫ.

ਬੀ. ਆਈ. ਨੂੰ ਵੀ ਈ-ਮੇਲ ਕਰਕੇ ਰਿਪੋਰਟ ਕਰ ਦਿੱਤੀ ਗਈ ਹੈ । ਇਹ ਸਾਰੀ ਘਟਨਾ ਆਰਕੋ ਗੈਸ ਸਟੇਸ਼ਨ ਦੇ ਕੈਮਰਿਆਂ 'ਚ ਕੈਮਰਾਬੰਦ ਹੋ ਗਈ ਤੇ ਪੁਲਿਸ ਇਸ ਘਟਨਾ ਦੀ ਜਾਂਚ ਕਰ ਰਹੀ ਹੈ । ਦੂਸਰੇ ਪਾਸੇ ਸਿੱਖਾਂ ਲਈ ਲੜਨ ਵਾਲੀਆਂ ਵੱਖ- ਵੱਖ ਸਿੱਖ ਤੇ ਗੈਰ ਸਿੱਖ ਸੰਸਥਾਵਾਂ ਨੂੰ ਵੀ ਕਾਨੂੰਨੀ ਮਦਦ ਲਈ ਗੁਹਾਰ ਲਾਈ ਹੈ ਤਾਂ ਜੋ ਕਿਸੇ ਹੋਰ ਸਿੱਖ ਨਾਲ ਅੱਗੇ ਤੋਂ ਅਜਿਹਾ ਨਾ ਵਾਪਰੇ।

## ਅਮਰੀਕਾ ਵਿੱਚ ਭਾਰਤੀ ਮੂਲ ਦੀ ਵੀਨਾ ਅਈਅਰ ਡਿਸਟ੍ਰਿਕਟ ਜੱਜ ਨਿਯੁਕਤ

ਸੈਕਰਾਮੈਂਟੋ,ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ : ਗਵਰਨਰ ਟਿਮ ਵਾਲਜ਼ ਨੇ ਭਾਰਤੀ ਮੂਲ ਦੀ ਔਰਤ ਵੀਨਾ ਅਈਅਰ ਤੇ ਜੈਨੀਫਰ ਵਰਡੇਜਾ



ਨੂੰ ਮਿਨੀਸੋਟਾ ਦੇ ਸੈਕੰਡ ਜੁਡੀਸ਼ੀਅਲ ਡਿਸਟ੍ਰਿਕਟ ਵਿੱਚ ਡਿਸਟ੍ਰਿਕਟ ਕੋਰਟ ਜੱਜ ਨਿਯੁਕਤ ਕੀਤਾ ਹੈ। ਗਵਰਨਰ ਨੇ ਜਾਰੀ ਇਕ ਬਿਆਨ ਵਿੱਚ ਕਿਹਾ ਹੈ ਕਿ ਮੈਨੂੰ ਵੀਨਾ ਅਈਅਰ ਨੂੰ ਰਮਸੇਅ ਕਾਊਂਟੀ ਬੈਂਚ ਦੀ ਜੱਜ ਨਿਯੁਕਤ ਕਰਨ ਵਿੱਚ ਮਾਣ ਮਹਿਸੂਸ ਹੋ ਰਿਹਾ ਹੈ। ਉਸ ਦੇ ਪਿਛਲੇ ਤਜ਼ਰਬੇ ਤੇ ਉਸ ਦੀ ਸਾਡੀ ਨਿਆਇਕ ਪ੍ਰਣਾਲੀ ਪ੍ਰਤੀ ਸਮਝ ਤੋਂ ਮੈਨੂੰ ਇਹ ਪੂਰਨ ਵਿਸ਼ਵਾਸ਼ ਹੈ ਕਿ ਉਹ ਨਿਰਪੱਖ ਤੇ ਇੱਕ ਸੰਤੁਲਿਤ ਜੱਜ ਦੀ ਭੂਮਿਕਾ ਨਿਭਾਵੇਗੀ। ਇਸ ਸਮੇਂ ਅਈਅਰ ਇਮੀਗਰਾਂਟ ਲਾਅ ਸੈਂਟਰ ਆਫ ਮਿਨੀਸੋਟਾ ਦੀ ਕਾਰਜਕਾਰੀ ਡਾਇਰੈਕਟਰ ਹੈ। ਉਹ ਮਿਨੀਸੋਟਾ ਕੋਰਟ ਆਫ ਅਪੀਲਜ, ਸੁਸਾਨ ਬਰਕ ਫੋਰਥ ਜੁਡੀਸ਼ੀਅਲ ਡਿਸਟ੍ਰਿਕਟ ਦੇ ਮਾਣਯੋਗ ਨਟਾਲੀ ਹਡਸਨ ਤੇ ਯੂ ਐਸ ਡਿਸਟ੍ਰਿਕਟ ਕੋਰਟ ਨਾਰਦਰਨ ਡਿਸਟ੍ਰਿਕਟ ਇਲੀਨੋਇਸ ਦੇ ਮੈਥੀਊ ਕੈਨਲੀ ਦੇ ਲਾਅ ਕਲਰਕ ਵਜੋਂ ਵੀ ਕੰਮ ਕਰ ਚੁੱਕੀ ਹੈ।

# ਗੋਪੀ ਨੇ ਪਹਿਲਾ ਭਾਰਤੀ ਪੁਲਾੜ ਸੈਲਾਨੀ ਬਣਨ 'ਤੇ ਜਤਾਈ ਖ਼ੁਸ਼ੀ

### ਪੁਲਾੜ 'ਚ ਸ.ਫਲਤਾਪੂਰਵਕ ਪੁੱਜੀ ਬਲੂ ਓਰਿਜਨ ਦੀ ਉਡਾਣ

ਹਿਊਸਟਨ/ਏ.ਟੀ.ਨਿਊਜ਼ : ਪਾਇਲਟ ਗੋਪੀ ਥੋਟਾਕੁਰਾ ਨੇ ਕਿਹਾ ਹੈ ਕਿ ਉਸ ਨੂੰ ਐਮਾਜ਼ੋਨ ਦੇ ਬਾਨੀ ਜੈੱਫ ਬੇਜ਼ੋਸ ਦੇ ਬਲੂ ਓਰਿਜਨ ਦੇ ਐੱਨਐੱਸ-25 ਮਿਸ਼ਨ 'ਤੇ ਇਕ ਸੈਲਾਨੀ ਵਜੋਂ ਪੁਲਾੜ 'ਚ ਜਾਣ ਵਾਲਾ ਪਹਿਲਾ ਭਾਰਤੀ ਬਣਨ 'ਤੇ ਮਾਣ ਹੈ।

ਥੋਟਾਕੁਰਾ (30) ਅਤੇ ਪੰਜ ਹੋਰ ਮੈਂਬਰਾਂ ਨੂੰ ਲੈ ਕੇ ਗਈ ਬਲੂ ਓਰਿਜਨ ਦੀ ਸੱਤਵੀਂ ਉਡਾਣ ਸਫਲਤਾਪੂਰਬਕ ਪੁਲਾੜ 'ਚ ਪੁੱਜੀ। ਐੱਨਐੱਸ-25 ਐਤਵਾਰ ਸਵੇਰੇ ਪੱਛਮੀ ਟੈਕਸਸ 'ਚ ਲਾਂਚ ਸਾਈਟ ਵਨ ਤੋਂ ਰਵਾਨਾ ਹੋਈ ਸੀ।

ਉਹ 1984 'ਚ ਭਾਰਤੀ ਫ਼ੌਜ ਦੇ ਵਿੰਗ ਕਮਾਂਡਰ ਰਾਕੇਸ਼ ਸ਼ਰਮਾ ਤੋਂ ਬਾਅਦ ਪੁਲਾੜ 'ਚ ਜਾਣ ਵਾਲੇ ਪਹਿਲੇ ਭਾਰਤੀ ਪੁਲਾੜ ਸੈਲਾਨੀ ਅਤੇ ਦੂਜੇ ਭਾਰਤੀ ਬਣ ਗਏ ਹਨ।

ਬਲੂ ਓਰਿਜਨ ਵੱਲੋਂ 'ਐਕਸ' 'ਤੇ ਪੋਸਟ ਕੀਤੇ ਗਏ ਵੀਡੀਓ 'ਚ ਥੋਟਾਕੁਰਾ



ਨੂੰ ਪੁਲਾੜ ਵਾਹਨ ਤੋਂ ਇਹ ਆਖਦਿਆਂ ਸੁਣਿਆ ਗਿਆ, "ਭਾਰਤ ਪੁਲਾੜ 'ਚ।" ਉਨ੍ਹਾਂ ਹੱਥ 'ਚ ਇਕ ਛੋਟਾ ਭਾਰਤੀ ਝੰਡਾ ਵੀ ਫੜਿਆ ਹੋਇਆ ਹੈ। ਆਂਧਰਾ ਪ੍ਰਦੇਸ਼ 'ਚ ਜਨਮੇ ਉੱਦਮੀ ਅਤੇ ਪਾਇਲਟ ਥੋਟਾਕੁਰਾ ਨੂੰ ਇੱਕ ਬੈਨਰ ਫੜੇ ਹੋਏ ਵੀ ਦੇਖਿਆ ਗਿਆ ਜਿਸ 'ਤੇ ਲਿਖਿਆ ਸੀ, "ਮੈਂ ਸਾਡੇ ਸਥਾਈ ਗ੍ਰਹਿ ਲਈ ਇੱਕ ਵਾਤਾਵਰਨ ਯੋਧਾ ਹਾਂ।" ਉਨ੍ਹਾਂ ਨਾਲ ਪੁਲਾੜ 'ਚ ਗਏ ਹੋਰ ਮੈਂਬਰਾਂ 'ਚ ਮੈਸਨ ਐਂਜੇਲ, ਸਿਲਵੇਨ ਚਿਰੌਨ, ਕੈਨੇਥ ਐੱਲ ਹੈੱਸ, ਕੈਰੋਲ ਸ਼ਾਲੇਰ ਅਤੇ ਹਵਾਈ ਫ਼ੌਜ ਦੇ ਸਾਬਕਾ ਕੈਪਟਨ ਐੱਡ ਡਵਾਈਟ ਸ਼ਾਮਲ ਹਨ। ਡਵਾਈਟ ਨੂੰ 1961 'ਚ ਰਾਸ਼ਟਰਪਤੀ ਜੌਹਨ ਐੱਫ ਕੈਨੇਡੀ ਵੱਲੋਂ ਦੇਸ਼ ਦੇ ਪਹਿਲੇ ਸਿਆਹਫ਼ਾਮ ਪੁਲਾੜ ਯਾਤਰੀ ਵਜੋਂ ਚੁਣਿਆ ਗਿਆ ਸੀ ਪਰ ਉਸ ਨੂੰ ਕਦੇ ਪੁਲਾੜ 'ਚ ਉਡਾਣ ਭਰਨ ਦਾ ਮੌਕਾ ਨਹੀਂ ਮਿਲਿਆ ਸੀ। ਨਿਊ ਸ਼ੈਪਰਡ (ਐੱਨਐੱਸ) ਹੁਣ ਤੱਕ 37 ਵਿਅਕਤੀਆਂ ਨੂੰ ਪੁਲਾੜ 'ਚ ਲਿਜਾ ਚੁੱਕਿਆ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

## ਰੂਸ ਨੇ ਦਿੱਤੀ ਚਿਤਾਵਨੀ

# ਅੱਗ ਨਾਲ ਖੇਡ ਰਿਹਾ ਅਮਰੀਕਾ...

## ਰੂਸ ਨੇ ਪੱਛਮ ਨੂੰ ਦਿਖਾਈ ਪਰਮਾਣੂ ਸ਼ਕਤੀ, ਯੂਕਰੇਨ ਨਾਲ ਜੰਗ ਹੋਈ ਤੇਜ਼

## ਰੂਸ-ਯੂਕਰੇਨ ਜੰਗ ਕਾਰਨ ਯੂਰਪ ਨੂੰ ਸੈਨਿਕ ਸ਼ਕਤੀ 'ਚ ਕਰਨਾ ਪੈ ਰਿਹਾ ਵਾਧਾ, ਆਰਥਿਕ ਸੰਕਟ ਵਧਿਆ

ਮਾਸਕੋ/ਏ.ਟੀ.ਨਿਊਜ਼: ਪੱਛਮੀ ਦੇਸ਼ਾਂ ਦੇ ਨਾਲ ਭਾਰੀ ਤਣਾਅ ਦਰਮਿਆਨ ਰੂਸ ਨੇ ਆਪਣੇ ਪ੍ਰਮਾਣੂ ਹਥਿਆਰ ਤੇ ਫ਼ੌਜੀ ਸ਼ਕਤੀ ਦਿਖਾਈ। ਉਹ ਵੀ ਅਜਿਹੇ ਸਮੇਂ ਜਦੋਂ ਰੂਸ ਦੇ ਚੋਟੀ ਦੇ ਡਿਪਲੋਮੈਟ ਕਹਿੰਦੇ ਹਨ ਕਿ ਅਮਰੀਕਾ ਅੱਗ ਨਾਲ ਖੇਡ ਰਿਹਾ ਹੈ। ਰੂਸੀ ਰੱਖਿਆ ਮੰਤਰਾਲੇ ਨੇ ਪੱਛਮੀ ਰੂਸ ਦੇ ਯੋਸ਼ਕਰ-ਓਲਾ ਵਿੱਚ ਹੋਈ ਯੁੱਧ ਸਿਖਲਾਈ ਦਾ ਖੁਲਾਸਾ ਕੀਤਾ ਹੈ। ਮਿਜ਼ਾਈਲ ਯੂਨਿਟਾਂ ਨੇ ਰੂਸੀ ਸ਼ਹਿਰਾਂ ਦੀਆਂ ਸੜਕਾਂ 'ਤੇ ਅਭਿਆਸ ਕੀਤਾ। ਰਣਨੀਤਕ ਮਿਜ਼ਾਈਲ ਬਲਾਂ ਦੇ ਮੈਂਬਰਾਂ ਨੇ ਦਿਨ-ਰਾਤ ਆਟੋਮੈਟਿਕ ਲਾਂਚਰਾਂ ਦੀਆਂ ਸਥਿਤੀਆਂ ਨੂੰ ਬਦਲਣ ਦਾ ਅਭਿਆਸ ਕੀਤਾ। ਇਹ ਅਭਿਆਸ ਯੂਕਰੇਨ ਯੁੱਧ ਕਾਰਨ ਪੱਛਮੀ ਦੇਸ਼ਾਂ ਨਾਲ ਰੂਸ ਦਾ ਤਣਾਅ ਵਧਣ ਦੇ ਕਾਰਨ ਹੋ ਰਿਹਾ ਹੈ। ਰੂਸ ਦੇ ਉਪ ਵਿਦੇਸ਼ ਮੰਤਰੀ ਸਰਗੇਈ ਰਿਆਬਕੋਵ ਨੇ ਸੰਕਟ ਵੱਲ ਵਧਣ ਲਈ ਅਮਰੀਕਾ ਦੀ ਆਲੋਚਨਾ ਕੀਤੀ। ਨਿਊਜ਼ ਏਜੰਸੀ ਟਾਸ ਨਾਲ ਗੱਲ ਕਰਦਿਆਂ ਉਨ੍ਹਾਂ ਕਿਹਾ, 'ਅਸੀਂ ਚਿਤਾਵਨੀ ਦਿੰਦੇ ਹਾਂ ਕਿ ਅਮਰੀਕਾ ਅੱਗ ਨਾਲ ਖੇਡ ਰਿਹਾ ਹੈ। ਉਹ ਲੰਬੇ ਸਮੇਂ ਤੋਂ ਰਸ਼ੀਅਨ ਸੰਘ ਨਾਲ ਅਸਿੱਧੇ ਯੁੱਧ ਵਿੱਚ ਹੈ।'ਰਿਆਬਕੋਵ ਨੇ ਅੱਗੇ ਕਿਹਾ, 'ਉਹ ਇਹ ਮਹਿਸੂਸ ਕਰਨ ਵਿੱਚ ਅਸਮਰੱਥ ਹਨ ਕਿ ਆਪਣੇ ਭੂ-ਰਾਜਨੀਤਿਕ ਲਾਭਾਂ ਲਈ ਉਹ ਇੱਕ ਅਜਿਹੇ ਪੜਾਅ 'ਤੇ ਪਹੁੰਚ ਰਹੇ ਹਨ, ਜਿਸ ਵਿੱਚ ਜੋ ਕੁਝ ਹੋ ਰਿਹਾ ਹੈ ਉਸ ਨੂੰ ਕਾਬੂ ਕਰਨਾ ਅਤੇ ਰੋਕਣਾ ਮੁਸ਼ਕਿਲ ਹੋਵੇਗਾ।' ਯੂਕਰੇਨ ਦੇ ਖਾਰਕਿਵ ਵਿੱਚ ਰੂਸ ਦੇ ਹਮਲੇ ਦੀ ਪੱਛਮੀ ਦੇਸ਼ਾਂ ਨੇ ਆਲੋਚਨਾ ਕੀਤੀ ਸੀ, ਜਿਸ ਤੋਂ ਬਾਅਦ ਪੁਤਿਨ ਨੇ ਪੈਂਤੜੇਬਾਜ਼ੀ ਤੇਜ਼ ਕਰ ਦਿੱਤੀ ਹੈ। ਜੰਗ ਵਿੱਚ ਰੂਸ ਦੀ ਸਮਰੱਥਾ ਨੂੰ ਹੋਰ ਵਧਾਉਣ ਲਈ ਪੁਤਿਨ ਨੇ ਜਾਸੂਸੀ ਉਪਗ੍ਰਹਿ ਵੀ ਲਾਂਚ ਕੀਤੇ ਹਨ।

**ਰੂਸ ਨੇ ਸੈਟੇਲਾਈਟ ਲਾਂਚ ਕੀਤਾ**

ਫਿਲਹਾਲ ਸੈਟੇਲਾਈਟ ਦੇ ਮਾਮਲੇ ਵਿੱਚ ਯੂਕਰੇਨ ਦੇ ਮੁਕਾਬਲੇ ਰੂਸ ਨੂੰ ਨੁਕਸਾਨ ਉਠਾਉਣਾ ਪੈ ਸਕਦਾ ਹੈ, ਕਿਉਂਕਿ ਪੱਛਮੀ ਦੇਸ਼ਾਂ ਦੇ ਖ਼ੁਫ਼ੀਆ ਸੈਟੇਲਾਈਟਾਂ ਦਾ ਵੱਡਾ ਨੈੱਟਵਰਕ ਮਦਦ ਕਰ ਰਿਹਾ ਹੈ। ਰੂਸ ਦੇ ਚੋਟੀ ਦੇ ਗੁਪਤ ਉਪਗ੍ਰਹਿ ਨੂੰ ਬੀਤੇ ਦਿਨੀਂ ਦੇਸ਼ ਦੇ ਉੱਤਰ ਵਿੱਚ ਪਲੇਸੇਟਸਕ ਕੋਸਮੋਡਰੋਮ ਤੋਂ ਸੋਯੂਜ਼ 2.1 ਬੀ ਕੈਰੀਅਰ ਰਾਕੇਟ 'ਤੇ ਲਾਂਚ ਕੀਤਾ ਗਿਆ ਸੀ। ਯਾਰਸ ਮਿਜ਼ਾਈਲਾਂ ਵਰਤਮਾਨ ਵਿੱਚ ਰੂਸੀ ਰਣਨੀਤਕ ਪ੍ਰਮਾਣੂ ਬਲਾਂ ਦੇ ਜ਼ਮੀਨੀ ਹਿੱਸੇ ਦਾ ਮੁੱਖ ਤੱਤ ਹਨ। ਇਹ ਮਿਜ਼ਾਈਲ 12000 ਕਿਲੋਮੀਟਰ ਦੀ ਦੂਰੀ ਤੱਕ ਮਾਰ ਕਰ ਸਕਦੀ ਹੈ, ਜਿਸ ਦਾ ਮਤਲਬ ਹੈ ਕਿ ਰੂਸ ਯੂਰਪ ਤੋਂ ਅਮਰੀਕਾ ਤੱਕ ਪ੍ਰਮਾਣੂ ਹਥਿਆਰ ਪਹੁੰਚਾ ਸਕਦਾ ਹੈ।

**ਯੂਕਰੇਨ ਯੁੱਧ ਕਾਰਨ ਪੱਛਮੀ ਅਰਥਚਾਰਿਆਂ 'ਤੇ ਆਰਥਿਕ ਬੋਝ**



ਦੁਨੀਆਂ ਦਾ ਫੌਜੀ ਬਜਟ 2023 ਵਿੱਚ 24.4 ਟ੍ਰਿਲੀਅਨ ਡਾਲਰ ਤੱਕ ਪਹੁੰਚ ਜਾਵੇਗਾ। ਇਹ 2022 ਦੇ ਮੁਕਾਬਲੇ ਸੱਤ ਫੀਸਦੀ ਜ਼ਿਆਦਾ ਸੀ। ਯੂਕਰੇਨ ਵਿੱਚ ਰੂਸੀ ਯੁੱਧ ਦੇ ਦੂਜੇ ਸਾਲ, 2009 ਤੋਂ ਬਾਅਦ ਇਹ ਸਭ ਤੋਂ ਤਿੱਖਾ ਸਾਲਾਨਾ ਵਾਧਾ ਸੀ। ਵਰਤਮਾਨ ਵਿੱਚ, ਵਿਸ਼ਵ ਦਾ ਫੌਜੀ ਖਰਚਾ ਪ੍ਰਤੀ ਵਿਅਕਤੀ 306 ਡਾਲਰ ਹੈ, ਜੋ ਕਿ ਸ਼ੀਤ ਯੁੱਧ ਦੇ ਅੰਤ ਤੋਂ ਬਾਅਦ ਸਭ ਤੋਂ ਵੱਧ ਹੈ।

ਯੂਕਰੇਨ ਕੋਲ ਇੰਨੇ ਵੱਡੇ ਪੱਧਰ 'ਤੇ ਯੁੱਧ ਲੜਨ ਦੀ ਸਮਰੱਥਾ ਨਹੀਂ ਸੀ, ਇਸ ਲਈ ਪੱਛਮੀ ਦੇਸ਼ਾਂ ਨੇ ਇਸ ਨੂੰ ਫੌਜੀ ਸਹਾਇਤਾ ਪ੍ਰਦਾਨ ਕੀਤੀ। ਦੂਜੇ ਪਾਸੇ ਮੱਧ ਏਸ਼ੀਆ ਅਤੇ ਏਸ਼ੀਆ ਵਿੱਚ ਰੂਸ ਨਾਲ ਹੋਰ ਮੁੱਦਿਆਂ 'ਤੇ ਵਧਦੇ ਤਣਾਅ ਨੇ ਸਰਕਾਰਾਂ ਨੂੰ ਆਪਣੀ ਰੱਖਿਆ ਸਮਰੱਥਾ ਵਧਾਉਣ ਦੇ ਕਾਰਨ ਦਿੱਤੇ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਅਜਿਹਾ ਪਹਿਲੀ ਵਾਰ ਹੋਇਆ ਹੈ।2024 ਵਿੱਚ, ਅਮਰੀਕਾ ਨੇ ਰੱਖਿਆ ਬਜਟ ਲਈ 886 ਬਿਲੀਅਨ ਡਾਲਰ ਅਲਾਟ ਕੀਤੇ ਹਨ। ਇਹ ਦੋ ਸਾਲਾਂ ਵਿੱਚ 8 ਪ੍ਰਤੀਸ਼ਤ ਤੋਂ ਵੱਧ ਦੀ ਛਾਲ ਸੀ। ਪਹਿਲੀ ਵਾਰ, ਇਹ ਉਮੀਦ ਕੀਤੀ ਜਾਂਦੀ ਹੈ ਕਿ ਨਾਟੋ ਦੇ ਯੂਰਪੀਅਨ ਭਾਈਵਾਲ ਆਪਣੇ ਜੀਡੀਪੀ ਦਾ 2 ਪ੍ਰਤੀਸ਼ਤ ਰੱਖਿਆ 'ਤੇ ਖਰਚ ਕਰਨਗੇ, ਜਿਵੇਂ ਕਿ ਇਹ ਫੌਜੀ ਸੰਗਠਨ ਚਾਹੁੰਦਾ ਹੈ। ਨਾਟੋ ਦੇ ਮੁਖੀ ਜੇਂਸ ਸਟੋਲਟਨਬਰਗ ਨੇ ਫਰਵਰੀ ਵਿੱਚ ਕਿਹਾ ਸੀ ਕਿ ਇਨ੍ਹਾਂ ਦੇਸ਼ਾਂ ਨੇ ਇਕੱਲੇ ਇਸ ਸਾਲ ਲਈ 380 ਬਿਲੀਅਨ ਡਾਲਰ ਦਾ ਸਮੂਹਿਕ ਰੱਖਿਆ ਬਜਟ ਰੱਖਿਆ ਹੈ।

**ਸਭ ਤੋਂ ਅੱਗੇ ਹੈ ਪੋਲੈਂਡ**

ਜਰਮਨੀ ਦੇ ਚਾਂਸਲਰ ਓਲਾਫ ਸ਼ੋਲਟਜ਼ ਦੇ ਦਿੱਤੇ 100 ਬਿਲੀਅਨ ਯੂਰੋ ਦੇ ਵਿਸ਼ੇਸ਼ ਫੰਡ ਦੀ ਮਦਦ ਨਾਲ, ਜਰਮਨੀ ਆਪਣੀ ਫੌਜੀ ਸਮਰੱਥਾ ਵਧਾ ਕੇ ਨਾਟੋ ਦੇ ਹੋਰ ਮੈਂਬਰਾਂ ਨਾਲ ਤਾਲਮੇਲ ਰੱਖਣ ਦੀ ਕੋਸ਼ਿਸ਼ ਕਰ ਰਿਹਾ ਹੈ, ਪਰ ਪੋਲੈਂਡ ਆਪਣੀ ਕੁੱਲ ਜੀਡੀਪੀ ਦਾ 4.2 ਪ੍ਰਤੀਸ਼ਤ ਰੱਖਿਆ 'ਤੇ ਖਰਚ ਕਰਨ ਦੀ ਤਿਆਰੀ ਕਰ ਰਿਹਾ ਹੈ, ਜੋ ਕਿ ਬਾਕੀ ਯੂਰਪੀਅਨ ਦੇਸ਼ ਦੇ ਮੁਕਾਬਲੇ ਸਭ ਤੋਂ ਵੱਧ ਹੈ। ਨਾਟੋ ਦੇ ਪੂਰਬੀ ਮੋਰਚੇ 'ਤੇ ਹੋਰ ਮੈਂਬਰ ਦੇਸ਼ ਵੀ ਆਪਣੀਆਂ ਸਰਹੱਦਾਂ 'ਤੇ ਮੌਜੂਦ ਖਤਰਿਆਂ ਦੇ ਮੱਦੇਨਜ਼ਰ ਜੀ.ਡੀ.ਪੀ. ਦੇ ਦੋ ਫੀਸਦੀ ਦੇ ਰੱਖਿਆ ਟੀਚੇ ਨੂੰ ਪਾਰ ਕਰ ਲੈਣਗੇ।

ਨਤੀਜੇ ਵਜੋਂ, ਸਰਕਾਰਾਂ ਨੂੰ ਇਸ ਬਾਰੇ ਮੁਸ਼ਕਿਲ ਫੈਸਲੇ ਲੈਣੇ ਪੈ ਰਹੇ ਹਨ ਕਿ ਵਾਧੂ ਰੱਖਿਆ ਖਰਚਿਆਂ ਦੇ ਵਾਅਦੇ ਕਿਵੇਂ ਨਿਭਾਉਣੇ ਹਨ, ਜਦੋਂ ਕਿ ਦੁਨੀਆਂ ਭਰ ਦੀਆਂ ਅਰਥਵਿਵਸਥਾਵਾਂ ਭੂ-ਰਾਜਨੀਤਿਕ ਤਣਾਅ ਅਤੇ ਮਹਿੰਗਾਈ ਦੇ ਭਾਰ ਹੇਠ ਕਮਜ਼ੋਰ ਹੋ ਰਹੀਆਂ ਹਨ। ਕਈ ਦੇਸ਼ ਪਹਿਲਾਂ ਹੀ ਵਿੱਤੀ ਦਬਾਅ ਦਾ ਸਾਹਮਣਾ ਕਰ ਰਹੇ ਹਨ।

ਬ੍ਰਸੇਲਜ਼-ਅਧਾਰਿਤ ਥਿੰਕ ਟੈਂਕ, ਬ੍ਰੂਗੇਲ ਦੇ ਸੀਨੀਅਰ ਫੈਲੋ, ਗੁੰਥਰ ਵੁਲਫ ਨੇ ਦੱਸਿਆ ਕਿ ਯੂਕਰੇਨ ਲਈ, ਥੋੜ੍ਹੇ ਸਮੇਂ ਲਈ ਫੌਜੀ ਸਾਜ਼ੋ-ਸਾਮਾਨ ਲਈ ਵਾਧੂ ਕਰਜ਼ੇ ਰਾਹੀਂ ਫੰਡ ਦਿੱਤੇ ਜਾਣ ਦੀ ਲੋੜ ਹੈ। ਇਸ ਤਰ੍ਹਾਂ ਅਤੀਤ ਵਿੱਚ ਯੁੱਧ ਨੂੰ ਵਿੱਤ ਦਿੱਤਾ ਗਿਆ ਸੀ ਪਰ ਲੰਬੇ ਸਮੇਂ ਵਿੱਚ , ਇੱਕ ਮਿਆਦ ਲਈ ਰੱਖਿਆ ਖਰਚੇ ਵਧਾਉਣ ਦਾ ਮਤਲਬ ਹੈ ਜਾਂ ਤਾਂ ਟੈਕਸ ਵਧਾਉਣਾ ਜਾਂ ਸਰਕਾਰੀ ਖਰਚਿਆਂ ਵਿੱਚ ਕਟੌਤੀ ਕਰਨਾ, ਪਰ ਇਹ ਘੱਟ ਦੁਖਦਾਈ ਹੋਵੇਗਾ ਜੇਕਰ ਇਸਨੂੰ ਸਰਕਾਰੀ ਵਿਭਾਗਾਂ ਵਿੱਚ ਵੰਡਿਆ ਜਾਵੇ।ਜਰਮਨੀ ਵਿੱਚ ਆਰਥਿਕਤਾ ਦੀ ਰਫ਼ਤਾਰ ਮੱਠੀ ਹੋਣ ਕਾਰਨ ਸਰਕਾਰੀ ਖ਼ਜ਼ਾਨੇ ਨੂੰ ਟੈਕਸ ਦੀ ਆਮਦਨ ਘਟਣ ਦੀ ਸੰਭਾਵਨਾ ਹੈ, ਉਥੇ ਸਰਕਾਰ ਨੂੰ ਕਈ ਵਿਭਾਗਾਂ ਦੇ ਖਰਚਿਆਂ ਵਿੱਚ ਕਟੌਤੀ ਕਰਨੀ ਪਈ ਹੈ। ਇੰਨਾ ਹੀ ਨਹੀਂ, ਸਰਕਾਰ ਨੇ ਅੰਤਰਰਾਸ਼ਟਰੀ ਸਹਾਇਤਾ ਵਜੋਂ ਦਿੱਤੀ ਜਾਣ ਵਾਲੀ ਰਾਸ਼ੀ ਵਿੱਚ ਕਰੀਬ ਦੋ ਅਰਬ ਯੂਰੋ ਦੀ ਕਟੌਤੀ ਦਾ ਐਲਾਨ ਵੀ ਕੀਤਾ ਹੈ। ਜੈਫਰੀ ਰਾਥਕੇ, ਵਾਸ਼ਿੰਗਟਨ ਵਿੱਚ ਜੌਨਸ ਹੌਪਕਿਨਜ਼ ਯੂਨੀਵਰਸਿਟੀ ਵਿੱਚ ਅਮਰੀਕੀ ਜਰਮਨ ਸੰਸਥਾ ਦੇ ਪ੍ਰਧਾਨ ਹਨ, ਦੇ ਅਨੁਸਾਰ, ਜਰਮਨੀ ਨੂੰ ਕੁਝ ਬਹੁਤ ਮਹੱਤਵਪੂਰਨ ਸਮਝੌਤਾ ਕਰਨੇ ਪੈਣਗੇ। ਇਹਨਾਂ ਨੂੰ ਰਾਜਨੀਤਿਕ ਪੱਧਰ 'ਤੇ ਪ੍ਰਬੰਧ ਕਰਨਾ ਪਏਗਾ ਤਾਂ ਜੋ ਉਹ ਸੁਰੱਖਿਆ ਅਤੇ ਰੱਖਿਆ ਲਈ ਜਨਤਕ ਸਮਰਥਨ ਨੂੰ ਕਮਜ਼ੋਰ ਨਾ ਕਰਨ। (ਬਾਕੀ ਸਫ਼ਾ 30 'ਤੇ)

# ਜਲਵਾਯੂ ਤਬਦੀਲੀ ਦਾ ਸਮਾਜਾਂ, ਆਰਥਿਕਤਾਵਾਂ ਅਤੇ ਮਨੁੱਖੀ ਜੀਵਨ 'ਤੇ ਪਿਆ ਮਾੜਾ ਪ੍ਰਭਾਵ

## ਯੂ.ਐਨ. ਦੀ ਰਿਪੋਰਟ ਅਨੁਸਾਰ ਭਾਰਤ ਅਤੇ ਬੰਗਲਾਦੇਸ਼ ਵਿੱਚ 'ਹੀਟ ਵੇਵ' ਦੀ ਸੰਭਾਵਨਾ 30 ਗੁਣਾ ਵਧਣ ਦਾ ਖ਼ਤਰਾ

ਜਦੋਂ ਤੋਂ ਮਨੁੱਖ ਨੇ ਕੁਦਰਤ ਨਾਲ ਛੇੜਛਾੜ ਕਰਨੀ ਸ਼ੁਰੂ ਕੀਤੀ ਹੈ, ਉਦੋਂ ਤੋਂ ਹੀ ਕੁਦਰਤ ਵੀ ਆਪਣੀ ਨਾਰਾਜ਼ਗੀ ਦਿਖਾਉਂਦੀ ਆ ਰਹੀ ਹੈ ਪਰ ਆਪਣੇ ਲਾਲਚ ਵਿੱਚ ਫ਼ਸਿਆ ਮਨੁੱਖ ਕੁਦਰਤ ਦੀ ਰਮਜ਼ ਨੂੰ ਸਮਝ ਨਹੀਂ ਸਕਿਆ। ਇਸੇ ਕਾਰਨ ਦੁਨੀਆਂ ਦੇ ਵੱਖ ਵੱਖ ਇਲਾਕਿਆਂ ਵਿੱਚ ਕੁਦਰਤੀ ਆਫ਼ਤਾਂ ਆ ਰਹੀਆਂ ਹਨ। ਪਹਿਲਾਂ ਭੂਚਾਲ, ਜ਼ਮੀਨ ਖਿਸਕਣਾ, ਬਰਫ਼ ਦੇ ਤੋਦਿਆਂ ਦਾ ਡਿੱਗਣਾ, ਗਲੇਸ਼ੀਅਰਾਂ ਦਾ ਪਿਘਲਣਾ, ਹੜ੍ਹ, ਸੋਕਾ ਆਦਿ ਕੁਦਰਤੀ ਆਫ਼ਤਾਂ ਕਦੇ ਕਦਾਂਈ ਆਉਂਦੀਆਂ ਸਨ ਪਰ ਮਨੁੱਖ ਵੱਲੋਂ ਵੱਡੇ ਪੱਧਰ 'ਤੇ ਕੁਦਰਤੀ ਸੋਮਿਆਂ ਦਾ ਨਾਸ਼ ਕਰਨ ਕਾਰਨ ਇਹ ਕੁਦਰਤੀ ਆਫ਼ਤਾਂ ਲਗਾਤਾਰ ਆ ਰਹੀਆਂ ਹਨ।

ਸੰਯੁਕਤ ਰਾਸ਼ਟਰ ਦੇ 'ਵਿਸ਼ਵ ਮੌਸਮ ਵਿਗਿਆਨ ਸੰਗਠਨ' ਨੇ ਏਸ਼ੀਆ ਵਿੱਚ ਜਲਵਾਯੂ ਤਬਦੀਲੀ ਦੇ ਪ੍ਰਭਾਵਾਂ ਬਾਰੇ ਇੱਕ ਰਿਪੋਰਟ ਜਾਰੀ ਕੀਤੀ ਹੈ, ਜਿਸ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਵਿਸ਼ਵ ਦੇ ਤਾਪਮਾਨ ਵਿੱਚ ਵਾਧੇ ਦਾ ਏਸ਼ੀਆ ਉੱਤੇ ਪੂਰੇ ਵਿਸ਼ਵ ਨਾਲੋਂ ਵੱਧ ਪ੍ਰਭਾਵ ਪੈ ਰਿਹਾ ਹੈ। ਇਸ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇਸ ਖੇਤਰ ਦੇ ਕਈ ਦੇਸ਼ਾਂ ਵਿੱਚ ਹੁਣ ਤੱਕ ਦਾ ਸਭ ਤੋਂ ਵੱਧ ਤਾਪਮਾਨ ਦਰਜ ਕੀਤਾ ਗਿਆ ਹੈ, ਜਿਸ ਕਾਰਨ 2023 ਵਿੱਚ ਇਸ ਮਹਾਂਦੀਪ ਵਿੱਚ 90 ਲੱਖ ਲੋਕ ਹੜ੍ਹਾਂ ਅਤੇ ਤੂਫਾਨਾਂ ਨਾਲ ਪ੍ਰਭਾਵਿਤ ਹੋਏ ਹਨ, ਦੋ ਹਜ਼ਾਰ ਲੋਕਾਂ ਦੀ ਮੌਤ ਹੋ ਚੁੱਕੀ ਹੈ। ਜਲਵਾਯੂ ਤਬਦੀਲੀ ਨੇ ਨਾ ਸਿਰਫ਼ ਹੜ੍ਹਾਂ, ਸੋਕੇ ਅਤੇ ਤੂਫ਼ਾਨਾਂ ਦੀਆਂ ਘਟਨਾਵਾਂ ਵਿੱਚ ਵਾਧਾ ਕੀਤਾ ਹੈ, ਸਗੋਂ ਇਹਨਾਂ ਦੀ ਗੰਭੀਰਤਾ ਵਿੱਚ ਵੀ ਵਾਧਾ ਕੀਤਾ ਹੈ, ਜਿਸ ਨਾਲ ਸਮਾਜਾਂ, ਆਰਥਿਕਤਾਵਾਂ ਅਤੇ ਮਨੁੱਖੀ ਜੀਵਨ ਉੱਤੇ ਮਾੜਾ ਪ੍ਰਭਾਵ ਪੈਂਦਾ ਹੈ।



ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਪੂਰੀ ਦੁਨੀਆਂ ਵਿੱਚ ਏਨੀ ਜਲਵਾਯੂ ਤਬਦੀਲੀ ਕਿਉਂ ਹੋ ਰਹੀ ਹੈ? ਉਹ ਕਿਹੜੇ ਕਾਰਨ ਹਨ, ਜਿਹਨਾਂ ਕਾਰਨਾਂ ਕਰਕੇ ਪੂਰੇ ਵਿਸ਼ਵ ਵਿੱਚ ਹੀ ਜਲਵਾਯੂ ਤਬਦੀਲੀ ਹੋ ਰਹੀ ਹੈ ਅਤੇ ਇਸ ਨੂੰ ਰੋਕਿਆ ਨਹੀਂ ਜਾ ਰਿਹਾ ਜਾਂ ਵਿਗਿਆਨੀਆਂ ਦੇ ਲੱਖਾਂ ਯਤਨਾਂ ਦੇ ਬਾਵਜੂਦ ਇਹ ਜਲਵਾਯੂ ਤਬਦੀਲੀ ਰੁਕ ਨਹੀਂ ਰਹੀ। ਜਲਵਾਯੂ ਤਬਦੀਲੀ ਦੇ ਮੁੱਖ ਸੂਚਕ, ਜਿਵੇਂ ਕਿ ਜ਼ਮੀਨੀ ਤਾਪਮਾਨ ਵਿੱਚ ਵਾਧਾ, ਗਲੇਸ਼ੀਅਰਾਂ ਦਾ ਪਿਘਲਣਾ ਅਤੇ ਸਮੁੰਦਰੀ ਪੱਧਰ ਦਾ ਵਧਣਾ, ਸਥਿਤੀ ਵਿਗੜਦੀ ਦਿਖਾਈ ਦੇ ਰਹੇ ਹਨ। ਤਾਪਮਾਨ ਵਧਣ ਦੀ ਦਰ 1960-1990 ਦੀ ਮਿਆਦ ਦੇ ਮੁਕਾਬਲੇ ਲਗਭਗ ਦੁੱਗਣੀ ਹੋ ਗਈ ਹੈ। 2023 ਵਿੱਚ ਇੱਕ ਪਾਸੇ ਸੋਕਾ ਸੀ ਅਤੇ ਦੂਜੇ ਪਾਸੇ ਭਿਆਨਕ ਹੜ੍ਹ। ਗਰਮੀ ਦੀ ਲਹਿਰ ਕਾਰਨ 100 ਲੋਕਾਂ ਦੀ ਮੌਤ ਹੋ ਗਈ ਅਤੇ ਸਿੱਕਮ ਦਾ ਤੀਸਤਾ-3 ਡੈਮ ਹੜ੍ਹ ਕਾਰਨ ਢਹਿ ਗਿਆ। ਇਸ ਹਾਦਸੇ ਵਿੱਚ 100 ਲੋਕਾਂ ਦੀ ਜਾਨ ਚਲੀ ਗਈ ਸੀ। ਅਜਿਹੀਆਂ ਹੀ ਹੋਰ ਘਟਨਾਵਾਂ ਪੂਰੇ ਵਿਸ਼ਵ ਵਿੱਚ ਵਾਪਰ ਰਹੀਆਂ ਹਨ, ਜਿਹਨਾਂ ਤੋਂ ਮਨੁੱਖ ਨੂੰ ਸੁਚੇਤ ਹੋ ਜਾਣਾਂ ਚਾਹੀਦਾ ਹੈ ਪਰ ਮਨੁੱਖ ਤਾਂ ਅਜੇ ਆਪਣੇ ਲਾਲਚ ਵਿੱਚ ਫਸਿਆ ਕੁਦਰਤ ਨੂੰ ਨੁਕਸਾਨ ਪਹੁੰਚਾ ਰਿਹਾ ਹੈ।

ਉੱਤਰੀ ਭਾਰਤ ਵਿੱਚ ਇਸ ਸਮੇਂ ਗਰਮੀ ਦਾ ਮੌਸਮ ਹੈ, ਜਿਸ ਕਾਰਨ ਗਰਮ ਹਵਾਵਾਂ ਅਤੇ ਲੂਆਂ ਚੱਲ ਰਹੀਆਂ ਹਨ, ਜਿਸ ਕਾਰਨ ਉੱਤਰੀ ਭਾਰਤ ਵਿੱਚ ਗਰਮੀ ਦਾ ਕਹਿਰ ਜਾਰੀ ਹੈ। ਯੂ.ਐਨ. ਦੀ ਰਿਪੋਰਟ ਅਨੁਸਾਰ ਭਾਰਤ ਅਤੇ ਬੰਗਲਾਦੇਸ਼ ਵਿੱਚ ਹੀਟ ਵੇਵ ਦੀ ਸੰਭਾਵਨਾ 30 ਗੁਣਾ ਵਧਣ ਦਾ ਡਰ ਹੈ। ਏਸ਼ੀਆ ਦੇ ਤੇਜ਼ੀ ਨਾਲ ਵਧ ਰਹੇ ਤਾਪਮਾਨ ਕਾਰਨ ਇਸ ਦੇ ਗਲੇਸ਼ੀਅਰ ਵੀ ਖ਼ਤਰੇ ਵਿੱਚ ਹਨ। ਮੁੱਖ 22 ਗਲੇਸ਼ੀਅਰਾਂ ਵਿੱਚੋਂ, 20 ਵਿੱਚ ਵੱਡੀਆਂ ਨਕਾਰਾਤਮਕ ਤਬਦੀਲੀਆਂ ਆਈਆਂ ਹਨ, ਯਾਨੀ ਗਲੇਸ਼ੀਅਰਾਂ ਦੇ ਪਿਘਲਣ ਦੀ ਦਰ ਵਿੱਚ ਵਾਧਾ ਹੋਇਆ ਹੈ।

ਤਾਪਮਾਨ ਵਧਣ ਕਾਰਨ ਸਮੁੰਦਰ ਦਾ ਪਾਣੀ ਵੀ ਗਰਮ ਹੁੰਦਾ ਜਾ ਰਿਹਾ ਹੈ, ਜਿਸ ਕਾਰਨ ਭਾਰੀ ਮੀਂਹ ਅਤੇ ਸਮੁੰਦਰੀ ਤੂਫਾਨ ਦਾ ਖਤਰਾ ਵਧ ਗਿਆ ਹੈ। ਪਿਛਲੇ ਚਾਰ ਦਹਾਕਿਆਂ 'ਚ ਅਰਬ ਸਾਗਰ 'ਚ ਤੂਫਾਨਾਂ ਦੀ ਗਿਣਤੀ ਡੇਢ ਗੁਣਾ ਵਧ ਗਈ ਹੈ ਅਤੇ ਤੂਫਾਨਾਂ ਦਾ ਖਤਰਨਾਕਪੁਣਾ ਵੀ ਵਧਿਆ ਹੈ। ਅਸੀਂ ਵਾਤਾਵਰਨ ਨਾਲ ਸਬੰਧਿਤ ਦਿਹਾੜਿਆਂ 'ਤੇ ਜਾਗਰੂਕਤਾ ਰੈਲੀਆਂ ਕਰਨ, ਕੁਝ ਚੰਗੇ ਨਾਅਰੇ ਲਾਉਣ, ਭਾਸ਼ਣ ਮੁਕਾਬਲੇ ਕਰਵਾਉਣ ਜਾਂ ਵੱਧ ਤੋਂ ਵੱਧ ਚੋਣ ਮਨੋਰਥ ਪੱਤਰਾਂ ਵਿੱਚ ਵਾਤਾਵਰਨ ਅਤੇ ਜਲਵਾਯੂ ਤਬਦੀਲੀ ਨਾਲ ਸਬੰਧਿਤ ਵਾਅਦੇ ਕਰਨ ਤੱਕ ਹੀ ਸੀਮਤ ਹੁੰਦੇ ਜਾ ਰਹੇ ਹਾਂ।

ਇਸ ਸਮੇਂ ਭਾਰਤ ਵਿੱਚ ਲੋਕ ਸਭਾ ਚੋਣਾਂ ਕਰਵਾਈਆਂ ਜਾ ਰਹੀਆਂ ਹਨ, ਪਰ ਕਿਸੇ ਵੀ ਸਿਆਸੀ ਪਾਰਟੀ ਨੇ ਵਾਤਾਵਰਣ ਅਤੇ ਜਲਵਾਯੂ ਤਬਦੀਲੀ ਨੂੰ ਮੁੱਖ ਮੁੱਦਾ ਨਹੀਂ ਬਣਾਇਆ। ਸਗੋਂ ਸਿਆਸੀ ਪਾਰਟੀਆਂ ਇਸ ਸਬੰਧੀ ਪੂਰੀ ਤਰਾਂ ਅਵੇਸਲੀਆਂ ਹਨ। ਭਾਰਤ ਦੇ ਵੋਟਰ ਵੀ ਸਿਆਸੀ ਚਰਚਾਵਾਂ ਵਿੱਚ ਰੁੱਝੇ ਹੋਏ ਵਾਤਾਵਰਣ ਅਤੇ ਜਲਵਾਯੂ ਤਬਦੀਲੀ ਬਾਰੇ ਕੁਝ ਸੋਚਣ ਦੇ ਮੂਡ ਵਿੱਚ ਹੀ ਨਹੀਂ ਹਨ, ਜਿਸ ਕਾਰਨ ਇਹ ਸਮੱਸਿਆ ਵਿਕਰਾਲ ਰੂਪ ਧਾਰਦੀ ਜਾ ਰਹੀ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੇ ਮਨੁੱਖ ਜਲਵਾਯੂ ਤਬਦੀਲੀ ਸਬੰਧੀ ਅਜੇ ਵੀ ਸੁਚੇਤ ਨਹੀਂ ਹੋਇਆ ਤਾਂ ਕਦੋਂ ਹੋਵੇਗਾ?

# ਹਵਾਈ ਹਾਦਸੇ: ਸਾਜ਼ਿਸ਼ ਜਾਂ . . .

# ਅਜੇ ਤੱਕ ਨਹੀਂ ਖੁੱਲ੍ਹੇ ਵਿਸ਼ਵ ਦੇ ਅਨੇਕਾਂ ਹਵਾਈ ਹਾਦਸਿਆਂ ਦੇ ਰਹੱਸ



## ਵੱਖ-ਵੱਖ ਹਵਾਈ ਹਾਦਸਿਆਂ ਵਿੱਚ ਮਾਰੇ ਗਏ ਸਨ ਵਿਸ਼ਵ ਦੇ ਮਹੱਤਵਪੂਰਨ ਨੇਤਾ

ਇਰਾਨ ਦੇ ਰਾਸ਼ਟਰਪਤੀ ਇਬਰਾਹਿਮ ਰਾਇਸੀ ਦੇ ਹੈਲੀਕਾਪਟਰ ਦਾ ਹਾਦਸਾ ਇਰਾਨ ਲਈ ਵੱਡਾ ਝਟਕਾ ਹੈ। ਇਸ ਹਾਦਸੇ ਨੇ ਪਿਛਲੇ ਸਮੇਂ ਦੌਰਾਨ ਦੁਨੀਆਂ ਦੇ ਵੱਖ- ਵੱਖ ਇਲਾਕਿਆਂ ਵਿੱਚ ਹੋਏ ਵੱਖ- ਵੱਖ ਹਵਾਈ ਹਾਦਸਿਆਂ ਦੀ ਯਾਦ ਵੀ ਤਾਜ਼ਾ ਕਰਵਾ ਦਿੱਤੀ ਹੈ। ਇਹ ਮੰਨਿਆ ਜਾਂਦਾ ਹੈ ਕਿ ਹਰ ਦੇਸ਼ ਦੇ ਰਾਸ਼ਟਰਪਤੀ ਨੂੰ ਆਪਣੇ ਦੇਸ਼ ਦੇ ਸਭ ਤੋਂ ਵਧੀਆ ਹੈਲੀਕਾਪਟਰ ਦੇ ਨਾਲ-ਨਾਲ ਵਧੀਆ ਪਾਇਲਟ ਅਤੇ ਰੱਖ-ਰਖਾਅ ਕਰਨ ਵਾਲੀਆਂ ਟੀਮਾਂ ਵੀ ਮਿਲਦੀਆਂ ਹਨ। ਅਜਿਹੀ ਸਥਿਤੀ ਵਿੱਚ ਰਾਸ਼ਟਰਪਤੀ ਦੇ ਲਾਪਤਾ ਹੋਣ ਜਾਂ ਕਿਸੇ ਹਾਦਸੇ ਦਾ ਸ਼ਿਕਾਰ ਹੋਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ। ਹਾਲਾਂਕਿ, ਬਹੁਤ ਸਾਰੇ ਮਹੱਤਵਪੂਰਨ ਰਾਜਨੀਤਿਕ ਅਤੇ ਫੌਜੀ ਨੇਤਾਵਾਂ ਦਾ ਅੰਤ ਪਿਛਲੇ ਸਮੇਂ ਵਿੱਚ ਹਵਾਈ ਹਾਦਸਿਆਂ ਦੌਰਾਨ ਹੋ ਚੁੱਕਿਆ ਹੈ। ਇਹਨਾਂ ਵਿੱਚੋਂ ਕੁਝ ਦੁਰਘਟਨਾਵਾਂ ਵਿੱਚ ਸਾਜਿਸ਼ ਦੇ ਦੋਸ਼ ਲੱਗੇ ਪਰ ਜ਼ਿਆਦਾਤਰ ਮਾਮਲਿਆਂ ਵਿੱਚ, ਹੈਲੀਕਾਪਟਰ ਅਤੇ ਜਹਾਜ਼ ਹਾਦਸੇ ਇੰਜਣ ਵਿੱਚ ਖਰਾਬੀ, ਪਾਇਲਟ ਦੀ ਗਲਤੀ, ਜਾਂ ਖਰਾਬ ਮੌਸਮ ਕਾਰਨ ਹੋਏ ਸਨ।

**ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਡੇਗ ਹੈਮਰਸਕਜੋਲਡ**

ਮਸ਼ਹੂਰ ਸਵੀਡਿਸ਼ ਡਿਪਲੋਮੈਟ ਅਤੇ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਡੇਗ ਹੈਮਰਸਕਜੋਲਡ ਦੀ 18 ਸਤੰਬਰ, 1961 ਨੂੰ ਡੀਸੀ-6 ਯਾਤਰੀ ਜਹਾਜ਼ ਹਾਦਸੇ ਵਿੱਚ ਮੌਤ ਹੋ ਗਈ ਸੀ। ਜਦੋਂ ਇਹ ਜਹਾਜ਼ ਜ਼ੈਂਬੀਆ ਵਿੱਚ ਕ੍ਰੈਸ਼ ਹੋਇਆ, ਤਾਂ ਇਸ ਨੂੰ ਟਰਾਂਸ ਏਅਰ ਸਵੀਡਨ ਦੁਆਰਾ ਚਲਾਇਆ ਜਾ ਰਿਹਾ ਸੀ। ਇਸ ਹਾਦਸੇ 'ਚ 16 ਵਿਅਕਤੀਆਂ ਦੀ ਮੌਤ ਹੋ ਗਈ ਸੀ। ਕਿਹਾ ਜਾਂਦਾ ਹੈ ਕਿ ਹੈਮਰਸਕਜੋਲਡ ਜੰਗਬੰਦੀ ਦੀ



ਗੱਲਬਾਤ ਕਰਨ ਲਈ ਕਾਂਗੋ ਦੇ ਇੱਕ ਸੂਬੇ ਕਟੰਗਾ ਜਾ ਰਿਹਾ ਸੀ।

ਜਾਂਚ ਵਿਚ ਕੋਈ ਸਬੂਤ ਨਹੀਂ ਮਿਲਿਆ ਕਿ ਜਹਾਜ਼ ਨਾਲ ਛੇੜਛਾੜ ਕੀਤੀ ਗਈ ਸੀ ਅਤੇ ਇਹ ਮੰਨਿਆ ਗਿਆ ਸੀ ਕਿ ਇਹ ਬਹੁਤ ਹੇਠਾਂ ਉਡਾਣ ਭਰਨ ਕਾਰਨ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ। ਫਿਰ ਵੀ, ਇਸ ਹਾਦਸੇ ਨੇ ਕਈ ਸਾਜ਼ਿਸ਼ਾਂ ਨੂੰ ਜਨਮ ਦਿੱਤਾ ਅਤੇ ਸੰਯੁਕਤ ਰਾਸ਼ਟਰ ਮੁਖੀ ਦੀ ਹੱਤਿਆ ਕਰ ਦਿੱਤੀ ਗਈ।

**ਚੀਨੀ ਕਮਿਊਨਿਸਟ ਪਾਰਟੀ ਦੇ ਉਪ ਚੇਅਰਮੈਨ ਲਿਨ ਬਿਆਓ**

1971 ਵਿੱਚ, ਚੀਨੀ ਕਮਿਊਨਿਸਟ ਪਾਰਟੀ ਦੇ ਉਪ ਚੇਅਰਮੈਨ ਲਿਨ ਬਿਆਓ ਦੀ ਇੱਕ ਜਹਾਜ਼ ਹਾਦਸੇ ਵਿੱਚ ਮੌਤ ਹੋ ਗਈ। ਉਹ ਕਮਿਊਨਿਸਟ ਪਾਰਟੀ ਦੇ ਉਭਾਰ ਅਤੇ ਚੀਨ ਵਿੱਚ ਜਾਪਾਨੀਆਂ ਅਤੇ ਰਾਸ਼ਟਰਵਾਦੀਆਂ ਵਿਰੁੱਧ ਲੜਾਈ ਦੌਰਾਨ ਇੱਕ ਕਮਾਂਡਰ ਸੀ। ਬਾਅਦ ਵਿੱਚ ਉਹ ਪਾਰਟੀ ਅੰਦਰ ਸੱਤਾ ਵਿੱਚ ਆਏ। ਹਾਲਾਂਕਿ, ਜਿਵੇਂ ਕਿ ਸੀ.ਐਨ.ਐਨ. ਨੇ ਉਸਦੇ ਬਾਰੇ ਇੱਕ ਲੇਖ ਵਿੱਚ ਲਿਖਿਆ ਕਿ ਹਾਲਾਂਕਿ ਲਿਨ ਨੇ ਆਪਣੇ ਸਾਰੇ ਫ਼ੌਜੀ ਮੋਰਚਿਆਂ 'ਤੇ ਜਿੱਤ ਪ੍ਰਾਪਤ ਕੀਤੀ, ਪਰ ਕਮਿਊਨਿਸਟ ਪਾਰਟੀ ਦੀਆਂ ਅੰਦਰੂਨੀ ਲੜਾਈਆਂ ਨੇ ਆਖਰਕਾਰ ਉਸ ਨੂੰ ਹਰਾ ਦਿੱਤਾ।

ਲਿਨ 1971 ਵਿੱਚ ਗਾਇਬ ਹੋ ਗਿਆ ਸੀ। ਅਧਿਕਾਰਤ ਚੀਨੀ ਸਪੱਸ਼ਟੀਕਰਨ ਇਹ ਹੈ ਕਿ ਚੇਅਰਮੈਨ ਮਾਓ ਦੀ ਹੱਤਿਆ ਦੀ ਸਾਜ਼ਿਸ਼ ਅਸਫਲ ਹੋਣ ਤੋਂ ਬਾਅਦ ਮੰਗੋਲੀਆ ਵਿੱਚ ਇੱਕ ਹਵਾਈ ਜਹਾਜ਼ ਹਾਦਸੇ ਵਿੱਚ ਉਸਦੀ ਮੌਤ ਹੋ ਗਈ ਸੀ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਫਲਾਈਟ ਦੌਰਾਨ ਕੀ ਹੋਇਆ ਅਤੇ ਉਸ ਦੀ ਮੌਤ ਕਿਵੇਂ ਹੋਈ? ਹਾਕਰ ਸਿਡਲੀ ਐਚ ਐਸ-121 ਟ੍ਰਾਈਡੈਂਟ ਮੰਗੋਲੀਆ ਵਿੱਚ ਹਾਦਸਾਗ੍ਰਸਤ ਹੋ ਗਿਆ ਸੀ।

**ਪਨਾਮਾ ਦੇ ਨੇਤਾ ਉਮਰ ਟੋਰੀਜੋਸ**

ਪਨਾਮਾ ਦੇ ਰਾਸ਼ਟਰਪਤੀ ਓਮਰ ਟੋਰੀਜੋਸ ਦਾ ਜਹਾਜ਼ 31 ਜੁਲਾਈ, 1981 ਨੂੰ ਪੇਨੋਨੋਮ ਨੇੜੇ ਹਾਦਸਾਗ੍ਰਸਤ ਹੋ ਗਿਆ ਸੀ। ਇਸ ਹਾਦਸੇ ਵਿੱਚ ਉਸ ਦੀ ਮੌਤ ਹੋ ਗਈ। ਉਹ ਪਨਾਮਾ ਦੀ ਹਵਾਈ ਸੈਨਾ ਦੇ ਡੀ ਹੈਵੀਲੈਂਡ ਕੈਨੇਡਾ ਡੀ.ਐਚ.ਸੀ-6 ਟਵਿਨ ਓਟਰ ਵਿੱਚ ਉਡਾਣ ਭਰ ਰਿਹਾ ਸੀ। ਜਹਾਜ਼ ਦੇ ਲਾਪਤਾ ਹੋਣ ਦੀ ਰਿਪੋਰਟ ਦੇਣ ਵਿੱਚ ਇੱਕ ਦਿਨ ਲੱਗ ਗਿਆ ਅਤੇ ਹਾਦਸੇ ਵਾਲੀ ਥਾਂ ਦਾ ਪਤਾ ਲਗਾਉਣ ਵਿੱਚ ਕਈ ਦਿਨ ਲੱਗ ਗਏ। ਟੋਰੀਜੋਸ ਨੇ ਅਮਰੀਕਾ ਨਾਲ ਇੱਕ ਸਮਝੌਤੇ 'ਤੇ ਗੱਲਬਾਤ ਕਰਨ ਲਈ ਜਾਣਾ ਸੀ ਜਿਸ ਨੇ ਪਨਾਮਾ ਨੂੰ ਪਨਾਮਾ ਨਹਿਰ 'ਤੇ ਸੱਦਾ ਦਿੱਤਾ ਸੀ।

ਉਨ੍ਹਾਂ ਦੀ ਮੌਤ 'ਤੇ ਕਈ ਸਵਾਲ ਖੜ੍ਹੇ ਕੀਤੇ ਗਏ ਸਨ। ਉਦਾਹਰਨ ਦੇ ਲਈ, ਕਈ ਸਾਲਾਂ ਬਾਅਦ, ਪਨਾਮਾ ਦੇ ਤਾਨਾਸ਼ਾਹ ਮੈਨੁਅਲ ਨੋਰੀਗਾ ਦੇ ਵਕੀਲ ਨੇ ਦਾਅਵਾ ਕੀਤਾ ਕਿ ਨੋਰੀਗਾ ਕੋਲ ਅਜਿਹੀ ਜਾਣਕਾਰੀ ਸੀ ਜੋ ਟੋਰੀਜੋਸ ਦੀ ਹੱਤਿਆ ਕਰਨ ਦੀ ਸਾਜ਼ਿਸ਼ ਨੂੰ ਦਰਸਾਉਂਦੀ ਸੀ, ਹਾਲਾਂਕਿ ਇਸ ਸਾਜ਼ਿਸ਼ ਦਾ ਕੋਈ ਸਬੂਤ ਨਹੀਂ ਹੈ।

**ਮੋਜ਼ਾਮਬੀਕ ਦੇ ਰਾਸ਼ਟਰਪਤੀ ਸਮੋਰਾ ਮਾਸ਼ੇਲ**

19 ਅਕਤੂਬਰ 1986 ਨੂੰ ਮੋਜ਼ਾਮਬੀਕ ਦੇ ਰਾਸ਼ਟਰਪਤੀ ਸਮੋਰਾ ਮਾਸ਼ੇਲ ਦੀ ਇੱਕ ਜਹਾਜ਼ ਹਾਦਸੇ ਵਿੱਚ ਮੌਤ ਹੋ ਗਈ ਸੀ। ਉਹ ਸੋਵੀਅਤ ਚਾਲਕ ਦਲ ਦੇ ਨਾਲ ਸੋਵੀਅਤ ਟੁਪੋਲੇਵ ਟੀਯੂ-134 ਜੈਟਲਾਈਨਰ 'ਤੇ ਉਡਾਣ ਭਰ ਰਿਹਾ ਸੀ। ਇਸ ਹਾਦਸੇ 'ਚ 34 ਵਿਅਕਤੀਆਂ ਦੀ ਮੌਤ ਹੋ ਗਈ, ਪਰ 10 ਬਚ ਗਏ ਸਨ। ਮਰਨ ਵਾਲਿਆਂ ਵਿੱਚ ਮਾਚੇਲ ਸਰਕਾਰ ਦੇ ਸੀਨੀਅਰ ਮੈਂਬਰ ਵੀ ਸ਼ਾਮਲ ਸਨ। ਇੱਕ ਜਾਂਚ ਵਿੱਚ ਪਾਇਆ ਗਿਆ ਕਿ ਚਾਲਕ ਦਲ ਨੇ ਘੱਟ ਉਚਾਈ ਦੀਆਂ ਚਿਤਾਵਨੀਆਂ ਨੂੰ ਨਜ਼ਰਅੰਦਾਜ਼ ਕੀਤਾ। ਹਾਲਾਂਕਿ ਉਸ ਸਮੇਂ ਹਾਦਸੇ ਵਿੱਚ ਦੱਖਣੀ ਅਫ਼ਰੀਕਾ ਦੀ ਸ਼ਮੂਲੀਅਤ ਵੱਲ ਇਸ਼ਾਰਾ ਕੀਤਾ ਗਿਆ ਸੀ। ਇਹ ਜਹਾਜ਼ ਮੋਜ਼ਾਮਬੀਕ ਤੋਂ ਜ਼ਾਂਬੀਆ ਜਾ ਰਿਹਾ ਸੀ। ਹਾਲਾਂਕਿ ਇਹ ਦੱਖਣੀ ਅਫਰੀਕਾ ਵਿੱਚ ਹਾਦਸਾਗ੍ਰਸਤ ਹੋ ਗਿਆ।

**ਪਾਕਿਸਤਾਨ ਦੇ ਰਾਸ਼ਟਰਪਤੀ ਮੁਹੰਮਦ ਜ਼ਿਆ-ਉਲ-ਹੱਕ**

ਪਾਕਿਸਤਾਨ ਦੇ ਰਾਸ਼ਟਰਪਤੀ ਮੁਹੰਮਦ ਜ਼ਿਆ-ਉਲ-ਹੱਕ ਦੀ 17 ਅਗਸਤ 1988 ਨੂੰ ਜਹਾਜ਼ ਸੀ-130 ਦੇ ਹਾਦਸੇ ਵਿੱਚ ਮੌਤ ਹੋ ਗਈ ਸੀ। ਇਹ ਜਹਾਜ਼ ਬਹਾਵਲਪੁਰ ਵਿੱਚ ਕਰੈਸ਼ ਹੋ ਗਿਆ ਸੀ। ਇਸ ਨੇ ਇਸਲਾਮਾਬਾਦ ਲਈ 600 ਕਿਲੋਮੀਟਰ ਦੀ ਉਡਾਣ ਭਰਨੀ ਸੀ। ਜਦੋਂ ਇਹ ਹਾਦਸਾਗ੍ਰਸਤ ਹੋਇਆ ਤਾਂ ਉਸ ਵਿੱਚ 30 ਵਿਅਕਤੀ ਸਵਾਰ ਸਨ। ਜਹਾਜ਼ ਵਿੱਚ ਪਾਕਿਸਤਾਨ ਵਿੱਚ ਅਮਰੀਕੀ ਰਾਜਦੂਤ ਅਰਨੋਲਡ ਰਾਫੇਲ ਦੇ ਨਾਲ-ਨਾਲ ਪਾਕਿਸਤਾਨ ਵਿੱਚ ਅਮਰੀਕੀ ਫ਼ੌਜੀ ਮਿਸ਼ਨ ਦੇ ਮੁਖੀ ਅਤੇ ਪਾਕਿਸਤਾਨੀ ਫੌਜ ਦੇ ਸੀਨੀਅਰ ਅਧਿਕਾਰੀ ਵੀ ਸਵਾਰ ਸਨ। ਜ਼ਿਆ ਦੀ ਮੌਤ ਅਜਿਹੇ ਸਮੇਂ ਹੋਈ, ਜਦੋਂ ਅਮਰੀਕਾ-ਪਾਕਿਸਤਾਨ ਸਬੰਧ ਲਗਾਤਾਰ ਮਹੱਤਵਪੂਰਨ ਹੁੰਦੇ ਜਾ ਰਹੇ ਸਨ। ਇਹ ਉਹ ਸਮਾਂ ਸੀ ਜਦੋਂ ਅਫਗਾਨਿਸਤਾਨ ਵਿੱਚ ਸੋਵੀਅਤ ਸੰਘ ਦੇ ਖ਼ਿਲਾਫ਼ ਜੰਗ ਚੱਲ ਰਹੀ ਸੀ। ਇਸ ਹਾਦਸੇ 'ਚ ਇੰਨੇ ਮਹੱਤਵਪੂਰਨ ਲੋਕਾਂ ਦੇ ਮਾਰੇ ਜਾਣ 'ਤੇ ਸਾਜ਼ਿਸ਼ ਦੇ ਦੋਸ਼ ਲੱਗੇ ਸਨ।

**ਦੱਖਣੀ ਸੂਡਾਨ ਦੇ ਰਾਸ਼ਟਰਪਤੀ ਜੌਨ ਗਰਾਂਗ ਡੀ ਮਾਬਿਓਰ**

ਸੂਡਾਨ ਦੇ ਨੇਤਾ ਜੌਨ ਗਰਾਂਗ ਡੀ ਮਾਬਿਓਰ 2005 ਵਿੱਚ ਇੱਕ ਹੈਲੀਕਾਪਟਰ ਹਾਦਸੇ ਵਿੱਚ ਮਾਰੇ ਗਏ ਸਨ। ਉਸਨੇ ਸੂਡਾਨ ਨੂੰ ਬੇਰਹਿਮ ਸ਼ਾਸਨ ਤੋਂ ਆਜ਼ਾਦ ਕਰਵਾਉਣ ਲਈ ਦੱਖਣੀ ਸੂਡਾਨ ਦੇ ਸੰਘਰਸ਼ ਦੌਰਾਨ ਸੂਡਾਨ ਪੀਪਲਜ਼ ਲਿਬਰੇਸ਼ਨ ਆਰਮੀ/ਅੰਦੋਲਨ ਦੀ ਅਗਵਾਈ ਕੀਤੀ, ਜਿਸ ਨੂੰ ਹੁਣ ਦੱਖਣੀ ਸੂਡਾਨ ਪੀਪਲਜ਼ ਡਿਫੈਂਸ ਫੋਰਸਿਜ਼ ਵਜੋਂ ਜਾਣਿਆ ਜਾਂਦਾ ਹੈ। ਉਹ ਯੂਗਾਂਡਾ ਦੇ ਰਾਸ਼ਟਰਪਤੀ ਦੇ ਐਮਆਈ-172 ਹੈਲੀਕਾਪਟਰ ਵਿੱਚ ਸਫ਼ਰ ਕਰ ਰਹੇ ਸਨ ਜਦੋਂ ਇਹ ਹਾਦਸਾਗ੍ਰਸਤ ਹੋ ਗਿਆ। ਜੌਨ ਗਰਾਂਗ ਯੂਗਾਂਡਾ ਦੇ ਰਾਸ਼ਟਰਪਤੀ ਯੋਵੇਰੀ ਮੁਸੇਵੇਨੀ ਨਾਲ ਮੁਲਾਕਾਤ ਕਰਨ ਤੋਂ ਬਾਅਦ ਦੱਖਣੀ ਸੂਡਾਨ ਪਰਤ ਰਹੇ ਸਨ। ਉਸਨੇ ਲੋਕਾਂ ਨੂੰ ਇਹ ਨਹੀਂ ਦੱਸਿਆ ਸੀ ਕਿ ਉਹ ਕਿੱਥੇ ਜਾ ਰਿਹਾ ਸੀ ਅਤੇ ਇਸ ਨਾਲ ਹੈਲੀਕਾਪਟਰ ਦੀ ਖੋਜ ਵਿੱਚ ਹੋਰ ਸਮਾਂ ਲੱਗ ਗਿਆ ਅਤੇ ਇਸ ਬਾਰੇ ਅਫਵਾਹਾਂ ਫੈਲ ਗਈਆਂ ਕਿ ਹਾਦਸੇ ਦਾ ਕਾਰਨ ਹੋਰ ਕੀ ਹੋ ਸਕਦਾ ਹੈ? ਫਿਰ ਵੀ ਅਧਿਕਾਰੀਆਂ ਨੇ ਇਸ ਹੈਲੀਕਾਪਟਰ ਹਾਦਸੇ ਲਈ ਦੱਖਣੀ ਸੂਡਾਨ ਦੇ ਪਹਾੜਾਂ ਵਿੱਚ ਖਰਾਬ ਮੌਸਮ ਨੂੰ ਜ਼ਿੰਮੇਵਾਰ ਠਹਿਰਾਇਆ। ਇਸ ਹਾਦਸੇ ਵਿੱਚ ਜੌਨ ਗਰਾਂਗ ਦੇ ਦਲ ਦੇ 6 ਮੈਂਬਰਾਂ ਦੇ ਇਲਾਵਾ ਯੂਗਾਂਡਾ ਦੇ ਚਾਲਕ ਦਲ ਦੇ 7 ਮੈਂਬਰ ਮਾਰੇ ਗਏ ਸਨ।

## ਅਮਰੀਕਾ ਨੇ ਜਾਂਚ 'ਚ ਮਦਦ ਲਈ ਈਰਾਨ ਦੀ ਬੇਨਤੀ ਠੁਕਰਾਈ, ਕਿਹਾ- ਰਈਸੀ ਦੇ ਹੱਥ ਖ਼ੂਨ ਨਾਲ ਸਨ ਰੰਗੇ

ਤਹਿਰਾਨ/ਵਾਸ਼ਿੰਗਟਨ: ਈਰਾਨ ਦੀ ਆਰਮਡ ਫੋਰਸਿਜ਼ ਦੇ ਚੀਫ਼ ਆਫ਼ ਸਟਾਫ਼ ਮੇਜਰ ਜਨਰਲ ਮੁਹੰਮਦ ਬਘੇਰੀ ਨੇ ਹੈਲੀਕਾਪਟਰ ਹਾਦਸੇ ਦੀ ਜਾਂਚ ਲਈ ਇੱਕ ਉੱਚ ਪੱਧਰੀ ਵਫ਼ਦ ਨੂੰ ਸੌਂਪਿਆ ਹੈ। ਬ੍ਰਿਗੇਡੀਅਰ ਅਲੀ ਅਬਦੁੱਲਾਹੀ ਦੀ ਅਗਵਾਈ 'ਚ ਇਕ ਵਫਦ ਹਾਦਸੇ ਵਾਲੀ ਥਾਂ 'ਤੇ ਭੇਜਿਆ ਗਿਆ ਹੈ ਅਤੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਜਾਂਚ ਦੇ ਨਤੀਜਿਆਂ ਦਾ ਐਲਾਨ ਮਿਸ਼ਨ ਦੇ ਪੂਰਾ ਹੋਣ 'ਤੇ ਕੀਤਾ ਜਾਵੇਗਾ।



ਇਸ ਦੇ ਨਾਲ ਹੀ ਈਰਾਨ ਸਰਕਾਰ ਨੇ ਹੈਲੀਕਾਪਟਰ ਹਾਦਸੇ ਦੀ ਜਾਂਚ ਲਈ ਅਮਰੀਕਾ ਤੋਂ ਮਦਦ ਦੀ ਬੇਨਤੀ ਕੀਤੀ ਹੈ ਪਰ ਅਮਰੀਕਾ 'ਲੌਜਿਸਟਿਕ' ਕਾਰਨਾਂ ਕਰਕੇ ਮਦਦ ਨਹੀਂ ਕਰੇਗਾ। ਜਦੋਂ ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਮੈਥਿਊ ਮਿਲਰ ਨੂੰ ਇੱਕ ਪ੍ਰੈਸ ਕਾਨਫਰੰਸ ਵਿੱਚ ਈਰਾਨ ਸਰਕਾਰ ਤੋਂ ਮਦਦ ਦੀ ਬੇਨਤੀ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਅਮਰੀਕਾ ਅਜਿਹੀਆਂ ਸਥਿਤੀਆਂ ਵਿੱਚ ਮਦਦ ਕਰਦਾ ਹੈ ਜਦੋਂ ਵਿਦੇਸ਼ੀ ਸਰਕਾਰਾਂ ਵੱਲੋਂ ਬੇਨਤੀ ਕੀਤੀ ਜਾਂਦੀ ਹੈ, ਪਰ ਅਮਰੀਕਾ ਈਰਾਨ ਨੂੰ ਕੋਈ ਸਹਾਇਤਾ ਪ੍ਰਦਾਨ ਕਰਨ ਦੇ ਸਮਰੱਥ ਨਹੀਂ ਹੈ। ਮਿਲਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਰਾਨ ਨੂੰ ਲੌਜਿਸਟਿਕ ਕਾਰਨਾਂ ਕਰਕੇ ਵੱਡੇ ਪੱਧਰ 'ਤੇ ਮਦਦ ਨਹੀਂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਨੇ ਅਧਿਕਾਰਤ ਤੌਰ 'ਤੇ ਰਈਸੀ ਦੀ ਮੌਤ 'ਤੇ ਸੋਗ ਪ੍ਰਗਟ ਕੀਤਾ ਹੈ ਅਤੇ ਈਰਾਨੀ ਨੇਤਾ ਦੀ ਮੌਤ 'ਤੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ 'ਚ ਇਕ ਮੌਨ ਪ੍ਰੋਗਰਾਮ 'ਚ ਵੀ ਹਿੱਸਾ ਲਿਆ ਹੈ। ਮਿਲਰ ਨੇ ਕਿਹਾ ਕਿ ਈਰਾਨ ਵਿੱਚ ਜੱਜ ਅਤੇ ਰਾਸ਼ਟਰਪਤੀ ਦੇ ਰੂਪ ਵਿੱਚ ਰਈਸੀ ਦਾ ਰਿਕਾਰਡ ਨਹੀਂ ਬਦਲਿਆ ਹੈ ਅਤੇ ਇਹ ਤੱਥ ਵੀ ਨਹੀਂ ਬਦਲਿਆ ਹੈ ਕਿ ਉਸਦੇ ਹੱਥ ਖ਼ੂਨ ਨਾਲ ਰੰਗੇ ਸਨ।

## ਭਾਰਤ ਤੋਂ ਬਰਾਮਦ ਕੀਤੇ ਜਾਣ ਵਾਲੇ ਮਸਾਲਿਆਂ ਬਾਰੇ ਦਿਸ਼ਾ-ਨਿਰਦੇਸ਼ ਜਾਰੀ

### ਨਾਮੀ ਬ੍ਰਾਂਡ ਦੇ ਮਸਾਲਿਆਂ ਦੀ ਹੋਵੇਗੀ ਜਾਂਚ



ਨਵੀਂ ਦਿੱਲੀ/ਏ.ਟੀ.ਨਿਊਜ਼: ਮਸਾਲੇ ਦੇ ਬ੍ਰਾਂਡ ਐਵਰੈਸਟ ਦੇ ਕੁਝ ਨਮੂਨਿਆਂ ਵਿੱਚ ਐਥੀਲੀਨ ਆਕਸਾਈਡ (ਈਟੀਓ) ਰਸਾਇਣ ਦੀ ਮੌਜੂਦਗੀ ਸਖ਼ਤ ਮਾਪਦੰਡਾਂ (0.1 ਮਿਲੀਗ੍ਰਾਮ ਪ੍ਰਤੀ ਕਿਲੋਗ੍ਰਾਮ) ਨੂੰ ਪੂਰਾ ਨਹੀਂ ਕਰਦੀ ਪਾਈ ਗਈ ਹੈ। ਸਰਕਾਰ ਨੇ ਕੰਪਨੀ ਨੂੰ ਇਸ ਦਿਸ਼ਾ ਵਿੱਚ ਸੁਧਾਰ ਕਰਨ ਲਈ ਕਿਹਾ ਹੈ। ਇੱਕ ਅਧਿਕਾਰੀ ਨੇ ਇਸ ਦੀ ਜਾਣਕਾਰੀ ਦਿੱਤੀ। ਜ਼ਿਕਰਯੋਗ ਹੈ ਕਿ ਕੁਝ ਮਸਾਲਿਆਂ ਦੇ ਉਤਪਾਦਾਂ ਵਿੱਚ ਈਟੀਓ ਦੇ ਨਿਸ਼ਾਨ ਪਾਏ ਜਾਣ ਤੋਂ ਬਾਅਦ, ਸਿੰਗਾਪੁਰ ਅਤੇ ਹਾਂਗਕਾਂਗ ਨੇ ਦੋ ਭਾਰਤੀ ਮਸਾਲਾ ਬ੍ਰਾਂਡਾਂ - ਐਮਡੀਐਚ ਅਤੇ ਐਵਰੈਸਟ ਦੇ ਉਤਪਾਦ ਵਾਪਸ ਕਰ ਦਿੱਤੇ ਸਨ।

ਇਸ ਤੋਂ ਬਾਅਦ ਸਰਕਾਰ ਨੇ ਇਨ੍ਹਾਂ ਉਤਪਾਦਾਂ ਵਿੱਚ ਕਾਰਸੀਨੋਜਨਿਕ ਰਸਾਇਣਾਂ ਦੀ ਮੌਜੂਦਗੀ ਦੀ ਜਾਂਚ ਕਰਨ ਲਈ ਨਮੂਨੇ ਇਕੱਠੇ ਕੀਤੇ। ਅਧਿਕਾਰੀ ਨੇ ਕਿਹਾ, ਅਸੀਂ ਇਨ੍ਹਾਂ ਦੋ ਕੰਪਨੀਆਂ ਤੋਂ ਲਏ ਗਏ ਨਮੂਨਿਆਂ ਦੀ ਜਾਂਚ ਕੀਤੀ ਹੈ। ਅਸੀਂ ਪਾਇਆ ਕਿ ਐਮ.ਡੀ.ਐਚ. ਦੇ ਸਾਰੇ 18 ਨਮੂਨੇ ਮਿਆਰਾਂ ਅਨੁਸਾਰ ਸਨ। ਪਰ ਐਵਰੈਸਟ ਦੇ 12 ਨਮੂਨਿਆਂ ਵਿਚੋਂ ਕੁਝ ਮਾਪਦੰਡਾਂ ਦੀ ਪਾਲਣਾ ਨਹੀਂ ਕਰਦੇ ਸਨ। ਇਸ ਦੇ ਲਈ ਅਸੀਂ ਉਨ੍ਹਾਂ ਨੂੰ ਸੁਧਾਰਾਤਮਕ ਕਦਮ ਚੁੱਕਣ ਲਈ ਕਿਹਾ ਹੈ। ਅਸੀਂ ਇਸ ਪਾਲਣਾ ਨੂੰ (ਬਾਕੀ ਸਫ਼ਾ 30 'ਤੇ)

# ਸਾਈਬਰ ਅਪਰਾਧ ਦੇ ਮਾਮਲੇ ’ਚ 10ਵੇਂ ਨੰਬਰ ’ਤੇ ਹੈ ਭਾਰਤ

## ਅਧਿਐਨ ’ਚ ਹੋਇਆ ਖ਼ੁਲਾਸਾ

## ਸਾਈਬਰ ਠੱਗਾਂ ਨੇ ਅਪਣਾਇਆ ਇੱਕ ਨਵਾਂ ਢੰਗ ‘ਡਿਜੀਟਲ ਅਰੈਸਟ’

ਭਾਰਤ ਦੇ ਗ੍ਰਹਿ ਮੰਤਰਾਲੇ ਨੇ ਪੁਲਿਸ ਅਫ਼ਸਰਾਂ ਜਾਂ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.), ਇਨਫ਼ੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵਰਗੀਆਂ ਕੇਂਦਰੀ ਏਜੰਸੀਆਂ ਦੇ ਨੁਮਾਇੰਦਿਆਂ ਦੇ ਰੂਪ ਵਿੱਚ ਸਾਈਬਰ ਅਪਰਾਧੀਆਂ ਦੁਆਰਾ ‘ਬਲੈਕਮੇਲ’ ਅਤੇ ‘ਡਿਜੀਟਲ ਗ੍ਰਿਫ਼ਤਾਰੀ’ ਦੇ ਵਿਰੁੱਧ ਇੱਕ ਚਿਤਾਵਨੀ ਜਾਰੀ ਕੀਤੀ ਹੈ।

ਹੁਣੇ ਜਿਹੇ ਭਾਰਤ ਵਿੱਚ ਅਜਿਹੀਆਂ ਕਈ ਘਟਨਾਵਾਂ ਸਾਹਮਣੇ ਆਈਆਂ ਹਨ, ਜਿੱਥੇ ਸਾਈਬਰ ਅਪਰਾਧੀਆਂ ਨੇ ਪੁਲਿਸ, ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.), ਇਨਫ਼ੋਰਸਮੈਂਟ ਡਾਇਰੈਕਟੋਰੇਟ (ਈਡੀ), ਭਾਰਤੀ ਰਿਜ਼ਰਵ ਬੈਂਕ ਵਰਗੀਆਂ ਜਾਂਚ ਏਜੰਸੀਆਂ ਦੇ ਅਧਿਕਾਰੀ ਦੱਸ ਕੇ ਪੀੜਤਾਂ ਨੂੰ ਧਮਕੀ ਦਿਤੀ ਤੇ ਬਲੈਕਮੇਲ ਕੀਤਾ ।

ਹੁਣੇ ਜਿਹੇ ਜਾਰੀ ਇੱਕ ਅਲਰਟ ਵਿੱਚ, ਗ੍ਰਹਿ ਮੰਤਰਾਲੇ ਨੇ ਕਿਹਾ ਕਿ ਮੰਨਿਆ ਜਾਂਦਾ ਹੈ ਕਿ ਇਹ ਇੱਕ ਸਰਹੱਦ ਪਾਰ ਅਪਰਾਧਿਕ ਸਿੰਡੀਕੇਟ ਦੁਆਰਾ ਸੰਚਾਲਿਤ ਕੀਤਾ ਜਾਂਦਾ ਹੈ। ਇਹ ਸਾਈਬਰ ਅਪਰਾਧੀ ਪੁਲਿਸ ਸਟੇਸ਼ਨਾਂ ਅਤੇ ਸਰਕਾਰੀ ਦਫ਼ਤਰਾਂ ਦੇ ਮਾਡਲਾਂ ਵਾਲੇ ਸਟੂਡੀਓ ਦੀ ਵਰਤੋਂ ਕਰਨ ਵਿੱਚ ਮਾਹਿਰ ਹਨ ਅਤੇ ਇੱਥੋਂ ਤੱਕ ਕਿ ਅਸਲੀ ਦਿਖਣ ਲਈ ਵਰਦੀ ਵੀ ਪਹਿਨਦੇ ਹਨ।

ਡਿਜੀਟਲ ਗ੍ਰਿਫ਼ਤਾਰੀ ਕੀ ਹੈ?

ਗ੍ਰਹਿ ਮੰਤਰਾਲੇ ਦੇ ਅਨੁਸਾਰ, ਸਾਈਬਰ ਅਪਰਾਧੀ ਆਮ ਤੌਰ ’ਤੇ ਸੰਭਾਵੀ ਪੀੜਤਾਂ ਨੂੰ ਫ਼ੋਨ ਕਰਦੇ ਹਨ ਅਤੇ ਕਹਿੰਦੇ ਹਨ ਕਿ ਉਨ੍ਹਾਂ ਨੇ ਗੈਰ-ਕਾਨੂੰਨੀ ਸਮਾਨ, ਨਸ਼ੀਲੇ ਪਦਾਰਥ, ਜਾਅਲੀ ਪਾਸਪੋਰਟ ਜਾਂ ਕੋਈ ਹੋਰ ਵਰਜਿਤ ਵਸਤੂ ਵਾਲਾ ਪਾਰਸਲ ਭੇਜਿਆ ਜਾਂ ਪ੍ਰਾਪਤ ਕੀਤਾ ਹੈ। ਅਜਿਹੇ ਕਥਿਤ ਮਾਮਲਿਆਂ ਵਿੱਚ ਨਿਪਟਾਰੇ ਲਈ ਪੈਸੇ ਦੀ ਮੰਗ ਕੀਤੀ ਜਾਂਦੀ ਹੈ। ਕੁਝ ਮਾਮਲਿਆਂ ਵਿੱਚ, ਪੀੜਤਾਂ ਨੂੰ ‘ਡਿਜੀਟਲ ਗ੍ਰਿਫ਼ਤਾਰੀ’ ਦਾ ਸਾਹਮਣਾ ਕਰਨਾ ਪੈਂਦਾ ਹੈ। ਜਦੋਂ ਤੱਕ ਮੰਗ ਪੂਰੀ ਨਹੀਂ ਹੁੰਦੀ, ਪੀੜਤ ਨੂੰ ਸਕਾਈਪ ਜਾਂ ਹੋਰ ਵੀਡੀਓ ਕਾਨਫ਼ਰੰਸਿੰਗ ਪਲੇਟਫ਼ਾਰਮਾਂ ’ਤੇ ਸਾਈਬਰ ਅਪਰਾਧੀਆਂ ਲਈ ਆਨਲਾਈਨ ਮੌਜੂਦ ਰਹਿਣ ਲਈ ਮਜਬੂਰ ਕੀਤਾ ਜਾਂਦਾ ਹੈ।



**ਸਾਈਬਰ ਅਪਰਾਧੀਆਂ ਦੇ ਨਵੇਂ ਤਰੀਕੇ**

ਸਾਈਬਰ ਅਪਰਾਧੀ ਸੰਭਾਵੀ ਪੀੜਤਾਂ ਨੂੰ ਠੱਗਣ ਲਈ ਨਵੇਂ ਤਰੀਕੇ ਅਪਣਾ ਰਹੇ ਹਨ। ਬਹੁਤ ਸਾਰੇ ਮਾਮਲਿਆਂ ਵਿੱਚ, ਪੀੜਤਾਂ ਨੂੰ ਦੱਸਿਆ ਜਾਂਦਾ ਹੈ ਕਿ ਕੋਈ ਨਜ਼ਦੀਕੀ ਜਾਂ ਰਿਸ਼ਤੇਦਾਰ ਕਿਸੇ ਅਪਰਾਧ ਜਾਂ ਦੁਰਘਟਨਾ ਵਿੱਚ ਸ਼ਾਮਲ ਪਾਇਆ ਗਿਆ ਹੈ ਅਤੇ ਉਨ੍ਹਾਂ ਦੀ ਹਿਰਾਸਤ ਵਿੱਚ ਹੈ। ਇਸ ਤੋਂ ਬਾਅਦ ਸਾਈਬਰ ਅਪਰਾਧੀ ਕੇਸ ਨਿਪਟਾਉਣ ਲਈ ਪੈਸਿਆਂ ਦੀ ਮੰਗ ਕਰਦੇ ਹਨ।

ਗ੍ਰਹਿ ਮੰਤਰਾਲੇ ਦਾ ਕਹਿਣਾ ਹੈ ਕਿ ਦੇਸ਼ ਭਰ ਦੇ ਕਈ ਪੀੜਤ ਅਜਿਹੇ ਅਪਰਾਧੀਆਂ ਦੇ ਹੱਥੋਂ ਵੱਡੀ ਰਕਮ ਗੁਆ ਚੁੱਕੇ ਹਨ। ਮੰਤਰਾਲੇ ਨੇ ਕਿਹਾ, ‘ਇਹ ਇੱਕ ਸੰਗਠਿਤ ਔਨਲਾਈਨ ਆਰਥਿਕ ਅਪਰਾਧ ਹੈ ਅਤੇ ਇੱਕ ਸਰਹੱਦ ਪਾਰ ਅਪਰਾਧ ਸਿੰਡੀਕੇਟ ਦੁਆਰਾ ਚਲਾਇਆ ਜਾਂਦਾ ਹੈ।’

ਹੁਣ ਸਰਕਾਰ ਨੇ ਅਜਿਹੇ ਅਪਰਾਧੀਆਂ ’ਤੇ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ। ਸਾਈਬਰ ਅਪਰਾਧੀਆਂ ਵਿਰੁੱਧ ਕਾਰਵਾਈ ਕਰਨ ਲਈ, ਗ੍ਰਹਿ ਮੰਤਰਾਲੇ ਦੇ ਅਧੀਨ ਭਾਰਤੀ ਸਾਈਬਰ ਅਪਰਾਧ ਤਾਲਮੇਲ ਕੇਂਦਰ ਬਣਾਇਆ ਗਿਆ ਹੈ, ਜੋ ਦੇਸ਼ ਵਿੱਚ ਸਾਈਬਰ ਅਪਰਾਧ ਨੂੰ ਕਾਬੂ ਕਰਨ ਲਈ ਸਬੰਧਤ ਗਤੀਵਿਧੀਆਂ ਦੀ ਅਗਵਾਈ ਕਰਦਾ ਹੈ।

ਨੈਸ਼ਨਲ ਸਾਈਬਰ ਕ੍ਰਾਈਮ ਰਿਪੋਰਟਿੰਗ ਪੋਰਟਲ (ਐੱਨ.ਸੀ.ਆਰ.ਪੀ.) ’ਤੇ ਪੀੜਤਾਂ ਵੱਲੋਂ ਸਾਈਬਰ ਅਪਰਾਧੀਆਂ ਵਿਰੁੱਧ ਵੱਡੀ ਗਿਣਤੀ ਸ਼ਿਕਾਇਤਾਂ ਦਰਜ ਕਰਵਾਈਆਂ ਜਾ ਰਹੀਆਂ ਹਨ।

ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ.) ਦੀ ਸਾਲ 2023 ਦੀ ਰਿਪੋਰਟ ਅਨੁਸਾਰ 2021 ਵਿੱਚ ਦੇਸ਼ ਭਰ ਵਿੱਚ ਸਾਈਬਰ ਅਪਰਾਧ ਦੇ ਕੁੱਲ 52,974 ਮਾਮਲੇ ਦਰਜ ਕੀਤੇ ਗਏ ਸਨ, ਜਦੋਂ ਕਿ ਸਾਲ 2022 ਵਿੱਚ ਇਹ ਵੱਧ ਕੇ 65,893 ਹੋ ਗਏ ਸਨ। ਇਸ ਤਰ੍ਹਾਂ ਇੱਕ ਸਾਲ ਵਿੱਚ ਸਾਈਬਰ ਅਪਰਾਧ ਦੇ ਮਾਮਲਿਆਂ ਵਿੱਚ ਕਰੀਬ 24 ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ।

ਭਾਰਤ ਸਾਈਬਰ ਅਪਰਾਧ ਦੇ ਮਾਮਲੇ ’ਚ 10ਵੇਂ ਨੰਬਰ ’ਤੇ

ਭਾਰਤ ਸਾਈਬਰ ਅਪਰਾਧ ਦੇ ਮਾਮਲੇ ’ਚ 10ਵੇਂ ਨੰਬਰ ’ਤੇ ਹੈ। ਦੁਨੀਆਂ ਭਰ ਦੇ ਸਾਈਬਰ ਅਪਰਾਧ ਮਾਹਿਰਾਂ ਦਾ ਸਰਵੇਖਣ ਕਰਨ ਵਾਲੇ ਇੱਕ ਨਵੇਂ ਅਧਿਐਨ ਵਿੱਚ ਇਹ ਜਾਣਕਾਰੀ ਸਾਹਮਣੇ ਆਈ ਹੈ। ਖੋਜਕਰਤਾਵਾਂ ਦੀ ਇੱਕ ਕੌਮਾਂਤਰੀ ਟੀਮ ਨੇ ‘ਵਰਲਡ ਸਾਈਬਰ ਕ੍ਰਾਈਮ ਇੰਡੈਕਸ’ ਤਿਆਰ ਕੀਤਾ ਹੈ, ਜੋ ਲਗਭਗ 100 ਦੇਸ਼ਾਂ ਦੀ ਰੈਂਕਿੰਗ ਕਰਦਾ ਹੈ ਅਤੇ ਸਾਈਬਰ ਅਪਰਾਧ ਦੀਆਂ ਵੱਖ-ਵੱਖ ਸ਼੍ਰੇਣੀਆਂ ਦੇ ਅਨੁਸਾਰ ਪ੍ਰਮੁੱਖ ਸਥਾਨਾਂ ਦੀ ਪਛਾਣ ਕਰਦਾ ਹੈ।

(ਬਾਕੀ ਸਫ਼ਾ 31 ’ਤੇ)

## ਕੀ ਹੈ ਵਾਇਸ ਕਲੋਨਿੰਗ ਸਾਈਬਰ ਅਪਰਾਧ ?

ਕੁੱਝ ਸਮਾਂ ਪਹਿਲਾਂ ਤੱਕ ਸਾਈਬਰ ਅਪਰਾਧੀਆਂ ਵੱਲੋਂ ਵ੍ਹਟਸਐਪ ’ਤੇ ਵੀਡੀਓ ਕਾਲ ਕਰ ਕੇ ਲੋਕਾਂ ਤੋਂ ਪੈਸਾ ਠੱਗਿਆ ਜਾ ਰਿਹਾ ਸੀ। ਜਿਵੇਂ-ਜਿਵੇਂ ਇਸ ਤਰ੍ਹਾਂ ਦੇ ਸਾਈਬਰ ਅਪਰਾਧ ਬਾਰੇ ਵੱਧ ਤੋਂ ਵੱਧ ਲੋਕਾਂ ਨੂੰ ਪਤਾ ਲੱਗਾ ਤਾਂ ਇਨ੍ਹਾਂ ਸਾਈਬਰ ਠੱਗਾਂ ਦੇ ਅਪਰਾਧਾਂ ਵਿੱਚ ਕਮੀ ਆਉਣ ਲੱਗੀ ਪਰ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦੇ ਇਸ ਨਵੇਂ ਦੌਰ ਵਿੱਚ ਸਾਈਬਰ ਠੱਗੀ ਦੇ ਨਵੇਂ ਤਰੀਕੇ ਵੀ ਸਾਹਮਣੇ ਆਉਣ ਲੱਗੇ ਹਨ। ਇਨ੍ਹਾਂ ਵਿੱਚ ਇੱਕ ਤਾਜ਼ਾ ਤਰੀਕਾ ਹੈ ਵਾਇਸ ਕਲੋਨਿੰਗ। ਇਹ ਇੱਕ ਅਜਿਹੀ ਤਕਨੀਕ ਹੈ ਜਿਸ ਨਾਲ ਕਿ ਕੰਪਿਊਟਰ ਰਾਹੀਂ ਕਿਸੇ ਦੀ ਵੀ ਆਵਾਜ਼ ਦੀ ਨਕਲ ਆਸਾਨੀ ਨਾਲ ਕੀਤੀ ਜਾ ਸਕਦੀ ਹੈ। ਆਵਾਜ਼ ਦੀ ਇਸ ਤਰ੍ਹਾਂ ਨਕਲ ਨੂੰ ਪਛਾਣ ਸਕਣਾ ਬਹੁਤ ਹੀ ਮੁਸ਼ਕਿਲ ਹੁੰਦਾ ਹੈ।

ਵਾਇਸ ਕਲੋਨਿੰਗ ਸਾਈਬਰ ਠੱਗਾਂ ਦਾ ਸਭ ਤੋਂ ਤਾਜ਼ਾ ਹਥਿਆਰ ਸਾਬਤ ਹੋ ਰਿਹਾ ਹੈ। ਸਾਈਬਰ ਠੱਗ ਤੁਹਾਨੂੰ ਫ਼ੋਨ ’ਤੇ ਕਿਸੇ ਬੈਂਕ, ਫ਼ੋਨ ਜਾਂ ਬੀਮਾ ਕੰਪਨੀ ਦਾ ਅਧਿਕਾਰੀ ਬਣ ਕੇ ਤੁਹਾਡੇ ਨਾਲ ਗੱਲ ਕਰਦੇ ਹਨ। ਇਸ ਪਿੱਛੋਂ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦੀ ਮਦਦ ਨਾਲ ਵਾਇਸ ਕਲੋਨਿੰਗ ਸਾਫ਼ਟਵੇਅਰ ਵਿੱਚ ਤੁਹਾਡੀ ਆਵਾਜ਼ ’ਚ ਆਸਾਨੀ ਨਾਲ ਬਦਲਾਅ ਕਰ ਕੇ ਤੁਹਾਡੀ ਆਵਾਜ਼ ਦੀ ਨਕਲ ਜਾਂ ਵਾਇਸ ਕਲੋਨਿੰਗ ਕਰ ਲੈਂਦੇ ਹਨ। ਮਤਲਬ ਤੁਹਾਡੀ ਹੀ ਆਵਾਜ਼ ਵਿੱਚ ਗੱਲਬਾਤ ਦਾ ਵਿਸ਼ਾ ਬਦਲ ਦਿੰਦੇ ਹਨ। ਇਨ੍ਹਾਂ ਸਾਈਬਰ ਠੱਗਾਂ ਕੋਲ ਤੁਹਾਡੇ ਨੇੜਲੇ ਰਿਸ਼ਤੇਦਾਰਾਂ ਦੇ ਨੰਬਰ ਹੋਣ, ਹੁਣ ਕੋਈ ਵੱਡੀ ਗੱਲ ਨਹੀਂ ਹੈ। ਇਸ ਕਾਰਨ ਉਹ ਵਾਇਸ ਕਲੋਨਿੰਗ ਦੀ ਮਦਦ ਨਾਲ ਤੁਹਾਡੀ ਨਕਲੀ ਆਵਾਜ਼ ਰਾਹੀਂ ਸਕੈਮ ਕਰਨ ਵਿੱਚ ਕਾਮਯਾਬ ਹੋ ਰਹੇ ਹਨ।

ਪਹਿਲਾ, ਜੇ ਤੁਹਾਨੂੰ ਕਿਸੇ ਅਣਜਾਣ ਨੰਬਰ ਤੋਂ ਅਜਿਹਾ ਵਾਇਸ ਕਲੋਨਿੰਗ ਵਾਲਾ ਫ਼ੋਨ ਆਵੇ ਤਾਂ ਪਹਿਲਾਂ ਇਹ ਨਿਸ਼ਚਿਤ ਕਰ ਲਓ ਕਿ ਤੁਹਾਡੇ ਜਿਸ ਰਿਸ਼ਤੇਦਾਰ ਬਾਰੇ ਗੱਲ ਕੀਤੀ ਜਾ ਰਹੀ ਹੈ, ਕੀ ਉਹ ਉਸ ਦੀ ਹੀ ਆਵਾਜ਼ ਹੈ? ਦੂਜਾ, ਕਿਸੇ ਨਾ ਕਿਸੇ ਬਹਾਨੇ ਨਾਲ ਫ਼ੋਨ ਨੂੰ ਕੱਟ ਕੇ ਆਪਣੇ ਉਸੇ ਰਿਸ਼ਤੇਦਾਰ ਨੂੰ ਫ਼ੋਨ ਕਰ ਕੇ ਉਸ ਨਾਲ ਗੱਲ ਜ਼ਰੂਰ ਕਰੋ। ਤੀਜਾ, ਜੇ ਕੋਈ ਵੀ ਖੁਦ ਨੂੰ ਪੁਲਿਸ ਅਧਿਕਾਰੀ ਦੱਸਦਾ ਹੈ ਤਾਂ ਪਹਿਲਾਂ ਉਸ ਵਿਅਕਤੀ ਦੀ ਪੂਰੀ ਪਛਾਣ ਮੰਗੋ ਅਤੇ ਅਧਿਕਾਰਤ ਫ਼ੋਨ ਨੰਬਰ ਮੰਗ ਲਓ। ਜੇ ਸੰਭਵ ਹੋਵੇ ਤਾਂ ਫ਼ੌਰਨ ਉਸ ਦੀ ਦੱਸੀ ਪਛਾਣ ਦੀ ਪੁਸ਼ਟੀ ਵੀ ਕਰ ਲਓ। ਕਦੀ ਵੀ ਅਣਜਾਣ ਨੰਬਰ ਤੋਂ ਆਉਣ ਵਾਲੀ ਕਾਲ, ਖਾਸ ਕਰ ਕੇ ਜਿਸ ਦੇ ਨੰਬਰ ਤੋਂ ਪਹਿਲਾਂ +92 ਲੱਗਾ ਹੋਵੇ, ਉਸ ਨੂੰ ਨਾ ਚੁੱਕੋ। ਕਾਲ ਕਰਨ ਵਾਲੇ ਦੇ ਲੱਖ ਕਹਿਣ ’ਤੇ ਵੀ ਉਸ ਦੀਆਂ ਗੱਲਾਂ ’ਚ ਨਾ ਆਓ। ਆਪਣੇ ਬੈਂਕ ਖਾਤੇ ਜਾਂ ਹੋਰ ਜ਼ਰੂਰੀ ਜਾਣਕਾਰੀ ਨੂੰ ਕਦੀ ਸਾਂਝੀ ਨਾ ਕਰੋ। ਅਜਿਹੇ ਨੰਬਰਾਂ ਨੂੰ ਤੁਰੰਤ ਬਲਾਕ ਕਰੋ। ਜਿਓਂ ਹੀ ਪਤਾ ਲੱਗੇ ਕਿ ਤੁਹਾਡੇ ਨਾਲ ਠੱਗੀ ਹੋ ਸਕਦੀ ਹੈ ਜਾਂ ਤੁਸੀਂ ਇਨ੍ਹਾਂ ਦੇ ਸ਼ਿਕਾਰ ਹੋ ਚੁੱਕੇ ਹੋ ਤਾਂ ਪੁਲਿਸ ਨੂੰ ਇਸ ਦੀ ਤੁਰੰਤ ਇਤਲਾਹ ਦਿਓ। ਤੁਸੀਂ ਜਾਣਕਾਰ ਹੋਵੋਗੇ ਤਾਂ ਸੁਰੱਖਿਅਤ ਰਹੋਗੇ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ’ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ ’ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com










# ਪ੍ਰਵਾਸੀਆਂ ਦੇ ਮੁੱਦੇ ’ਤੇ ਕਾਂਗਰਸ ਦੀ ਸਿੱਖ ਤੇ ਪੰਜਾਬ,ਪੰਜਾਬੀਆਂ ਵਿਰੋਧੀ ਨੀਤੀ

## ਪਰਵਾਸੀ ਮਜ਼ਦੂਰਾਂ ਸਬੰਧੀ ਖਹਿਰਾ ਤੇ ਵੜਿੰਗ ਵਿਚਾਲੇ ਸਿਆਸੀ ਟਕਰਾਓ ਸ਼ੁਰੂ

## ਕਾਂਗਰਸ ਦੇ ਕਰੀਬੀ ਨੇਤਾ ਬਿਹਾਰ ਵਾਲਿਆਂ ਨੂੰ ਪੰਜਾਬ ’ਚ ਰੋਕ ਰਹੇ ਨੇ: ਮੋਦੀ

ਜਲੰਧਰ-ਪੰਜਾਬ ਇੱਕ ਖੇਤੀਬਾੜੀ ਸੂਬਾ ਹੈ ਜਿੱਥੇ ਫ਼ਸਲ ਦੀ ਬਿਜਾਈ ਤੇ ਵਾਢੀ ਲਈ ਵੱਡੀ ਗਿਣਤੀ ਵਿੱਚ ਮਜ਼ਦੂਰਾਂ ਦੀ ਲੋੜ ਪੈਂਦੀ ਹੈ। ਸਾਲ 1970 ਤੋਂ ਸ਼ੁਰੂ ਹੋਈ ਹਰੀ ਕ੍ਰਾਂਤੀ ਤੋਂ ਬਾਅਦ ਵੱਡੀ ਗਿਣਤੀ ਵਿੱਚ ਉੱਤਰ ਪ੍ਰਦੇਸ਼ ਤੇ ਬਿਹਾਰ ਦੇ ਮਜ਼ਦੂਰਾਂ ਨੇ ਪੰਜਾਬ ਦਾ ਰੁਖ਼ ਕੀਤਾ ਹੈ ਜਿਸ ਵਿੱਚ ਜ਼ਿਆਦਾਤਰ ਪ੍ਰਵਾਸੀ ਪੰਜਾਬ ਵਿੱਚ ਹੀ ਰਹਿਣ ਲੱਗ ਗਏ ਹਨ।ਇੱਕ ਸਰਵੇਖਣ ਮੁਤਾਬਕ, ਕਰੋਨਾ ਕਾਲ ਸਮੇਂ ਪੰਜਾਬ ਵਿੱਚ ਪ੍ਰਵਾਸੀਆਂ ਦੀ ਗਿਣਤੀ 39 ਲੱਖ ਸੀ ਜੋ ਕਿ ਪਿਛਲੇ ਕੁਝ ਸਾਲਾਂ ਵਿੱਚ ਵਧ ਕੇ 43 ਲੱਖ ਹੋ ਗਈ ਹੈ।

**ਪ੍ਰਵਾਸੀ ਭਜ਼ਦੂਰ ਰਾਜਨੀਤੀ ਵਿੱਚ ਕਿਵੇਂ ਪਾਉਂਦੇ ਨੇ ਪ੍ਰਭਾਵ**

ਜੇ ਸਾਲ 2017 ਦੇ ਵਿਧਾਨ ਸਭਾ ਅੰਕੜਿਆਂ ਦੀ ਗੱਲ ਕੀਤੀ ਜਾਵੇ ਤਾਂ ਉਸ ਮੁਤਾਬਕ ਪੰਜਾਬ ਵਿੱਚ ਤਕਰਬੀਨ 27 ਲੱਖ ਪ੍ਰਵਾਸੀ ਵੋਟਰ ਸਨ ਜਿਨ੍ਹਾਂ ਵਿੱਚੋਂ ਸਭ ਤੋਂ ਜ਼ਿਆਦਾ ਗਿਣਤੀ ਲੁਧਿਆਣਾ ਦੇ ਸਾਹਨੇਵਾਲ ਖੇਤਰ ਵਿੱਚ ਹੈ ਜਿੱਥੇ ਇਹ ਤਕਰੀਬਨ 50 ਹਜ਼ਾਰ ਹਨ। ਇਸ ਤੋਂ ਇਲਾਵਾ ਫਗਵਾੜਾ, ਹੁਸ਼ਿਆਰਪੁਰ, ਬਠਿੰਡਾ, ਜਲੰਧਰ, ਅੰਮ੍ਰਿਤਸਰ, ਲੁਧਿਆਣਾ ਤੇ ਫ਼ਤਿਹਗੜ੍ਹ ਸਾਹਿਬ ਦੇ ਇਲਾਕਿਆਂ ਵਿੱਚ ਵੀ ਗਿਣਤੀ ਜ਼ਿਆਦਾ ਹੈ। 2017 ਵਿੱਚ ਲੁਧਿਆਣਾ ਜ਼ਿਲ੍ਹੇ ਦੀਆਂ 5 ਵਿਧਾਨ ਸਭਾ ਸੀਟਾਂ ਅਜਿਹੀਆਂ ਸਨ ਜਿੱਥੇ ਪ੍ਰਵਾਸੀ ਵੋਟਰਾਂ ਦਾ ਦਬਦਬਾ ਹੈ।

ਇਸ ਕਾਰਨ ਪੰਜਾਬ ਦੀ ਸਿਆਸਤ ,ਖਿਤਾ ਸਭਿਆਚਾਰ ਸਭ ਕੁਝ ਤਬਦੀਲ ਹੋ ਰਿਹਾ ਹੈ। ਬਹੁਗਿਣਤੀ ਸਿਖ ਵਿਦਵਾਨ ਮੰਨਦੇ ਹਨ ਕਿ ਜੇਕਰ ਪ੍ਰਵਾਸੀ ਮਜ਼ਦੂਰਾਂ ਨੂੰ ਕੰਟਰੋਲ ਨਾ ਕੀਤਾ ਤਾਂ ਪੰਜਾਬ ਵਿਚ ਪੰਜਾਬੀਆਂ ਦੀ ਅਬਾਦੀ ਘਟ ਜਾਵੇਗੀ ਤੇ ਉਨ੍ਹਾਂ ਦਾ ਪੰਜਾਬ ਦੇ ਖਿਤੇ ਵਿਚੋਂ ਸਿਆਸੀ ਪ੍ਰਭਾਵ ਖਤਮ ਹੋ ਜਾਵੇਗਾ।ਕੇਂਦਰੀ ਪਾਰਟੀਆਂ ਪ੍ਰਵਾਸੀ ਮਜ਼ਦੂਰਾਂ ਦੇ ਸਹਿਯੋਗ ਨਾਲ ਖਿਤੇ ਦੀ ਪਾਰਟੀ ਸਫਲ ਨਹੀਂ ਹੋਣ ਦੇਣਗੀਆਂ।ਨਾ ਉਹ ਪੰਥਕ ਤੇ ਪੰਜਾਬੀ ਮੁਦਾ ਉਭਰਣ ਦੇਣਗੀਆਂ। ਕੇਂਦਰੀ ਪਾਰਟੀਆਂ ਤੇ ਅਕਾਲੀ ਦਲ ਬਾਦਲ ਪੰਜਾਬ ਵਿਚ ਪ੍ਰਵਾਸੀ ਮਜ਼ਦੂਰਾਂ ਨੂੰ ਵਸਾਉਣ ਦੇ ਹੱਕ ਵਿਚ ਹੈ।

ਪੰਜਾਬ ਤੇ ਪੰਥ ਦੀਆਂ ਮੰਗਾਂ ਉਠਾਉਣ ਵਾਲੇ ਸੰਗਰੂਰ ਤੋਂ ਕਾਂਗਰਸ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਨੇ ਇਸ ਮੁਦੇ ਬਾਰੇ ਕਿਹਾ ਕਿ ਗੈਰ ਪੰਜਾਬੀਆਂ ਨੂੰ ਪੰਜਾਬ ਵਿੱਚ ਨਾ ਤਾਂ ਵੋਟ ਪਾਉਣ ਦੀ ਇਜਾਜ਼ਤ ਦਿੱਤੀ ਜਾਵੇ ਅਤੇ ਨਾ ਹੀ ਉਨ੍ਹਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਜਾਣ। ਉਨ੍ਹਾਂ ਕਿਹਾ ਕਿ ਇਹ ਲੋਕ ਪੰਜਾਬ ਉੱਤੇ




ਸਿਆਸੀ ਕਬਜਾ ਕਰਕੇ ਪੰਜਾਬ ਅਤੇ ਪੰਜਾਬੀਅਤ ਨੂੰ ਖਤਮ ਕਰ ਦੇਣਗੇ। ਖਹਿਰਾ ਨੇ ਕਿਹਾ ਜੇ ਇਹ ਵਰਤਾਰਾ ਨਾ ਰੋਕਿਆ ਗਿਆ ਤਾਂ ਅਗਲੇ 15-20 ਸਾਲਾ ਵਿੱਚ ਨਾ ਤਾਂ ਪੰਜਾਬ ਵਿੱਚ ਪੱਗਾਂ ਵਾਲੇ ਮਿਲਣਗੇ ਅਤੇ ਨਾ ਹੀ ਪੰਜਾਬੀ।ਖਹਿਰਾ ਨੇ ਕਿਹਾ ਕਿ ਪੰਜਾਬ ਸਿੱਖਾਂ ਲਈ ਵਿਸ਼ੇਸ਼ ਸੂਬਾ ਹੈ, ਜਿੱਥੇ ਸਿੱਖਾਂ ਦੀ ਗਿਣਤੀ ਵਧੇਰੇ ਹੈ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਵਿੱਚ ਹਿਮਾਚਲ ਦੀ ਤਰ੍ਹਾਂ ਕਾਨੂੰਨ ਬਣਾਉਣਾ ਚਾਹੀਦਾ ਹੈ ਕਿ ਕੋਈ ਗੈਰ ਪੰਜਾਬੀ ਪੰਜਾਬ ਵਿੱਚ ਜਮੀਨ ਨਾ ਖਰੀਦ ਸਕੇ। ਉਨ੍ਹਾਂ ਕਿਹਾ ਕਿ ਪਰਵਾਸੀ ਇੱਥੇ ਕੰਮ ਕਰਕੇ ਪੈਸੇ ਕਮਾਉਣ,ਪਰ ਵੋਟ ਪਾਉਣ ਤੇ ਜ਼ਮੀਨ ਖਰੀਦਣ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ। ਉਨ੍ਹਾਂ ਕਿਹਾ ਕਿ ਪ੍ਰਵਾਸੀ ਮਜ਼ਦੂਰਾਂ ਤੋਂ ਪੰਜਾਬੀਆਂ ਨੂੰ ਕੋਈ ਇਤਰਾਜ਼ ਨਹੀਂ, ਪਰ ਪੰਜਾਬ ਨੂੰ ਬਚਾਉਣ ਲਈ ਇਹ ਜ਼ਰੂਰੀ ਹੈ

ਦੂਜੇ ਪਾਸੇ ਕੇਂਦਰ ਪਖੀ ਸਿਆਸਤ ਕਰਨ ਵਾਲੇ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਖਹਿਰਾ ਦੇ ਬਿਆਨ ’ਤੇ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਉਹ ਨਾ ਤਾਂ ਸੁਖਪਾਲ ਖਹਿਰਾ ਦੇ ਬਿਆਨ ਨਾਲ ਸਹਿਮਤ ਹਨ ਅਤੇ ਨਾ ਹੀ ਅਜਿਹੀ ਵਿਚਾਰਧਾਰਾ ਨਾਲ ਸਹਿਮਤ ਹਨ ਕਿ ਪ੍ਰਵਾਸੀ ਮਜ਼ਦੂਰਾਂ ਨੂੰ ਪੰਜਾਬ ਵਿਚ ਕੋਈ ਜਗ੍ਹਾ ਨਹੀਂ ਮਿਲਣੀ ਚਾਹੀਦੀ। ਉਨ੍ਹਾਂ ਕਿਹਾ ਕਿ ਜਿੰਨੇ ਵੀ ਪੰਜਾਬ ਵਿਚ ਪ੍ਰਵਾਸੀ ਮਜ਼ਦੂਰਾਂ ਦੇ ਮਸਲੇ ਖ਼ਾਸ ਕਰਕੇ ਰਜਿਸਟਰੀਆਂ ਦਾ ਮਸਲਾ, ਰਿਹਾਇਸ਼ੀ ਮਸਲਾ ਜਾਂ ਹੋਰ ਉਨ੍ਹਾਂ ਦੀਆਂ ਲੋੜਾਂ ਸਬੰਧਤ ਜਿੰਨੇ ਵੀ ਮਸਲੇ ਹਨ, ਉਹ ਉਨ੍ਹਾਂ ਦੇ ਹੱਕਾਂ ਲਈ ਲੜਾਈ ਲੜਣਗੇ ਅਤੇ ਸਾਰੇ ਮਸਲੇ ਹੱਲ ਕਰਵਾਉਣਗੇ। ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਸਾਫ਼ ਕੀਤਾ ਹੈ ਕਿ ਇਹ ਸਾਡੀ ਪਾਰਟੀ ਦਾ ਬਿਆਨ ਨਹੀਂ ਹੈ ਅਤੇ ਨਾ ਹੀ ਮੈਂ ਇਸ ਨਾਲ ਸਹਿਮਤ ਹਾਂ। ਉਨ੍ਹਾਂ ਉਲਟਾ ਪ੍ਰਵਾਸੀ ਮਜ਼ਦੂਰਾਂ ਵੱਲੋਂ ਪੰਜਾਬ ਦੀ ਤਰੱਕੀ ਲਈ ਕੀਤੇ ਕੰਮ ਦੀ ਸ਼ਲਾਘਾ ਕੀਤੀ।

ਇਸ ਤੋਂ ਸਪਸ਼ਟ ਕਿ ਰਾਜਾ ਵੜਿੰਗ ਇੰਦਰਾ ਗਾਂਧੀ ਦੇ ਆਗੀਅਨ ਪੁੱਤਰ ਦੀ ਸਿਆਸਤ ਖੇਡ ਰਿਹਾ ਹੈ ਜੋ ਪੰਜਾਬ ਤੇ ਸਿਖ ਪੰਥ ਵਿਰੋਧੀ ਹੈ।ਇਕ ਖਿਤੇ ਦੀ ਸਿਆਸਤ ,ਸਭਿਆਚਾਰ ਨੂੰ ਹਜਮ ਕਰਨ ਵਾਲੀ ਹੈ।ਬੇਅੰਤ ਸਿੰਘ ਦੇ ਪੋਤਰੇ ਰਵਨੀਤ ਬਿਟੂ ਤੇ ਰਾਜਾ ਵੜਿੰਗ ਦੀ ਪੰਜਾਬ ਤੇ ਪੰਥ ਵਿਰੋਧੀ ਸੋਚ ਵਿਚ ਕੋਈ ਅੰਤਰ ਨਹੀਂ।ਰਾਜਾ ਵੜਿੰਗ ਦੀਆਂ ਪੰਜਾਬ ਵਿਰੋਧੀ ਨੀਤੀਆਂ ਕਾਰਣ ਕਾਂਗਰਸ ਪੰਜਾਬ ਵਿਚ ਪਛੜੀ ਹੈ ਜੋ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਪਖੀ ਪਾਲਿਸੀ ਕਾਰਣ ਉਭਰੀ ਸੀ।ਰਾਜਾ ਵੜਿੰਗ ਨੇ ਪੰਜਾਬ ਕਾਂਗਰਸ ਨੂੰ ਮੁੜ ਬੇਅੰਤ ਸਿੰਘ ,ਦਰਬਾਰਾ ਸਿੰਘ ਤੇ ਇੰਦਰਾ ਗਾਂਧੀ ਦੀ ਸਿਆਸਤ ਬਣਾ ਦਿਤਾ ਹੈ ਜਿਸ ਦਾ ਮੂਲ ਸਿਖ ਤੇ ਸਿਖੀ ਦਾ ਵਿਰੋਧ ਕਰਨਾ ਤੇ ਪੰਜਾਬ ਖਿਤੇ ਵਿਚੋਂ ਕਮਜ਼ੋਰ ਕਰਨਾ ਹੈ।ਅੱਜ ਇਸ ਨੀਤੀਆਂ ਕਾਰਣ ਪੰਜਾਬ ਕਾਂਗਰਸ ਦੀ ਹਾਲਤ ਬਾਦਲ ਦਲ ਤੋਂ ਵੱਖਰੀ ਨਹੀਂ ਹੈ।ਕਿਉਂ ਕਿ ਪੰਜਾਬ ਕਾਂਗਰਸ ਕੋਲ ਕੋਈ ਪੰਜਾਬ ਤੇ ਸਿਖ ਪੰਥ ਦੇ ਹਕ ਵਿਚ ਏਜੰਡਾ ਨਹੀਂ।ਹਾਈਕਮਾਂਡ ਕਾਂਗਰਸ ਵੀ ਸਿਖ ਤੇ ਪੰਜਾਬ ਵਿਰੋਧੀ ਆਰੀਆ ਸਮਾਜੀ ਨੀਤੀਆਂ ਉਪਰ ਚਲ ਰਹੀ ਹੈ।ਇਸ ਦਾ ਕਾਰਣ ਖਹਿਰਾ ਤੇ ਨਵਜੋਤ ਸਿਧੂ ਨੂੰ ਖੁਡੇ ਲਾਈਨ ਲਗਾਉਣਾ,ਸਿਮਰਨਜੀਤ ਸਿੰਘ ਮਾਨ ਨੂੰ ਸੰਗਰੂਰ ਤੋਂ ਹਰਾਉਣਾ ਹੈ।ਇਸ ਮੁਦੇ ਦੇ ਆਧਾਰ ਉਪਰ ਖਹਿਰਾ ਤੇ ਰਾਜਾ ਵੜਿੰਗ ਦਾ ਟਕਰਾਅ ਕਾਂਗਰਸ ਨੂੰ ਸਿਆਸੀ ਤੌਰ ਉਪਰ ਕਮਜ਼ੋਰ ਕਰੇਗਾ।ਰਾਜਾ ਵੜਿੰਗ ਖਹਿਰੇ ਦੇ ਉਭਾਰ ਤੋ ਖੁਸ਼ ਨਹੀਂ ਹਨ ਉਹ ਸਿਧੂ ਵਾਂਗ ਕਾਂਗਰਸ ਦੀ ਸਿਆਸਤ ਤੋਂ ਪਾਰ ਧਕਣ ਦੇ ਚਾਹਵਾਨ ਹਨ।

## ਮੋਦੀ ਦੀ ਕੇਂਦਰੀ ਨੀਤੀ ਪੰਜਾਬ ’ਚ ਪੰਜਾਬੀਆਂ ਨੂੰ ਘੱਟ ਗਿਣਤੀ ਬਣਾਉਣ ਵਾਲੀ

ਪ੍ਰਧਾਨ ਮੰਤਰੀ ਮੋਦੀ ਦੀ ਨੀਤੀ ਪੰਜਾਬ ਵਿਚ ਪੰਜਾਬੀਆਂ ਨੂੰ ਘਟ ਗਿਣਤੀ ਬਣਾਉਣ ਦੀ ਹੈ।ਆਪ ,ਕਾਂਗਰਸ,ਭਾਜਪਾ ਇਸੇ ਨੀਤੀ ਦਾ ਸਮਰਥਨ ਕਰ ਰਹੇ ਹਨ।ਜਦ ਕਿ ਹਿਮਾਚਲ ਵਿਚ ਕੋਈ ਗੈਰ ਹਿਮਾਚਲੀ ਜਮੀਨ ਨਹੀਂ ਖਰੀਦ ਸਕਦਾ ਨਾ ਵੋਟ ਬਣਾ ਸਕਦਾ ਹੈ।ਪਰ ਪੰਜਾਬ ਵਿਚ ਇਕ ਖਿਤੇ ਦੇ ਲੋਕਾਂ ਨਾਲ ਅਜਿਹਾ ਵਿਹਾਰ ਕਿਉਂ ? ਹਾਲਾਂਕਿ ਖਹਿਰਾ ਨੇ ਬਿਹਾਰੀਆਂ ਦੇ ਬਾਈਕਾਟ ਦਾ ਸੱਦਾ ਨਹੀਂ ਦਿਤਾ। ਉਸ ਨੇ ਸਿਰਫ ਏਨਾ ਕਿਹਾ ਸੀ ਕਿ ਗੈਰ ਪੰਜਾਬੀਆਂ ਨੂੰ ਪੰਜਾਬ ਵਿਚ ਵੋਟ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ ਨਾ ਜ਼ਮੀਨ ਦਾ।ਪਰ ਪ੍ਰਧਾਨ ਮੰਤਰੀ



ਵੱਲੋਂ ਇਸ ਦੇ ਗਲਤ ਅਰਥ ਕਰਕੇ ਵੋਟਾਂ ਕਾਰਨ ਧਰੁਵੀਕਰਨ ਦੀ ਖੇਡ ਖੇਡੀ ਜਾ ਰਹੀ ਹੈ।ਪੰਜਾਬ ਦੀ ਸਭਿਆਚਾਰਕ, ਭਾਸ਼ਾਈ ਸਥਿਤੀ ਦੇ ਕੁਦਰਤੀ ਪਖ ਨੂੰ ਬਦਲਣ ਦੀਆਂ ਕੋਸ਼ਿਸ਼ਾਂ ਹਨ।

ਹੁਣੇ ਜਿਹੇ ਪੰਜਾਬ ’ਚ ਸੰਗਰੂਰ ਤੋਂ ਕਾਂਗਰਸ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਦੇ ਬਿਹਾਰੀਆਂ ਦਾ ਬਾਈਕਾਟ ਕਰਨ ਵਾਲੇ ਬਿਆਨ ’ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ‘ਇੰਡੀਆ’ ਗੱਠਜੋੜ ਨੂੰ ਘੇਰਿਆ ਹੈ।ਬਿਹਾਰ ’ਚ ਇਕ ਚੋਣ ਰੈਲੀ ਵਿਚ ਉਨ੍ਹਾਂ ਨੇ ਸੁਖਪਾਲ ਸਿੰਘ ਖਹਿਰਾ ਦੇ ਬਿਆਨ ਦਾ ਜ਼ਿਕਰ ਕੀਤਾ ਅਤੇ ਗਾਂਧੀ ਪਰਿਵਾਰ ਦੀ ਇਸ ਚੁੱਪੀ ’ਤੇ ਨਿਸ਼ਾਨਾ ਸਾਧਿਆ ।ਉਨ੍ਹਾਂ ਰੈਲੀ ਦੌਰਾਨ ਕਿਹਾ ਕਿ ਇਹ ਲੋਕ ਬਿਹਾਰ ਦੇ ਮਿਹਨਤੀ ਸਾਥੀਆਂ ਦਾ ਅਪਮਾਨ ਕਰਨ ਵਿਚ ਲੱਗੇ ਹੋਏ ਹਨ।ਪੰਜਾਬ ਵਿਚ ਕਾਂਗਰਸ ਦਾ ਇਕ ਆਗੂ ਹੈ, ਜੋ ਦਿੱਲੀ ਵਿਚ ਕਾਂਗਰਸ ਦੇ ਸ਼ਾਹੀ ਪਰਿਵਾਰ ਦਾ ਖਾਸ ਵਿਅਕਤੀ ਹੈ। ਪੰਜਾਬ ਦੇ ਇਨ੍ਹਾਂ ਕਾਂਗਰਸੀ ਆਗੂਆਂ ਦਾ ਕਹਿਣਾ ਹੈ ਕਿ ਬਿਹਾਰ ਦੇ ਲੋਕਾਂ ਦਾ ਪੰਜਾਬ ਵਿਚ ਬਾਈਕਾਟ ਕੀਤਾ ਜਾਣਾ ਚਾਹੀਦਾ ਹੈ। ਇਹ ਕਾਂਗਰਸੀ ਆਗੂ ਇਸ ਤਰ੍ਹਾਂ ਬੋਲ ਰਹੇ ਹਨ ਅਤੇ ਬਿਹਾਰ ਵਿਚ ਰਾਸ਼ਟਰੀ ਜਨਤਾ ਦਲ ਦੇ ਲੋਕ ਉਨ੍ਹਾਂ ਦੇ ਨਾਲ ਇੱਥੇ ਵੋਟਾਂ ਮੰਗ ਰਹੇ ਹਨ ।ਉਹ ਕਹਿੰਦੇ ਹਨ ਕਿ ਬਿਹਾਰ ਦੇ ਲੋਕਾਂ ਨੂੰ ਪੰਜਾਬ ਵਿਚ ਨਾ ਘਰ ਖਰੀਦਣ ਦੇਣਾ ਚਾਹੀਦਾ ਹੈ ਅਤੇ ਨਾ ਹੀ ਪੰਜਾਬ ’ਚ ਬਿਹਾਰੀਆਂ ਨੂੰ ਕੋਈ ਅਧਿਕਾਰ ਦੇਣਾ ਚਾਹੀਦਾ ਹੈ । ਬਿਹਾਰੀਆਂ ਲਈ ਏਨੀ ਨਫ਼ਰਤ ਇਨ੍ਹਾਂ ਲੋਕਾਂ ਦੇ ਦਿਲ-ਦਿਮਾਗ ਵਿਚ ਭਰੀ ਹੋਈ ਹੈ ।ਕੀ ਤੁਸੀਂ ਕਾਂਗਰਸ ਦੇ ਸ਼ਾਹੀ ਪਰਿਵਾਰ ਤੋਂ ਸੁਣਿਆ ਕਿ ਉਨ੍ਹਾਂ ਦਾ ਮੰਤਰੀ ਜੋ ਬੋਲ ਰਿਹਾ ਹੈ ਉਹ ਗਲਤ ਹੈ ।

### ਬਿਹਾਰ ਦੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ ਪ੍ਰਧਾਨ ਮੰਤਰੀ : ਖਹਿਰਾ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਾਂਗਰਸੀ ਆਗੂ ਸੁਖਪਾਲ ਖਹਿਰੇ ਬਾਰੇ ਦਿੱਤੇ ਗਏ ਬਿਆਨ ’ਤੇ ਖਹਿਰਾ ਨੇ ਆਪਣਾ ਪੱਖ ਰੱਖਿਆ ਹੈ। ਉਨ੍ਹਾਂ ਨੇ ਕਿਹਾ ਕਿ ਮੋਦੀ ਬਿਹਾਰ ਦੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਮੇਰੇ ਬਿਆਨ ਨੂੰ ਤੋੜ ਮਰੋੜ ਕੇ ਪੇਸ਼ ਕੀਤੇ ਜਾ ਰਿਹਾ ਹੈ। ਮੋਦੀ ਆਪਣੀ ਵਿਆਖਿਆ ਕਰ ਰਹੇ ਹਨ।ਖਹਿਰਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਵੱਲੋਂ ਬੇਬੁਨਿਆਦ ਟਿੱਪਣੀ ਕਰਨਾ ਗਲਤ ਹੈ।ਇੱਕ ਵੀਡੀਓ ਜਾਰੀ ਕਰਦਿਆਂ ਖਹਿਰਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਇੱਕ ਰੈਲੀ ਦੌਰਾਨ ਬਿਹਾਰ ਦੇ ਲੋਕਾਂ ਨੂੰ ਭੜਕਾਉਣ ਲਈ ਮੇਰੇ ਬਿਆਨ ਨੂੰ ਤੋੜ ਮਰੋੜ ਕੇ ਦੋਸ਼ ਲਾਇਆ ਕਿ ਪੰਜਾਬ ਕਾਂਗਰਸ ਦੇ ਆਗੂ ਬਿਹਾਰ ਦੇ ਲੋਕ ਜੋ ਕਿ ਪੰਜਾਬ ਵਿੱਚ ਕੰਮ ਕਰਨ ਲਈ ਆਏ ਹਨ ਉਨ੍ਹਾਂ ਦਾ ਬਾਈਕਾਟ ਕਰਨ ਲਈ ਕਹਿ ਰਹੇ ਹਨ।

(ਬਾਕੀ ਸਫ਼ਾ 30 ’ਤੇ)

# ਚੰਡੀਗੜ੍ਹ ਦਾ ਮਸਲਾ ਲੋਕ ਸਭਾ ਚੋਣਾਂ ’ਚ ਭਖਿਆ

## ਕਾਂਗਰਸੀ ਉਮੀਦਵਾਰ ਤਿਵਾੜੀ ਵੱਲੋਂ ਮੈਨੀਫੈਸਟੋ ਜਾਰੀ ਚੰਡੀਗੜ੍ਹ ਨੂੰ ਸੂਬਾ ਬਣਾਓ

ਚੰਡੀਗੜ੍ਹ- ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ’ਤੇ ਪੰਜਾਬ ਦੇ ਅਧਿਕਾਰ ਨੂੰ ਲੈ ਕੇ ਪਿਛਲੇ ਲੰਬੇ ਸਮੇਂ ਤੋਂ ਵਿਵਾਦ ਚਲਦਾ ਆ ਰਿਹਾ ਹੈ। ਇਸੇ ਦੌਰਾਨ ਲੋਕ ਸਭਾ ਹਲਕਾ ਚੰਡੀਗੜ੍ਹ ਤੋਂ ‘ਇੰਡੀਆ’ ਗੱਠਜੋੜ ਦੇ ਉਮੀਦਵਾਰ ਮਨੀਸ਼ ਤਿਵਾੜੀ ਵੱਲੋਂ ਆਪਣੇ ਚੋਣ ਮੈਨੀਫੈਸਟੋ ਵਿੱਚ ਚੰਡੀਗੜ੍ਹ ਨੂੰ ਸੂਬੇ ਵਾਂਗ ਹੱਕ ਦੇਣ ਸਬੰਧੀ ਕੀਤੇ ਵਾਅਦੇ ’ਤੇ ਪੰਜਾਬ ਦੀ ਸਿਆਸਤ ਭਖ ਗਈ ਹੈ। ਤਿਵਾੜੀ ਦੇ ਇਸ ਐਲਾਨ ਤੋਂ ਬਾਅਦ ਬਾਦਲ ਅਕਾਲੀ ਦਲ ਤੇ ਭਾਜਪਾ ਨੇ ਇਸ ਦਾ ਵਿਰੋਧ ਕੀਤਾ ਹੈ। ਗੌਰਤਲਬ ਹੈ ਕਿ ਲੰਘੇ ਦਿਨ ਸ੍ਰੀ ਤਿਵਾੜੀ ਨੇ ਚੰਡੀਗੜ੍ਹ ਦਾ ਚੋਣ ਮੈਨੀਫੈਸਟੋ ਜਾਰੀ ਕਰਦਿਆਂ ਕਿਹਾ ਸੀ ਕਿ ਚੰਡੀਗੜ੍ਹ ਸ਼ਹਿਰ ਨੂੰ ਸੂਬੇ ਵਾਂਗ ਹੱਕ ਦੇਣ ਦਾ ਸਮਾਂ ਆ ਗਿਆ ਹੈ। ਉਨ੍ਹਾਂ ਦੇ ਇਸ ਬਿਆਨ ਤੋਂ ਬਾਅਦ ਪੰਜਾਬ ਦਾ ਸਿਆਸੀ ਮਾਹੌਲ ਗਰਮਾ ਗਿਆ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕਾਂਗਰਸ ਤੇ ‘ਆਪ’ ਦੇ ਸਾਂਝੇ ਉਮੀਦਵਾਰ ਵੱਲੋਂ ਚੰਡੀਗੜ੍ਹ ਨੂੰ ਰਾਜ ਦੇ ਹੱਕ ਦਿਵਾਉਣ ਦੇ ਐਲਾਨ ਨੇ ਦੋਵਾਂ ਪਾਰਟੀਆਂ ਦਾ ਪੰਜਾਬ ਵਿਰੋਧੀ ਚਿਹਰਾ ਬੇਨਕਾਬ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਤਿਵਾੜੀ ਨੇ ਕੇਂਦਰ ਸ਼ਾਸਤ ਪ੍ਰਦੇਸ਼ ਲਈ ਸੂਬੇ ਦੇ ਅਧਿਕਾਰ ਮੰਗ ਕੇ ਚੰਡੀਗੜ੍ਹ ’ਤੇ ਪੰਜਾਬ ਦੇ ਦਾਅਵੇ ਸਬੰਧੀ ਹੱਥ ਖੜ੍ਹੇ ਕਰ ਦਿੱਤੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਚੰਡੀਗੜ੍ਹ ਪੰਜਾਬ ਨੂੰ ਦੇਣ ਵਾਸਤੇ ਵਚਨਬੱਧ ਹੈ। ਇਸ ਟੀਚੇ ਦੀ ਪ੍ਰਾਪਤੀ ਲਈ ਜੇਕਰ ਸੰਘਰਸ਼ ਦੀ ਲੋੜ ਪਈ ਤਾਂ ਉਹ ਵੀ ਵਿੱਢਿਆ ਜਾਵੇਗਾ।ਉਨ੍ਹਾਂ ਕਿਹਾ ਕਿ ਕਿਹਾ ਕਿ ‘ਆਪ’ ਸਰਕਾਰ ਪੰਜਾਬ ਦੇ ਦਰਿਆਈ ਪਾਣੀ ਹਰਿਆਣਾ ਤੇ ਦਿੱਲੀ ਨੂੰ ਦੇਣ ਵਾਸਤੇ ਤਿਆਰ ਹੈ। ਮੁੱਖ ਮੰਤਰੀ ਭਗਵੰਤ ਮਾਨ ਨਹਿਰੀ ਪਟਵਾਰੀਆਂ ’ਤੇ ਦਬਾਅ ਬਣਾ ਰਹੇ ਹਨ ਕਿ ਉਹ ਜਾਅਲੀ ਐਂਟਰੀਆਂ ਪਾਉਣ ਕਿ ਨਹਿਰੀ ਪਾਣੀ ਪੰਜਾਬ ਦੇ ਹਰ ਖੇਤ ਤੱਕ ਪਹੁੰਚਦਾ ਹੈ ਤੇ ਪੰਜਾਬ ਕੋਲ ਸਿੰਜਾਈ ਵਾਸਤੇ ਵਾਧੂ ਨਹਿਰੀ ਪਾਣੀ ਹੈ। ਇਹ ਰਿਪੋਰਟ ਸੁਪਰੀਮ ਕੋਰਟ ਵਿਚ ਸੌਂਪ ਕੇ ਅਦਾਲਤੀ ਹੁਕਮ ਰਾਹੀਂ ਐੱਸਵਾਈਐੱਲ ਨਹਿਰ ਦੀ ਉਸਾਰੀ ਦਾ ਰਾਹ ਪੱਧਰਾ ਕੀਤਾ ਜਾਵੇਗਾ ਪਰ ਅਕਾਲੀ ਦਲ ਇਸ ਸਾਜ਼ਿਸ਼ ਦਾ ਵਿਰੋਧ ਕਰੇਗਾ।

ਦੂਜੇ ਪਾਸੇ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ‘ਚੰਡੀਗੜ੍ਹ ਪੰਜਾਬ ਦਾ ਸੀ, ਪੰਜਾਬ ਦਾ ਹੈ ਤੇ ਸਦਾ ਪੰਜਾਬ ਦਾ ਹੀ ਰਹੇਗਾ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਨੇ ਚੰਡੀਗੜ੍ਹ ਨੂੰ ‘ਸਿਟੀ-ਸਟੇਟ’ ਬਣਾਉਣ ਦਾ ਐਲਾਨ ਕਰਕੇ ਪੰਜਾਬ ਦੇ ਦਾਅਵੇ ਨੂੰ ਕਮਜ਼ੋਰ ਕਰਨ ਦੇ ਪਾਰਟੀ ਏਜੰਡੇ ਨੂੰ ਜ਼ਾਹਿਰ ਕੀਤਾ ਹੈ। ਜਾਖੜ ਨੇ ਇਸ ਮੁੱਦੇ ’ਤੇ ਪੰਜਾਬ ਕਾਂਗਰਸ ਨੂੰ ਆਪਣਾ ਸਟੈਂਡ ਸਪਸ਼ਟ ਕਰਨ ਦੀ ਅਪੀਲ ਕੀਤੀ।ਜਾਖੜ ਨੇ ਕਿਹਾ ਕਿ ਨਾ ਤਾਂ ਕਾਂਗਰਸ ਹਾਈ ਕਮਾਂਡ ਤੇ ਉਸ ਦੇ ਆਗੂਆਂ ਵਿਚ ਕੋਈ ਇੱਕਸੁਰਤਾ ਹੈ ਤੇ ਨਾ ਹੀ ?ਕਾਂਗਰਸ ਪਾਰਟੀ ਵਿਚ ਨੀਤੀ ਤੇ ਫੈਸਲੇ ਲੈਣ ਵਿਚ ਕੋਈ ਤਾਲਮੇਲ ਹੈ। ਸੁਨੀਲ ਜਾਖੜ ਨੇ ਕਿਹਾ ਕਿ ਕਾਂਗਰਸ ਨੇ ਅੰਬਿਕਾ ਸੋਨੀ, ਸੈਮ ਪਿਤਰੋਦਾ ਤੇ ਹੋਰਾਂ ਵਰਗੇ ਆਗੂਆਂ ਤੋਂ ਆਪਣੀਆਂ ਨੀਤੀਆਂ ਆਊਟਸੋਰਸ ਕੀਤੀਆਂ ਹਨ, ਜੋ ਖੁਦ ਪੰਜਾਬ ਤੇ ਹੋਰ ਥਾਵਾਂ ’ਤੇ ਜ਼ਮੀਨੀ ਹਕੀਕਤਾਂ ਤੋਂ ਕੋਰੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਦੀ ਪੰਜਾਬ ਤੋਂ ਚੰਡੀਗੜ੍ਹ ਨੂੰ ਦੂਰ ਕਰਨ ਦੀ ਨੀਤੀ ਦਾ ਭਾਜਪਾ ਹਰ ਫਰੰਟ ਉੱਤੇ ਵਿਰੋਧ ਜਾਰੀ ਰੱਖੇਗੀ।

(ਬਾਕੀ ਸਫ਼ਾ 30 ’ਤੇ)

## ਦਰਪਣ ਝੂਠ ਨਹੀਂ ਬੋਲਦਾ

# ਭਾਰਤ ਦੀਆਂ ਸਰਕਾਰੀ ਏਜੰਸੀਆਂ ਦੀ ਦਹਿਸ਼ਤ ਉੱਪਰ ਸੁਪਰੀਮ ਕੋਰਟ ਦਾ ਸਖ਼ਤ ਪ੍ਰਤੀਕਰਮ !

## ਸੁਪਰੀਮ ਕੋਰਟ ਦਾ ਹੁਕਮ: ਯੂ.ਏ.ਪੀ.ਏ. ਤਹਿਤ ਗ੍ਰਿਫ਼ਤਾਰੀ ਦਾ ਆਧਾਰ ਦੱਸਣਾ ਜ਼ਰੂਰੀ ਤੇ ਕਾਨੂੰਨੀ ਸਲਾਹ ਲੈਣ ਦਾ ਮੌਕਾ ਦੇਵੋ

ਸੁਪਰੀਮ ਕੋਰਟ ਨੇ ਗੈਰਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਦੇ ਤਹਿਤ ਗ੍ਰਿਫ਼ਤਾਰੀਆਂ ਦੇ ਮਾਮਲੇ ਵਿੱਚ ਮਹੱਤਵਪੂਰਨ ਸੁਰੱਖਿਆ ਪ੍ਰਦਾਨ ਕੀਤੀ ਹੈ। ਕਿਹਾ ਜਾ ਸਕਦਾ ਹੈ ਕਿ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀ.ਐਮ.ਐਲ.ਏ.) ਦੇ ਸਬੰਧ ਵਿੱਚ ਅਦਾਲਤ ਵੱਲੋਂ ਪਿਛਲੇ ਅਕਤੂਬਰ ਵਿੱਚ ਦਿੱਤੀ ਗਈ ਸੁਰੱਖਿਆ ਨੂੰ ਹੁਣ ਯੂ.ਏ.ਪੀ.ਏ. ਕੇਸਾਂ ਤੱਕ ਵੀ ਵਧਾ ਦਿੱਤਾ ਗਿਆ ਹੈ। ਅਰਥਾਤ ਇਸ ਕਾਨੂੰਨ ਤਹਿਤ ਕਿਸੇ ਨੂੰ ਗ੍ਰਿਫ਼ਤਾਰ ਕਰਦੇ ਸਮੇਂ ਉਸ ਨੂੰ ਗ੍ਰਿਫ਼ਤਾਰੀ ਦਾ ਆਧਾਰ ਦੱਸਣਾ ਹੋਵੇਗਾ ਅਤੇ ਉਸ ਨੂੰ ਕਾਨੂੰਨੀ ਸਲਾਹ ਲੈਣ ਦਾ ਮੌਕਾ ਪ੍ਰਦਾਨ ਕਰਨਾ ਹੋਵੇਗਾ। ਨਿਊਜ਼ ਕਲਿੱਕ ਵੈੱਬਸਾਈਟ ਦੇ ਸੰਸਥਾਪਕ ਸੰਪਾਦਕ ਪ੍ਰਵੀਰ ਪੁਰਕਾਯਸਥ ਦੀ ਗ੍ਰਿਫ਼ਤਾਰੀ ਵੇਲੇ ਇਨ੍ਹਾਂ ਦੋਵਾਂ ਸ਼ਰਤਾਂ ਦਾ ਪਾਲਣ ਨਹੀਂ ਕੀਤਾ ਗਿਆ ਸੀ, ਇਸ ਲਈ ਸੁਪਰੀਮ ਕੋਰਟ ਨੇ ਉਸ ਦੀ ਗ੍ਰਿਫ਼ਤਾਰੀ ਨੂੰ ਗ਼ੈਰ-ਕਾਨੂੰਨੀ ਕਰਾਰ ਦਿੱਤਾ ਸੀ। ਇਸ ਫ਼ੈਸਲੇ ਤੋਂ ਬਾਅਦ ਪੁਰਕਾਯਸਥ ਨੂੰ ਬੀਤੇ ਦਿਨੀਂ ਨਵੀਂ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ ਸੀ। ਅਦਾਲਤ ਨੇ ਕਿਹਾ ਸੀ ਕਿ ਪੁਰਕਾਇਸਥ ਨੂੰ ਗ੍ਰਿਫ਼ਤਾਰ ਕਰਨ ਤੋਂ ਪਹਿਲਾਂ ਰਿਮਾਂਡ ਦੀ ਅਰਜ਼ੀ ਦੀ ਕਾਪੀ ਉਸ ਨੂੰ ਜਾਂ ਉਸ ਦੇ ਵਕੀਲ ਨੂੰ ਦਿੱਤੀ ਜਾਣੀ ਚਾਹੀਦੀ ਸੀ ਅਤੇ ਉਸ ਨੂੰ ਦੱਸਿਆ ਜਾਣਾ ਚਾਹੀਦਾ ਸੀ ਕਿ ਉਸ ਨੂੰ ਕਿਸ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ। ਅਦਾਲਤ ਨੇ ਕਿਹਾ ਕਿ ਸਿਰਫ਼ ਗ੍ਰਿਫ਼ਤਾਰੀ ਦਾ ਕਾਰਨ ਦੱਸਣਾ ਕਾਫ਼ੀ ਨਹੀਂ ਹੈ। ਇਸ ਦਾ ਆਧਾਰ ਵੀ ਦੱਸਣਾ ਹੋਵੇਗਾ। ਸਬੰਧਿਤ ਵਿਅਕਤੀ ਨੂੰ ਕਾਨੂੰਨੀ ਸਲਾਹ ਲੈਣ ਦਾ ਮੌਕਾ ਪ੍ਰਦਾਨ ਕਰਨਾ ਹੋਵੇਗਾ।




ਅਦਾਲਤ ਨੇ ਕਿਹਾ ਕਿ ਜੇਕਰ ਇਸ ਮਾਮਲੇ ਵਿੱਚ ਚਾਰਜਸ਼ੀਟ ਦਾਇਰ ਨਾ ਕੀਤੀ ਗਈ ਹੁੰਦੀ ਤਾਂ ਉਹ ਪੁਰਕਾਯਸਥ ਦੀ ਬਿਨਾਂ ਸ਼ਰਤ ਰਿਹਾਈ ਦਾ ਹੁਕਮ ਦਿੰਦੀ ਪਰ ਜਦੋਂ ਤੋਂ ਚਾਰਜਸ਼ੀਟ ਦਾਇਰ ਕੀਤੀ ਗਈ ਹੈ, ਉਸ ਨੂੰ 1 ਲੱਖ ਰੁਪਏ ਦਾ ਜ਼ਮਾਨਤੀ ਬਾਂਡ ਭਰਨ ਦਾ ਹੁਕਮ ਦਿੱਤਾ ਗਿਆ ਸੀ। ਪੁਰਕਾਯਸਥ ਨੂੰ ਦਿੱਲੀ ਪੁਲਿਸ ਨੇ ਬੀਤੀ 3 ਅਕਤੂਬਰ ਨੂੰ ਗ੍ਰਿਫ਼ਤਾਰ ਕੀਤਾ ਸੀ। ਗ੍ਰਿਫ਼ਤਾਰੀ ਤੋਂ ਪਹਿਲਾਂ ਨਿਊਜ਼ ਕਲਿੱਕ ਦੇ ਦਫ਼ਤਰ ਅਤੇ ਕਈ ਕਰਮਚਾਰੀਆਂ ਦੇ ਘਰਾਂ 'ਤੇ ਛਾਪੇਮਾਰੀ ਕੀਤੀ ਗਈ ਸੀ। ਦੋਸ਼ ਹੈ ਕਿ ਨਿਊਜ਼ਕਲਿੱਕ ਨੇ ਇੱਕ ਅਮਰੀਕੀ ਨਾਗਰਿਕ ਤੋਂ ਚੰਦਾ ਲਿਆ, ਜੋ ਚੀਨ ਪੱਖੀ ਪ੍ਰਚਾਰ ਕਰ ਰਿਹਾ ਸੀ । ਅਗਸਤ 2023 ਵਿੱਚ, ਅਮਰੀਕੀ ਅਖਬਾਰ ਨਿਊਯਾਰਕ ਟਾਈਮਜ਼ ਨੇ ਦਾਅਵਾ ਕੀਤਾ ਸੀ ਕਿ ਅਮਰੀਕੀ ਅਰਬਪਤੀ ਨੇਵਿਲ ਰਾਏ ਸਿੰਘਮ ਨੇ ਚੀਨੀ ਪ੍ਰਚਾਰ ਨੂੰ ਫ਼ੈਲਾਉਣ ਲਈ ਕਈ ਸੰਸਥਾਵਾਂ ਦੇ ਨਾਲ ਨਿਊਜ਼ਕਲਿਕ ਨੂੰ ਪੈਸਾ ਦਾਨ ਕੀਤਾ ਸੀ। ਇਸ ਰਿਪੋਰਟ ਦੇ ਆਧਾਰ 'ਤੇ ਨਿਊਜ਼ ਕਲਿੱਕ 'ਤੇ ਛਾਪੇਮਾਰੀ ਕੀਤੀ ਗਈ ਅਤੇ ਪੁਰਕਾਇਸਥ ਨੂੰ ਯੂ.ਏ.ਪੀ.ਏ. ਦੇ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਈ.ਡੀ. ਨੇ ਫ਼ਰਵਰੀ 2021 ਵਿਚ ਵੀ ਨਿਊਜ਼ ਕਲਿੱਕ ਦੇ ਖ਼ਿਲਾਫ਼ ਛਾਪੇਮਾਰੀ ਕੀਤੀ ਸੀ। ਸੁਪਰੀਮ ਕੋਰਟ ਦਾ ਈ.ਡੀ. ਬਾਰੇ ਕਰੜਾ ਫ਼ੈਸਲਾ ਹੈ ਕਿ ਜਦੋਂ ਕੋਈ ਵਿਸ਼ੇਸ਼ ਅਦਾਲਤ ਕਾਲੇ ਧਨ ਦੇ ਕਿਸੇ ਕੇਸ ਦਾ ਨੋਟਿਸ ਲੈ ਚੁੱਕੀ ਹੋਵੇ ਤਾਂ ਈ.ਡੀ. ਕਿਸੇ ਮੁਲਜ਼ਮ ਨੂੰ ਕਾਲੇ ਧਨ ਦੀ ਰੋਕਥਾਮ ਬਾਰੇ ਕਾਨੂੰਨ (ਪੀ.ਐਮ.ਐਲ.ਏ.) ਦੀ ਧਾਰਾ 19 ਤਹਿਤ ਗ੍ਰਿਫ਼ਤਾਰ ਨਹੀਂ ਕਰ ਸਕਦੀ। ਬੈਂਚ ਨੇ ਇਹ ਦਰਜ ਕੀਤਾ ਸੀ ਕਿ ਜਦੋਂ ਕੋਈ ਮੁਲਜ਼ਮ ਸੰਮਨਾਂ ਦੀ ਤਾਮੀਲ ਕਰਦੇ ਹੋਏ ਕਿਸੇ ਜੱਜ ਦੇ ਸਾਹਮਣੇ ਪੇਸ਼ ਹੁੰਦਾ ਹੈ ਤਾਂ ਈ.ਡੀ. ਨੂੰ ਉਸ ਦੀ ਹਿਰਾਸਤ ਲਈ ਸਬੰਧਿਤ ਅਦਾਲਤ ਵਿੱਚ ਅਰਜ਼ੀ ਦੇਣੀ ਪਵੇਗੀ। (ਬਾਕੀ ਸਫ਼ਾ 30 'ਤੇ)

# ਬਸਪਾ ਦੀ ਚੰਡੀਗੜ੍ਹ ਤੋਂ ਉਮੀਦਵਾਰ ਕਿਸਾਨਾਂ ਤੇ ਦੱਬੇ ਕੁਚਲਿਆਂ ਲਈ ਰਹੀ ਸੰਘਰਸ਼ਸ਼ੀਲ

## ਕ੍ਰਾਂਤੀਕਾਰੀ ਸੋਚ ਕਾਰਨ ਦੌਲਤ ਰਾਮ ਕਾਲਜ 'ਚੋਂ ਐਡਹਾਕ ਲੈਕਚਰਾਰ ਵਜੋਂ ਹਟਾਇਆ ਗਿਆ

ਡਾਕਟਰ ਰਿਤੂ ਸਿੰਘ, ਜੋ ਦਿੱਲੀ ਯੂਨੀਵਰਸਿਟੀ ਦੇ ਦੌਲਤ ਰਾਮ ਕਾਲਜ ਵਿੱਚ ਐਡਹਾਕ ਮਨੋਵਿਗਿਆਨ ਦੀ ਲੈਕਚਰਾਰ ਸੀ, ਨੇ 2020 ਵਿੱਚ ਪ੍ਰਿੰਸੀਪਲ 'ਤੇ ਜਾਤੀ ਦੇ ਆਧਾਰ 'ਤੇ ਉਸ ਨੂੰ ਹਟਾਉਣ ਦਾ ਦੋਸ਼ ਲਾਇਆ ਸੀ। ਡਾਕਟਰ ਰੀਤੂ ਸਿੰਘ ਨੇ ਕਾਨੂੰਨੀ ਲੜਾਈ ਲੜੀ ਸੀ।

ਬੀਤੇ ਦਿਨੀਂ ਬਸਪਾ ਨੇ ਲੋਕ ਸਭਾ ਚੋਣਾਂ 2024 ਲਈ ਚੰਡੀਗੜ੍ਹ ਤੋਂ ਮਹਿਲਾ ਸ਼ਕਤੀਕਰਨ ਵਿੱਚ ਭਰੋਸਾ ਪ੍ਰਗਟਾਉਂਦਿਆਂ ਦਿੱਲੀ ਦੀ ਸਾਬਕਾ ਪ੍ਰੋਫ਼ੈਸਰ ਡਾ. ਰਿਤੂ ਸਿੰਘ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਸੀ। ਚੰਡੀਗੜ੍ਹ ਤੋਂ ਬਸਪਾ ਉਮੀਦਵਾਰ ਡਾ. ਰਿਤੂ ਸਿੰਘ ਨੇ ਕਿਹਾ ਕਿ ਲੋਕ ਕਾਂਗਰਸ ਦਾ ਰਾਜ ਦੇਖ ਚੁੱਕੇ ਹਨ ਅਤੇ ਪਿਛਲੇ 10 ਸਾਲਾਂ ਵਿੱਚ ਭਾਜਪਾ ਦਾ ਵੀ। ਉਹ ਬਸਪਾ ਵੱਲੋਂ ਗਰੀਬ ਤੇ ਪੱਛੜੇ ਵਰਗ ਦੇ ਨਾਲ-ਨਾਲ ਆਮ ਲੋਕਾਂ ਦੀ ਆਵਾਜ਼ ਬੁਲੰਦ ਕਰਨ ਲਈ ਚੋਣ ਲੜ ਰਹੀ ਹੈ। ਉਨ੍ਹਾਂ ਕਿਹਾ ਕਿ ਉਹ ਸਿੱਖਿਆ, ਸਿਹਤ, ਕਲੋਨੀਆਂ ਵਿੱਚ ਮਾਲਕਾਨਾ ਹੱਕ ਅਤੇ ਸਟ੍ਰੀਟ ਵੈਂਡਰਾਂ ਦੇ ਮੁੱਦਿਆਂ ਨੂੰ ਪਹਿਲ ਦੇ ਆਧਾਰ 'ਤੇ ਚੁੱਕਣਗੇ। ਇਸ ਤੋਂ ਇਲਾਵਾ ਕਿਸਾਨਾਂ-ਮਜ਼ਦੂਰਾਂ, ਔਰਤਾਂ ਦੀ ਸੁਰੱਖਿਆ, ਮਹਿੰਗਾਈ, ਬੇਰੁਜ਼ਗਾਰੀ ਦੇ ਮੁੱਦਿਆਂ 'ਤੇ ਆਪਣੀ ਆਵਾਜ਼ ਬੁਲੰਦ ਕਰਨਗੇ।

ਜ਼ਿਕਰਯੋਗ ਹੈ ਕਿ ਰੀਤੂ ਸਿੰਘ ਭਾਰਤੀ ਦਲਿਤ ਅਧਿਕਾਰ ਕਾਰਕੁਨ ਹੈ। ਉਹ ਯੂਨੀਵਰਸਿਟੀ ਵਿੱਚ ਐਡਹਾਕ ਲੈਕਚਰਾਰ ਰਹਿ ਚੁਕੀ ਹੈ। ਦਿੱਲੀ ਯੂਨੀਵਰਸਿਟੀ ਦੇ ਮਨੋਵਿਗਿਆਨ ਵਿਭਾਗ ਤੋਂ ਆਪਣੀ ਪੀਐਚਡੀ ਪੂਰੀ ਕਰਨ ਦੇ ਇੱਕ ਮਹੀਨੇ ਬਾਅਦ, ਦੌਲਤ ਰਾਮ ਕਾਲਜ ਵਿੱਚ ਐਸ.ਸੀ. ਸ਼੍ਰੇਣੀ ਵਿੱਚ ਇੱਕ ਐਡਹਾਕ ਅਸਾਮੀ ਆਈ, ਜਿਸ ਲਈ ਉਸਨੇ ਅਪਲਾਈ ਕੀਤਾ ਸੀ ਅਤੇ ਸਿਲੈਕਸ਼ਨ ਹੋਣ ਤੋਂ ਬਾਅਦ, ਉਸਨੇ ਸਹਾਇਕ ਪ੍ਰੋਫ਼ੈਸਰ ਵਜੋਂ ਪੜ੍ਹਾਉਣਾ ਸ਼ੁਰੂ ਕਰ ਦਿੱਤਾ ਸੀ। ਅਗਸਤ 2019 ਤੋਂ ਅਗਸਤ 2020 ਤੱਕ, ਉਸਨੇ ਕਾਲਜ ਵਿੱਚ ਪੜ੍ਹਾਇਆ ਸੀ। ਪਰ 2020 ਵਿੱਚ ਉਸ ਨੂੰ ਕਾਲਜ ਵਿੱਚੋਂ ਕੱਢ ਦਿੱਤਾ ਗਿਆ ਸੀ। ਰੀਤੂ ਸਿੰਘ ਦਾ ਦੋਸ਼ ਹੈ ਕਿ ਉਸ ਨੂੰ ਜਾਤੀ ਦੇ ਆਧਾਰ 'ਤੇ ਹਟਾਇਆ ਗਿਆ ਸੀ। ਇੱਕ ਸਾਲ (2019 ਤੋਂ 2020) ਦੌਰਾਨ ਜਦੋਂ ਉਹ ਕਾਲਜ ਵਿੱਚ ਪੜ੍ਹਾਉਂਦੀ ਸੀ ਤਾਂ ਕਾਲਜ ਦੀ ਪ੍ਰਿੰਸੀਪਲ ਡਾ. ਸਵਿਤਾ ਰਾਏ ਨੇ ਉਸ ਨਾਲ ਜਾਤੀ ਦੇ ਆਧਾਰ 'ਤੇ ਵਿਤਕਰਾ ਕਰਦੀ ਰਹੀ ਸੀ। ਡਾ: ਰੀਤੂ ਸਿੰਘ ਨੇ ਖੁਦ ਦੱਸਿਆ ਕਿ ਮੈਂ ਪਰੇਸ਼ਾਨ ਹੋ ਕੇ ਕਾਲਜ ਦੇ ਬਾਹਰ ਧਰਨੇ 'ਤੇ ਬੈਠ ਗਈ। ਮੇਰੇ ਕੋਲ ਕੋਈ ਬਦਲ ਨਹੀਂ ਬਚਿਆ, ਕੋਈ ਕਿੰਨਾ ਕੁ ਬਰਦਾਸ਼ਤ ਕਰ ਸਕਦਾ ਹੈ ?



ਰਿਤੂ ਸਿੰਘ ਨੇ ਇਸ ਕਾਰਨ ਰੋਸ ਵਜੋਂ ਕਾਲਜ ਦੇ ਬਾਹਰ ਧਰਨਾ ਦਿੱਤਾ ਸੀ ਜੋ ਕਿ ਦਸ ਦਿਨਾਂ ਤੋਂ ਵੱਧ ਸਮਾਂ ਚੱਲਿਆ। ਰਿਤੂ ਸਿੰਘ ਦੇ ਅੰਦੋਲਨ ਵਿੱਚ ਨਿਹੰਗ ਸਿੰਘ ਜਥੇਬੰਦੀਆਂ, ਦਿੱਲੀ ਦੀਆਂ ਸੰਗਤਾਂ, ਦਲਿਤ ਭਾਈਚਾਰੇ ਨੇ ਸਾਥ ਦਿਤਾ ਸੀ,ਪਰ ਕੋਵਿਡ ਦਿਸ਼ਾ-ਨਿਰਦੇਸ਼ਾਂ ਕਾਰਨ ਉਸ ਨੂੰ ਵਿਰੋਧ ਛੱਡਣਾ ਪਿਆ ਸੀ। ਉਸ ਤੋਂ ਬਾਅਦ ਕਾਨੂੰਨੀ ਲੜਾਈ ਲੜੀ।

ਰਿਤੂ ਸਿੰਘ ਨੇ ਕਿਹਾ ਸੀ ਕਿ ਜਾਤੀਗਤ ਕਤਲ ਪਹਿਲਾਂ ਹੀ ਹੋ ਰਹੇ ਸਨ। ਰੋਹਿਤ ਵੇਮੁਲਾ, ਪਾਇਲ ਤਡਵੀ ਵਰਗੇ ਮਾਮਲੇ ਗਵਾਹ ਹਨ। ਡਾਕਟਰ ਰਿਤੂ ਸਿੰਘ ਦਾ ਕਹਿਣਾ ਹੈ ਕਿ ਜਦੋਂ ਇਹ ਮਾਮਲਾ ਅਦਾਲਤ ਵਿੱਚ ਪਹੁੰਚਿਆ ਤਾਂ ਅਦਾਲਤ ਵੱਲੋਂ ਪ੍ਰਿੰਸੀਪਲ ਨੂੰ ਸਖ਼ਤ ਸਵਾਲ ਕੀਤੇ ਗਏ ਸਨ ਪਰ ਇਸ ਦੌਰਾਨ ਪ੍ਰਿੰਸੀਪਲ ਵੱਲੋਂ ਅਦਾਲਤ ਵਿੱਚ ਇੱਕ ਪੱਤਰ ਪੇਸ਼ ਕੀਤਾ ਗਿਆ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ ਵਿਦਿਆਰਥੀ ਡਾ: ਰੀਤੂ ਸਿੰਘ ਤੋਂ ਨਾਖੁਸ਼ ਹਨ। ਉਹ ਕਲਾਸ ਵਿੱਚ ਪੜ੍ਹਾਉਣ ਦੀ ਥਾਂ ਭੜਕਾਊ ਭਾਸ਼ਣ ਦਿੰਦੀ ਹੈ।

ਇਹ ਮਾਮਲਾ ਹਾਈ ਕੋਰਟ ਦੇ ਨਾਲ-ਨਾਲ ਐਸ.ਸੀ. ਕਮਿਸ਼ਨ ਕੋਲ ਵੀ ਗਿਆ। ਪ੍ਰਿੰਸੀਪਲ ਨੇ ਐਸ.ਸੀ. ਕਮਿਸ਼ਨ ਨੂੰ 35 ਬੱਚਿਆਂ ਦੇ ਦਸਤਖਤ ਵਾਲਾ ਝੂਠੀ ਸ਼ਿਕਾਇਤ ਦੇ ਰੂਪ ਵਿੱਚ ਪੱਤਰ ਵੀ ਸੌਂਪਿਆ ਜਿਸ ਵਿੱਚ ਕਿਹਾ ਗਿਆ ਸੀ ਕਿ ਵਿਦਿਆਰਥੀ ਖੁਸ਼ ਨਹੀਂ ਹਨ। ਜਦੋਂ ਕਿ ਬਾਅਦ ਵਿੱਚ ਕੀਤੀ ਗਈ ਜਾਂਚ ਵਿੱਚ ਸਾਹਮਣੇ ਆਇਆ ਕਿ ਡਾ: ਰੀਤੂ ਸਿੰਘ ਨੇ ਕਦੇ ਵੀ 35 ਵਿਦਿਆਰਥੀਆਂ ਨੂੰ ਪੜ੍ਹਾਇਆ ਹੀ ਨਹੀਂ ਸੀ, ਜਿਨ੍ਹਾਂ ਦੇ ਦਸਤਖਤ ਪੱਤਰ ਪੇਸ਼ ਕੀਤੇ ਗਏ ਸਨ। ਰਿਤੂ ਦਾ ਕਹਿਣਾ ਸੀ ਕਿ ਜਦੋਂ ਜਾਂਚ ਅਧਿਕਾਰੀ ਨੇ ਜਾਂਚ ਕੀਤੀ ਤਾਂ ਸਾਹਮਣੇ ਆਇਆ ਕਿ ਪੂਰੇ ਕਾਲਜ ਵਿੱਚ ਉਹ 35 ਵਿਦਿਆਰਥੀ ਨਹੀਂ ਮਿਲੇ, ਜਿਨ੍ਹਾਂ ਨੂੰ ਮੇਰੇ ਵੱਲੋਂ ਪੜ੍ਹਾਇਆ ਗਿਆ ਸੀ ਅਤੇ ਫ਼ਿਰ ਇਸ ਮਾਮਲੇ ਵਿੱਚ ਚਾਰਜਸ਼ੀਟ ਤਿਆਰ ਕੀਤੀ ਗਈ। ਪਰ ਪ੍ਰਿੰਸੀਪਲ ਵਿਰੁੱਧ ਕਾਰਵਾਈ ਕਰਨਾ ਤਾਂ ਦੂਰ ਦੀ ਗਲ ਸੀ, ਇਸ ਦੇ ਉਲਟ ਡਾ: ਸਵਿਤਾ ਰਾਏ ਪ੍ਰਿੰਸੀਪਲ ਐਸੋਸੀਏਸ਼ਨ ਦੀ ਜਨਰਲ ਸਕੱਤਰ ਬਣਾ ਦਿਤੀ ਗਈ।

ਡਾਕਟਰ ਰਿਤੂ ਸਿੰਘ ਨੇ ਕਿਸਾਨੀ ਸੰਘਰਸ਼ ਦਾ ਦਿੱਲੀ ਵਿਖੇ ਸਿੰਧੂ ਬਾਰਡਰ ਉਪਰ ਸਮਰਥਨ ਕੀਤਾ ਸੀ। ਉਸਦਾ ਕਹਿਣਾ ਸੀ ਕਿ ਕਿਸਾਨਾਂ ਨੇ ਬਹੁਤ ਸਾਰੇ ਲੋਕਾਂ ਨੂੰ ਜਗਾਇਆ ਹੈ ਜੋ ਸੁੱਤੇ ਪਏ ਸਨ,' ਡਾਕਟਰ ਰਿਤੂ ਸਿੰਘ ਅਨੁਸਾਰ ਕਿਸਾਨਾਂ ਨੇ ਉਨ੍ਹਾਂ ਲੋਕਾਂ ਨੂੰ ਜਗਾਇਆ ਹੈ।

# ਕੀ ਸੁਖਬੀਰ ਬਾਦਲ ਅਕਾਲੀ ਦਲ ਦਾ ਵਜੂਦ ਤੇ ਪੰਜਾਬ ਦੀ ਖ਼ੁਦਮੁਖ਼ਤਿਆਰੀ ਦਾ ਅਕਾਲੀ ਸਿਧਾਂਤ ਬਚਾ ਸਕਣਗੇ ?

## ਸੁਖਬੀਰ ਦਾ ਬਿਆਨ ਵੱਡੇ ਬਾਦਲ ਨੇ 15 ਸਾਲ ਜੇਲ੍ਹ ਕੱਟੀ

## ਜਥੇਦਾਰ ਭੌਰ, ਸੀਨੀ. ਪੱਤਰਕਾਰ ਸੁਖਦੇਵ ਸਿੰਘ ਨੇ ਸਬੂਤ ਪੇਸ਼ ਕਰਨ ਲਈ ਕਿਹਾ

ਕੁਝ ਚੋਣਵੀਂ ਅਕਾਲੀ ਲੀਡਰਸ਼ਿਪ ਦਾ ਭਾਜਪਾ ਵਿੱਚ ਸ਼ਾਮਲ ਹੋਣ ਕਰਕੇ ਅਕਾਲੀ ਦਲ ਲਈ ਵੱਡਾ ਸਿਆਸੀ ਸੰਕਟ ਪੈਦਾ ਹੋ ਗਿਆ ਹੈ। ਇਸ ਕਾਰਨ ਬਾਦਲ ਦੀ ਲੀਡਰਸ਼ਿਪ ਦੇ ਨਿਸ਼ਾਨੇ ਉੱਪਰ ਭਾਜਪਾ ਹੈ। ਅਕਾਲੀ ਦਲ ਦੀ ਹਾਈਕਮਾਂਡ ਲੀਡਰਸ਼ਿਪ ਭਾਜਪਾ ਨੂੰ ਪੰਥ ਤੇ ਕਿਸਾਨ ਵਿਰੋਧੀ ਦਸ ਰਹੀ ਹੈ। ਦੋਸ਼ ਲਗਾ ਰਹੀ ਹੈ ਕਿ ਭਾਜਪਾ ਪੰਥਕ ਸੰਸਥਾਵਾਂ ਉੱਪਰ ਕਬਜ਼ਾ ਕਰਕੇ ਪੰਥ ਦਾ ਵੱਡਾ ਨੁਕਸਾਨ ਕਰੇਗੀ। ਸੁਖਬੀਰ ਬਾਦਲ ਦੀ ਗੈਰ ਸਿਆਸੀ ਤੇ ਗੈਰ ਜਮਹੂਰੀ ਪਹੁੰਚ ਕਾਰਨ ਪਹਿਲਾਂ ਢੀਂਡਸਾ ਪਰਿਵਾਰ ਘਰ ਬੈਠ ਗਿਆ, ਫ਼ਿਰ ਸਿੰਕਦਰ ਸਿੰਘ ਮਲੂਕਾ ਬਾਦਲ ਪਰਿਵਾਰ ਤੋਂ ਨਾਰਾਜ਼ ਚੁੱਪ ਧਾਰੀ ਬੈਠੇ ਹਨ। ਇਸ ਨਰਾਜ਼ਗੀ ਕਾਰਨ ਮਲੂਕਾ ਪਰਿਵਾਰ ਦਾ ਬੇਟਾ ਤੇ ਨੂੰਹ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ। ਸਿੰਕਦਰ ਸਿੰਘ ਮਲੂਕਾ ਦੀ ਨੂੰਹ ਪਰਮਪਾਲ ਕੌਰ ਭਾਜਪਾ ਵੱਲੋਂ ਬਠਿੰਡਾ ਤੋਂ ਉਮੀਦਵਾਰ ਹੈ। ਉਨ੍ਹਾਂ ਨੂੰ ਇਤਰਾਜ਼ ਹੈ ਕਿ ਮਲੂਕਾ ਪਰਿਵਾਰ ਨੇ ਸਿਆਸੀ ਤੌਰ ਉੱਪਰ ਬਾਦਲ ਪਰਿਵਾਰ ਦਾ ਸਿਆਸੀ ਕੱਦ ਕਾਠ ਵਧਾਇਆ, ਪਰ ਬਾਦਲ ਪਰਿਵਾਰ ਨੇ ਉਨ੍ਹਾਂ ਨੂੰ ਲੋਕ ਸਭਾ ਸੀਟ ਲਈ ਵਿਚਾਰਿਆ ਹੀ ਨਹੀਂ। ਬਹੁਗਿਣਤੀ ਅਕਾਲੀ ਲੀਡਰਸ਼ਿਪ ਬਾਦਲ ਪਰਿਵਾਰ ਤੋਂ ਸੰਤੁਸ਼ਟ ਨਹੀਂ ਹੈ। ਇਸਤਰੀ ਅਕਾਲੀ ਜਥਾ ਪਹਿਲਾਂ ਹੀ ਬਾਗੀ ਮੂਡ ਵਿੱਚ ਹੈ। ਆਉਣ ਵਾਲੇ ਸਮੇਂ ਵਿੱਚ ਜੇ ਅਕਾਲੀ ਦਲ ਨੇ ਆਪਣੀਆਂ ਨੀਤੀਆਂ ਵਿੱਚ ਸੁਧਾਰ ਨਾ ਲਿਆਂਦਾ ਤਾਂ ਸੰਕਟ ਹੋਰ ਵਧ ਜਾਵੇਗਾ। ਬਾਦਲ ਦਲ ਦਾ ਪਰਿਵਾਰਵਾਦ ਅਕਾਲੀ ਦਲ ਦੀ ਹੋਂਦ ਲਈ ਸੰਕਟ ਬਣਿਆ ਹੋਇਆ ਹੈ। ਕਈ ਅਕਾਲੀ ਨੇਤਾ ਸਿਧਾਂਤ ਦੀ ਥਾਂ ਰਾਜਨੀਤਕ ਇਛਾਵਾਂ ਲਈ ਅਕਾਲੀ ਦਲ ਛੱਡ ਰਹੇ ਹਨ। ਬੀਤੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਨੇ ਸੀਨੀਅਰ ਪਾਰਟੀ ਆਗੂ ਤੇ ਸ਼੍ਰੋਮਣੀ ਕਮੇਟੀ ਦੀ ਮੈਂਬਰ ਹਰਜਿੰਦਰ ਕੌਰ ਨੂੰ ਪਾਰਟੀ ਵਿਚੋਂ ਝੂਠੇ ਦੋਸ਼ਾਂ ਦੇ ਆਧਾਰ ਉਪਰ ਕੱਢਣ ਦਾ ਫ਼ੈਸਲਾ ਤੁਰੰਤ ਵਾਪਸ ਲੈ ਲਿਆ ਸੀ, ਇਸ ਨਾਲ ਬਾਦਲ ਅਕਾਲੀ ਦਲ ਦੀ ਹਾਈਕਮਾਂਡ ਦੀ ਕਿਰਕਰੀ ਹੋਈ ਹੈ। ਪਾਰਟੀ ਦੇ ਜਨਰਲ ਸਕੱਤਰ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਸੀ ਕਿ ਕੇਸ ਦੇ ਸਾਰੇ ਤੱਥਾਂ ਦੀ ਪੜਚੋਲ ਕਰਨ ਤੋਂ ਬਾਅਦ ਇਹ ਸਾਹਮਣੇ ਆਇਆ ਹੈ ਕਿ ਉਨ੍ਹਾਂ ਨੇ ਭਾਜਪਾ ਲਈ ਕੋਈ ਪ੍ਰਚਾਰ ਨਹੀਂ ਕੀਤਾ । ਇਸ ਤੋਂ ਸਾਫ਼ ਝਲਕਦਾ ਹੈ ਕਿ ਬਾਦਲ ਪਰਿਵਾਰ ਪੰਥਕ ਆਗੂਆਂ ਉੱਪਰ ਵੀ ਵਿਸ਼ਵਾਸ ਨਹੀਂ ਕਰ ਰਿਹਾ ਜਿਨ੍ਹਾਂ ਦੀ ਧਾਰਮਿਕ ਖੇਤਰ ਵਿੱਚ ਦੇਣ ਹੈ। ਬਿਨਾਂ ਕਾਰਨ ਦਸੋ ਨੋਟਿਸ ਦੇ ਅਕਾਲੀ ਆਗੂ ਅਕਾਲੀ ਦਲ ਵਿਚੋਂ ਕੱਢੇ ਜਾ ਰਹੇ ਹਨ। ਹੁਣ ਅਕਾਲੀ ਦਲ ਤੋਂ ਕੱਢੇ ਗਏ ਡੇਰਾ ਬਾਬਾ ਨਾਨਕ ਦੇ ਹਲਕਾ ਇੰਚਾਰਜ ਰਵੀਕਰਨ ਸਿੰਘ ਕਾਹਲੋਂ ਬੀਜੇਪੀ ਵਿੱਚ ਸ਼ਾਮਲ ਹੋ ਗਏ ਹਨ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦੀ ਵਜ੍ਹਾ ਕਰਕੇ ਉਨ੍ਹਾਂ ਨੂੰ ਬੀਤੇ ਦਿਨ ਪਾਰਟੀ ਤੋਂ ਕੱਢ ਦਿੱਤਾ ਸੀ। ਬਾਦਲ ਦਲ ਨੇ ਦੋਸ਼ ਲਗਾਏ ਕਿ ਗੁਰਦਾਸਪੁਰ ਲੋਕ ਸਭਾ ਹਲਕੇ ਤੋਂ ਪਾਰਟੀ ਦੇ ਉਮੀਦਵਾਰ ਦਲਜੀਤ ਸਿੰਘ ਚੀਮਾ ਨੂੰ ਕਾਹਲੋਂ ਵੱਲੋਂ ਕੋਈ ਸਹਿਯੋਗ ਨਹੀਂ ਮਿਲ ਰਿਹਾ ਸੀ। (ਬਾਕੀ ਸਫ਼ਾ 30 'ਤੇ)



# ਰਾਜਨੀਤਿਕ ਪਾਰਟੀਆਂ ਪੰਜਾਬ ਵਿੱਚ ਔਰਤਾਂ ਨੂੰ ਟਿਕਟਾਂ ਦੇਣ ਵਿੱਚ ਰਹੀਆਂ ਫਾਡੀ

## ਪੰਜਾਬ 'ਚੋਂ ਤਕਰੀਬਨ 10 ਔਰਤਾਂ ਹੀ ਸੰਸਦ ਦੀਆਂ ਪੌੜੀਆਂ ਚੜ੍ਹੀਆਂ

ਬਘੇਲ ਸਿੰਘ ਧਾਲੀਵਾਲ






ਬੀਤੇ ਸਮੇਂ ਵਿੱਚ ਭਾਰਤ ਦੀ ਸੰਸਦ ਵਿੱਚ ਔਰਤਾਂ ਲਈ 33 ਪ੍ਰਤੀਸ਼ਤ ਹਿੱਸੇਦਾਰੀ ਦਾ ਸਵਾਲ ਜ਼ੋਰ-ਸ਼ੋਰ ਨਾਲ ਉੱਠਿਆ, ਸੱਤਾਧਾਰੀ ਅਤੇ ਵਿਰੋਧੀ ਪਾਰਟੀਆਂ ਇੱਕ ਦੂਜੇ ਤੋਂ ਵਧ ਚੜ੍ਹ ਕੇ ਔਰਤ ਹਮਾਇਤੀ ਹੋਣ ਦਾ ਡਰਾਮਾ ਕਰਦੀਆਂ ਰਹੀਆਂ। ਹੁਣ ਜਦੋਂ 18ਵੀਂ ਲੋਕ ਸਭਾ ਚੋਣਾਂ ਦਾ ਦੌਰ ਚੱਲ ਰਿਹਾ ਹੈ ਤਾਂ ਦੇਸ਼ ਭਰ ਵਿੱਚ ਔਰਤਾਂ ਨੂੰ ਉਹ ਹਿੱਸੇਦਾਰੀ ਨਹੀਂ ਮਿਲੀ, ਜਿਸ ਦਾ ਰਾਜਸੀ ਪਾਰਟੀਆਂ ਢੰਡੋਰਾ ਪਿੱਟਦੀਆਂ ਰਹੀਆਂ ਹਨ।

ਇਤਿਹਾਸ ਮੁਤਾਬਕ ਪੰਜਾਬ ਵਿਚੋਂ ਹੁਣ ਤੱਕ ਕਰੀਬ ਛੇ ਦਹਾਕੇ ਦੌਰਾਨ ਪੰਜਾਬ ਵਿਚੋਂ ਤਕਰੀਬਨ 10 ਔਰਤਾਂ ਹੀ ਸੰਸਦ ਦੀਆਂ ਪੌੜੀਆਂ ਚੜ੍ਹੀਆਂ ਹਨ, ਜਿਨ੍ਹਾਂ ਵਿੱਚ ਫ਼ਰੀਦਕੋਟ ਤੋਂ ਪਰਮਜੀਤ ਕੌਰ ਗੁਲਸ਼ਨ ਅਤੇ ਗੁਰਬਿੰਦਰ ਕੌਰ ਬਰਾੜ, ਬਠਿੰਡਾ ਤੋਂ ਹਰਸਿਮਰਤ ਕੌਰ ਬਾਦਲ, ਪਟਿਆਲਾ ਤੋਂ ਮਹਿੰਦਰ ਕੌਰ ਅਤੇ ਪ੍ਰਨੀਤ ਕੌਰ, ਹੁਸ਼ਿਆਰਪੁਰ ਤੋਂ ਸੰਤੋਸ਼ ਚੌਧਰੀ, ਲੁਧਿਆਣਾ ਤੋਂ ਰਾਜਿੰਦਰ ਕੌਰ ਬੁਲਾਰਾ, ਰੋਪੜ ਤੋਂ ਬਿਮਲ ਕੌਰ ਖਾਲਸਾ, ਗੁਰਦਾਸਪੁਰ ਤੋਂ ਸੁਖਬੰਸ ਕੌਰ ਭਿੰਡਰ ਅਤੇ ਸੰਗਰੂਰ ਤੋਂ ਨਿਰਲੇਪ ਕੌਰ ਸ਼ਾਮਲ ਹਨ।

ਹੁਣ ਤੱਕ ਦੇ ਚੋਣ ਅੰਕੜਿਆਂ ਦਾ ਵਿਸ਼ਲੇਸ਼ਣ ਕਰੀਏ ਤਾਂ 1962, 1971 ਅਤੇ 1977 ਦੀ ਲੋਕ ਸਭਾ ਵਿੱਚ ਪੰਜਾਬ ਤੋਂ ਕੋਈ ਵੀ ਮਹਿਲਾ ਲੋਕ ਸਭਾ ਸਾਂਸਦ ਨਹੀਂ ਸੀ। ਪੰਜਾਬ ਵਿੱਚ ਹੁਣ ਤੱਕ ਸਭ ਤੋਂ ਵੱਧ 4 ਮਹਿਲਾ ਸਾਂਸਦ 2009 ਦੀ ਲੋਕ ਸਭਾ ਵਿੱਚ ਪਹੁੰਚੀਆਂ। ਹੁਣ ਤੱਕ ਸਭ ਤੋਂ ਵੱਧ ਛੇ ਵਾਰ ਮਹਿਲਾ ਸਾਂਸਦ ਚੁਣਨ ਵਾਲਾ ਲੋਕ ਸਭਾ ਹਲਕਾ ਪਟਿਆਲ਼ਾ ਹੈ। ਉਸ ਤੋਂ ਬਾਅਦ ਪੰਜ ਵਾਰ ਗੁਰਦਾਸਪੁਰ ਅਤੇ ਚਾਰ ਵਾਰ ਬਠਿੰਡਾ ਤੋਂ ਮਹਿਲਾ ਸਾਂਸਦ ਲੋਕ ਸਭਾ ਪਹੁੰਚੇ।ਮਹਿਲਾ ਰਾਖਵਾਂਕਰਨ ਬਿੱਲ ਲੋਕ ਸਭਾ ਅਤੇ ਰਾਜ ਸਭਾ ਵਿਚੋਂ ਪਾਸ ਹੋਣ ਦੇ ਬਾਵਜੂਦ ਇਸ ਸਾਲ ਦੀਆਂ ਚੋਣਾਂ ਵਿੱਚ ਲਾਗੂ ਨਹੀਂ ਹੋਇਆ। ਸੂਬੇ ਵਿੱਚ ਸਾਲ 2018 ਦੀਆਂ ਪੰਚਾਇਤੀ ਚੋਣਾਂ ਵਿੱਚ ਕਾਂਗਰਸ ਨੇ ਔਰਤ ਉਮੀਦਵਾਰਾਂ ਨੂੰ 50 ਫ਼ੀਸਦੀ ਨੁਮਾਇੰਦਗੀ ਦਿੱਤੀ ਸੀ। ਦੇਸ਼ ਵਿੱਚ ਨਰਸਿਮ੍ਹਾ ਰਾਓ ਦੀ ਸਰਕਾਰ ਦੌਰਾਨ 1992 ਵਿੱਚ ਸੰਵਿਧਾਨ ਦੀ 72ਵੀਂ ਅਤੇ 73ਵੀਂ ਸੋਧ ਕਰ ਕੇ ਸਥਾਨਕ ਸਰਕਾਰਾਂ ਜਿਵੇਂ ਗ੍ਰਾਮ ਪੰਚਾਇਤਾਂ, ਨਗਰ ਪੰਚਾਇਤਾਂ, ਨਗਰ ਪਾਲਿਕਾਵਾਂ ਵਿੱਚ 33 ਫ਼ੀਸਦ ਸੀਟਾਂ ਔਰਤਾਂ ਲਈ ਰਾਖਵੀਆਂ ਕੀਤੀਆਂ ਗਈਆਂ ਸਨ। ਪੰਚਾਇਤਾਂ ਵਿੱਚ ਤਾਂ ਤਿੰਨ ਦਹਾਕਿਆਂ ਤੋਂ ਔਰਤਾਂ ਸਰਪੰਚ ਬਣਦੀਆਂ ਰਹੀਆਂ ਹਨ ਪਰ ਉਨ੍ਹਾਂ ਦੇ ਪੰਚ, ਸਰਪੰਚ ਬਣਨ ਦੇ ਬਾਵਜੂਦ ਮਰਦ ਪ੍ਰਧਾਨ ਇਸ ਸਮਾਜ ਵਿੱਚ ਔਰਤ ਦੀ ਸਥਿਤੀ ਵਿੱਚ ਕੋਈ ਬੁਨਿਆਦੀ ਫਰਕ ਨਜ਼ਰ ਨਹੀਂ ਆਇਆ। ਤਿੰਨ ਦਹਾਕਿਆਂ ਬਾਅਦ ਵੀ ਬਹੁਤੀਆਂ ਥਾਵਾਂ 'ਤੇ ਔਰਤ ਸਰਪੰਚ, ਮੇਅਰ, ਪ੍ਰਧਾਨ ਦੀ ਬਜਾਏ ਉਸ ਦਾ ਪਤੀ ਹੀ ਮੀਟਿੰਗਾਂ ਵਿੱਚ ਸ਼ਾਮਲ ਹੁੰਦਾ ਹੈ।

ਜੇਕਰ ਪੰਜਾਬ ਦੇ ਰਾਜਸੀ ਦ੍ਰਿਸ਼ 'ਤੇ ਝਾਤੀ ਮਾਰੀਏ ਤਾਂ ਅੰਕੜੇ ਚਿੰਤਾਜਨਕ ਹਨ ।ਰਾਜ ਵਿੱਚ ਕੁੱਲ ਵੋਟਰਾਂ ਦੀ ਗਿਣਤੀ 2 ਕਰੋੜ 14 ਲੱਖ 21 ਹਜ਼ਾਰ 555 ਹੈ, ਜਿਸ 'ਚ 1 ਕਰੋੜ 1 ਲੱਖ 53 ਹਜ਼ਾਰ 767 ਔਰਤਾਂ ਹਨ।ਸੂਬੇ ਦੇ 13 ਲੋਕ ਸਭਾ ਹਲਕਿਆਂ ਵਿੱਚ 328 ਉਮੀਦਵਾਰ ਚੋਣ ਲੜ ਰਹੇ ਹਨ, ਜਿਨ੍ਹਾਂ ਵਿੱਚ ਔਰਤਾਂ ਦੀ ਗਿਣਤੀ ਸਿਰਫ਼ 26 ਹੈ । ਪ੍ਰਮੁੱਖ ਰਾਜਸੀ ਪਾਰਟੀਆਂ ਦੀ ਗੱਲ ਕੀਤੀ ਜਾਵੇ ਤਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਇਕਲੌਤੀ ਹਰਸਿਮਰਤ ਕੌਰ ਬਾਦਲ ਹੀ ਹੈ, ਜੋ ਬਠਿੰਡਾ ਤੋਂ ਚੋਣ ਲੜ ਰਹੇ ਹਨ। ਕਾਂਗਰਸ ਵੱਲੋਂ 2 ਔਰਤਾਂ ਅਮਰਜੀਤ ਕੌਰ ਸਾਹੋਕੇ ਫ਼ਰੀਦਕੋਟ ਅਤੇ ਯਾਮਿਨੀ ਗੋਮਰ ਨੂੰ ਹੁਸ਼ਿਆਰਪੁਰ ਤੋਂ ਚੋਣ ਲੜਾਈ ਜਾ ਰਹੀ ਹੈ। ਭਾਰਤੀ ਜਨਤਾ ਪਾਰਟੀ ਨੇ 3 ਔਰਤਾਂ ਪਟਿਆਲਾ ਤੋਂ ਪ੍ਰਨੀਤ ਕੌਰ, ਹੁਸ਼ਿਆਰਪੁਰ ਤੋਂ ਅਨੀਤਾ ਸੋਮ ਪ੍ਰਕਾਸ਼ ਅਤੇ ਬਠਿੰਡਾ ਤੋਂ ਪਰਮਪਾਲ ਕੌਰ ਮਲੂਕਾ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਹੈ। ਸੀ.ਪੀ.ਆਈ. 4 ਲੋਕ ਸਭਾ ਹਲਕਿਆਂ 'ਤੇ ਚੋਣ ਲੜ ਰਹੀ ਹੈ, ਜਿਨ੍ਹਾਂ ਵਿਚੋਂ ਦਸਵਿੰਦਰ ਕੌਰ ਨੂੰ ਅੰਮ੍ਰਿਤਸਰ ਤੋਂ ਟਿਕਟ ਦਿੱਤੀ ਗਈ ਹੈ। ਜਲੰਧਰ ਹਲਕੇ ਤੋਂ ਰਾਜਵੰਤ ਕੌਰ ਖ਼ਾਲਸਾ ਆਪਣਾ ਸਮਾਜ ਪਾਰਟੀ, ਸੋਨੀਆ ਰਿਪਬਲੀਕਨ ਪਾਰਟੀ ਆਫ਼ ਇੰਡੀਆ ਤੇ ਪਰਮਜੀਤ ਕੌਰ ਤੇਜੀ ਆਜ਼ਾਦ ਉਮੀਦਵਾਰ ਹਨ। ਗੁਰਦਾਸਪੁਰ ਤੋਂ ਸੰਤੋਸ਼ ਕੁਮਾਰੀ ਮੇਘ ਦੇਸਮ ਪਾਰਟੀ ਅਤੇ ਗੁਰਪ੍ਰੀਤ ਕੌਰ ਬਾਜਵਾ ਤੇ ਸੰਤੋਸ਼ ਕੌਰ ਆਜ਼ਾਦ ਤੌਰ 'ਤੇ ਚੋਣ ਲੜ ਰਹੀਆਂ ਹਨ। ਫ਼ਤਹਿਗੜ੍ਹ ਸਾਹਿਬ ਤੋਂ ਕਮਲਜੀਤ ਕੌਰ ਆਜ਼ਾਦ ਉਮੀਦਵਾਰ ਵਜੋਂ ਖੜ੍ਹੇ ਹਨ ਅਤੇ ਬਠਿੰਡਾ ਤੋਂ ਪੂਨਮ ਰਾਣੀ ਨੈਸ਼ਨਲ ਪਾਰਟੀ ਦੇ ਉਮੀਦਵਾਰ ਹਨ। ਅੰਮ੍ਰਿਤਸਰ ਤੋਂ ਨਰਿੰਦਰ ਕੌਰ ਆਪ ਜਨਤਾ ਪਾਰਟੀ ਇੰਡੀਆ, ਨੀਲਮ ਤੇ ਸ਼ਰਨਜੀਤ ਕੌਰ ਆਜ਼ਾਦ ਤੌਰ 'ਤੇ ਕਿਸਮਤ ਅਜ਼ਮਾ ਰਹੀਆਂ ਹਨ। ਸੰਗਰੂਰ ਤੋਂ ਹਰਪ੍ਰੀਤ ਕੌਰ ਇੰਡੀਆ ਗਰੀਨਸ ਪਾਰਟੀ, ਫ਼ਰੀਦਕੋਟ ਤੋਂ ਕੁਲਵੰਤ ਕੌਰ ਸਾਂਝੀ ਵਿਰਾਸਤ ਪਾਰਟੀ, ਅਨੰਦਪੁਰ ਸਾਹਿਬ ਤੋਂ ਕਿਰਨ ਜੈਨ ਹਿੰਦੋਸਤਾਨ ਸ਼ਕਤੀ ਸੇਵਾ ਤੇ ਸੁਨੈਨਾ ਭਾਰਤੀ ਰਾਸ਼ਟਰੀ ਪਾਰਟੀ ਲੁਧਿਆਣਾ ਤੋਂ ਹਰਵਿੰਦਰ ਕੌਰ ਸਮਾਜਿਕ ਸੰਘਰਸ਼ ਪਾਰਟੀ, ਡਾ. ਪਲਵਿੰਦਰ ਕੌਰ ਆਜ਼ਾਦ ਅਤੇ ਪਟਿਆਲਾ ਤੋਂ ਬਿੰਦਰ ਕੌਰ ਤੇ ਡਿੰਪਲ ਆਜ਼ਾਦ ਉਮੀਦਵਾਰ ਹਨ। ਫ਼ਿਰੋਜਪੁਰ ਤੇ ਖਡੂਰ ਸਾਹਿਬ ਹਲਕੇ ਤੋਂ ਕੋਈ ਵੀ ਔਰਤ ਚੋਣ ਮੈਦਾਨ ਵਿੱਚ ਨਹੀਂ ।

**'ਆਪ' ਨੇ ਔਰਤਾਂ ਨੂੰ ਕੀਤਾ ਨਜ਼ਰ-ਅੰਦਾਜ਼**

ਆਮ ਆਦਮੀ ਪਾਰਟੀ ਔਰਤ ਸਸ਼ਕਤੀਕਰਨ ਦੇ ਮਾਮਲੇ 'ਤੇ ਸ਼ੁਰੂ-ਸ਼ੁਰੂ ਵਿੱਚ ਵੱਡੀਆਂ ਡੀਂਗਾਂ ਮਾਰਦੀ ਰਹੀ ਇੱਥੋਂ ਤੱਕ ਕਿ ਵਿਧਾਨ ਸਭਾ ਚੋਣਾਂ ਮੌਕੇ ਹਰ ਔਰਤ ਦੇ ਖਾਤੇ 'ਚ ਪ੍ਰਤੀ ਮਹੀਨਾ ਹਜ਼ਾਰ ਰੁਪਏ ਪਾਉਣ ਦੀ ਚੋਣ ਗਰੰਟੀ ਵੀ ਦਿੱਤੀ ਪਰ ਹਾਲੇ ਤੱਕ ਕਿਸੇ ਔਰਤ ਨੂੰ ਫੁੱਟੀ-ਕੌਡੀ ਨਹੀਂ ਮਿਲੀ। ਪਾਰਟੀ ਵੱਲੋਂ ਲੋਕ ਸਭਾ ਵਿੱਚ ਉਤਾਰੇ ਗਏ ਉਮੀਦਵਾਰਾਂ 'ਚ ਇੱਕ ਵੀ ਔਰਤ ਸ਼ਾਮਿਲ ਨਹੀਂ।

## ਲੋਕ ਸਭਾ ਵਿੱਚ ਔਰਤਾਂ ਦੀ ਘੱਟ ਗਿਣਤੀ ਕਿਉਂ ?

ਲੇਖਿਕਾ ਬੇਅੰਤ ਕੌਰ ਮੋਗਾ ਕਹਿੰਦੇ ਹਨ ਕਿ ਔਰਤ ਦੇ ਲੀਡਰਸ਼ਿਪ ਭੂਮਿਕਾ ਵਿੱਚ ਅੱਗੇ ਵਧਣ ਵਿੱਚ ਪਿੱਤਰਸੱਤਾ ਇੱਕ ਵੱਡਾ ਰੋੜਾ ਬਣਦੀ ਹੈ। ਉਹ ਦੱਸਦੇ ਹਨ ਕਿ ਸਮਾਜ ਵਿੱਚ ਔਰਤਾਂ ਤੇ ਮਰਦਾਂ ਲਈ ਵੱਖਰੀ ਭੂਮਿਕਾ ਪ੍ਰਚਲਿਤ ਹੈ, ਜਿਸ ਮੁਤਾਬਕ ਬੱਚਿਆਂ ਤੇ ਪਰਿਵਾਰ ਦੀ ਦੇਖਭਾਲ ਔਰਤ ਦੀ ਮੁੱਖ ਜ਼ਿੰਮੇਵਾਰੀ ਮੰਨੀ ਜਾਂਦੀ ਹੈ। ਸਿਆਸਤ ਜਿਹੇ ਕਿੱਤੇ ਵਿੱਚ ਜਿੱਥੇ ਤੁਹਾਨੂੰ ਹਰ ਵੇਲੇ ਲੋਕਾਂ ਵਿੱਚ ਵਿਚਰਨ ਲਈ ਤਿਆਰ ਰਹਿਣਾ ਪੈਂਦਾ ਹੈ, ਬਹੁਤੀਆਂ ਔਰਤਾਂ ਲਈ ਪਰਿਵਾਰਕ ਪੱਖੋਂ ਇਹ ਸੰਭਵ ਨਹੀਂ ਹੁੰਦਾ ਕਿ ਘਰੋਂ ਬਾਹਰ ਏਨਾ ਸਮਾਂ ਦੇ ਸਕੇ। ਉਹ ਦੱਸਦੇ ਹਨ, 'ਸਾਡੇ ਸਮਾਜ ਵਿੱਚ ਸਿਆਸਤ ਔਰਤਾਂ ਲਈ ਅਨੁਕੂਲ ਨਹੀਂ ਮੰਨੀ ਜਾਂਦੀ, ਬਹੁਤ ਸਾਰੇ ਲੋਕ ਸਿਆਸਤ ਨੂੰ ਉਨ੍ਹਾਂ ਦੇ ਘਰ ਦੀਆਂ ਔਰਤਾਂ ਲਈ ਗੰਦਾ ਖੇਡ ਸਮਝਦੇ ਹਨ।'

ਸੀਨੀਅਰ ਪੱਤਰਕਾਰ ਜਸਪਾਲ ਸਿੱਧੂ ਕਹਿੰਦੇ ਹਨ ਪੰਜਾਬ ਤੋਂ ਹੁਣ ਤੱਕ ਲੋਕ ਸਭਾ ਪਹੁੰਚੀਆਂ ਜ਼ਿਆਦਾਤਰ ਮਹਿਲਾਵਾਂ ਜ਼ਮੀਨੀ ਪੱਧਰ ਦੀ ਸਿਆਸਤ ਤੋਂ ਉੱਠ ਕੇ ਨਾ ਆਈਆਂ ਹੋਣ ਕਾਰਨ, ਉਨ੍ਹਾਂ ਦਾ ਸੰਸਦ ਵਿੱਚ ਯੋਗਦਾਨ ਵੀ ਜ਼ਿਆਦਾ ਨਹੀਂ ਹੈ। ਉਨ੍ਹਾਂ ਦਾ ਹੀ ਮੰਨਣਾ ਸੀ ਕਿ ਅਜਿਹਾ ਨਹੀਂ ਦਿਸਦਾ ਕਿ ਹਰਸਿਮਰਤ ਕੌਰ ਬਾਦਲ ਤੋਂ ਇਲਾਵਾ ਪੰਜਾਬ ਦੀਆਂ ਬਾਕੀ ਮਹਿਲਾ ਸਾਂਸਦਾਂ ਨੇ ਲੋਕ ਸਭਾ ਵਿੱਚ ਉਸ ਤਰ੍ਹਾਂ ਪੰਜਾਬ ਦੇ ਮਸਲਿਆਂ ਬਾਰੇ ਗੱਲ ਕੀਤੀ ਹੋਵੇ।

ਬੀਬੀ ਜਾਗੀਰ ਕੌਰ ਸਾਬਕਾ ਪ੍ਰਧਾਨ ਸ਼੍ਰੋਮਣੀ ਕਮੇਟੀ ਕਹਿੰਦੇ ਹਨ ਕਿ ਜੇ ਜ਼ਿਆਦਾ ਔਰਤਾਂ ਸਿਆਸਤ ਵਿੱਚ ਆਉਣਗੀਆਂ, ਤਾਂ ਆਪਣੀ ਪਾਰਟੀ ਦੇ ਅੰਦਰ ਵੀ ਅਤੇ ਸੰਸਦ ਜਾਂ ਵਿਧਾਨ ਸਭਾਵਾਂ ਵਿੱਚ ਵੀ ਆਪਣਾ ਦਬਦਬਾ ਬਣਾ ਸਕਦੀਆਂ ਹਨ ਅਤੇ ਔਰਤਾਂ ਦੇ ਮਸਲਿਆਂ 'ਤੇ ਬਿਹਤਰ ਕੰਮ ਕਰ ਸਕਦੀਆਂ ਹਨ।

## ਹੁਣ ਕਰਤਾਰਪੁਰ ਲਾਂਘੇ 'ਤੇ ਵੀ ਹੋਵੇਗੀ ਫ਼ਿਲਮਾਂ ਦੀ ਸ਼ੂਟਿੰਗ



ਕਰਤਾਰਪੁਰ ਕੌਰੀਡੋਰ/ਏ.ਟੀ.ਨਿਊਜ਼: ਡੇਰਾ ਬਾਬਾ ਨਾਨਕ 'ਚ ਭਾਰਤ ਪਾਕਿਸਤਾਨ ਸਰਹੱਦ 'ਤੇ ਬਣੇ ਕਰਤਾਰਪੁਰ ਕੌਰੀਡੋਰ 'ਤੇ ਹੁਣ ਫਿਲਮਾਂ ਦੀ ਸ਼ੂਟਿੰਗ ਦੇਖਣ ਨੂੰ ਮਿਲੇਗੀ। ਇਸ ਦੀ ਇਜਾਜ਼ਤ ਲੈਂਡ ਪੋਰਟ ਅਥਾਰਟੀ ਆਫ ਇੰਡੀਆ ਵੱਲੋਂ ਦੇ ਦਿੱਤੀ ਗਈ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਇੱਥੇ ਫਿਲਮਾਂ, ਡਾਕੂਮੈਂਟਰੀ ਦੇ ਨਾਲ- ਨਾਲ ਵਿਦਿਆਰਥੀਆਂ ਨੂੰ ਜਾਣਕਾਰੀ ਦੇਣ ਲਈ ਤਸਵੀਰਾਂ ਵੀ ਖਿੱਚੀਆਂ ਜਾ ਸਕਦੀਆਂ ਹਨ ਪਰ ਇਸ ਦੇ ਲਈ ਇਕ ਵੱਡੀ ਫ਼ੀਸ ਅਦਾ ਕਰਨੀ ਪਵੇਗੀ। ਜੇਕਰ ਕੋਈ ਵਪਾਰ ਦੇ ਮੰਤਵ ਨਾਲ ਇਸ ਅਸਥਾਨ 'ਤੇ ਕੋਈ ਤਸਵੀਰ ਖਿੱਚਣੀ ਚਾਹੁੰਦਾ ਹੈ ਤਾਂ ਉਸ ਲਈ ਅਲੱਗ ਫ਼ੀਸ ਰਾਸ਼ੀ ਰੱਖੀ ਗਈ ਹੈ, ਜੇਕਰ ਕੋਈ ਵਿਦਿਆਰਥੀ ਹੈ ਤਾਂ ਉਸ ਲਈ ਅਲੱਗ। ਜਿਸ ਤਹਿਤ ਜੇਕਰ ਵਪਾਰ ਲਈ ਤਸਵੀਰਾਂ ਖਿਚਣਾ ਚਾਹੁੰਦਾ ਹੈ ਤਾਂ ਉਸ ਨੂੰ 10 ਹਜ਼ਾਰ ਰੁਪਏ ਦੇਣੇ ਹੋਣਗੇ ਇਸੇ ਤਰ੍ਹਾਂ ਵਿਦਿਆਰਥੀਆ ਨੂੰ ਇਸ ਸੰਬੰਧੀ ਜਾਣਕਾਰੀ ਦੇਣ ਲਈ ਜੇਕਰ ਕੋਈ ਤਸਵੀਰਾਂ ਖਿੱਚਦਾ ਹੈ ਤਾਂ ਉਸ ਨੂੰ ਪ੍ਰਤੀ ਦਿਨ ਦੇ ਹਿਸਾਬ ਨਾਲ 1 ਹਜਾਰ ਰੁਪਏ ਦੇਣੇ ਹੋਣਗੇ। ਇੱਥੇ ਹੀ ਬੱਸ ਨਹੀਂ ਫ਼ਿਲਮ ਦੀ ਸ਼ੂਟਿੰਗ ਲਈ 1 ਲੱਖ ਰੁਪਏ ਜਦਕਿ ਡਾਕੂਮੈਂਟਰੀ ਲਈ 40 ਹਜ਼ਾਰ ਰੁਪਏ ਨਿਰਧਾਰਿਤ ਕੀਤੇ ਗਏ ਹਨ। ਇਸ ਦੌਰਾਨ ਸਵੇਰ 10 ਵਜੇ ਤੋ ਸ਼ਾਮ ਪੰਜ ਵਜੇ ਤੱਕ ਫਿਲਮਾਂਕਨ ਕੀਤਾ ਜਾ ਸਕਦਾ ਹੈ।

ਜ਼ਿਕਰਯੋਗ ਹੈ ਕਿ ਡੇਰਾ ਬਾਬਾ ਨਾਨਕ ਦੀ ਕੌਮਾਂਤਰੀ ਸਰਹੱਦ 'ਤੇ ਭਾਰਤ ਤੇ ਪਾਕਿਸਤਾਨ ਸਰਕਾਰਾਂ ਵੱਲੋਂ ਖੋਲ੍ਹੇ ਗਏ ਸ੍ਰੀ ਕਰਤਾਰਪੁਰ ਲਾਂਘੇ ਰਾਹੀਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਜੀ ਦੇ ਦਰਸ਼ਨ ਕਰਨ ਵਾਲੇ ਸ਼ਰਧਾਲੂਆਂ ਦੀ ਗਿਣਤੀ ਵਿੱਚ ਦਿਨੋ-ਦਿਨ ਵਾਧਾ ਹੁੰਦਾ ਜਾ ਰਿਹਾ ਹੈ।

## ਕੀ ਰਾਘਵ ਚੱਢਾ ਸੰਭਾਲਣਗੇ ਪੰਜਾਬ 'ਚ 'ਆਪ' ਦੀ ਚੋਣ ਮੁਹਿੰਮ ਦੀ ਕਮਾਂਡ ?

### ਕੇਜਰੀਵਾਲ ਅੰਮ੍ਰਿਤਸਰ ਫੇਰੀ ਮੌਕੇ ਲੋਕਾਂ ਵੱਲੋਂ ਮਿਲੇ ਠੰਢੇ ਹੁੰਗਾਰੇ ਤੋਂ ਨਿਰਾਸ਼



ਚੰਡੀਗੜ੍ਹ/ਏ.ਟੀ.ਨਿਊਜ਼ : ਆਮ ਆਦਮੀ ਪਾਰਟੀ ਦੀ ਪੰਜਾਬ ਵਿਚਲੀ ਸਰਕਾਰ ਸੰਬੰਧੀ ਵੱਖੋ-ਵੱਖ ਸੱਤਾ ਦੇ ਕੇਂਦਰਾਂ ਦੇ ਸਰਗਰਮ ਹੋਣ ਤੇ ਸਰਕਾਰ ਤੇ ਪਾਰਟੀ ਦਿੱਲੀ ਤੋਂ ਚੱਲਣ ਦੇ ਚਰਚਿਆਂ ਨੂੰ ਮਗਰਲੇ ਕੁਝ ਸਮੇਂ ਦੌਰਾਨ, ਜੋ ਵਿਰਾਮ ਲੱਗਾ ਹੋਇਆ ਸੀ, ਉਸ ਸੰਬੰਧੀ ਅਗਲੇ ਦਿਨਾਂ ਦੌਰਾਨ ਦੁਬਾਰਾ ਹਲਚਲ ਵੇਖਣ ਨੂੰ ਮਿਲੇਗੀ । ਪਾਰਟੀ ਦੇ ਸੰਸਦ ਮੈਂਬਰ ਤੇ ਸੀਨੀਅਰ ਆਗੂ ਰਾਘਵ ਚੱਢਾ, ਜਿਨ੍ਹਾਂ ਦੀ ਪੰਜਾਬ ਸਰਕਾਰ ਤੇ ਪਾਰਟੀ ਵਿੱਚ ਅਹਿਮ ਭੂਮਿਕਾ ਲਗਾਤਾਰ ਚਰਚਾ ਵਿੱਚ ਰਹੀ ਹੈ ਤੇ ਮੁੱਖ ਮੰਤਰੀ ਦੇ ਕਥਿਤ ਵਿਰੋਧ ਕਾਰਨ ਉਨ੍ਹਾਂ ਨੂੰ ਪੰਜਾਬ ਸਰਕਾਰ 'ਚ ਇੱਕ ਅਹਿਮ ਅਹੁਦਾ ਦੇਣ ਦੀ ਤਜਵੀਜ਼ ਸਿਰੇ ਨਹੀਂ ਚੜ੍ਹ ਸਕੀ ਸੀ ਤੇ ਇਸ ਕਾਰਨ ਰਾਘਵ ਚੱਢਾ ਨੇ ਚੰਡੀਗੜ੍ਹ ਜਾਂ ਪੰਜਾਬ ਆਉਣਾ ਬੰਦ ਕਰ ਦਿੱਤਾ ਸੀ । ਸ੍ਰੀ ਚੱਢਾ, ਜੋ ਕੱਲ੍ਹ ਇੰਗਲੈਂਡ ਤੋਂ ਅੱਖ ਦੀ ਸਰਜਰੀ ਕਰਵਾਉਣ ਬਾਅਦ ਵਾਪਸ ਪਰਤੇ ਸਨ, ਨੇ ਅਰਵਿੰਦ ਕੇਜਰੀਵਾਲ ਨਾਲ ਬੈਠਕ ਕੀਤੀ ਸੀ, ਜਿਸ ਤੋਂ ਤੁਰੰਤ ਬਾਅਦ ਉਹ ਚੰਡੀਗੜ੍ਹ ਸਥਿਤ ਆਪਣੀ ਸਰਕਾਰੀ ਰਿਹਾਇਸ਼ 'ਤੇ ਪੁੱਜੇ, ਜੋ ਕਾਫ਼ੀ ਦੇਰ ਤੋਂ ਬੰਦ ਸੀ ਤੇ ਇਥੇ ਉਨ੍ਹਾਂ ਪੰਜਾਬ ਚੋਣ ਪ੍ਰਚਾਰ ਨੂੰ ਤਿੱਖਾ ਕਰਨ ਲਈ ਵਿਚਾਰ-ਵਟਾਂਦਰੇ ਕੀਤੇ। ਪਾਰਟੀ ਸੂਤਰਾਂ ਦਾ ਦੱਸਣਾ ਹੈ ਕਿ ਕੇਜਰੀਵਾਲ ਦੀ ਅੰਮ੍ਰਿਤਸਰ ਫੇਰੀ ਮੌਕੇ ਰੋਡ ਸ਼ੋਅ ਲਈ ਲੋਕਾਂ ਵੱਲੋਂ ਮਿਲੇ ਠੰਢੇ ਹੁੰਗਾਰੇ ਤੇ ਪਾਰਟੀ ਆਗੂਆਂ ਨਾਲ ਗੱਲਬਾਤ ਤੋਂ ਬਾਅਦ ਕੇਜਰੀਵਾਲ ਨਾਖੁਸ਼ ਸਨ। ਹੁਣ ਤੱਕ ਪੰਜਾਬ 'ਚ ਚੋਣ ਮੁਹਿੰਮ ਦੀ ਸਮੁੱਚੀ ਕਮਾਂਡ ਕੇਜਰੀਵਾਲ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਸੌਂਪੀ ਹੋਈ ਸੀ, ਪਰ ਹੁਣ ਚਰਚਾ ਇਹ ਹੈ ਕਿ ਕੇਜਰੀਵਾਲ ਰਾਘਵ ਚੱਢਾ ਨੂੰ ਪੰਜਾਬ ਦੀ ਚੋਣ ਮੁਹਿੰਮ ਵਿੱਚ ਸਰਗਰਮ ਕਰਨਾ ਚਾਹੁੰਦੇ ਹਨ । ਵਰਣਨਯੋਗ ਹੈ ਕਿ ਰਾਘਵ ਚੱਢਾ ਵੱਲੋਂ 2022 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਪੰਜਾਬ ਵਿਚਲੀ ਪਾਰਟੀ ਦੀ ਚੋਣ ਮੁਹਿੰਮ ਦੀ ਕਮਾਂਡ ਸੰਭਾਲੀ ਗਈ ਸੀ ਤੇ ਸਰਕਾਰ ਦੇ ਗਠਨ ਤੋਂ ਬਾਅਦ ਜਿਵੇਂ ਉਨ੍ਹਾਂ ਦੀ ਮਰਜ਼ੀ ਅਨੁਸਾਰ ਸੂਬੇ ਦੇ ਉੱਚ-ਅਧਿਕਾਰੀਆਂ ਦੀਆਂ ਨਿਯੁਕਤੀਆਂ ਹੋਈਆਂ ਤੇ ਸਰਕਾਰੀ ਫ਼ੈਸਲਿਆਂ 'ਚ ਜਿਹੋ ਜਿਹਾ ਉਨ੍ਹਾਂ ਦਾ ਅਹਿਮ ਰੋਲ ਰਿਹਾ, ਉਸ ਨੂੰ ਲੈ ਕੇ ਸਰਕਾਰ 'ਚ ਸੱਤਾ ਦੇ ਦੋ ਕੇਂਦਰਾਂ ਦੀ ਕਾਫੀ ਚਰਚਾ ਵੀ ਹੋਈ । ਚਰਚਾ ਇਹ ਵੀ ਸੀ ਕਿ ਮੁੱਖ ਮੰਤਰੀ ਅਜਿਹੇ ਵਰਤਾਰੇ ਤੋਂ ਕਾਫ਼ੀ ਨਾਖੁਸ਼ ਤੇ ਪ੍ਰੇਸ਼ਾਨ ਵੀ ਰਹੇ, ਪਰ ਉਨ੍ਹਾਂ ਇਸ ਦੀ ਖੁੱਲ੍ਹ ਕੇ ਵਿਰੋਧ ਕਰਨ ਦੀ ਹਿੰਮਤ ਵੀ ਨਹੀਂ ਵਿਖਾਈ। ਅਰਵਿੰਦ ਕੇਜਰੀਵਾਲ, ਜਿਨ੍ਹਾਂ ਵੱਲੋਂ ਜੇਲ੍ਹ 'ਚੋਂ ਬਾਹਰ ਆਉਣ ਤੋਂ ਬਾਅਦ ਆਪਣੀਆਂ ਦਿੱਲੀ ਟੀਮਾਂ ਤੋਂ ਵੀ ਚੋਣ ਮੁਹਿੰਮ ਸੰਬੰਧੀ ਰਿਪੋਰਟਾਂ ਪ੍ਰਾਪਤ ਕੀਤੀਆਂ ਗਈਆਂ, ਸਮਝਿਆ ਜਾਂਦਾ ਹੈ ਕਿ ਪੰਜਾਬ 'ਚ ਚੋਣ ਮੁਹਿੰਮ ਸੰਬੰਧੀ ਰਿਪੋਰਟਾਂ ਤੋਂ ਉਹ ਖੁਸ਼ ਨਹੀਂ ਸਨ।

ਚਰਚਾ ਇਹ ਵੀ ਹੈ ਕਿ ਰਾਘਵ ਚੱਢਾ ਨੂੰ ਅਜਿਹੀਆਂ ਸਿਆਸੀ ਲੋੜਾਂ ਕਾਰਨ ਜਲਦ ਵਾਪਸ ਪਰਤਣ ਲਈ ਕਿਹਾ ਗਿਆ ਸੀ, ਪਰ ਪਾਰਟੀ ਸੂਤਰਾਂ ਤੋਂ ਜਿਵੇਂ ਦੀ ਜਾਣਕਾਰੀ ਮਿਲ ਰਹੀ ਹੈ ਤੇ ਰਾਘਵ ਚੱਢਾ ਅਗਲੇ ਦਿਨਾਂ ਦੌਰਾਨ ਅਗਰ ਪੰਜਾਬ ਦੀ ਚੋਣ ਲਈ ਸਰਗਰਮ ਹੁੰਦੇ ਹਨ ਤੇ ਰੈਲੀਆਂ ਤੇ ਰੋਡ ਸ਼ੋਅ ਆਦਿ 'ਚ ਨਜ਼ਰ ਆਉਂਦੇ ਹਨ ਤਾਂ ਸਪੱਸ਼ਟ ਹੈ ਕਿ ਮੁੱਖ ਮੰਤਰੀ ਦੇ ਮੁਕਾਬਲੇ ਸੱਤਾ ਦਾ ਇੱਕ ਹੋਰ ਕੇਂਦਰ ਦੁਬਾਰਾ ਖੜ੍ਹਾ ਹੋ ਜਾਵੇਗਾ, ਜਿਸ ਨੂੰ ਮੁੱਖ ਮੰਤਰੀ ਪਹਿਲਾਂ ਵੀ ਪਸੰਦ ਨਹੀਂ ਕਰਦੇ ਰਹੇ, ਪਰ ਮੁੱਖ ਮੰਤਰੀ ਅਜਿਹੇ ਘਟਨਾਕ੍ਰਮ ਨੂੰ ਕਿਵੇਂ ਲੈਣਗੇ ਇਹ ਵੇਖਣ ਵਾਲੀ ਗੱਲ ਹੋਵੇਗੀ। ਮੁੱਖ ਮੰਤਰੀ ਦੇ ਪਾਰਟੀ ਦੇ ਕਈ ਵਿਧਾਇਕਾਂ ਤੇ ਕੁਝ ਮੰਤਰੀਆਂ ਵਲੋਂ ਵੀ ਹੋ ਰਹੇ ਵਿਰੋਧ, ਜੋ ਕਿ ਪਾਰਟੀ ਲਈ ਵੀ ਚਿੰਤਾ ਦਾ ਵਿਸ਼ਾ ਹੈ, ਇਸ ਸੰਬੰਧੀ ਵੀ ਪਾਰਟੀ ਆਉਂਦੇ ਦਿਨਾਂ ਦੌਰਾਨ ਕੀ ਰਣਨੀਤੀ ਅਪਣਾਏਗੀ, ਇਹ ਵੀ ਕਾਫ਼ੀ ਮਹੱਤਵਪੂਰਨ ਹੋਵੇਗਾ, ਪਰ ਰਾਘਵ ਚੱਢਾ ਨੂੰ ਪੰਜਾਬ 'ਚ ਕੇਜਰੀਵਾਲ ਵੱਲੋਂ ਦੁਬਾਰਾ ਸਰਗਰਮ ਦਾ ਫ਼ੈਸਲਾ ਕਾਫ਼ੀ ਮਹੱਤਵਪੂਰਨ ਸਮਝਿਆ ਜਾ ਰਿਹਾ ਹੈ।

# ਜੂਨ '84 ਦੇ ਫ਼ੌਜੀ ਹਮਲੇ ਬਾਰੇ ਪੰਜ ਸਿੰਘ ਸਾਹਿਬਾਨ ਵੱਲੋਂ ਆਦੇਸ਼

## 40ਵਾਂ ਘੱਲੂਘਾਰਾ ਦਿਹਾੜਾ 1 ਜੂਨ ਤੋਂ 6 ਜੂਨ ਤੱਕ 'ਸ਼ਹੀਦੀ ਸਪਤਾਹ' ਵਜੋਂ ਮਨਾਓ

## ਹਰ ਸਿੱਖ ਸਿਰ 'ਤੇ ਕਾਲੀ ਦਸਤਾਰ ਸਜਾਵੇ ਤੇ ਬੀਬੀਆਂ ਕਾਲੇ ਦੁਪੱਟੇ ਲੈਣ



ਅੰਮ੍ਰਿਤਸਰ/ਏ.ਟੀ.ਨਿਊਜ਼ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਮੇਤ ਪੰਜ ਸਿੰਘ ਸਾਹਿਬਾਨ ਨੇ ਭਾਰਤ ਦੀ ਤਤਕਾਲੀ ਕਾਂਗਰਸ ਹਕੂਮਤ ਵੱਲੋਂ ਜੂਨ 1984 ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ 'ਤੇ ਕੀਤੇ ਫੌਜੀ ਹਮਲੇ ਨੂੰ 'ਤੀਜਾ ਘੱਲੂਘਾਰਾ' ਕਰਾਰ ਦਿੰਦਿਆਂ ਸਮੁੱਚੇ ਖ਼ਾਲਸਾ ਪੰਥ ਨੂੰ 40ਵੇਂ ਘੱਲੂਘਾਰਾ ਦਿਹਾੜੇ ਨੂੰ ਸਮਰਪਿਤ 1 ਜੂਨ ਤੋਂ 6 ਜੂਨ ਤੱਕ 'ਸ਼ਹੀਦੀ ਸਪਤਾਹ' ਮਨਾਉਣ ਦਾ ਆਦੇਸ਼ ਜਾਰੀ ਕੀਤਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੀ ਅਗਵਾਈ ਹੇਠ ਹੋਈ ਇਕੱਤਰਤਾ ਵਿੱਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਜੀਤ ਸਿੰਘ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੰਜ ਪਿਆਰਿਆਂ ਵਿਚੋਂ ਗਿਆਨੀ ਮੰਗਲ ਸਿੰਘ ਅਤੇ ਗਿਆਨੀ ਸੁਖਦੇਵ ਸਿੰਘ ਸ਼ਾਮਿਲ ਹੋਏ। ਇਕੱਤਰਤਾ ਉਪਰੰਤ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਫ਼ੌਜ ਰਾਹੀਂ 1 ਜੂਨ ਤੋਂ 6 ਜੂਨ (1984) ਤੱਕ ਸ੍ਰੀ ਹਰਿਮੰਦਰ ਸਾਹਿਬ ਉੱਤੇ ਹਮਲਾ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਤੋਪਾਂ-ਟੈਂਕਾਂ ਦੇ ਗੋਲਿਆਂ ਨਾਲ ਨਿਸ਼ਾਨਾ ਬਣਾਇਆ ਗਿਆ ਅਤੇ ਸ੍ਰੀ ਹਰਿਮੰਦਰ ਸਾਹਿਬ ਸਮੇਤ 37 ਹੋਰ ਗੁਰਧਾਮਾਂ 'ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੂਰਬ ਮਨਾਉਣ ਆਈਆਂ ਸੰਗਤਾਂ ਨੂੰ ਸ਼ਹੀਦ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਸਮੁੱਚੀ ਸਿੱਖ ਕੌਮ ਨੂੰ ਆਦੇਸ਼ ਕੀਤਾ ਜਾਂਦਾ ਹੈ ਕਿ ਜੂਨ ਮਹੀਨੇ 40ਵਾਂ ਘੱਲੂਘਾਰਾ ਦਿਹਾੜਾ ਵੱਡੇ ਪੱਧਰ 'ਤੇ ਮਨਾਉਂਦਿਆਂ 1 ਤੋਂ 6 ਜੂਨ ਤੱਕ 'ਸ਼ਹੀਦੀ ਸਪਤਾਹ' ਮਨਾਇਆ ਜਾਵੇ। ਇਸ ਦੌਰਾਨ ਦੇਸ਼-ਵਿਦੇਸ਼ ਦੇ ਹਰੇਕ ਗੁਰਦੁਆਰਾ ਸਾਹਿਬ ਵਿਖੇ ਗੁਰਮਤਿ ਸਮਾਗਮ ਕਰਵਾ ਕੇ ਤੀਜੇ ਘੱਲੂਘਾਰੇ ਦੇ ਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ ਜਾਵੇ। ਸਿੰਘ ਸਾਹਿਬਾਨ ਨੇ ਆਦੇਸ਼ ਵਿੱਚ ਇਹ ਵੀ ਕਿਹਾ ਕਿ ਜੂਨ 1984 ਦੇ ਘੱਲੂਘਾਰੇ ਤੋਂ ਬਾਅਦ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਸਿੰਘ ਸ਼ਹੀਦ ਕਰ ਦਿੱਤੇ ਗਏ ਅਤੇ ਵੱਡੀ ਗਿਣਤੀ ਵਿੱਚ ਸਿੰਘਾਂ ਨੂੰ ਸਖ਼ਤ ਸਜ਼ਾਵਾਂ ਦੇ ਕੇ ਜੇਲ੍ਹਾਂ ਵਿੱਚ ਡੱਕ ਦਿੱਤਾ ਗਿਆ, ਜਿਨ੍ਹਾਂ ਵਿਚੋਂ ਕਈ ਬੰਦੀ ਸਿੰਘਾਂ ਨੂੰ ਸਜ਼ਾਵਾਂ ਪੂਰੀਆਂ ਹੋਣ ਦੇ ਬਾਵਜੂਦ ਵੀ ਰਿਹਾਅ ਨਾ ਕਰਨ ਅਤੇ ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਮਿਲਣ ਦੇ ਰੋਸ ਵਜੋਂ 4 ਤੋਂ 6 ਜੂਨ ਤੱਕ ਦੁਨੀਆ ਭਰ ਵਿੱਚ ਵੱਸਦਾ ਹਰ ਸਿੱਖ ਸਿਰ 'ਤੇ ਕਾਲੀ ਦਸਤਾਰ ਸਜਾਵੇ ਅਤੇ ਬੀਬੀਆਂ ਕਾਲੇ ਦੁਪੱਟੇ ਲੈਣ। ਉਨ੍ਹਾਂ ਇਹ ਵੀ ਆਦੇਸ਼ ਕੀਤਾ ਕਿ ਜੂਨ '84 ਦੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਤੇ ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਲਈ 6 ਜੂਨ ਨੂੰ ਸਵੇਰੇ 9 ਵਜੇ ਹਰੇਕ ਗੁਰਦੁਆਰਾ ਸਾਹਿਬ ਵਿਖੇ ਅਰਦਾਸ ਕੀਤੀ ਜਾਵੇ।

# ਗੁ. ਸ੍ਰੀ ਗੁਰੂ ਨਾਨਕ ਘਾਟ ਉਜੈਨ ਵਿਖੇ ਸ਼੍ਰੋਮਣੀ ਕਮੇਟੀ ਵੱਲੋਂ ਨਵੀਂ ਬਣਾਈ ਸਰਾਂ ਦਾ ਉਦਘਾਟਨ



ਉਜੈਨ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੱਧ ਪ੍ਰਦੇਸ਼ ਵਿਖੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨਛੋਹ ਪ੍ਰਾਪਤ ਗੁਰਦੁਆਰਾ ਸ੍ਰੀ ਗੁਰੂ ਨਾਨਕ ਘਾਟ ਉਜੈਨ ਵਿਖੇ ਸਿੱਖ ਮਿਸ਼ਨ ਸਥਾਪਿਤ ਕਰਨ ਦੇ ਨਾਲ-ਨਾਲ ਸਿੱਖ ਸੰਗਤਾਂ ਦੀ ਸਹੂਲਤ ਲਈ ਗੁਰੂ ਨਾਨਕ ਨਿਵਾਸ ਦੀ ਨਵੀਂ ਬਣਾਈ ਗਈ ਇਮਾਰਤ ਦਾ ਉਦਘਾਟਨ ਕੀਤਾ ਗਿਆ। ਸ਼੍ਰੋਮਣੀ ਕਮੇਟੀ ਵੱਲੋਂ ਇਸ ਦੀ ਸੇਵਾ ਕਾਰਸੇਵਾ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਰਾਹੀਂ ਕਰਵਾਈ ਗਈ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਪੁੱਜੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ ਵੱਲੋਂ ਨਿਵਾਸ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਓਐਸਡੀ ਸ. ਸਤਬੀਰ ਸਿੰਘ ਧਾਮੀ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਬਾਬਾ ਸੁਖਵਿੰਦਰ ਸਿੰਘ ਕਾਰਸੇਵਾ ਭੂਰੀ ਵਾਲੇ, ਸ. ਹਰਪਾਲ ਸਿੰਘ ਭਾਟੀਆ ਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਮੌਜੂਦ ਸਨ।

ਇਸ ਮੌਕੇ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਉਜੈਨ ਵਿਖੇ ਪਹਿਲੇ ਪਾਤਸ਼ਾਹ ਜੀ ਨਾਲ ਸਬੰਧਿਤ ਗੁਰਦੁਆਰਾ ਸ੍ਰੀ ਗੁਰੂ ਨਾਨਕ ਘਾਟ ਦੀ ਸੇਵਾ-ਸੰਭਾਲ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਰਾਹੀਂ ਕੀਤੀ ਜਾ ਰਹੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਸ ਅਸਥਾਨ 'ਤੇ ਲੋੜ ਅਨੁਸਾਰ ਕਾਰਜ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਧਰਮ ਪ੍ਰਚਾਰ ਕਮੇਟੀ ਵੱਲੋਂ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਉਜੈਨ ਵਿਖੇ ਸਥਾਪਿਤ ਕੀਤੇ ਸਿੱਖ ਮਿਸ਼ਨ ਨੂੰ ਕਾਰਜਸੀਲ ਕੀਤਾ ਗਿਆ ਹੈ, ਜਿਥੇ ਪ੍ਰਚਾਰਕ, ਰਾਗੀ ਤੇ ਢਾਡੀ ਜਥੇ ਤਾਇਨਾਤ ਕਰ ਦਿੱਤੇ ਗਏ ਹਨ। ਇਹ ਜਥੇ ਮੱਧ ਪ੍ਰਦੇਸ਼ ਦੇ ਨਾਲ-ਨਾਲ ਗੁਜਰਾਤ, ਮਹਾਂਰਾਸ਼ਟਰ, ਰਾਜਸਥਾਨ ਅਤੇ ਛੱਤੀਸਗੜ੍ਹ ਦੀਆਂ ਸਰਹੱਦਾਂ ਨੇੜਲੇ ਇਲਾਕਿਆਂ ਵਿੱਚ ਸਿੱਖੀ ਪ੍ਰਚਾਰ ਲਈ ਕਾਰਜ ਕਰਨਗੇ। ਇਸ ਮੌਕੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਘਾਟ ਉਜੈਨ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਤਾਗੱਦੀ ਦਿਵਸ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਦਿਵਸ ਦੀ 450 ਸਾਲਾ ਸ਼ਤਾਬਦੀ ਨੂੰ ਸਮਰਪਿਤ ਗੁਰਮਤਿ ਸਮਾਗਮ ਵੀ ਕਰਵਾਏ ਗਏ, ਜਿਸ ਵਿੱਚ ਵੱਡੀ ਗਿਣਤੀ ਸੰਗਤਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਮੈਨੇਜਰ ਸ. ਜਗਤਾਰ ਸਿੰਘ ਸ਼ਹੂਰਾ, ਸਿੱਖ ਮਿਸ਼ਨ ਮੱਧ ਪ੍ਰਦੇਸ਼ ਦੇ ਇੰਚਾਰਜ ਭਾਈ ਬਲਦੇਵ ਸਿੰਘ ਉਗਰਾ ਸਮੇਤ ਸੰਗਤਾਂ ਹਾਜ਼ਰ ਸਨ।

# ਤੀਜੇ ਘੱਲੂਘਾਰੇ ਦੀ 40ਵੀਂ ਵਰ੍ਹੇਗੰਢ ਮੌਕੇ ਕਿਤਾਬ 'ਰਾਜਘਾਟ 'ਤੇ ਹਮਲਾ' ਕੀਤੀ ਜਾਵੇਗੀ ਜਾਰੀ

## ਕਰਮਜੀਤ ਸਿੰਘ ਸੁਨਾਮ ਵੱਲੋਂ ਦੇਸੀ ਕੱਟੇ ਨਾਲ ਪ੍ਰਧਾਨ ਮੰਤਰੀ ਰਾਜੀਵ ਗਾਂਧੀ 'ਤੇ ਹਮਲਾ ਕਰਨ ਦੀ ਦਾਸਤਾਨ

ਨਵੀਂ ਦਿੱਲੀ/ਮਨਪ੍ਰੀਤ ਸਿੰਘ ਖ਼ਾਲਸਾ : ਤੀਜਾ ਘੱਲੂਘਾਰਾ ਜੂਨ '84 ਦੀ 40 ਵੀਂ ਵਰ੍ਹੇ ਗੰਢ ਮੌਕੇ ਬਲਜਿੰਦਰ ਸਿੰਘ ਕੋਟਭਾਰਾ ਵੱਲੋਂ ਲਿਖੀ ਗਈ ਕਿਤਾਬ 'ਰਾਜਘਾਟ 'ਤੇ ਹਮਲਾ' ਜਾਰੀ ਕੀਤੀ ਜਾਵੇਗੀ। ਸਮਾਗਮ ਦੇ ਮੁੱਖ ਬੁਲਾਰੇ ਪੰਥਕ ਆਗੂ ਤੇ ਜੁਝਾਰੂ ਭਾਈ ਦਲਜੀਤ ਸਿੰਘ ਖ਼ਾਲਸਾ ਜੀ ਹੋਣਗੇ। ਇਸ ਸਮਾਗਮ 'ਚ ਲੇਖਕ ਭਾਈ ਮਲਕੀਤ ਸਿੰਘ ਭਵਾਨੀਗੜ੍ਹ ਵੱਲੋਂ ਜੂਨ '84 'ਚ ਹਿੰਦ ਹਕੂਮਤ ਵੱਲੋਂ ਗੁਰਦੁਆਰਾ ਸਾਹਿਬਾਨ 'ਤੇ ਕੀਤੇ ਹਿੰਸਕ ਹਮਲਿਆਂ ਬਾਰੇ ਵਿਸ਼ੇਸ਼ ਵਿਖਿਆਨ ਹੋਵੇਗਾ, ਜਿਨ੍ਹਾਂ ਨੇ ਇਸ ਮਸਲੇ 'ਤੇ ਸਾਲਾਂ ਬੱਧੀ ਸਖ਼ਤ ਮਿਹਨਤ ਕਰਕੇ ਇੱਕ ਦਸਤਾਵੇਜ ਰੂਪੀ ਕਿਤਾਬ ਲਿਖੀ ਹੈ। ਪੰਥਕ ਸੇਵਕ ਬਾਬਾ ਹਰਦੀਪ ਸਿੰਘ ਮਹਿਰਾਜ ਵੱਲੋਂ ਜਾਰੀ ਪ੍ਰੈਸ ਨੋਟ ਵਿੱਚ ਦੱਸਿਆ ਗਿਆ ਕਿ ਜੂਨ '84 'ਚ ਸਿੱਖ ਨਸਲਕੁਸ਼ੀ ਦਾ ਬਦਲਾ ਲੈਣ ਲਈ ਉਸ ਵੇਲੇ ਦੇ ਵਿਦਿਆਰਥੀ ਭਾਈ ਕਰਮਜੀਤ ਸਿੰਘ ਸੁਨਾਮ ਵੱਲੋਂ ਕੱਟੇ ਭਾਵ ਦੇਸੀ ਪਿਸਤੌਲ ਨਾਲ ਪ੍ਰਧਾਨ ਮੰਤਰੀ ਰਾਜੀਵ ਗਾਂਧੀ 'ਤੇ ਕਾਤਲਾਨਾ ਹਮਲਾ ਕਰਨ ਦੀ ਦਿਲ ਹੂਲਵੀਂ ਦਾਸਤਾਨ ਦੀ ਹੱਡਬੀਤੀ ਤੇ ਕਿਤਾਬ 'ਰਾਜਘਾਟ 'ਤੇ ਹਮਲਾ' ਦੇ ਸੰਦਰਭ 'ਚ ਭਾਈ ਸੁਨਾਮ ਆਪਣੇ ਵਿਚਾਰ ਸੰਗਤ ਦੇ ਸਨਮੁੱਖ ਰੱਖਣਗੇ। ਬਾਬਾ ਹਰਦੀਪ ਸਿੰਘ ਮਹਿਰਾਜ ਨੇ ਦਸਿਆ ਕਿ ਇਸ ਸਮਾਗਮ ਵਿੱਚ ਇਲਾਕੇ ਦੀਆਂ ਸ਼ਹੀਦ ਸਿੰਘਣੀਆਂ, ਜਿਨ੍ਹਾਂ ਦਾ ਵਿਰਤਾਂਤ ਨਵੀਂ ਕਿਤਾਬ 'ਕੌਰਨਾਮਾ ਖਾੜਕੂ ਸੰਘਰਸ਼ ਦੀਆਂ ਸ਼ਹੀਦ ਬੀਬੀਆਂ ਦੀ ਗਾਥਾ' 'ਚ ਛਾਪਿਆ ਗਿਆ ਹੈ, ਉਹਨਾਂ ਨੂੰ 'ਕੌਰਨਾਮਾ' ਕਿਤਾਬ ਭੇਟ ਕੀਤੀ ਜਾਵੇਗੀ।




# ਡਾ. ਸੁਰਜੀਤ ਪਾਤਰ ਨੂੰ ਦਿੱਤੀਆਂ ਭਾਵਭਿੰਨੀਆਂ ਸ਼ਰਧਾਂਜਲੀਆਂ



ਲੁਧਿਆਣਾ/ਏ.ਟੀ.ਨਿਊਜ਼ :ਉੱਘੇ ਪੰਜਾਬੀ ਕਵੀ ਪਦਮਸ੍ਰੀ ਡਾ. ਸੁਰਜੀਤ ਪਾਤਰ, ਜੋ ਕੁਝ ਦਿਨ ਪਹਿਲਾਂ ਅਕਾਲ ਚਲਾਣਾ ਕਰ ਗਏ ਸਨ, ਦੀ ਅੰਤਿਮ ਅਰਦਾਸ ਮੌਕੇ ਕਈ ਰਾਜਨੀਤਿਕ, ਧਾਰਮਿਕ ਤੇ ਸਾਹਿਤਕ ਸ਼ਖ਼ਸੀਅਤਾਂ ਨੇ ਸ਼ਿਰਕਤ ਕਰਦਿਆਂ ਉਨ੍ਹਾਂ ਨੂੰ ਨਿੱਘੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ। ਇਸ ਮੌਕੇ ਜਿੱਥੇ ਡਾ. ਪਾਤਰ 'ਤੇ ਦੇ ਨਾਂ ਉੱਤੇ ਐਵਾਰਡ ਸ਼ੁਰੂ ਕੀਤੇ ਜਾਣ ਦੀ ਗੱਲ ਆਖੀ ਗਈ ਉੱਥੇ ਆਰਟ ਐਂਡ ਕਲਚਰ ਸੈਂਟਰ ਸਥਾਪਿਤ ਕਰਨ ਦੀ ਵੀ ਤਜਵੀਜ਼ ਰੱਖੀ ਗਈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪਾਤਰ ਦੀ ਯਾਦ ਵਿੱਚ ਜੋ ਵੀ ਤਜਵੀਜ਼ ਹੈ, ਉਸ 'ਤੇ ਵੋਟਾਂ ਤੋਂ ਬਾਅਦ ਬੈਠ ਕੇ ਜੋ ਵੀ ਫੈਸਲਾ ਹੋਵੇਗਾ, ਉਸ ਨੂੰ ਉਹ ਪਹਿਲ ਦੇ ਆਧਾਰ 'ਤੇ ਪੂਰਾ ਕੀਤਾ ਜਾਵੇਗਾ।

ਗੁਰਦੁਆਰਾ ਮਾਈ ਬਿਸ਼ਨ ਕੌਰ ਵਿਖੇ ਹੋਏ ਅੰਤਿਮ ਅਰਦਾਸ ਸਮਾਗਮ ਮੌਕੇ ਅਖੰਡ ਸਾਹਿਬ ਦੇ ਭੋਗ ਤੋਂ ਬਾਅਦ ਡਾ. ਪਾਤਰ ਦੇ ਪੁੱਤਰ ਮਨਰਾਜ ਅਤੇ ਭਰਾ ਉਪਕਾਰ ਸਿੰਘ ਸਮੇਤ ਹੋਰ ਕਈ ਰਾਗੀ ਸਿੰਘਾਂ ਨੇ ਗੁਰਬਾਣੀ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਡਾ. ਪਾਤਰ ਪੰਜਾਬੀ ਦਾ ਵੱਡਾ ਸ਼ਾਇਰ ਸੀ, ਜਿਸ ਦੀਆਂ ਕਵਿਤਾਵਾਂ ਨੂੰ ਹਰ ਕੋਈ ਸੌਖਿਆਂ ਸਮਝ ਸਕਦਾ ਹੈ। ਇਹੀ ਵਜ੍ਹਾ ਹੈ ਕਿ ਉਹ ਖੁਦ ਵੀ ਆਪਣੇ ਭਾਸ਼ਨਾਂ ਵਿੱਚ ਉਨ੍ਹਾਂ ਦੀਆਂ ਕਵਿਤਾਵਾਂ ਨੂੰ ਸ਼ਾਮਿਲ ਕਰ ਲੈਂਦੇ ਹਨ। ਉਨ੍ਹਾਂ ਕਿਹਾ ਕਿ ਡਾ. ਪਾਤਰ ਦੀ ਯਾਦ ਵਿੱਚ ਕੌਮੀ ਐਵਾਰਡ ਦੀ ਤਰਜ਼ 'ਤੇ ਡਾ. ਪਾਤਰ ਐਵਾਰਡ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਲਈ ਸੱਤਵੀਂ ਤੋਂ ਬੀਏ ਤੱਕ ਦੇ ਵਿਦਿਆਰਥੀ ਦਾ ਕਵਿਤਾ ਪੜ੍ਹਨ ਦਾ ਮੁਕਾਬਲਾ ਕਰਵਾਇਆ ਜਾਵੇਗਾ। ਇਸ ਵਿੱਚ ਸ਼ਰਤ ਇਹ ਹੋਵੇਗੀ ਕਿ ਬੋਲੀ ਜਾਣ ਵਾਲੀ ਕਵਿਤਾ ਖੁਦ ਵਿਦਿਆਰਥੀ ਨੇ ਲਿਖੀ ਹੋਵੇ। ਇਸ ਐਵਾਰਡ ਵਿੱਚ ਇੱਕ ਲੱਖ ਰੁਪਏ ਦੇ ਇਨਾਮ ਤੋਂ ਇਲਾਵਾ ਕੌਮੀ ਐਵਾਰਡ ਵਾਲੀਆਂ ਸਾਰੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ। ਆਰਟ ਐਂਡ ਕਲਚਰ ਸੈਂਟਰ ਸਬੰਧੀ ਤਜਵੀਜ਼ ਬਾਰੇ ਉਨ੍ਹਾਂ ਨੇ ਵੋਟਾਂ ਤੋਂ ਬਾਅਦ ਹਰ ਆਉਣ ਵਾਲੀ ਤਜਵੀਜ਼ ਨੂੰ ਮੰਨਣ ਦਾ ਭਰੋਸਾ ਦਿੱਤਾ। ਸ੍ਰੀ ਮਾਨ ਨੇ ਕਿਹਾ ਕਿ ਡਾ. ਪਾਤਰ ਦੇ ਸ਼ਬਦ ਹਮੇਸ਼ਾ ਜਿਊਂਦੇ ਰਹਿਣਗੇ। ਸਮੂਹ ਸਾਹਿਤਕ ਜਥੇਬੰਦੀਆਂ ਵੱਲੋਂ ਭਾਰਤੀ ਸਾਹਿਤ ਅਕੈਡਮੀ ਦੇ ਨੁਮਾਇੰਦੇ ਰਵੇਲ ਸਿੰਘ ਨੇ ਡਾ. ਪਾਤਰ ਦੇ ਜੀਵਨ 'ਤੇ ਝਾਤੀ ਪੁਆਈ। ਉਨ੍ਹਾਂ ਕਿਹਾ ਕਿ ਉਹ ਸਿਰਫ ਪੰਜਾਬੀ ਭਾਸ਼ਾ ਦੇ ਹੀ ਸ਼ਾਇਰ ਨਹੀਂ ਸਨ, ਸਗੋਂ ਉਨ੍ਹਾਂ ਦੀਆਂ ਕਵਿਤਾਵਾਂ ਦਾ ਦੁਨੀਆ ਦੀਆਂ 43 ਭਾਸ਼ਾਵਾਂ ਵਿੱਚ ਤਰਜਮਾ ਕੀਤਾ ਜਾ ਚੁੱਕਾ ਹੈ। ਇਸ ਲਈ ਉਨ੍ਹਾਂ ਦੀ ਕਵਿਤਾ ਦਾ ਦਾਇਰਾ ਸੀਮਤ ਨਹੀਂ ਕੀਤਾ ਜਾ ਸਕਦਾ। ਸਮਾਗਮ ਦੌਰਾਨ ਅਸ਼ਵਨੀ ਜੇਤਲੀ ਨੇ ਕਿਹਾ ਕਿ ਭੂਟਾਨੀ ਗਰੁੱਪ ਵੱਲੋਂ ਡਾ. ਪਾਤਰ ਦੇ ਨਾਂ 'ਤੇ ਇੱਕ ਆਰਟ ਐਂਡ ਕਲਚਰਲ ਸੈਂਟਰ ਬਣਾਉਣ ਦੀ ਤਜਵੀਜ਼ ਹੈ ਅਤੇ ਇਹ ਮੁੱਖ ਮੰਤਰੀ ਭਗਵੰਤ ਮਾਨ ਦੇ ਸਹਿਯੋਗ ਨਾਲ ਹੀ ਸੰਭਵ ਹੋ ਸਕਦਾ ਹੈ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਸ਼ਿਵ ਕੁਮਾਰ ਤੋਂ ਬਾਅਦ ਜੇਕਰ ਕੋਈ ਕਵੀ ਸਭ ਤੋਂ ਵੱਧ ਪੜ੍ਹਿਆ, ਗਾਇਆ ਅਤੇ ਪਿਆਰ ਕੀਤਾ ਗਿਆ ਹੈ ਤਾਂ ਉਹ ਡਾ. ਸੁਰਜੀਤ ਪਾਤਰ ਹਨ। ਸਮਾਗਮ ਦੌਰਾਨ ਡਾ. ਬਲਬੀਰ ਸਿੰਘ ਸੀਚੇਵਾਲ ਨੇ ਡਾ. ਪਾਤਰ ਦੇ ਪੁੱਤਰ ਦੇ ਪੱਗੜੀ ਬੰਨ੍ਹਣ ਦੀ ਰਸਮ ਨਿਭਾਈ। ਇਸ ਤੋਂ ਇਲਾਵਾ ਨਾਮਧਾਰੀ ਸਮਾਜ ਵੱਲੋਂ ਨਾਮਧਾਰੀ ਹਰਭਜਨ ਸਿੰਘ ਨੇ ਵੀ ਡਾ. ਪਾਤਰ ਦੇ ਲੜਕੇ ਨੂੰ ਸਿਰੋਪਾਓ ਦਿੱਤਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

22 ਮਈ ਤੋਂ 28 ਮਈ 2024

## ਮਜਬੂਰੀ 'ਚੋਂ ਉਪਜਦੀਆਂ ਸਮਾਜਿਕ ਅਲਾਮਤਾਂ

ਜਦੋਂ ਤੋਂ 'ਸਮਾਜ' ਹੋਂਦ ਵਿੱਚ ਆਇਆ ਹੈ, ਉਦੋਂ ਤੋਂ ਹੀ ਮਨੁੱਖ ਦੀ ਭਲਾਈ ਲਈ ਅਨੇਕਾਂ ਵੱਡੇ ਕਾਰਜ ਕੀਤੇ ਜਾ ਰਹੇ ਹਨ, ਦੂਜੇ ਪਾਸੇ ਸਮਾਜ ਦੀ ਹੋਂਦ ਤੋਂ ਹੀ ਅਨੇਕਾਂ ਸਮਾਜਿਕ ਅਲਾਮਤਾਂ ਵੀ ਮਨੁੱਖੀ ਜ਼ਿੰਦਗੀ ਦਾ ਹਿੱਸਾ ਬਣੀਆਂ ਹੋਈਆਂ ਹਨ। ਇਸ ਤਰ੍ਹਾਂ ਕੁਝ ਸਮਾਜਿਕ ਅਲਾਮਤਾਂ ਦੀ ਉਮਰ ਵੀ ਸਮਾਜ ਜਿੰਨੀ ਹੀ ਪੁਰਾਣੀ ਹੈ। ਸਿੱਖ ਗੁਰੂ ਸਾਹਿਬਾਨ ਅਤੇ ਹੋਰ ਸੰਤਾਂ-ਮਹਾਂਪੁਰਸ਼ਾਂ ਨੇ ਆਪੋ ਆਪਣੇ ਜੀਵਨ ਕਾਲ ਦੌਰਾਨ ਸਮਾਜ ਵਿੱਚ ਫੈਲੀਆਂ ਅਲਾਮਤਾਂ ਅਤੇ ਕੁਪ੍ਰਥਾਵਾਂ ਵਿਰੁੱਧ ਆਵਾਜ਼ ਉਠਾਈ ਅਤੇ ਸਮਾਜ ਨੂੰ ਸਹੀ ਰਸਤਾ ਦਿਖਾਇਆ ਪਰ ਅੱਜ ਦਾ ਮਨੁੱਖ ਆਧੁਨਿਕਤਾ ਦੀ ਆੜ ਵਿੱਚ ਗੁਰੂ ਜੀ ਅਤੇ ਮਹਾਂਪੁਰਖਾਂ ਵੱਲੋਂ ਦਿਖਾਏ ਚੰਗੇਰੇ ਰਸਤੇ ਤੋਂ ਹੀ ਦੂਰ ਹੁੰਦਾ ਜਾ ਰਿਹਾ ਹੈ।

ਅੱਜ ਦੇ ਆਧੁਨਿਕ ਸਮੇਂ ਵਿੱਚ ਜਦੋਂ ਪੂਰੀ ਦੁਨੀਆਂ ਇੱਕ 'ਗਲੋਬਲ ਪਿੰਡ' ਬਣੀ ਹੋਈ ਹੈ ਅਤੇ ਦੁਨੀਆਂ ਦੇ ਕਿਸੇ ਵੀ ਹਿੱਸੇ ਵਿੱਚ ਹੁੰਦੀ ਹਰ ਘਟਨਾ ਦੀ ਜਾਣਕਾਰੀ ਮਿੰਟਾਂ-ਸਕਿੰਟਾਂ ਵਿੱਚ ਹੀ ਪੂਰੀ ਦੁਨੀਆਂ ਵਿੱਚ ਚਰਚਿਤ ਹੋ ਜਾਂਦੀ ਹੈ। ਸੰਚਾਰ ਸਾਧਨਾਂ ਦੀ ਇਸ ਕ੍ਰਾਂਤੀ ਕਾਰਨ ਹੀ ਜਿਥੇ ਦੁਨੀਆਂ ਦੇ ਵੱਖ -ਵੱਖ ਹਿੱਸਿਆਂ ਵਿੱਚ ਵਸੇ ਹੋਏ ਸਮਾਜਾਂ ਨੂੰ ਇਕ ਦੂਜੇ ਬਾਰੇ ਜਾਣਕਾਰੀ ਮਿਲਦੀ ਹੈ, ਉਥੇ ਅਨੇਕਾਂ ਸਮਾਜਾਂ ਵਿੱਚ ਅਨੇਕਾਂ ਗੁਣਾਂ ਦੇ ਬਾਵਜੂਦ ਫੈਲੀਆਂ ਹੋਈਆਂ ਕੁਝ ਕੁ-ਪ੍ਰਥਾਵਾਂ ਅਤੇ ਸਮਾਜਿਕ ਅਲਾਮਤਾਂ ਬਾਰੇ ਵੀ ਜਾਣਕਾਰੀ ਮਿਲਦੀ ਹੈ। ਉਸ ਸਮੇਂ ਬਹੁਤ ਹੈਰਾਨੀ ਹੁੰਦੀ ਹੈ ਕਿ ਜਦੋਂ ਇੱਕ ਪਾਸੇ ਮਨੁੱਖ ਚੰਦ 'ਤੇ ਉੱਤੇ ਮਨੁੱਖੀ ਬਸਤੀਆਂ ਵਸਾਉਣ ਦੀ ਤਿਆਰੀ ਵਿੱਚ ਲੱਗਿਆ ਹੈ, ਉਥੇ ਹੀ ਮਨੁੱਖ ਅਨੇਕਾਂ ਪੁਰਾਤਨ ਬੇੜੀਆਂ ਵਿੱਚ ਵੀ ਫਸਿਆ ਹੋਇਆ ਹੈ।

ਭਾਵੇਂ ਭਾਰਤ ਸਮੇਤ ਪੂਰੀ ਦੁਨੀਆਂ ਵਿੱਚ ਬਾਲ ਵਿਆਹ 'ਤੇ ਕਾਨੂੰਨੀ ਰੋਕ ਲੱਗੀ ਹੋਈ ਹੈ, ਪਰ ਅਜੇ ਵੀ ਕਿਸੇ ਨਾ ਕਿਸੇ ਇਲਾਕੇ ਵਿੱਚ ਬਾਲ ਵਿਆਹ ਵਰਗੀ ਘਟਨਾ ਅਕਸਰ ਵਾਪਰ ਹੀ ਜਾਂਦੀ ਹੈ ਜਾਂ ਛੋਟੇ ਬੱਚਿਆਂ ਦੀ ਆਪਸ ਵਿੱਚ ਮੰਗਣੀ ਕਰ ਦਿੱਤੀ ਜਾਂਦੀ ਹੈ ਤਾਂ ਕਿ ਬਾਲਗ ਹੋਣ 'ਤੇ ਇਹਨਾਂ ਦਾ ਵਿਆਹ ਹੋ ਸਕੇ। ਸਮਾਜ ਵਿੱਚ ਬਾਲ ਵਿਆਹ ਕੁ ਪ੍ਰਥਾ ਸ਼ੁਰੂ ਹੋਣ ਬਾਰੇ ਵੀ ਕਈ ਤੱਥ ਹਨ। ਕਿਹਾ ਜਾਂਦਾ ਹੈ ਕਿ ਜਦੋਂ ਭਾਰਤ ਵਿੱਚ ਮੁਗਲਾਂ ਦਾ ਰਾਜ ਸੀ ਤਾਂ ਮੁਗਲ ਸੈਨਿਕ ਅਤੇ ਡਾਕੂ ਲੁਟੇਰੇ ਵੱਖ- ਵੱਖ ਇਲਾਕਿਆਂ ਵਿੱਚ ਜਾਂਦੇ ਸਮੇਂ ਉਥੋਂ ਦੇ ਲੋਕਾਂ ਦੀਆਂ ਜਵਾਨ ਅਤੇ ਸੋਹਣੀਆਂ ਕੁੜੀਆਂ ਨੂੰ ਚੁੱਕ ਕੇ ਲੈ ਜਾਂਦੇ ਸਨ, ਜਿਸ ਕਾਰਨ ਵੱਡੀ ਗਿਣਤੀ ਲੋਕਾਂ ਨੇ ਆਪਣੀਆਂ ਕੁੜੀਆਂ ਦੇ ਜਵਾਨ ਹੋਣ ਤੋਂ ਪਹਿਲਾਂ ਹੀ ਉਹਨਾਂ ਦੇ ਵਿਆਹ ਕਰਨੇ ਸ਼ੁਰੂ ਕਰ ਦਿੱਤੇ ਤਾਂ ਕਿ ਉਹਨਾਂ ਦੀਆਂ ਧੀਆਂ ਨੂੰ ਮੁਗਲ ਸੈਨਿਕ ਜਾਂ ਡਾਕੂ ਲੁਟੇਰੇ ਅਗਵਾ ਕਰਕੇ ਨਾ ਲੈ ਜਾ ਸਕਣ। ਇਥੋਂ ਹੀ ਬਾਲ ਵਿਆਹ ਦੀ ਕੁ ਪ੍ਰਥਾ ਨੇ ਜਨਮ ਲਿਆ। ਅੱਜ ਦੇ ਸਮੇਂ ਵਿੱਚ ਭਾਵੇਂ ਦੁਨੀਆਂ ਬਹੁਤ ਬਦਲ ਗਈ ਹੈ ਅਤੇ ਕੁੜੀਆਂ ਦੀ ਸੁਰੱਖਿਆ ਲਈ ਬਹੁਤ ਕਾਨੂੰਨ ਅਤੇ ਸੰਸਥਾਵਾਂ ਹਨ, ਪਰ ਫਿਰ ਵੀ ਕਈ ਇਲਾਕਿਆਂ ਵਿੱਚ ਬਾਲ ਵਿਆਹ ਵਰਗੀ ਘਟਨਾ ਕਦੇ ਕਦੇ ਵਾਪਰ ਜਾਂਦੀ ਹੈ, ਜਿਸ ਕਾਰਨ ਆਧੁਨਿਕ ਸਮਾਜ ਦੀ ਆਧੁਨਿਕਤਾ 'ਤੇ ਹੀ ਸਵਾਲੀਆ ਨਿਸ਼ਾਨ ਲੱਗ ਜਾਂਦੇ ਹਨ। ਇਸੇ ਤਰ੍ਹਾਂ ਹੀ ਸਤੀ ਪ੍ਰਥਾ, ਦਹੇਜ਼ ਪ੍ਰਥਾ ਅਤੇ ਹੋਰ ਪ੍ਰਥਾਵਾਂ ਸ਼ੁਰੂ ਹੋਈਆਂ। ਭਾਵੇਂ ਕਿ ਸਮੇਂ ਅਨੁਸਾਰ ਇਹਨਾਂ ਪ੍ਰਥਾਵਾਂ ਦਾ ਅੰਤ ਹੋ ਗਿਆ ਹੈ ਪਰ ਦਾਜ ਪ੍ਰਥਾ ਅਜੇ ਵੀ ਜਾਰੀ ਹੈ। ਕਈ ਵਾਰ ਤਾਂ ਧੀਆਂ ਦੇ ਵਿਆਹ ਮੌਕੇ ਦਾਜ ਦੇਣ ਲਈ ਧੀਆਂ ਦਾ ਬਾਬਲ ਕਰਜ਼ਈ ਹੋ ਜਾਂਦਾ ਹੈ ਜਾਂ ਉਸ ਨੂੰ ਆਪਣੀ ਜ਼ਮੀਨ ਵੇਚਣੀ ਪੈਂਦੀ ਹੈ। ਅੱਜ ਦੇ ਅਗਾਂਹਵਧੂ ਸਮਾਜ ਵਿੱਚ ਵੀ ਵਿਧਵਾ ਅਤੇ ਤਲਾਕਸ਼ੁਦਾ ਔਰਤਾਂ ਨੂੰ ਬਹੁਤ ਪ੍ਰੇਸ਼ਾਨੀਆਂ ਅਤੇ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਵਾਸ਼ਨਾ ਦੇ ਭੁੱਖੇ ਭੇੜੀਆਂ ਦੀਆਂ ਗੰਦੀਆਂ ਨਜ਼ਰਾਂ ਵਿਧਵਾ ਅਤੇ ਤਲਾਕਸ਼ੁਦਾ ਔਰਤਾਂ ਨੂੰ ਸਬੂਤਾ ਹੀ ਨਿਗਲਣ ਨੂੰ ਪੈਂਦੀਆਂ ਹਨ।

ਗੁਰੂ ਕਾਲ ਦੌਰਾਨ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਔਰਤਾਂ ਦੇ ਪੱਖ ਵਿੱਚ ਆਵਾਜ਼ ਉਠਾਈ। ਉਹਨਾਂ ਸਪਸ਼ਟ ਕਿਹਾ ਕਿ ਰਾਜਿਆਂ ਨੂੰ ਜਨਮ ਦੇਣ ਵਾਲੀ ਔਰਤ ਨੂੰ ਮੰਦਾ ਨਹੀਂ ਕਹਿਣਾ ਚਾਹੀਦਾ। ਗੁਰੂ ਨਾਨਕ ਦੇਵ ਜੀ ਨੇ ਤਾਂ ਪੂਰੀ ਦੁਨੀਆਂ ਨੂੰ ਸਿੱਧੇ ਰਸਤੇ ਪਾਉਣ ਲਈ ਉਦਾਸੀਆਂ ਵੀ ਕੀਤੀਆਂ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਸਾਰੇ ਸਿੱਖ ਗੁਰੂ ਸਾਹਿਬਾਨ ਨੇ ਚੰਗੇਰਾ ਸਮਾਜ ਸਿਰਜਣ ਲਈ ਆਪਣਾ ਜੀਵਨ ਸਮਾਜ ਸੁਧਾਰ ਦੇ ਲੇਖੇ ਲਾ ਦਿੱਤਾ। ਗੁਰੂ ਸਾਹਿਬਾਨ ਅਤੇ ਸੰਤ ਕਬੀਰ, ਸੰਤ ਰਵੀਦਾਸ, ਭਗਤ ਧੰਨਾ ਅਤੇ ਹੋਰ ਸੰਤਾਂ ਮਹਾਂਪੁਰਖਾਂ ਨੇ ਸਮਾਜ ਵਿੱਚ ਫੈਲੀਆਂ ਹੋਈਆਂ ਕੁ ਪ੍ਰਥਾਵਾਂ ਵਿਰੁੱਧ ਆਵਾਜ਼ ਬੁਲੰਦ ਕੀਤੀ ਅਤੇ ਦੁਨੀਆਂ ਨੂੰ ਸਿੱਧੇ ਰਸਤੇ 'ਤੇ ਪਾਇਆ।

ਜੇ ਹੁਣ ਅੱਜ ਦੇ ਸਮੇਂ ਦੀ ਗੱਲ ਕੀਤੀ ਜਾਵੇ ਤਾਂ ਆਧੁਨਿਕ ਸੁੱਖ ਸਹੂਲਤਾਂ ਦਾ ਆਨੰਦ ਮਾਣਦਾ ਮਨੁੱਖ ਅਜੇ ਵੀ ਭਟਕ ਰਿਹਾ ਹੈ, ਉਸ ਨੂੰ ਮਸਨੂਈ ਸਹੂਲਤਾਂ ਮਾਣਦਿਆਂ ਵੀ ਖਾਲੀਪਣ ਦਾ ਅਹਿਸਾਸ ਹੋ ਰਿਹਾ ਹੈ। ਅਜਿਹਾ ਇਸ ਕਾਰਨ ਹੋ ਰਿਹਾ ਹੈ ਕਿਉਂਕਿ ਅਸੀਂ ਗੁਰੂ ਸਾਹਿਬਾਨ ਅਤੇ ਮਹਾਂਪੁਰਖਾਂ ਦੀਆਂ ਸਿੱਖਿਆਵਾਂ 'ਤੇ ਸਹੀ ਤਰੀਕੇ ਨਾਲ ਅਮਲ ਨਹੀਂ ਕਰ ਰਹੇ ਅਤੇ ਗੁਰੂ ਤੋਂ ਦੂਰ ਜਾ ਰਹੇ ਹਾਂ। ਅੱਜ ਦੇ ਸਮੇਂ ਵਿੱਚ ਕੁਰਾਹੇ ਪਏ ਸਮਾਜ ਨੂੰ ਸਹੀ ਰਸਤੇ 'ਤੇ ਲਿਆਉਣ ਲਈ ਕਿਸੇ ਮਹਾਂਪੁਰਸ਼ ਦੀ ਲੋੜ ਮਹਿਸੂਸ ਹੋ ਰਹੀ ਹੈ। ਜੇ ਅਸੀਂ ਆਪਣਾ ਜੀਵਨ ਸਫ਼ਲ ਕਰਨਾ ਹੈ ਤਾਂ ਸਾਨੂੰ ਗੁਰੂ ਸਾਹਿਬਾਨ, ਸੰਤਾਂ-ਮਹਾਂਪੁਰਖਾਂ ਦੀਆਂ ਸਿੱਖਿਆਵਾਂ ਅਨੁਸਾਰ ਅਤੇ ਇਹਨਾਂ ਵੱਲੋਂ ਦਰਸਾਏ ਰਾਹ 'ਤੇ ਚੱਲਣਾ ਪੈਣਾ ਹੈ। ਇਸ ਵਿੱਚ ਹੀ ਅੱਜ ਦੇ ਮਨੁੱਖ ਦੀ ਭਲਾਈ ਹੈ।

**-ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਪੰਜਾਬ ਲੋਕ ਸਭਾ ਚੋਣਾਂ-ਅਣਦਿਖਵੇਂ ਪੱਖ



ਗੁਰਮੀਤ ਸਿੰਘ ਪਲਾਹੀ
9815802070

ਪੰਜਾਬ ਲੋਕ ਸਭਾ ਚੋਣਾਂ-2024, ਸਰਹੱਦੀ ਸੂਬੇ ਪੰਜਾਬ ਲਈ ਇਸ ਵੇਰ ਨਵੇਂ ਤਜ਼ਰਬੇ ਵਜੋਂ ਵੇਖੀਆਂ ਜਾ ਰਹੀਆਂ ਹਨ। ਪਿਛਲਾ ਲੰਮਾ ਸਮਾਂ ਪੰਜਾਬ ਵਿੱਚ ਲੋਕ ਸਭਾ, ਵਿਧਾਨ ਸਭਾ ਚੋਣਾਂ, ਸਿਆਸੀ ਪਾਰਟੀਆਂ ਦੇ ਆਪਸੀ ਗੱਠਜੋੜ ਦਾ ਰਿਹਾ ਹੈ, ਪਰ ਐਤਕਾਂ ਪੰਜਾਬ ਦੀਆਂ ਸਾਰੀਆਂ ਛੋਟੀਆਂ-ਵੱਡੀਆਂ ਸਿਆਸੀ ਪਾਰਟੀਆਂ ਆਪੋ-ਆਪਣੀ ਤਾਕਤ ਨਾਲ ਲੋਕ ਸਭਾ ਚੋਣਾਂ ਲੜ ਰਹੀਆਂ ਹਨ ਅਤੇ ਹੈਰਾਨੀਜਨਕ ਤਾਂ ਇਹ ਹੈ ਕਿ ਲਗਭਗ ਸੱਭੋ ਪਾਰਟੀਆਂ 13-0 ਜਿੱਤ ਦਾ ਦਾਅਵਾ ਕਰ ਰਹੀਆਂ ਹਨ। ਪੰਜਾਬ ਵਿੱਚ ਲੋਕ ਸਭਾ ਦੀਆਂ 13 ਸੀਟਾਂ ਹਨ।

ਪੰਜਾਬ ਵਿੱਚ ਰਾਸ਼ਟਰੀ, ਇਲਾਕਾਈ, ਰਿਵਾਇਤੀ, ਗੈਰ-ਰਿਵਾਇਤੀ, ਲੋਕਾਂ ਨਾਲ ਜ਼ਮੀਨੀ ਪੱਧਰ 'ਤੇ ਜੁੜੀਆਂ ਜਾਂ ਕਾਗਜ਼ੀ ਪਾਰਟੀਆਂ ਚੋਣ ਮੈਦਾਨ ਵਿੱਚ ਹਨ। ਸਿਆਸੀ ਪਾਰਟੀਆਂ ਦੇ ਰੰਗ-ਬਰੰਗੇ ਬਿਆਨ ਪੜ੍ਹਨ ਨੂੰ ਮਿਲ ਰਹੇ ਹਨ। ਕਿਧਰੇ-ਕਿਧਰੇ 'ਲੋਕਾਂ ਦੀ ਗੱਲ' ਕਰਨ ਵਾਲੇ ਬਿਆਨ ਵੀ ਦਿੱਸਦੇ ਹਨ, ਪਰ ਬਹੁਤਾਤ ਉਹਨਾ ਬਿਆਨਾਂ, ਭਾਸ਼ਣਾ ਦੀ ਹੈ, ਜਿਹਨਾ ਵਿੱਚ ਇਹ ਸਿਆਸੀ ਨੇਤਾ ਇੱਕ-ਦੂਜੇ ਨੂੰ ਭੰਡਦੇ ਹਨ, ਇੱਕ-ਦੂਜੇ ਦੇ ਪੋਤੜੇ ਫੋਲਦੇ ਹਨ, ਇੱਕ-ਦੂਜੇ 'ਤੇ ਕਿੱਚੜ ਸੁੱਟਦੇ ਹਨ। ਇੱਕ-ਦੂਜੇ ਦੀ ਬਦਨਾਮੀ ਕਰਦੇ ਹਨ, ਪਰਿਵਾਰਕ ਪਿਛੋਕੜ ਨਿੰਦਦੇ ਹਨ ਅਤੇ ਕਈ ਵੇਰ ਵਿਰੋਧੀ ਧਿਰ ਵਾਲੇ ਇਹੋ ਜਿਹੇ ਪੱਖ ਲੋਕਾਂ ਸਾਹਵੇਂ ਲੈ ਆਉਂਦੇ ਹਨ, ਜਿਹਨਾ ਦਾ ਸੰਬੰਧਤ ਉਮੀਦਵਾਰਾਂ ਨੂੰ ਵੀ ਪਤਾ ਨਹੀਂ ਹੁੰਦਾ।

ਪਰ ਹੈਰਾਨੀ ਦੀ ਗੱਲ ਹੈ ਕਿ ਕੋਈ ਵੀ ਪੰਜਾਬ ਦੇ ਮੁੱਦਿਆਂ ਦੀ ਗੱਲ ਗੰਭੀਰਤਾ ਨਾਲ ਨਹੀਂ ਕਰ ਰਿਹਾ, ਕੋਈ ਪੰਜਾਬ ਨਾਲ ਹੋਈ ਬੇਇਨਸਾਫੀ ਲੋਕਾਂ ਸਾਹਵੇਂ ਨਹੀਂ ਲਿਆ ਰਿਹਾ। ਕੋਈ ਉਜੜ ਰਹੇ ਪੰਜਾਬ ਨੂੰ ਥਾਂ-ਸਿਰ ਕਿਵੇਂ ਲਿਆਉਣਾ ਹੈ, ਬਾਰੇ ਆਪਣਾ ਰੋਡ ਮੈਪ ਨਹੀਂ ਦੱਸ ਰਿਹਾ। ਸਿਰਫ਼ ਆਪੋ-ਧਾਪੀ ਦਾ ਮਾਹੌਲ ਬਣਿਆ ਹੋਇਆ ਹੈ। ਕਿਧਰੇ-ਕਿਧਰੇ ਕੋਈ ਸੰਜੀਦਾ ਉਮੀਦਵਾਰ, ਜਾਂ ਸਿਆਸੀ ਪਾਰਟੀ ਲੋਕ ਮੁੱਦਿਆਂ ਦੀ ਬਾਤ ਪਾਉਂਦੀ ਹੈ, ਕਿਸਾਨਾਂ , ਮੁਲਾਜ਼ਮਾਂ ਦਾ ਦਰਦ ਬਿਆਨਦੀ ਹੈ, ਪਰ ਨਗਾਰੇ 'ਚ ਤੂਤੀ ਦੀ ਅਵਾਜ਼ ਇੰਨੀ ਧੀਮੀ ਹੈ ਕਿ ਕੁਝ ਹੋਰ ਸੁਣਦਾ ਹੀ ਨਹੀਂ।

ਇੱਕ ਪੱਖ ਜਿਹੜਾ ਪੰਜਾਬ ਦੇ ਲੋਕਾਂ ਲਈ ਉਤਸ਼ਾਹਤ ਕਰਨ ਵਾਲਾ ਹੈ, ਉਹ ਇਹ ਹੈ ਕਿ ਪਿੰਡਾਂ 'ਚ ਕਿਸਾਨ, ਮਜ਼ਦੂਰ, ਚੋਣਾਂ 'ਚ ਖੜੇ ਉਮੀਦਵਾਰਾਂ ਤੋਂ ਸਵਾਲ ਪੁੱਛਣ ਲੱਗ ਪਏ ਹਨ। ਉਹਨਾਂ ਨੂੰ ਘੇਰਦੇ ਹਨ। ਉਹ ਲੋਕ ਜਿਹੜੇ ਪਾਰਟੀਆਂ ਦੇ ਉਮੀਦਵਾਰਾਂ ਦੇ ਇਕੱਠਾਂ 'ਚ ਮੂਕ-ਦਰਸ਼ਕ ਬਣੇ ਦਿਖਦੇ ਸਨ, ਹਰ ਘਰ, ਜਾਂ ਪਿੰਡ ਆਏ ਉਮੀਦਵਾਰ ਨੂੰ ਉਹਨਾਂ ਵਾਂਗਰ ਹੀ ਲਾਰਾ ਲੱਪਾ ਲਾਕੇ ਕਹਿੰਦੇ ਸਨ, 'ਤੁਹਾਡੀ ਹੀ ਵੋਟ ਹੈ' ਉਹ ਹੁਣ ਮੂੰਹ 'ਤੇ ਹੀ ਕਹਿਣ ਲੱਗੇ ਹਨ ਕਿ ਉਹਨਾ ਨੂੰ ਅੰਦੋਲਨਾਂ 'ਚ ਪਈਆਂ ਲਾਠੀਆਂ ਦਾ ਹਿਸਾਬ ਚਾਹੀਦਾ ਹੈ। ਸ਼ਹੀਦ ਹੋਏ ਸਾਥੀਆਂ ਦਾ ਕੀ ਕਸੂਰ ਸੀ, ਉਹ ਪੁੱਛਣ ਲੱਗੇ ਹਨ। ਚੁੱਪ ਦੀ ਗਾਥਾ ਜਿਹੜੀ ਉਹ ਵਰ੍ਹਿਆਂ ਬੱਧੀ ਸੀਨੇ 'ਚ ਲਕੋਈ ਬੈਠੇ ਸਨ, ਉਹ ਇੱਕ ਚੀਖ ਬਣੀ, ਇੱਕ ਦਹਾੜ ਬਣੀ ਦਿਖਾਈ ਦੇ ਰਹੀ ਹੈ।

ਦੇਸ਼ ਦੇ ਵੱਡੇ ਹਾਕਮਾਂ ਨੇ ਪੰਜਾਬ ਨੂੰ ਅਣਦਿਖਵੇਂ ਢੰਗ ਨਾਲ ਆਪਣੇ ਸ਼ਿਕੰਜੇ ਕੱਸਣ ਦਾ ਦੌਰ ਚਲਾਇਆ ਹੈ। ਕੇਂਦਰੀ ਗ੍ਰਾਂਟਾਂ ਰੋਕਕੇ ਪੰਜਾਬ ਦੇ ਵਿਕਾਸ ਦਾ ਰੰਗ ਫਿੱਕਾ ਪਾਉਣ ਦਾ ਯਤਨ ਹੋਇਆ ਹੈ। ਵੱਡੀ ਪੱਧਰ 'ਤੇ ਦਲ ਬਦਲ ਨੇ ਜਿਵੇਂ ਪੰਜਾਬੀਆਂ ਦੀ ਅਣਖ ਨੂੰ ਖੋਰਾ ਲਾ ਦਿੱਤਾ ਹੈ। ਜਿਵੇਂ ਪੰਜਾਬ ਨੂੰ ਕਦੇ ਕੁੜੀਮਾਰਾਂ ਵਜੋਂ ਬਦਨਾਮ ਕੀਤਾ ਗਿਆ। ਨਸ਼ੱਈਆਂ ਵਜੋਂ ਉਹਨਾ ਦੀ ਦਿੱਖ ਵਿਗਾੜਨ ਦਾ ਕੋਝਾ ਯਤਨ ਹੋਇਆ।




ਕਿਸਾਨ ਅੰਦੋਲਨ ਨੂੰ 'ਖਾਲਿਸਤਾਨੀ' ਅੰਦੋਲਨ ਗਰਦਾਨਣ ਦੀ ਕੋਸ਼ਿਸ਼ ਹੋਈ, ਉਵੇਂ ਹੀ ਤਾਕਤ ਹਥਿਆਉਣ ਦੀ ਖਾਤਰ, ਪੰਜਾਬ ਨੂੰ ਕਾਬੂ ਕਰਨ ਦੀ ਖਾਤਰ ਨੇਤਾਵਾਂ ਨੂੰ ਹਰ ਹੀਲਾ ਵਸੀਲਾ ਵਰਤਕੇ ਦਲ-ਬਦਲ ਦੇ ਰਾਹ ਪਾ ਦਿੱਤਾ ਗਿਆ।

ਸਾਬਕਾ ਮੁੱਖ ਮੰਤਰੀ, ਪਾਰਟੀ ਦੇ ਪ੍ਰਧਾਨ, ਸਾਬਕਾ ਐਮ.ਪੀ., ਸਾਬਕਾ ਵਿਧਾਇਕ, ਪਾਰਟੀ ਕਾਰਕੁਨ ਇਸੇ ਰਾਹ ਤੋਰ ਦਿੱਤੇ ਗਏ। ਸਿਰਫ਼ ਕੇਂਦਰੀ ਹਾਕਮਾਂ ਨੇ ਹੀ ਨਹੀਂ, ਸਗੋਂ ਸੂਬੇ ਦੇ ਹਾਕਮਾਂ ਅਤੇ ਦੂਜੀਆਂ ਸਿਆਸੀ ਧਿਰਾਂ ਨੇ ਵੀ ਇਹੋ ਖੇਡ ਖੇਡੀ। ਅੱਜ ਜੇਕਰ ਕੋਈ ਅਕਾਲੀ ਸੀ, ਕੱਲ ਭਾਜਪਾਈ ਜਾ ਬਣਿਆ। ਅੱਜ ਜੇਕਰ ਕੋਈ ਕਾਂਗਰਸੀ ਸੀ ਉਹ 'ਆਪ' ਨਾਲ ਜਾ ਰਲਿਆ। ਅੱਜ ਕੋਈ 'ਆਪ' 'ਚ ਸੀ, ਉਹ ਭਾਜਪਾ ਦੇ ਦਰ ਜਾ ਬੈਠਾ। ਲੋਕ ਸਭਾ ਉਮੀਦਵਾਰ ਦੀ ਖੇਡ ਵਿੱਚ ਐਡੀ ਵੱਡੀ ਦਲ-ਬਦਲੀ ਖੇਡ, ਜੋ ਪੰਜਾਬ 'ਚ ਖੇਡੀ ਗਈ, ਮੁਲਕ ਦੇ ਕਿਸੇ ਹੋਰ ਹਿੱਸੇ 'ਚ ਨਹੀਂ ਖੇਡੀ ਗਈ। ਦਲ-ਬਦਲੂਆਂ ਨੇ ਨੈਤਿਕਤਾ ਨੂੰ ਪੱਲਿਓਂ ਛੱਡ ਦਿੱਤਾ। ਅਸੂਲਾਂ ਨੂੰ ਤਿਲਾਂਜਲੀ ਦੇ ਦਿੱਤੀ। ਸਿਰਫ਼ ਆਪਣੀ ਕੁਰਸੀ ਨੂੰ ਹੀ ਅਹਿਮੀਅਤ ਦੇ ਦਿੱਤੀ।

ਇਸ ਸਭ ਕੁਝ ਦੇ ਵਿਚਕਾਰ ਪੰਜਾਬ ਦੇ ਵੋਟਰ ਸ਼ਸ਼ੋਪੰਜ ਵਿੱਚ ਪੈ ਗਏ। ਉਹ ਜਿਹੜੇ ਪਿੰਡਾਂ 'ਚ ਕਾਂਗਰਸੀ ਸਨ, ਭਾਜਪਾ ਨੂੰ ਗਾਲਾਂ ਕੱਢਦੇ ਸਨ, ਆਪਣੇ ਕਾਂਗਰਸੀ ਆਕਾ ਦੇ ਦਲ ਬਦਲਣ ਨਾਲ ਭਾਜਪਾਈ ਕਿਵੇਂ ਬਨਣ, ਜਿਹਨਾਂ ਨੂੰ ਉਹ ਗਾਲਾਂ ਕੱਢਿਆ ਕਰਦੇ ਸਨ ? ਉਹ ਪੇਂਡੂ ਅਕਾਲੀ, ਜਿਹੜੇ ਆਪ ਵਾਲਿਆਂ ਨੂੰ ਸ਼ਰੇ ਬਜ਼ਾਰ ਨਿੰਦਦੇ ਸਨ, ਆਪਣੇ ਆਕਾ ਵੱਲੋਂ ਆਪ ਵਾਲਿਆਂ ਦਾ ਲੜ ਫੜੇ ਜਾਣ 'ਤੇ ਕਿਹੋ ਜਿਹਾ ਮਹਿਸੂਸ ਕਰਦੇ ਹਨ, ਇਹ ਤਾਂ ਉਹ ਹੀ ਜਾਣ ਸਕਦੇ ਹਨ। ਨੇਤਾ ਨੂੰ ਇਸ ਨਾਲ ਕੋਈ ਫਰਕ ਨਹੀਂ ਪੈਣ ਵਾਲਾ। ਪਰ ਇੱਕ ਗੱਲ ਸਾਫ ਹੋਈ ਦਿਸਦੀ ਹੈ ਕਿ ਆਮ ਲੋਕਾਂ ਦਾ 'ਨੇਤਾਵਾਂ ' ਉਤੇ ਵਿਸ਼ਵਾਸ ਡਗਮਗਾ ਗਿਆ ਹੈ। ਉਹਨਾਂ ਵਿੱਚ ਮਾਯੂਸੀ ਦਿੱਖ ਰਹੀ ਹੈ। ਖ਼ਾਸ ਕਰਕੇ ਪਿੰਡਾਂ 'ਚ ਇਹੋ ਜਿਹੇ ਦਲ-ਬਦਲੂਆਂ ਦੇ ਇਕੱਠਾਂ 'ਚ ਭੀੜ ਘੱਟ ਗਈ ਹੈ। ਇਹ ਅਸਲ ਅਰਥਾਂ 'ਚ ਲੋਕਤੰਤਰੀ ਕਦਰਾਂ ਕੀਮਤਾਂ ਦਾ ਇੱਕ ਕਿਸਮ ਦਾ ਘਾਣ ਹੋਇਆ ਹੈ, ਜਿਸਨੂੰ ਪੰਜਾਬ ਦੇ ਲੋਕਾਂ ਨੇ ਮਨੋਂ ਜੀਅ ਆਇਆਂ ਨਹੀਂ ਆਖਿਆ।ਪੰਜਾਬ ਵਿੱਚ ਅਕਾਲੀ-ਭਾਜਪਾ ਗੱਠਜੋੜ ਦੀ ਇੱਕ ਧਿਰ ਭਾਜਪਾ ਉਤਸ਼ਾਹਤ ਹੋਕੇ 1 3 ਸੀਟਾਂ ਉਤੇ ਚੋਣ ਲੜ ਰਹੀ ਹੈ। ਦੂਜੀ ਧਿਰ ਅਕਾਲੀ ਦਲ (ਬਾਦਲ) ਵਾਲੇ ਵੱਖਰੇ ਸਾਰੀਆਂ ਸੀਟਾਂ ਲੜ ਰਹੇ ਹਨ। ਅਕਾਲੀ ਦਲ (ਮਾਨ) ਤੋਂ ਇਲਾਕਾ ਪੰਥਕ ਦਲ ਵੀ ਆਪਣੇ ਉਮੀਦਵਾਰ ਖੜੇ ਕਰ ਰਿਹਾ ਹੈ। ਕਾਂਗਰਸ ਵੀ ਸਾਰੀਆਂ ਸੀਟਾਂ ਤੇ ਜ਼ੋਰ ਅਜ਼ਮਾਈ ਕਰ ਰਹੀ ਹੈ। 'ਆਪ' ਨੇ ਸਾਰੀਆਂ ਸੀਟਾਂ 'ਤੇ ਸਿਰ ਧੜ ਦੀ ਬਾਜੀ ਲਾਈ ਹੋਈ ਹੈ। ਬਹੁਜਨ ਸਮਾਜ ਪਾਰਟੀ ਨੇ ਵੀ ਆਪਣੇ ਉਮੀਦਵਾਰਾਂ ਦੀ ਲਿਸਟ ਜਾਰੀ ਕਰ ਦਿੱਤੀ ਹੈ। ਖੱਬੀਆਂ ਧਿਰਾਂ, ਕਮਿਊਨਿਸਟ ਪਾਰਟੀਆਂ ਆਪਣੇ ਉਮੀਦਵਾਰ ਖੜੇ ਕਰ ਚੁੱਕੀਆਂ ਹਨ। ਗੱਲ ਕੀ ਪੰਜਾਬ 'ਚ ਐਤਕੀ ਪਹਿਲੀ ਵੇਰ ਚਾਰ ਕੋਨੀ, ਜਾਂ ਪੰਜ ਕੋਨੀ, ਟੱਕਰ ਵੇਖਣ ਨੂੰ ਮਿਲੇਗੀ। ਪਰ ਇੱਕ ਗੱਲ ਪੰਜਾਬੀਆਂ ਨੂੰ ਪ੍ਰੇਸ਼ਾਨ ਕਰਨ ਵਾਲੀ ਹੈ ਕਿ ਕਹਿੰਦੀਆਂ ਕਹਾਉਂਦੀਆਂ ਸਿਆਸੀ ਪਾਰਟੀਆਂ ਜਿਹੜੀ ਔਰਤਾਂ ਨੂੰ ਸਿਆਸਤ ਵਿੱਚ ਬਰਾਬਰ ਦਾ ਭਾਈਵਾਲ ਹੋਣ ਦਾ ਦਾਅਵਾ ਕਰਦੀਆਂ ਹਨ, ਉਹਨਾਂ ਨੂੰ ਟਿਕਟਾਂ 'ਚ ਵਾਜਬ ਨੁਮਾਇੰਦਗੀ ਨਹੀਂ ਮਿਲੀ।ਕਾਂਗਰਸ ਨੇ ਦੋ ਔਰਤਾਂ, ਹੁਸ਼ਿਆਰਪੁਰ ਤੋਂ ਯਾਮਨੀ ਗੂਮਰ, ਫਰੀਦਕੋਟ ਤੋਂ ਅਮਰਜੀਤ ਕੌਰ ਸਾਹੋਕੇ, ਭਾਜਪਾ ਨੇ ਤਿੰਨ ਔਰਤਾਂ ਹੁਸ਼ਿਆਰਪੁਰ ਤੋਂ ਅਨੀਤਾ ਸੋਮ ਪ੍ਰਕਾਸ਼, ਬਠਿੰਡਾ ਤੋਂ ਪਰਮਪਾਲ ਕੌਰ ਸਿੱਧੂ, ਪਟਿਆਲਾ ਤੋਂ ਪਰਨੀਤ ਕੌਰ ਨੂੰ ਲੋਕ ਸਭਾ ਚੋਣਾਂ 'ਚ ਉਮੀਦਵਾਰ ਬਣਾਇਆ ਅਤੇ ਆਮ ਆਦਮੀ ਪਾਰਟੀ ਨੇ ਕਿਸੇ ਵੀ ਔਰਤ ਨੂੰ ਲੋਕ ਸਭਾ ਚੋਣਾਂ 'ਚ ਉਮੀਦਵਾਰ ਨਹੀਂ ਬਣਾਇਆ।

ਇਸ ਤੋਂ ਵੀ ਵੱਡੀ ਗੱਲ ਵੇਖਣ ਵਾਲੀ ਇਹ ਹੈ ਕਿ ਪਾਰਟੀਆਂ ਦੇ ਬਹੁਤੇ ਉਮੀਦਵਾਰਾਂ ਵਿੱਚ ਸਧਾਰਨ ਉਮੀਦਵਾਰਾਂ ਦੀ ਕਮੀ ਹੈ। ਬਹੁਤੇ ਵੱਡੀਆਂ ਢੁੱਠਾਂ ਵਾਲੇ, ਅਮੀਰ ਕਰੋੜਪਤੀ ਹੀ ਉਮੀਦਵਾਰ ਹਨ। ਇੱਕ ਰਿਪੋਰਟ ਵੇਖੋ। ਬਠਿੰਡਾ ਤੋਂ ਜੀਤ ਮਹਿੰਦਰ ਸਿੰਘ ਸਿੱਧੂ 30.45 ਕਰੋੜ, ਪਟਿਆਲਾ ਤੋਂ ਐਨ.ਕੇ. ਸ਼ਰਮਾ 31.91 ਕਰੋੜ, ਲੁਧਿਆਣਾ ਤੋਂ ਰਵਨੀਤ ਬਿੱਟੂ 5.87 ਕਰੋੜ, ਗੁਰਦਾਸਪੁਰ ਤੋਂ ਸੁਖਵਿੰਦਰ ਸਿੰਘ ਰੰਧਾਵਾ 7.12 ਕਰੋੜ, ਪਟਿਆਲਾ ਤੋਂ ਧਰਮਵੀਰ ਗਾਂਧੀ 8.50 ਕਰੋੜ, ਫਰੀਦਕੋਟ ਤੋਂ ਹੰਸ ਰਾਜ ਹੰਸ 16.33 ਕਰੋੜ, ਬਠਿੰਡਾ ਤੋਂ ਗੁਰਮੀਤ ਸਿੰਘ ਖੁਡੀਆਂ 1.17 ਕਰੋੜ ਦੀ ਜਾਇਦਾਦ ਦੇ ਮਾਲਕ ਹਨ। ਇਹ ਕੁਝ ਨੇਤਾਵਾਂ ਦੀ ਜਾਇਦਾਦ ਦੇ ਅੰਕੜੇ ਹਨ, ਜਿਹੜੇ ਉਹਨਾਂ ਨੇ ਲੋਕ ਸਭਾ ਦੀਆਂ ਚੋਣਾਂ ਵੇਲੇ ਆਪਣੇ ਨਾਮਜ਼ਦਗੀ ਪੱਤਰ ਭਰਨ ਵੇਲੇ, ਵੇਰਵੇ ਵਜੋਂ ਦਿੱਤੇ ਹਨ। ਜਿਸ ਤੋਂ ਜ਼ਾਹਰ ਹੁੰਦਾ ਹੈ ਕਿ ਨੇਤਾਵਾਂ ਦੀ ਜ਼ਾਇਦਾਦ ਪਿਛਲੀ ਚੋਣਾਂ ਤੋਂ ਹੁਣ ਤੱਕ ਬੇਇੰਤਹਾ ਵਧੀ ਹੈ। ਸਾਫ ਹੈ ਕਿ ਪੰਜਾਬ ਗਰੀਬ ਹੋ ਰਿਹਾ ਹੈ ਅਤੇ ਇਸਦੇ ਨੇਤਾ ਅਮੀਰ ਹੋ ਰਹੇ ਹਨ।

ਪੰਜਾਬ ਵਿੱਚ ਬਾਹਰੀ ਤੌਰ 'ਤੇ ਤਾਂ ਦਿਖਦਾ ਹੈ ਕਿ ਪਾਰਟੀਆਂ ਦੇ ਉਮੀਦਵਾਰਾਂ ਦੇ ਆਪਸੀ ਗਹਿਗੱਚ ਮੁਕਾਬਲੇ ਹੋਣਗੇ। ਪਰ ਕੁਝ ਅਣਦਿਖਦਾ ਪੱਖ ਇਹ ਵੀ ਹੈ ਕਿ ਸਾਬਕਾ ਭਾਈਵਾਲਾਂ ਦੇ ਅੰਦਰੋਗਤੀ ਸਮਝੌਤੇ ਵੀ ਹੋਣਗੇ ਜਾਂ ਪਹਿਲਾਂ ਹੀ ਉਮੀਦਵਾਰ ਖੜੇ ਕਰਨ ਵੇਲੇ, ਜਿੱਤਣ ਵਾਲੇ ਉਮੀਦਵਾਰ ਦੇ ਮੁਕਾਬਲੇ ਸਾਬਕਾ ਭਾਈਵਾਲਾਂ ਵਲੋਂ ਕਮਜ਼ੋਰ ਉਮੀਦਵਾਰ ਖੜੇ ਕੀਤੇ ਹਨ ਅਤੇ ਇਸਦੀ ਚਰਚਾ ਵੀ ਆਮ ਹੈ ਅਤੇ ਅੱਗੇ ਪੰਜਾਬ ਵਿਧਾਨ ਸਭਾ ਚੋਣਾਂ 'ਚ ਕੌਣ ਕਿੰਨੀਆਂ ਸੀਟਾਂ ਲੜੇਗਾ ਇਸਦੀ ਚਰਚਾ ਹੁਣੇ ਹੈ।

ਕਾਂਗਰਸ, 'ਆਪ' ਦੇ ਇੰਡੀਆ ਗੱਠਜੋੜ 'ਚ ਭਾਈਵਾਲੀ ਤੇ ਪੰਜਾਬ 'ਚ ਕਾਂਗਰਸ , 'ਆਪ' ਵੱਲੋਂ ਆਪੋ-ਆਪਣੀ ਡਫਲੀ ਵਜਾਉਣਾ ਬਹੁਤੇ ਲੋਕਾਂ ਨੂੰ ਹਜ਼ਮ ਨਹੀਂ ਹੋ ਰਿਹਾ ।

(ਬਾਕੀ ਸਫ਼ਾ 31 'ਤੇ)

# ਭਾਜਪਾ ਦੀ ਫਿਰਕੂ ਰਾਜਨੀਤੀ ਕਾਰਨ ਦੇਸ਼ ਉੱਪਰ ਪਵੇਗਾ ਮਾੜਾ ਪ੍ਰਭਾਵ





ਮਹਿੰਦਰ ਸਿੰਘ ਦੁਸਾਂਝ

ਭਾਰਤ ਵਿੱਚ ਲੋਕ ਸਭਾ ਚੋਣਾਂ ਦਾ ਅਮਲ ਜਾਰੀ ਹੈ। ਹੁਣ ਤੱਕ ਵੋਟਾਂ ਪਾਉਣ ਦੇ ਚਾਰ ਪੜਾਅ ਪੂਰੇ ਹੋ ਚੁੱਕੇ ਹਨ, ਪਰ ਅੱਜ ਸਾਡੇ ਦੇਸ਼ ਦੀਆਂ ਰਾਜਨੀਤਕ ਪਾਰਟੀਆਂ ਅਤੇ ਉਨ੍ਹਾਂ ਦੇ ਅਜੋਕੇ ਨੇਤਾ ਜਿਸ ਤਰ੍ਹਾਂ ਦੀ ਰਾਜਨੀਤੀ ਕਰ ਰਹੇ ਹਨ, ਉਸ ਨਾਲ ਚੁਣਾਵੀ ਪਵਿੱਤਰਤਾ ਤੇ ਨੈਤਿਕਤਾ ਬੁਰੀ ਤਰ੍ਹਾਂ ਭੰਗ ਹੋਈ ਹੈ, ਹਾਲਾਂਕਿ ਸੰਨ 1980 ਤੱਕ ਭਾਰਤ ਦੇ ਚੋਣ ਅਖਾੜੇ ਉੱਪਰ ਅੱਜ ਵਰਗੇ ਅਨੈਤਿਕਤਾ ਦੇ ਪਰਛਾਵੇਂ ਘੱਟ ਹੀ ਨਜ਼ਰ ਆਉਂਦੇ ਸਨ। ਚੋਣਾਂ ਦੇ ਅਜੋਕੇ ਦੌਰ ਵਿੱਚ ਦੇਸ਼ ਨੂੰ ਮਜ਼ਬੂਤੀ ਤੇ ਇੱਥੋਂ ਦੇ ਸਮਾਜ ਨੂੰ ਖੁਸ਼ਹਾਲੀ ਬਖਸ਼ਣ ਲਈ ਚੋਣਾਂ ਤੋਂ ਪਹਿਲਾਂ ਸਾਰਥਿਕ ਤੇ ਕਲਿਆਣਕਾਰੀ ਨੀਤੀਆਂ ਦਾ ਐਲਾਨ ਕਰਨ ਦੀ ਥਾਂ ਇੱਕ-ਦੂਜੇ ਦੀ ਪਾਰਟੀ ਤੇ ਇੱਕ-ਦੂਜੇ ਦੇ ਰਾਜਨੀਤਕ ਨੇਤਾਵਾਂ ਉਪਰ ਚਿੱਕੜ ਉਛਾਲਣ, ਇਕ-ਦੂਜੇ ਨੂੰ ਭੰਡਣ, ਨਿੰਦਣ ਤੇ ਇਕ-ਦੂਜੇ ਦੇ ਪੋਤੜੇ ਫਰੋਲਣ ਦਾ ਹੋਛਾ ਤੇ ਘਟੀਆ ਰਾਜਨੀਤਕ ਸੱਭਿਆਚਾਰ ਤੇਜ਼ੀ ਨਾਲ ਵਿਕਸਤ ਹੋਇਆ। ਅਜਿਹੇ ਨਾਂਹ-ਪੱਖੀ ਵਰਤਾਰੇ ਨਾਲ ਰਾਜਸੀ ਨੇਤਾਵਾਂ ਵੱਲੋਂ ਵਾਰ-ਵਾਰ ਪਾਰਟੀਆਂ ਬਦਲਣ ਦੇ ਰੁਝਾਨ ਨੇ ਇਸ ਅਨੈਤਿਕ ਸੱਭਿਆਚਾਰ ਨੂੰ ਹੋਰ ਬਲ ਬਖਸ਼ਿਆ ਹੈ। ਬਹੁਤੇ ਸਿਆਸੀ ਨੇਤਾਵਾਂ ਦਾ ਰਾਜਨੀਤਕ ਪ੍ਰਤੀਬੱਧਤਾ ਤੇ ਸਿਧਾਂਤਾਂ ਨਾਲ ਕੋਈ ਲੈਣਾ-ਦੇਣਾ ਨਹੀਂ ਰਹਿ ਗਿਆ। ਚੋਣਾਂ ਸਮੇਂ ਟਿਕਟ ਨਹੀਂ ਮਿਲਦੀ ਤਾਂ ਬਹੁਤੇ ਨੇਤਾ ਰਾਤੋ-ਰਾਤ ਛਾਲ ਮਾਰ ਕੇ ਉਸ ਪਾਰਟੀ 'ਚ ਚਲੇ ਜਾਂਦੇ ਹਨ, ਜਿਸ ਨੂੰ ਕੱਲ੍ਹ ਸ਼ਾਮ ਤੱਕ ਪਾਣੀ ਪੀ-ਪੀ ਕੇ ਕੋਸਦੇ ਅਤੇ ਉਸ ਉੱਪਰ ਚਿੱਕੜ ਉਛਾਲਦੇ ਰਹੇ ਹੁੰਦੇ ਹਨ। ਕਈ ਵਾਰ ਕਈ ਨੇਤਾ ਤਾਂ ਰਾਜਨੀਤਕ ਪਾਰਟੀਆਂ ਵੱਲੋਂ ਟਿਕਟ ਮਿਲਣ ਦੀ ਲੋੜ ਨਾ ਪੂਰੀ ਹੋਣ ਕਰਕੇ ਤਿੰਨ-ਤਿੰਨ ਪਾਰਟੀਆਂ ਬਦਲਣ ਤੋਂ ਵੀ ਸੰਗ ਤੇ ਝਿਜਕ ਮਹਿਸੂਸ ਨਹੀਂ ਕਰਦੇ ਅਤੇ ਕਈ ਨੇਤਾ ਤਾਂ ਅਜਿਹੇ ਵੀ ਹਨ, ਜੋ ਵੱਖ-ਵੱਖ ਪਾਰਟੀਆਂ ਤੋਂ ਲੋੜ ਪੂਰੀ ਨਾ ਹੋਣ ਦੀ ਅਵਸਥਾ ਵਿੱਚ ਮੁੜ ਫਿਰ ਆਪਣੀ ਪਾਰਟੀ ਵਿੱਚ ਜਾ ਵੜਦੇ ਹਨ। ਹੈਰਾਨੀ ਇਹ ਹੈ ਕਿ ਅਜੋਕੀਆਂ ਰਾਜਨੀਤਕ ਪਾਰਟੀਆਂ ਵੱਲੋਂ ਅਜਿਹੇ ਗ਼ੈਰ-ਪ੍ਰਤੀਬੱਧ ਤੇ ਸਿਧਾਂਤਹੀਣ ਨੇਤਾਵਾਂ ਲਈ ਵੀ ਬੂਹੇ ਸਦਾ ਖੁੱਲ੍ਹੇ ਰੱਖੇ ਜਾਂਦੇ ਹਨ ਅਤੇ ਉਨ੍ਹਾਂ ਦੇ ਗ਼ਲਾਂ ਵਿੱਚ ਪਾਉਣ ਲਈ ਪਾਰਟੀਆਂ ਦੇ ਚਿੰਨ੍ਹਾਂ ਵਾਲੇ ਪਰਨੇ ਸਦਾ ਤਿਆਰ ਰੱਖੇ ਜਾਂਦੇ ਹਨ।

ਭਾਰਤ ਦੇ ਕਈ ਨੇਤਾਵਾਂ ਨੇ ਤਾਂ ਦਲ-ਬਦਲੀਆਂ ਨਾਲ ਦੇਸ਼ ਨੂੰ ਹੈਰਾਨ ਕਰਕੇ ਰੱਖ ਦਿੱਤਾ ਹੈ। ਕੁਝ ਰਾਜਾਂ ਵਿੱਚ ਤਾਂ ਕੇਂਦਰ ਵਿਰੋਧੀ ਖੇਤਰੀ ਪਾਰਟੀਆਂ ਦੇ ਸੱਤਾਧਾਰੀ ਨੇਤਾ ਆਪਣੀ ਪਾਰਟੀ ਤੋਂ ਬਗ਼ਾਵਤ ਕਰਕੇ ਅਤੇ ਪਾਰਟੀ ਦੇ ਬਹੁਤ ਸਾਰੇ ਵਿਧਾਇਕ ਤੋੜ ਕੇ ਕੇਂਦਰ ਸਰਕਾਰ ਦੀ ਸਹਾਇਤਾ ਨਾਲ ਨਵੀਂ ਪਾਰਟੀ ਤੇ ਨਵੀਂ ਸਰਕਾਰ ਬਣਾ ਕੇ ਬੈਠ ਜਾਂਦੇ ਹਨ। ਮਹਾਰਾਸ਼ਟਰ 'ਚ ਅਜਿਹਾ ਹੀ ਹੋਇਆ ਹੈ ਅਤੇ ਅਜਿਹੇ ਬੇਅਸੂਲੇ ਤੇ ਸਿਧਾਂਤਹੀਣ ਪ੍ਰਤਾਵੇ ਸਮੇਂ-ਸਮੇਂ ਅਸਾਮ, ਝਾਰਖੰਡ ਸਮੇਤ ਹੁਣੇ-ਹੁਣੇ ਹਿਮਾਚਲ ਪ੍ਰਦੇਸ਼ 'ਚ ਵੀ ਹੋਏ ਹਨ।

ਬਿਹਾਰ ਵਿੱਚ ਸੀਨੀਆਰ ਰਾਜਨੀਤਕ ਨੇਤਾ ਨਿਤੀਸ਼ ਕੁਮਾਰ ਨੇ ਦਲ-ਬਦਲੀਆਂ ਦੇ ਮੰਚ 'ਤੇ ਇੱਕ ਨਵਾਂ ਕੀਰਤੀਮਾਨ ਸਥਾਪਿਤ ਕੀਤਾ ਹੈ। ਸਭ ਤੋਂ ਵੱਧ ਹੈਰਾਨ ਕਰਨ ਵਾਲੀ ਘਟਨਾ ਇਹ ਹੈ ਕਿ ਨਿਤਿਸ਼ ਕੁਮਾਰ ਆਪਣੀ ਮੁੱਖ ਮੰਤਰੀ ਦੀ ਗੱਦੀ ਨੂੰ ਸਥਿਰ ਤੇ ਸੁਰੱਖਿਅਤ ਰੱਖਣ ਲਈ ਆਪਣੇ ਹੱਥੀਂ ਬਣਾਏ 'ਇੰਡੀਆ' ਗੱਠਜੋੜ ਜਿਸ ਦੀ ਅਗਵਾਈ ਤੇ ਬੀੜ ਖਿੱਚਣ ਦਾ ਕੰਮ ਉਹ ਖ਼ੁਦ ਕਰ ਰਹੇ ਸਨ, ਨੂੰ ਛੱਡ ਕੇ ਰਾਤੋ-ਰਾਤ ਭਾਜਪਾ ਨੂੰ ਜੱਫੀ ਪਾਉਣ ਵਿੱਚ ਕੋਈ ਸ਼ਰਮ ਤੇ ਝਿਜਕ ਮਹਿਸੂਸ ਨਹੀਂ ਕੀਤੀ।1980 ਤੋਂ ਪਹਿਲਾਂ ਕਿਸੇ ਵਿਰਲੇ-ਟਾਵੇਂ ਸਿਆਸੀ ਨੇਤਾ ਨੇ ਹੀ ਆਪਣੀ ਪਾਰਟੀ ਛੱਡ ਕੇ ਕਿਸੇ ਦੂਜੀ ਪਾਰਟੀ 'ਚ ਪ੍ਰਵੇਸ਼ ਕੀਤਾ ਸੀ, ਇਸ ਪੱਖੋਂ ਕਮਿਊਨਿਸਟ ਪਾਰਟੀਆਂ ਤੇ ਉਨ੍ਹਾਂ ਦੇ ਵਰਕਰਾਂ ਦਾ ਕਿਰਦਾਰ ਕਿਸੇ ਹੱਦ ਤੱਕ ਸਾਫ਼-ਸੁਥਰਾ ਜ਼ਰੂਰ ਰਿਹਾ, ਉਨ੍ਹਾਂ ਦੇ ਨੇਤਾਵਾਂ ਤੇ ਵਰਕਰਾਂ ਨੇ ਜਿੱਥੇ ਦਲ-ਬਦਲੀਆਂ ਤੋਂ ਪ੍ਰਹੇਜ਼ ਕੀਤਾ, ਉਥੇ ਸੱਤਾ 'ਚ ਹੁੰਦਿਆਂ ਉਨ੍ਹਾਂ ਵੱਲੋਂ ਭ੍ਰਿਸ਼ਟਾਚਾਰ ਤੇ ਘਪਲਿਆਂ ਤੋਂ ਦੂਰ ਰਹਿਣ ਦੀ ਰਵਾਇਤ ਵੀ ਕਿਸੇ ਹੱਦ ਤੱਕ ਕਾਇਮ ਰੱਖੀ ਗਈ। ਅਜੋਕੇ ਕਮਿਊਨਿਸਟ ਨੇਤਾਵਾਂ ਅੰਦਰ ਦਲਬਦਲੀ ਦਾ ਰੁਝਾਨ ਨਜ਼ਰ ਨਹੀਂ ਆ ਰਿਹਾ ਅਤੇ ਸ਼ਾਇਦ ਅਸੂਲਾਂ ਤੇ ਸਿਧਾਂਤਾਂ ਨੂੰ ਤਿਆਗ ਕੇ ਉਹ ਅਜੋਕੇ ਚੋਣ ਅਖਾੜੇ 'ਚ ਉਤਰੇ ਦੂਜੀਆਂ ਪਾਰਟੀਆਂ ਦੇ ਬਾਹੂਬਲੀਆਂ, ਧਨਕੁਬੇਰਾਂ ਅਤੇ ਜਾਤਾਂ ਤੇ ਫ਼ਿਰਕਿਆਂ ਦੇ ਸਿੱਕੇ ਚਲਾਉਣ ਵਾਲਿਆਂ ਦੇ ਮੁਕਾਬਲੇ 'ਚ ਜਿੱਤ ਲਈ ਆਸਵੰਦ ਨਹੀਂ। ਉਨ੍ਹਾਂ ਦੇ ਨੇਤਾ ਤਾਂ ਇਸ ਗੱਲ ਨਾਲ ਹੀ ਸੰਤੁਸ਼ਟ ਹਨ ਕਿ ਚੋਣ ਲੜਨ ਨਾਲ ਉਹ ਲੋਕਾਂ ਨਾਲ ਜੁੜਨਗੇ ਅਤੇ ਸਰਕਾਰੇ-ਦਰਬਾਰੇ ਆਪਣੇ ਤੇ ਲੋਕਾਂ ਦੇ ਛੋਟੇ-ਮੋਟੇ ਕੰਮ ਕਰਵਾ ਸਕਣਗੇ, ਹਾਲਾਂਕਿ ਪੰਜਾਬ ਅੰਦਰ 1980 ਵਿੱਚ ਹਲਕਾ ਕੂੰਮ ਕਲਾਂ ਤੋਂ ਕਾਮਰੇਡ ਦਯਾ ਸਿੰਘ ਨੇ 1992 'ਚ ਹਲਕਾ ਜੋਗਾ ਤੋਂ ਕਾ. ਸੁਰਜਣ ਸਿੰਘ ਨੇ ਤੇ ਹਲਕਾ ਮਲੋਟ ਤੋਂ ਕਾ. ਨਾਥੂ ਰਾਮ ਨੇ ਵੀ ਕਮਿਊਨਿਸਟ ਪਾਰਟੀਆਂ 'ਚੋਂ ਨਿਕਲ ਕੇ ਕਾਂਗਰਸ 'ਚ ਪ੍ਰਵੇਸ਼ ਕੀਤਾ ਸੀ।1980 ਤੱਕ ਪੰਜਾਬ ਅੰਦਰ ਲਗਭਗ ਸਾਰੀਆਂ ਸਿਆਸੀ ਪਾਰਟੀਆਂ ਦੇ ਨੇਤਾਵਾਂ ਵਿਚੋਂ ਕਿਸੇ ਵਿਰਲੇ ਟਾਵੇਂ ਨੇਤਾ ਨੇ ਹੀ ਦਲਬਦਲੀ ਕੀਤੀ, ਇਨ੍ਹਾਂ ਨੇਤਾਵਾਂ 'ਚ ਇੱਕ ਨੇਤਾ ਲਛਮਣ ਸਿੰਘ ਗਿੱਲ ਵੀ ਸੀ, ਜਿਸ ਨੇ ਪਾਰਟੀ ਨਾਲੋਂ ਨਿੱਖੜ ਕੇ 1967 ਵਿੱਚ ਕਾਂਗਰਸ ਦੇ ਸਹਿਯੋਗ ਨਾਲ ਸਰਕਾਰ ਬਣਾਈ ਸੀ ਤੇ ਪੰਜਾਬੀ ਬੋਲੀ ਨੂੰ ਰਾਜ ਭਾਸ਼ਾ ਦਾ ਦਰਜਾ ਦੇਣ ਲਈ 1967 'ਚ ਬਿੱਲ ਪਾਸ ਕਰਵਾਇਆ ਸੀ।

ਇਸ ਵੇਲੇ ਭਾਜਪਾ 'ਚ ਬਹੁਤ ਘੱਟ ਨੇਤਾ ਤੇ ਵਰਕਰ ਦਲਬਦਲੀ ਕਰ ਰਹੇ ਹਨ, ਹਾਲਾਂਕਿ ਅਨੇਕਾਂ ਹੀ ਭਾਜਪਾ ਨੇਤਾ ਤੇ ਪਰਖੇ ਹੋਏ ਭਾਜਪਾ ਦੇ ਵਰਕਰਾਂ ਨੂੰ ਹਾਈਕਮਾਨ ਵੱਲੋਂ ਟਿਕਟਾਂ ਵੀ ਨਸੀਬ ਨਹੀਂ ਹੋ ਰਹੀਆਂ ਤੇ ਕਈ ਨੇਤਾਵਾਂ ਤੇ ਵਰਕਰਾਂ ਨੂੰ ਹਾਈਕਮਾਨ ਦੇ ਦਬਕੇ-ਝਿੜਕੇ ਵੀ ਬਰਦਾਸ਼ਤ ਕਰਨੇ ਪੈ ਰਹੇ ਹਨ। ਭਾਜਪਾ ਦੇ ਅਜੋਕੇ ਵਰਕਰ ਤੇ ਨੇਤਾ ਮਨ ਮਾਰ ਕੇ ਅਜਿਹਾ ਸਭ ਕੁਝ ਇਸ ਲਈ ਬਰਦਾਸ਼ਤ ਕਰ ਹਨ, ਕਿਉਂਕਿ ਉਹ ਜਾਣਦੇ ਹਨ ਕਿ ਭਾਜਪਾ ਛੱਡ ਕੇ ਕਿਸੇ ਹੋਰ ਪਾਰਟੀ ਵਿੱਚ ਜਾ ਕੇ ਚੋਣ ਲੜੀ ਤਾਂ ਜਿੱਤਣ ਦੀਆਂ ਸੰਭਾਵਨਾਵਾਂ ਮੱਧਮ ਹੋਣਗੀਆਂ, ਅਜੋਕੀਆਂ ਲੋਕ ਸਭਾ ਚੋਣਾਂ ਵਿੱਚ ਉਹ ਭਾਜਪਾ ਦੀ ਸ਼ਾਨਦਾਰ ਜਿੱਤ ਵੇਖ ਰਹੇ ਹਨ ਅਤੇ ਇਸ ਆਸ ਨਾਲ ਮਨ ਮਾਰ ਕੇ ਕੰਮ ਕਰ ਰਹੇ ਹਨ ਸ਼ਾਇਦ ਇਹ ਸੋਚ ਰਹੇ ਹਨ ਕਿ ਭਾਜਪਾ ਦੀ ਨਵੀਂ ਸਰਕਾਰ ਬਣਨ ਤੋਂ ਬਾਅਦ ਉਨ੍ਹਾਂ ਨੂੰ ਕਿਸੇ ਰਾਜ ਦੇ ਰਾਜਪਾਲ, ਉਪ ਰਾਜਪਾਲ ਕਿਸੇ ਦੇਸ਼ 'ਚ ਰਾਜਦੂਤ ਜਾਂ ਕੌਮੀ ਪੱਧਰ ਦੀਆਂ ਸਰਕਾਰੀ ਸੰਸਥਾਵਾਂ ਦੇ ਚੇਅਰਮੈਨ ਤੇ ਪ੍ਰਧਾਨ ਹੀ ਬਣਾ ਦਿੱਤਾ ਜਾਵੇਗਾ।

ਭਾਜਪਾ ਵੱਲੋਂ 2024 ਦੀਆਂ ਲੋਕ ਸਭਾ ਚੋਣਾਂ ਜਿੱਤਣ ਲਈ ਵੱਖ-ਵੱਖ ਰਾਜਨੀਤਕ ਨੇਤਾਵਾਂ ਦੀ ਦਲਬਦਲੀ ਕਰਵਾਉਣ ਲਈ ਇੱਕ ਨਵਾਂ ਪੈਂਤੜਾ ਅਖ਼ਤਿਆਰ ਕੀਤਾ ਗਿਆ ਹੈ, (**ਬਾਕੀ ਸਫ਼ਾ 31 'ਤੇ**)

# ਆਰਥਿਕ ਨਾ-ਬਰਾਬਰੀ ਤੇ ਮੰਦਹਾਲੀ, ਬੇਰੁਜ਼ਗਾਰੀ ਦਾ ਕਾਰਨ



ਡਾ. ਸ. ਸ. ਛੀਨਾ

ਭਾਰਤ ਦੀ ਆਰਥਿਕ ਨਾ-ਬਰਾਬਰੀ ਭਾਵੇਂ ਕਈ ਸਮਾਜਿਕ ਬੁਰਾਈਆਂ ਨੂੰ ਜਨਮ ਦਿੰਦੀ ਹੈ ਪਰ ਉਹ ਸਾਰੀਆਂ ਬੁਰਾਈਆਂ ਬੇਰੁਜ਼ਗਾਰੀ ਨਾਲ ਸੰਬੰਧਿਤ ਹਨ। ਬੇਰੁਜ਼ਗਾਰੀ ਇੱਕ ਇਸ ਤਰ੍ਹਾਂ ਦੀ ਸਮਾਜਿਕ ਬੁਰਾਈ ਹੈ, ਜਿਸ 'ਚ ਪੈਦਾ ਹੋਣ ਦਾ ਕਾਰਨ ਵੀ ਆਰਥਿਕ ਨਾ-ਬਰਾਬਰੀ ਅਤੇ ਇਸ ਦਾ ਸਿੱਟਾ ਵੀ ਨਾ-ਬਰਾਬਰੀ ਹੈ। ਦੁਨੀਆਂ ਦੇ ਜਿਨ੍ਹਾਂ ਦੇਸ਼ਾਂ ਵਿੱਚ ਆਰਥਿਕ ਬਰਾਬਰੀ ਹੈ ਉਥੇ ਬੇਰੁਜ਼ਗਾਰੀ ਜਾਂ ਤਾਂ ਹੈ ਹੀ ਨਹੀਂ, ਜੇ ਹੈ ਤਾਂ ਥੋੜ੍ਹੇ ਸਮੇਂ ਲਈ ਹੀ ਹੁੰਦੀ ਹੈ। ਜਰਮਨੀ, ਇੰਗਲੈਂਡ, ਫਰਾਂਸ ਅਤੇ ਕੈਨੇਡਾ ਆਦਿ ਦੇਸ਼ਾਂ ਵਿੱਚ ਕਈ ਮੰਤਰੀਆਂ ਨੂੰ ਵੀ ਆਪਣੀ ਕਾਰ ਆਪ ਇਸ ਲਈ ਚਲਾਉਣੀ ਪੈਂਦੀ ਹੈ, ਕਿਉਂਕਿ ਡਰਾਈਵਰਾਂ ਦੀ ਤਨਖ਼ਾਹ ਵੀ ਮੰਤਰੀ ਦੀ ਤਨਖ਼ਾਹ ਤੋਂ ਜ਼ਿਆਦਾ ਘੱਟ ਨਹੀਂ। ਇਹੋ ਵਜ੍ਹਾ ਹੈ ਕਿ ਘਰਾਂ ਵਿੱਚ ਵੀ ਨੌਕਰ ਨਹੀਂ। ਪਰ ਇਸ ਦੇ ਉਲਟ ਨਾ-ਬਰਾਬਰੀ ਵਾਲੇ ਦੇਸ਼ਾਂ ਜਿਨ੍ਹਾਂ ਵਿੱਚ ਭਾਰਤ ਬਹੁਤ ਉੱਪਰ ਆਉਂਦਾ ਹੈ ਉਥੇ 3 ਕਰੋੜ ਬੱਚੇ ਇਸ ਕਰਕੇ ਕਿਰਤ ਕਰਦੇ ਹਨ ਕਿਉਂਕਿ ਉਨ੍ਹਾਂ ਦੇ ਮਾਂ-ਬਾਪ ਕੋਲ ਰੁਜ਼ਗਾਰ ਨਹੀਂ ਅਤੇ ਅਜਿਹੇ ਬੱਚਿਆਂ ਦੀ ਗਿਣਤੀ ਜਿਹੜੀ ਸੁਤੰਤਰਤਾ ਦੇ ਸਮੇਂ ਇੱਕ ਕਰੋੜ ਸੀ, ਵਧ ਕੇ 3 ਕਰੋੜ ਹੋ ਗਈ ਹੈ ਅਤੇ ਹੋਰ ਵਧ ਰਹੀ ਹੈ। ਇੱਕ ਰਿਪੋਰਟ ਵਿੱਚ ਇਹ ਗੱਲ ਸਾਹਮਣੇ ਆਈ ਸੀ ਕਿ ਕੋਈ 4.3 ਕਰੋੜ ਬੱਚੇ 8ਵੀਂ ਤੋਂ ਪਹਿਲਾਂ ਸਕੂਲ ਵਿੱਚ-ਵਿਚਾਲੇ ਹੀ ਛੱਡ ਜਾਂਦੇ ਹਨ। ਭਾਵੇਂ ਕਿ ਵਿੱਦਿਆ ਲਾਜ਼ਮੀ ਵੀ ਹੈ ਅਤੇ ਮੁਫ਼ਤ ਵੀ ਹੈ। ਫਿਰ ਜੇ 3 ਕਰੋੜ ਬੱਚੇ ਕਿਰਤ ਕਰਦੇ ਹਨ ਤਾਂ ਬਾਕੀ 1.3 ਕਰੋੜ ਬੱਚੇ ਕੀ ਕਰਦੇ ਹਨ, ਉਹ ਸੜਕਾਂ 'ਤੇ ਭੀਖ ਮੰਗਦੇ ਵੇਖੇ ਜਾ ਸਕਦੇ ਹਨ, ਭੀਖ ਮੰਗਣ ਦਾ ਕਾਰਨ ਵੀ ਆਰਥਿਕ ਨਾ-ਬਰਾਬਰੀ ਹੈ।

ਵਿਕਸਿਤ ਦੇਸ਼ਾਂ ਵਿੱਚ ਵੀ ਧਨ ਦੀ ਤਾਂ ਵੱਡੀ ਨਾ-ਬਰਾਬਰੀ ਹੈ ਪਰ ਆਮਦਨ ਨਾ-ਬਰਾਬਰੀ ਨਹੀਂ। ਉਨ੍ਹਾਂ ਦੇਸ਼ਾਂ ਨੇ ਟੈਕਸੇਸ਼ਨ ਨੀਤੀ ਨੂੰ ਇਸ ਤਰ੍ਹਾਂ ਬਣਾਇਆ ਹੋਇਆ ਹੈ ਕਿ ਵਾਧੂ ਆਮਦਨ ਟੈਕਸ ਦੇ ਰੂਪ ਵਿੱਚ ਸਰਕਾਰ ਨੂੰ ਦੇਣੀ ਹੀ ਪੈਂਦੀ ਹੈ। ਟੈਕਸ ਦੀਆਂ ਸਲੈਬਾਂ ਵਿੱਚ ਸਭ ਤੋਂ ਉੱਪਰਲੀ ਆਮਦਨ ਸਲੈਬ 'ਤੇ 97 ਫ਼ੀਸਦੀ ਟੈਕਸ ਲੱਗ ਜਾਂਦਾ ਹੈ, ਜਿਸ ਦਾ ਅਰਥ ਹੈ ਕਿ ਓਨੀ ਆਮਦਨ ਕਮਾਉਣ ਵਾਲਿਆਂ ਨੂੰ ਉਸ ਉਪਰਲੀ ਆਮਦਨ ਵਿਚੋਂ ਸਿਰਫ਼ 3 ਫ਼ੀਸਦੀ ਹਿੱਸਾ ਹੀ ਮਿਲਦਾ ਹੈ ਪਰ ਇਸ ਦੇ ਉਲਟ ਭਾਰਤ ਦੇ ਉਪਰਲੇ ਕਾਰਪੋਰੇਟ ਘਰਾਣੇ ਜਿਹੜੇ ਸਾਲਾਨਾ ਸੈਂਕੜੇ ਕਰੋੜਾਂ ਰੁਪਏ ਕਮਾਉਂਦੇ ਹਨ, ਉਨ੍ਹਾਂ ਕਾਰਪੋਰੇਸ਼ਨਾਂ 'ਤੇ ਪਹਿਲਾਂ 36 ਫ਼ੀਸਦੀ ਟੈਕਸ ਸੀ, ਜਿਹੜਾ ਬਾਅਦ ਵਿੱਚ 25 ਫ਼ੀਸਦੀ ਕੀਤਾ ਗਿਆ ਅਤੇ ਫਿਰ ਹੋਰ ਘਟਾਇਆ ਗਿਆ। ਭਾਰਤ ਵਿੱਚ ਆਮਦਨ ਅਤੇ ਧਨ ਨਾ-ਬਰਾਬਰੀ ਸਮਾਨਾਂਤਰ ਹਨ। ਉੱਪਰ ਦੀ ਆਮਦਨ ਵਾਲੇ 10 ਫ਼ੀਸਦੀ ਵਰਗ ਦੇ ਹਿੱਸੇ 57 ਫ਼ੀਸਦੀ ਆਮਦਨ ਆਉਂਦੀ ਹੈ। ਇਸ ਤੋਂ ਵੀ ਅੱਗੇ ਉਪਰਲੀ ਇੱਕ ਫ਼ੀਸਦੀ ਆਮਦਨ ਦੇ ਵਰਗ ਦੇ ਹਿੱਸੇ 22 ਫ਼ੀਸਦੀ ਆਮਦਨ ਆਉਂਦੀਹੈ ਜਦੋਂ ਕਿ ਆਮਦਨ 'ਚ 50 ਫ਼ੀਸਦੀ ਹੇਠਲੇ ਵਰਗ ਦੇ ਹਿੱਸੇ ਸਿਰਫ਼ 13 ਫ਼ੀਸਦੀ ਆਮਦਨ ਆਉਂਦੀਹੈ। ਧਨ ਦੀ ਵੰਡ ਵੀ ਇਸ ਤਰ੍ਹਾਂ ਹੀ ਹੈ। ਉੱਪਰ ਦੇ ਇਕ ਫ਼ੀਸਦੀ ਆਮਦਨ ਵਾਲੇ ਵਰਗ ਕੋਲ 33 ਫ਼ੀਸਦੀ ਧਨ, ਜਦੋਂ ਕਿ ਉੱਪਰ ਦੇ 10 ਫ਼ੀਸਦੀ ਆਮਦਨ ਵਰਗ ਕੋਲ ਸਿਰਫ਼ 65 ਫ਼ੀਸਦੀ ਧਨ ਹੈ। ਹੇਠਲੇ 50 ਫ਼ੀਸਦੀ ਆਮਦਨ ਵਰਗ ਕੋਲ ਸਿਰਫ਼ 6 ਫ਼ੀਸਦੀ ਧਨ ਹੈ। ਧਨ ਅਤੇ ਆਮਦਨ ਦੇ ਥੋੜ੍ਹੇ ਲੋਕਾਂ ਕੋਲ ਕੇਂਦਰਿਤ ਹੋਣ ਕਰਕੇ ਆਰਥਿਕਤਾ ਦਾ ਸਮੁੱਚਾ ਖ਼ਰਚ ਘਟ ਜਾਂਦਾ ਹੈ, ਜਿਸ ਕਰਕੇ ਬਣੀਆਂ ਹੋਈਆਂ ਵਸਤੂਆਂ ਵਿਕਦੀਆਂ ਨਹੀਂ ਜਦੋਂ ਵਸਤੂਆਂ ਵਿਕਦੀਆਂ ਨਹੀਂ ਤਾਂ ਹੋਰ ਬਣਾਉਣ ਦੀ ਲੋੜ ਨਹੀਂ ਰਹਿੰਦੀ ਨਾ ਕਿਰਤੀ ਲਾਉਣ ਦੀ ਲੋੜ ਰਹਿੰਦੀ ਹੈ ਅਤੇ ਬੇਰੁਜ਼ਗਾਰੀ ਤੋਂ ਘੱਟ ਆਮਦਨ ਅਤੇ ਘੱਟ ਆਮਦਨ ਤੋਂ ਘੱਟ ਮੰਗ ਅਤੇ ਘੱਟ ਖ਼ਰਚ ਦਾ ਇਹ ਬੁਰਾ ਚੱਕਰ ਚਲਦਾ ਜਾਂਦਾ ਹੈ ਅਤੇ ਵਧਦਾ ਜਾਂਦਾ ਹੈ।

ਭਾਵੇਂ 2018-19 ਵਿੱਚ ਬੇਰੁਜ਼ਗਾਰੀ ਦੀ ਦਰ 6.1 ਫ਼ੀਸਦੀ ਸੀ, ਜਿਹੜੀ 1972-73 ਤੋਂ ਬਾਅਦ ਪਹਿਲੀ ਵਾਰ ਇੰਨੀ ਉੱਚੀ ਹੋਈ ਸੀ ਪਰ ਫਿਰ 'ਸੈਂਟਰ ਫਾਰ ਮੋਨੋਟਰਿੰਗ ਆਫ਼ ਇੰਡੀਆ' ਦੀ ਰਿਪੋਰਟ ਅਨੁਸਾਰ ਦਸੰਬਰ 2021 ਵਿੱਚ ਇਹ ਬੇਰੁਜ਼ਗਾਰੀ ਦੀ ਦਰ ਵਧ ਕੇ 7.9 ਫ਼ੀਸਦੀ ਹੋ ਗਈ ਸੀ, ਜਿਹੜੀ ਸ਼ਹਿਰਾਂ ਵਿੱਚ 9.3 ਫ਼ੀਸਦੀ ਜਦੋਂ ਕਿ ਪਿੰਡਾਂ ਵਿੱਚ 7.3 ਫ਼ੀਸਦੀ ਸੀ। ਭਾਰਤ ਵਿੱਚ ਸਮੁੱਚੀ ਮੰਗ ਘੱਟ ਹੈ, ਭਾਵੇਂ ਕਿ ਭਾਰਤ ਦੁਨੀਆ ਵਿੱਚ ਵਸੋਂ ਦੇ ਹਿਸਾਬ ਨਾਲ ਪਹਿਲੇ ਨੰਬਰ ਦਾ ਦੇਸ਼ ਹੈ। ਮੰਗ ਨਾ ਹੋਣ ਕਰਕੇ ਨਿਵੇਸ਼ਕਾਂ ਨੂੰ ਬਹੁਤ ਸਾਰੀਆਂ ਸਹੂਲਤਾਂ ਦੇਣ ਦੇ ਬਾਵਜੂਦ ਵੀ ਨਿਵੇਸ਼ ਨਹੀਂ ਵਧ ਰਿਹਾ, ਕਿਉਂ ਜੋ ਉਨ੍ਹਾਂ ਨਿਵੇਸ਼ਕਾਂ ਦੀਆਂ ਬਣਨ ਵਾਲੀਆਂ ਵਸਤੂਆਂ ਦੀ ਵਿਕਰੀ ਨਹੀਂ ਹੁੰਦੀ। 1927 ਦੀ ਵੱਡੀ ਮੰਦੀ ਵੇਲੇ ਦੁਨੀਆ ਭਰ ਵਿੱਚ ਵਸਤੂਆਂ ਅਤੇ ਸੇਵਾਵਾਂ ਦੀ ਮੰਗ ਘਟ ਗਈ ਸੀ, ਜਿਸ ਕਰਕੇ ਦੁਨੀਆ ਭਰ ਵਿੱਚ ਭਾਵੇਂ ਕੋਈ ਵਿਕਸਿਤ ਦੇਸ਼ ਸੀ ਜਾਂ ਪੱਛੜਿਆ ਦੇਸ਼ ਸੀ, ਹਰ ਤਰਫ਼ ਬੇਰੁਜ਼ਗਾਰੀ ਫੈਲ ਗਈ ਸੀ, ਜਿਸ ਨੂੰ ਦੂਰ ਕਰਨ ਦਾ ਇੱਕ ਹੀ ਹੱਲ ਖੋਜਿਆ ਗਿਆ ਸੀ ਕਿ ਮੰਗ ਵਧਾਉਣ ਲਈ ਕਰਜ਼ਾ ਦਿੱਤਾ ਜਾਵੇ, ਵਸਤੂਆਂ ਨੂੰ ਕਿਸ਼ਤਾਂ 'ਤੇ ਵੇਚਿਆ ਜਾਵੇ। ਸਰਕਾਰ ਵੱਲੋਂ ਆਪ ਕੰਮ ਸ਼ੁਰੂ ਕਰ ਕੇ ਰੁਜ਼ਗਾਰ ਦਿੱਤਾ ਜਾਵੇ, ਜਿਸ ਨਾਲ ਮੰਗ ਵਿੱਚ ਵਾਧਾ ਹੋਵੇ ਪਰ ਭਾਰਤ ਵਿੱਚ ਸਮੁੱਚੀ ਮੰਗ ਵਿੱਚ ਵਾਧਾ ਕਰਨ ਲਈ ਕਦੀ ਇਸ ਦੀ ਜੜ੍ਹ ਅਤੇ ਮੁੱਖ ਰੁਕਾਵਟ ਆਮਦਨ ਨਾ-ਬਰਾਬਰੀ ਘੱਟ ਕਰਨ ਬਾਰੇ ਸੋਚਿਆ ਤੱਕ ਨਹੀਂ ਗਿਆ। ਭਾਵੇਂ ਕਿ ਦੇਸ਼ ਦੀ ਸੁਤੰਤਰਤਾ ਦੇ ਸਮੇਂ ਇਸ ਨਾ-ਬਰਾਬਰੀ ਨੂੰ ਵਿਕਾਸ ਦੀ ਰੁਕਾਵਟ ਸਮਝਦਿਆਂ ਹੋਇਆਂ ਭਾਰਤ ਦੇ ਸੰਵਿਧਾਨ ਦੇ ਨਿਰਦੇਸ਼ਕ ਸਿਧਾਂਤਾਂ ਵਿੱਚ ਦੇਸ਼ ਵਿੱਚ ਸਮਾਜਵਾਦੀ ਸਮਾਜਿਕ ਢਾਂਚਾ ਸਥਾਪਿਤ ਕਰਨ ਦੀ ਗੱਲ ਤਾਂ ਲਿਖੀ ਗਈ ਹੈ ਅਤੇ ਸ਼ੁਰੂ-ਸ਼ੁਰੂ ਵਿੱਚ ਜਨਤਕ ਕਾਰੋਬਾਰ ਵੀ ਸ਼ੁਰੂ ਕੀਤੇ ਗਏ ਸਨ। ਖੇਤੀ ਵਾਲੀ ਜ਼ਮੀਨ ਦੀ ਉਪਰਲੀ ਹੱਦ ਵੀ ਮਿੱਥੀ ਗਈ ਸੀ, ਸ਼ਹਿਰੀ ਜਾਇਦਾਦ ਦੀ ਉਪਰਲੀ ਹੱਦ ਇਸ ਕਰਕੇ ਨਹੀਂ ਸੀ ਬੰਨ੍ਹੀ ਗਈ ਕਿ ਇਸ ਨਾਲ ਨਿਵੇਸ਼ ਘਟੇਗਾ, ਪਰ ਬਜਾਏ ਕਿ ਜਨਤਕ ਇਕਾਈਆਂ ਦੇ ਪ੍ਰਬੰਧ ਨੂੰ ਸੁਧਾਰ ਦੇ ਉਨ੍ਹਾਂ ਨੂੰ ਲਾਭਕਾਰੀ ਬਣਾਇਆ ਜਾਂਦਾ ਤਾਂ ਕਿ ਰੁਜ਼ਗਾਰ ਵਧੇ ਅਤੇ ਸਮਾਜਿਕ ਸੁਰੱਖਿਆ ਵਿੱਚ ਵਾਧਾ ਕੀਤਾ ਜਾਵੇ, ਉਨ੍ਹਾਂ ਘਾਟੇ ਵਿੱਚ ਜਾ ਰਹੀਆਂ ਉਤਪਾਦਕ ਇਕਾਈਆਂ ਨੂੰ ਇੱਕ-ਇੱਕ ਕਰ ਕੇ ਨਿੱਜੀ ਹੱਥਾਂ ਵਿੱਚ ਵੇਚ ਦਿੱਤਾ ਗਿਆ। 1991 ਵਿੱਚ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦੀ ਅਪਣਾਈ ਨੀਤੀ ਕਾਰਨ ਭਾਵੇਂ ਵਿਦੇਸ਼ੀ ਵਸਤੂਆਂ ਦਾ ਭਾਰਤ ਵਿੱਚ ਆ ਕੇ ਵਿਕਣ ਲੱਗ ਪਈਆਂ ਪਰ ਇਸ ਨੀਤੀ ਨਾਲ ਦਿਨੋਂ-ਦਿਨ ਰੁਜ਼ਗਾਰ ਵਿੱਚ ਕਮੀ ਆਉਂਦੀ ਗਈ ਅਤੇ ਸੰਗਠਿਤ ਖੇਤਰ ਦੀ ਜਗ੍ਹਾ ਅਸੰਗਠਿਤ ਖੇਤਰ ਵਧਦਾ ਗਿਆ, ਜਦੋਂ ਕਿ ਹੁਣ 93 ਫ਼ੀਸਦੀ ਕਿਰਤ ਅਸੰਗਠਿਤ ਖੇਤਰ ਵਿੱਚ ਲੱਗੀ ਹੋਈ ਹੈ, ਜਿਨ੍ਹਾਂ ਦੀਆਂ ਨੌਕਰੀਆਂ ਕੱਚੀਆਂ ਹਨ ਅਤੇ ਉਨ੍ਹਾਂ ਨੂੰ ਕਦੀ ਵੀ ਨੌਕਰੀ ਤੋਂ ਕੱਢਿਆ ਜਾ ਸਕਦਾ ਹੈ। ਨਾ ਕੋਈ ਸਮਾਜਿਕ ਸੁਰੱਖਿਆ ਜਿਵੇਂ ਪੈਨਸ਼ਨ ਤੇ ਪ੍ਰਾਵੀਡੈਂਟ ਫੰਡ ਆਦਿ ਹਨ, ਸਗੋਂ ਜ਼ਿਆਦਾਤਰ ਕਿਰਤੀ ਦਿਹਾੜੀਦਾਰ ਅਤੇ ਠੇਕੇ ਦੇ ਕਿਰਤੀ ਹਨ ਅਤੇ ਆਮ ਕਿਰਤੀਆਂ ਕੋਲ ਮਹੀਨੇ ਦਾ ਸਿਰਫ਼ 20 ਦਿਨ ਦਾ ਕੰਮ ਹੀ ਹੁੰਦਾ ਹੈ।ਵਰਤਮਾਨ ਸਥਿਤੀ ਵਿੱਚ ਨਾ-ਬਰਾਬਰੀ ਹੋਰ ਵਧਦੀ ਜਾ ਰਹੀ ਹੈ। 2015-16 ਤੋਂ ਲੈ ਕੇ 2020-21 ਤੱਕ ਉੱਪਰ ਦੀ ਆਮਦਨ ਵਾਲੀ 20 ਫ਼ੀਸਦੀ ਵਸੋਂ ਦੀ ਆਮਦਨ 39 ਫ਼ੀਸਦੀ ਵਧੀ ਸੀ ਜਦੋਂ ਕਿ ਇਸੇ ਹੀ ਸਮੇਂ ਵਿੱਚ ਹੇਠਲੀ ਆਮਦਨ ਪੱਧਰ ਵਾਲੀ 20 ਫ਼ੀਸਦੀ ਵਸੋਂ ਦੀ ਆਮਦਨ 52 ਫ਼ੀਸਦੀ ਘਟੀ ਸੀ, ਜਿਸ ਦਾ ਸਭ ਤੋਂ ਵੱਡਾ ਕਾਰਨ ਘੱਟ ਉਤਪਾਦਨ ਅਤੇ ਘੱਟ ਰੁਜ਼ਗਾਰ ਹੈ, ਭਾਵੇਂ ਕਿ ਭਾਰਤ ਦੀ 140 ਕਰੋੜ ਤੋਂ ਉੱਪਰ ਵਸੋਂ ਦੇਸ਼ ਵਾਸਤੇ ਵੱਡਾ ਮਨੁੱਖੀ ਸਾਧਨ ਹੈ ਪਰ ਜੇ ਅੱਜ ਕੰਮ ਨਹੀਂ ਕੀਤਾ ਤਾਂ ਉਹ ਕੰਮ ਕੱਲ੍ਹ ਵਾਸਤੇ ਤਾਂ ਜਮ੍ਹਾਂ ਨਹੀਂ ਕੀਤਾ ਜਾ ਸਕਦਾ, ਇਸ ਪ੍ਰਕਾਰ ਦੁਨੀਆਂ ਭਰ ਵਿੱਚ ਜੇ ਸਭ ਤੋਂ ਵੱਡੀ ਬੇਰੁਜ਼ਗਾਰੀ ਭਾਰਤ ਵਿੱਚ ਹੈ ਤਾਂ ਮਨੁੱਖੀ ਸਾਧਨਾਂ ਦਾ ਫਜ਼ੂਲ ਜਾਣਾ, ਜਿਹੜੇ ਕਿ ਉਪਯੋਗੀ ਹੋ ਸਕਦੇ ਸਨ, ਇਹ ਸਮੱਸਿਆ ਵੀ ਸਭ ਤੋਂ ਜ਼ਿਆਦਾ ਭਾਰਤ ਵਿੱਚ ਹੀ ਹੈ। ਬੇਸ਼ੱਕ ਭਾਰਤ ਦੀ ਵੱਡੀ ਵਸੋਂ ਦੇਸ਼ ਦੇ ਸਾਧਨਾਂ 'ਤੇ ਵੱਡਾ ਬੋਝ ਹੈ।ਆਕਾਰ ਸਿਰਫ਼ 2.5 ਫ਼ੀਸਦੀ ਪਰ ਵਸੋਂ 17.7 ਫ਼ੀਸਦੀ ਦੇਸ਼ ਦੇ ਸਾਧਨਾਂ 'ਤੇ ਵੱਡਾ ਬੋਝ ਤਾਂ ਹੈ ਹੀ ਪਰ ਅੱਜ ਤੋਂ 36 ਸਾਲ ਪਹਿਲਾਂ ਜਾਪਾਨ, ਜਰਮਨੀ ਅਤੇ ਇੰਗਲੈਂਡ ਦੀ ਵਸੋਂ ਘਣਤਾ (ਪ੍ਰਤੀ ਕਿਲੋਮੀਟਰ ਵਸੋਂ) ਭਾਰਤ ਤੋਂ ਜ਼ਿਆਦਾ ਸੀ, ਪਰ ਉਹ ਤਿੰਨੇ ਹੀ ਦੇਸ਼ ਦੁਨੀਆਂ ਦੇ ਪਹਿਲੇ 8 ਵਿਕਸਿਤ ਦੇਸ਼ਾਂ ਵਿਚੋਂ ਸਨ, ਜਿਹੜੇ ਹੁਣ ਵੀ ਹਨ ਭਾਵੇਂ ਕਿ ਹੁਣ ਭਾਰਤ ਦੀ ਵਸੋਂ ਘਣਤਾ ਉਨ੍ਹਾਂ ਤੋਂ ਕਿਤੇ ਜ਼ਿਆਦਾ ਹੋ ਚੁੱਕੀ ਹੈ। ਨਵੀਆਂ ਆਰਥਿਕ ਨੀਤੀਆਂ ਕਰਕੇ ਦਿੱਤੀਆਂ ਖੁੱਲ੍ਹਾਂ ਵੀ ਭਾਰਤ ਦੀ ਨਾ-ਬਰਾਬਰੀ ਅਤੇ ਬੇਰੁਜ਼ਗਾਰੀ ਨੂੰ ਪ੍ਰਭਾਵਿਤ ਕਰ ਰਹੀਆਂ ਹਨ। ਵਿਸ਼ਵ ਵਪਾਰ ਸੰਸਥਾ ਦਾ ਮੈਂਬਰ ਬਣਨ ਤੋਂ ਬਾਅਦ ਭਾਵੇਂ ਭਾਰਤ ਦੀ ਬਰਾਮਦ ਵਿੱਚ ਵਾਧਾ ਹੋਇਆ ਸੀ ਪਰ ਦਰਾਮਦ ਵਿੱਚ ਹੋਇਆ ਵਾਧਾ ਬਰਾਮਦ ਤੋਂ ਕਿਤੇ ਜ਼ਿਆਦਾ ਹੈ। ਜਿੰਨੀ ਬਰਾਮਦ ਵਧੀ ਹੈ ਉਸ ਦਾ ਅਰਥ ਕਿ ਦੇਸ਼ ਦੀ ਮੰਗ ਪੂਰੀ ਕਰਨ ਲਈ ਉਹ ਉਤਪਾਦਨ ਭਾਰਤ ਵਿੱਚ ਨਹੀਂ ਕਿਤੇ ਹੋਰ ਹੋ ਰਿਹਾ ਹੈ। ਇਹ ਅਮਲ ਰੁਜ਼ਗਾਰ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਿਹਾ ਹੈ। ਭਾਰਤ ਵਿੱਚ ਭਾਵੇਂ ਸੰਸਦ ਜਾਂ ਰਾਜਾਂ ਦੀਆਂ ਚੋਣਾਂ ਹੋਣ, ਵਾਅਦੇ ਹਮੇਸ਼ਾ ਖ਼ੁਸ਼ਹਾਲੀ ਦੇ ਕੀਤੇ ਜਾਂਦੇ ਹਨ ਜਿਸ ਦਾ ਆਧਾਰ ਰੁਜ਼ਗਾਰ ਹੈ, 'ਘਰ-ਘਰ ਰੁਜ਼ਗਾਰ' ਵਰਗੇ ਵਾਅਦੇ ਤਾਂ ਕੀਤੇ ਜਾਂਦੇ ਹਨ ਪਰ ਅਜਿਹੇ ਵਾਅਦੇ ਕਦੇ ਵੀ ਪੂਰੇ ਨਹੀਂ ਕੀਤੇ ਜਾਂਦੇ। ਇਹ ਪੱਕੀ ਗੱਲ ਹੈ ਅਤੇ ਆਰਥਿਕਤਾ ਦੇ ਨਿਯਮਾਂ 'ਤੇ ਆਧਾਰਿਤ ਹੈ ਕਿ ਜਿੰਨੀ ਵੀ ਆਰਥਿਕ ਬਰਾਬਰੀ ਹੋਵੇਗੀ, ਖ਼ੁਸ਼ਹਾਲੀ ਅਤੇ ਰੁਜ਼ਗਾਰ ਵਧੇਗਾ। ਜਿੰਨੀ ਵੀ ਆਰਥਿਕ ਨਾ-ਬਰਾਬਰੀ ਹੋਵੇਗੀ, ਮੰਦਹਾਲੀ ਅਤੇ ਬੇਰੁਜ਼ਗਾਰੀ ਵਧੇਗੀ। ਇਸ ਗੰਭੀਰ ਸਮੱਸਿਆ ਨੂੰ ਖ਼ਤਮ ਕਰਨ ਲਈ ਠੋਸ ਨੀਤੀ ਲਾਗੂ ਕਰਨੀ ਪਵੇਗੀ, ਜਿਸ ਤਰ੍ਹਾਂ ਵਿਕਸਤ ਦੇਸ਼ਾਂ ਨੇ ਕੀਤੀ ਹੈ।

# ਜਨਤਕ ਨੀਤੀਆਂ ਦੇ ਨਿਰਮਾਣ 'ਚ ਨਾਗਰਿਕਾਂ ਦੀ ਵਧੇਰੇ ਪ੍ਰਭਾਵਸ਼ਾਲੀ ਸਹਿਯੋਗ ਦੀ ਜ਼ਰੂਰਤ



ਸੁਰੇਸ਼ ਕੁਮਾਰ
ਸਾਬਕਾ ਆਈ.ਏ.ਐੱਸ. ਅਧਿਕਾਰੀ, ਪੰਜਾਬ।

ਦੇਸ਼ ਦੇ ਬਹੁਗਿਣਤੀ ਆਧਾਰਿਤ ਨਿਰੰਕੁਸ਼ਤਾ ਵੱਲ ਵਧਣ ਦੇ ਕਥਿਤ ਫ਼ਿਕਰਾਂ ਦੌਰਾਨ ਸਹਿਭਾਗੀ ਲੋਕਤੰਤਰ ਦੇ ਆਲੇ-ਦੁਆਲੇ ਸਮਕਾਲਿਕ ਬਿਰਤਾਂਤ ਨੇ ਜ਼ੋਰ ਫੜ ਲਿਆ ਹੈ। ਜਦੋਂ ਕਿ ਕੁਝ ਲੋਕਾਂ ਦਾ ਤਰਕ ਹੈ ਕਿ ਤੇਜ਼ ਫ਼ੈਸਲੇ ਲੈਣ, ਪਾਰਦਰਸ਼ਤਾ ਬਣਾ ਕੇ ਰੱਖਣ ਅਤੇ ਚੰਗਾ ਸ਼ਾਸਨ, ਜਿਸ ਨਾਲ ਲਾਲਾ ਫੀਤਾਸ਼ਾਹੀ 'ਚ ਕਮੀ ਕੀਤੀ ਜਾਵੇ, ਤੇਜ਼ ਵਿਕਾਸ ਲਈ ਇਹ ਜ਼ਰੂਰੀ ਹਨ, ਉੱਥੇ ਹੀ ਹੋਰ ਲੋਕ ਵਿਚਾਰ-ਵਟਾਂਦਰਾ, ਸਲਾਹ-ਮਸ਼ਵਰਾ, ਭਾਗੀਦਾਰੀ ਅਤੇ ਸਹਿਯੋਗ ਵਰਗੀਆਂ ਲੋਕਤੰਤਰੀ ਕਦਰਾਂ-ਕੀਮਤਾਂ ਦਾ ਤਿਆਗ ਕੀਤੇ ਜਾਣ ਪ੍ਰਤੀ ਚੌਕਸ ਕਰਦੇ ਹਨ। ਇਹ ਬਹਿਸ ਇਤਿਹਾਸਕ ਉਦਾਹਰਨਾਂ ਦਿੰਦੀ ਹੈ, ਜਿਵੇਂ ਕਿ ਨਹਿਰੂ ਦਾ ਸੁਲ੍ਹਾ-ਸਫ਼ਾਈ ਦਾ ਦੌਰ, 1966 ਤੋਂ ਬਾਅਦ ਇੰਦਰਾ ਗਾਂਧੀ ਦਾ ਤਾਨਾਸ਼ਾਹੀ ਸ਼ਾਸਨ ਅਤੇ ਰਾਜੀਵ ਗਾਂਧੀ ਦਾ ਅਨਿਸ਼ਚਿਤ ਸਮਾਂ ਆਦਿ ਪਹਿਲੂਆਂ ਵਿਚੋਂ ਸਮਕਾਲੀ ਜਮਹੂਰੀ ਦ੍ਰਿਸ਼ ਦੇ ਸੰਦਰਭ ਵਿੱਚ ਆਲੋਚਨਾਤਮਕ ਪੁਨਰ-ਮੁਲਾਂਕਣ ਦੀ ਲੋੜ ਪੈਦਾ ਹੁੰਦੀ ਹੈ ਤਾਂ ਕਿ ਮੁੜ ਨਫ਼ਰਤ ਭਰੇ ਰੁਝਾਨਾਂ ਤੋਂ ਦੇਸ਼ ਨੂੰ ਬਚਾਇਆ ਜਾ ਸਕੇ। ਬੀਤੇ ਸਮੇਂ ਦੇ ਉਲਟ, ਜਦੋਂ ਨਹਿਰੂ ਨੂੰ ਇੱਕ ਸਹਿਣਸ਼ੀਲ, ਉਦਾਰਵਾਦੀ ਅਤੇ ਖੁੱਲ੍ਹੇ ਵਿਚਾਰਾਂ ਵਾਲਾ ਨੇਤਾ ਮੰਨਿਆ ਜਾਂਦਾ ਸੀ, ਜੋ ਰਾਸ਼ਟਰਵਾਦ ਨੂੰ ਮਜ਼ਬੂਤ ਬਣਾਉਣ 'ਤੇ ਵਧੇਰੇ ਧਿਆਨ ਕੇਂਦਰਿਤ ਕਰਦੇ ਸਨ, ਜਦੋਂ ਕਿ ਇੰਦਰਾ ਗਾਂਧੀ ਦੇ ਯੁੱਗ ਨੇ ਸੱਤਾ ਦੇ ਏਕੀਕਰਨ 'ਤੇ ਜ਼ੋਰ ਦਿੱਤਾ, ਜਿਸ 'ਤੇ ਰਾਜਨੀਤਕ ਅਤੇ ਨੌਕਰਸ਼ਾਹੀ ਦੀ ਅਸਹਿਮਤੀ ਪ੍ਰਤੀ ਨਿਰੰਕੁਸ਼ਤਾ ਅਤੇ ਅਸਹਿਣਸ਼ੀਲਤਾ ਵਾਲਾ ਵਤੀਰਾ ਧਾਰਨ ਦੇ ਦੋਸ਼ ਲੱਗੇ। ਆਰਥਿਕ ਚੁਣੌਤੀਆਂ, ਸਮਾਜਿਕ ਅਸ਼ਾਂਤੀ ਅਤੇ ਜੇ.ਪੀ. ਅੰਦੋਲਨ ਨੇ ਉਨ੍ਹਾਂ ਦੀ ਸਰਕਾਰ ਨੂੰ 1975 ਵਿੱਚ ਅੰਦਰੂਨੀ ਐਮਰਜੈਂਸੀ ਲਾਗੂ ਕਰਨ ਲਈ ਮਜਬੂਰ ਕੀਤਾ, ਜਿਸ ਨਾਲ ਸਾਡੇ 'ਚੋਂ ਜ਼ਿਆਦਾਤਰ ਨਾਰਾਜ਼ ਹੋ ਗਏ। ਮਜ਼ਬੂਤ ਲੀਡਰਸ਼ਿਪ, ਪ੍ਰਾਇਮਰੀ ਅਤੇ ਸੈਕੰਡਰੀ ਖੇਤਰਾਂ ਦੇ ਮਹੱਤਵਪੂਰਨ ਵਿਕਾਸ, ਬਿਹਤਰ ਭੂ-ਰਾਜਨੀਤਕ ਸਥਿਤੀ ਅਤੇ ਬੰਗਲਾਦੇਸ਼ ਜੰਗ 'ਚ ਜਿੱਤ ਦੇ ਬਾਵਜੂਦ ਅਜਿਹੇ ਹਾਲਾਤ ਬਣੇ। ਕੇਂਦਰੀਕ੍ਰਿਤ ਸੱਤਾ ਅਤੇ ਪ੍ਰਤੀਬੱਧ ਨੌਕਰਸ਼ਾਹੀ ਦੇ ਨਤੀਜਿਆਂ ਨੇ ਤੇਜ਼ੀ ਨਾਲ ਸ਼ਾਸਨ ਚਲਾਉਣ ਲਈ ਲੋਕਤੰਤਰੀ ਕਦਰਾਂ-ਕੀਮਤਾਂ ਦੀ ਕੁਰਬਾਨੀ ਦੇਣ ਦੇ ਨੁਕਸਾਨ ਨੂੰ ਉਜਾਗਰ ਕੀਤਾ। ਇਸ ਸਮੇਂ ਦੇ ਸਬਕ ਨੇ ਸਮਕਾਲੀ ਲੋਕਤੰਤਰੀ ਸ਼ਾਸਨ ਲਈ ਇੱਕ ਚਿਤਾਵਨੀ ਦੇ ਰੂਪ 'ਚ ਕੰਮ ਕੀਤਾ। ਰਾਜੀਵ ਗਾਂਧੀ ਨੇ ਪੰਚਾਇਤ ਰਾਜ ਸੰਸਥਾਵਾਂ (ਪੀ.ਆਰ.ਆਈ.) ਅਤੇ ਸ਼ਹਿਰੀ ਸਥਾਨਕ ਸੰਸਥਾਵਾਂ (ਯੂ.ਐੱਲ.ਬੀ.) ਨੂੰ ਮਜ਼ਬੂਤ ਬਣਾਉਣ 'ਤੇ ਵਧੇਰੇ ਜ਼ੋਰ ਦਿੱਤਾ ਜੋ ਕਿ ਅਜੇ ਵੀ ਇੱਕ ਅਧੂਰਾ ਸੁਪਨਾ ਬਣਿਆ ਹੋਇਆ ਹੈ। 1991 ਤੋਂ 2014 ਤੱਕ ਦੀਆਂ ਬਾਅਦ ਦੀਆਂ ਗੱਠਜੋੜ ਸਰਕਾਰਾਂ ਨੂੰ ਲੀਡਰਸ਼ਿਪ 'ਚ ਕਥਿਤ ਕਮਜ਼ੋਰੀਆਂ ਲਈ ਆਲੋਚਨਾ ਦਾ ਸਾਹਮਣਾ ਕਰਨਾ ਪਿਆ। ਹਾਲਾਂਕਿ ਇਸ ਸਮੇਂ 'ਚ ਪੂਰੇ ਆਰਥਿਕ ਸੁਧਾਰ ਹੋਏ, ਜਿਸ ਦਾ ਭਾਰਤ 'ਤੇ ਸਾਕਾਰਾਤਮਕ ਪ੍ਰਭਾਵ ਪਿਆ। ਭਾਵੇਂ ਕਿ ਆਰਥਿਕ ਵਿਕਾਸ ਸਲਾਹੁਣਯੋਗ ਸੀ, ਭ੍ਰਿਸ਼ਟਾਚਾਰ, ਦੌਲਤ ਦੇ ਕੇਂਦਰੀਕਰਨ, ਨੌਕਰੀਆਂ 'ਚ ਅਸਮਾਨਤਾਵਾਂ, ਗ਼ਰੀਬੀ ਅਤੇ ਸਮਾਜਿਕ ਵੰਡ ਵਰਗੇ ਮੁੱਦਿਆਂ ਨਾਲ ਪ੍ਰਸ਼ਾਸਨਿਕ ਗੁਣਵੱਤਾ 'ਚ ਗਿਰਾਵਟ ਆਈ ਹੈ। ਕਿਰਤ ਬਾਜ਼ਾਰ 'ਚ ਹੁਨਰ ਦੀ ਕਮੀ ਨੂੰ ਦੂਰ ਕਰਨ ਵਾਲੀ ਗਿਆਨ ਆਧਾਰਿਤ ਅਰਥਵਿਵਸਥਾ ਬਣਾਉਣ ਵੱਲ ਕੇਂਦਰਿਤ ਹੋਣ ਨਾਲ ਬੇਰੁਜ਼ਗਾਰੀ ਵੀ ਵਧੀ ਹੈ। ਬਿਹਤਰ ਭੋਜਨ, ਆਸਰਾ, ਸਿੱਖਿਆ ਅਤੇ ਸਿਹਤ ਦੇਖਭਾਲ ਦੀਆਂ ਤਰਜੀਹਾਂ ਲਈ ਜਨਤਕ ਸਰੋਤਾਂ 'ਤੇ ਵਧੇਰੇ ਦਾਅਵੇਦਾਰੀ ਵੀ ਉਭਰੀ ਹੈ।

2014 ਤੋਂ ਬਾਅਦ ਸਿਆਸੀ ਦ੍ਰਿਸ਼ 'ਚ ਮਹੱਤਵਪੂਰਨ ਤਬਦੀਲੀਆਂ ਆਈਆਂ, ਜਿਨ੍ਹਾਂ ਅਨੁਸਾਰ ਸ਼ਾਸਨ ਪ੍ਰਤੀ ਵਧੇਰੇ ਕੇਂਦਰਿਤ, ਇਕਸੁਰ, ਫ਼ੈਸਲਾਕੁੰਨ ਅਤੇ ਭਵਿੱਖਵਾਦੀ ਪਹੁੰਚ ਉੱਪਰ ਜ਼ੋਰ ਦਿੱਤਾ ਗਿਆ। ਆਰਥਿਕ ਸੁਧਾਰਾਂ ਨੇ ਗਤੀ ਫੜੀ, ਸੰਕਟ ਪ੍ਰਬੰਧਾਂ 'ਚ ਸੁਧਾਰ ਹੋਇਆ ਅਤੇ ਏਕੀਕ੍ਰਿਤ ਕਮਾਨ ਦੇ ਤਹਿਤ ਸਮਾਜਿਕ ਮੁੱਦਿਆਂ 'ਤੇ ਵਧੇਰੇ ਧਿਆਨ ਦਿੱਤਾ ਗਿਆ। ਜਦੋਂ ਕਿ ਮਜ਼ਬੂਤ ਲੀਡਰਸ਼ਿਪ ਨਾਲ ਸਥਿਰਤਾ ਵੀ ਵਧੀ ਹੈ, ਪਰ ਨਾਗਰਿਕ ਸਸ਼ਕਤੀਕਰਨ ਅਤੇ ਭਾਗੀਦਾਰੀ ਚੁਣੌਤੀਪੂਰਨ ਬਣੀ ਹੋਈ ਹੈ। ਭਾਗੀਦਾਰੀ ਸ਼ਾਸਨ ਪ੍ਰਾਪਤ ਕਰਨ ਲਈ ਸੂਖਮ ਅਤੇ ਬਹੁਪੱਖੀ ਹੱਲ ਅਜੇ ਸਾਹਮਣੇ ਆਉਣੇ ਹਨ। ਅਕਸਰ ਦੇਸ਼ 'ਚ ਨਿਯਮਤ ਚੋਣਾਂ 'ਚ ਨਾਗਰਿਕ ਭਾਗੀਦਾਰੀ ਦੀ ਵਿਆਖਿਆ ਕੀਤੀ ਜਾਂਦੀ ਹੈ। 1952 ਤੋਂ ਬਾਅਦ ਦੇ ਇੱਕ ਆਲੋਚਨਾਤਮਕ ਮੁਲਾਂਕਣ ਤੋਂ ਪਤਾ ਲਗਦਾ ਹੈ ਕਿ ਸੰਸਦੀ ਚੋਣਾਂ 'ਚ ਔਸਤ ਵੋਟਿੰਗ ਲਗਭਗ 60 ਫ਼ੀਸਦੀ ਦੇ ਲਗਭਗ ਰਹਿੰਦੀ ਹੈ, ਜਿਸ ਦੇ ਸਿੱਟੇ ਵਜੋਂ ਸਰਕਾਰਾਂ ਆਬਾਦੀ ਦੇ ਸਿਰਫ਼ ਇਕ ਹਿੱਸੇ (ਇਕ ਚੌਥਾਈ) ਦੀ ਨੁਮਾਇੰਦਗੀ ਕਰਦੀਆਂ ਹਨ। ਕੁਝ ਚੋਣਵੇਂ ਭਾਈਚਾਰਿਆਂ ਦੇ ਦਬਦਬੇ ਨੇ ਮੱਧ ਵਰਗ, ਹੇਠਲੇ ਮੱਧ ਵਰਗ ਅਤੇ ਹੋਰ ਪਛੜੇ ਸ਼ਹਿਰੀਆਂ ਦੀ ਬਹੁਗਿਣਤੀ ਦੀ ਚੋਣ ਅਮਲ ਵਿਚ ਭਾਗੀਦਾਰੀ ਹੋਰ ਵੀ ਘਟਾ ਦਿੱਤੀ ਹੈ। ਅੱਜ ਵੀ ਸਾਡਾ ਵਿਚਾਰ ਮੁੱਖ ਤੌਰ 'ਤੇ ਵਿੱਤੀ ਸ਼ਮੂਲੀਅਤ ਦੇ ਦੁਆਲੇ ਘੁੰਮਦਾ ਹੈ।

ਅਸਲ ਸਸ਼ਕਤੀਕਰਨ ਲਈ ਨਿਰੋਲ ਆਰਥਿਕ ਸ਼ਮੂਲੀਅਤ ਵਾਲੀ ਪਹੁੰਚ ਨੂੰ ਸਾਡੇ ਨਾਗਰਿਕਾਂ ਦੀ ਜ਼ਿੰਦਗੀ ਦੇ ਸਮਾਜਿਕ ਤੇ ਆਰਥਿਕ ਪਹਿਲੂਆਂ ਦੀ ਸਮੁੱਚੀ ਸ਼ਮੂਲੀਅਤ ਵਿਚ ਬਦਲਣ ਦੀ ਲੋੜ ਹੈ। ਚੋਣ ਭਾਗੀਦਾਰੀ ਤੋਂ ਇਲਾਵਾ, ਨਾਗਰਿਕਾਂ ਦੀ ਸ਼ਮੂਲੀਅਤ ਲਈ ਤੰਤਰ ਦੁਰਲੱਭ ਜਾਂ ਸਥਿਰ ਹੈ। ਗ਼ੈਰ-ਸਰਕਾਰੀ ਸੰਗਠਨਾਂ ਨੂੰ ਪੱਖਪਾਤ ਦਾ ਸਾਹਮਣਾ ਕਰਨਾ ਪੈਂਦਾ ਹੈ, ਪੰਚਾਇਤ ਰਾਜ ਸੰਸਥਾਵਾਂ 'ਚ ਸਸ਼ਕਤੀਕਰਨ ਦੀ ਕਮੀ ਹੁੰਦੀ ਹੈ, ਸ਼ਹਿਰੀ ਸਥਾਨਕ ਸੰਸਥਾਵਾਂ ਕੋਲ ਅਧਿਕਾਰਾਂ ਦੀ ਕਮੀ ਹੁੰਦੀ ਹੈ ਅਤੇ ਰਾਜ ਵਿਧਾਨ ਸਭਾਵਾਂ ਪ੍ਰਭਾਵਸ਼ਾਲੀ ਢੰਗ ਨਾਲ ਕਾਨੂੰਨ ਬਣਾਉਣ ਲਈ ਸੰਘਰਸ਼ ਕਰਦੀਆਂ ਹਨ। ਸਿਵਲ ਸੁਸਾਇਟੀ ਸੰਗਠਨ (ਸੀ.ਐੱਸ.ਓ.) ਨੂੰ ਗ਼ੈਰ-ਭਾਗੀਦਾਰੀ ਵਜੋਂ ਵੀ ਦੇਖਿਆ ਜਾਂਦਾ ਹੈ ਅਤੇ ਹੋਰ ਸਮਾਜਿਕ ਜਵਾਬਦੇਹੀ ਦੀ ਜ਼ਰੂਰਤ ਹੁੰਦੀ ਹੈ। ਤਸ਼ੱਦਦ, ਨਾਗਰਿਕਤਾ ਅਤੇ ਸਮਾਜਿਕ-ਸੱਭਿਆਚਾਰਕ ਅਭਿਆਸਾਂ ਬਾਰੇ ਮੌਜੂਦਾ ਕਾਨੂੰਨ ਜਾਂ ਤਾਂ ਮੌਜੂਦ ਨਹੀਂ ਹਨ ਜਾਂ ਕਮਜ਼ੋਰ ਹਨ। ਇਨ੍ਹਾਂ 'ਚੋਂ ਜ਼ਿਆਦਾਤਰ ਲਾਗੂ ਹੀ ਨਹੀਂ ਹੋਏ। ਨੀਤੀ ਨਿਰਮਾਤਾਵਾਂ 'ਚ ਵਧੇਰੇ ਡਾਟਾ ਅਤੇ ਨੀਤੀ ਸਾਖ਼ਰਤਾ ਦੀ ਲੋੜ ਇਨ੍ਹਾਂ ਚੁਣੌਤੀਆਂ ਨੂੰ ਹੋਰ ਵਧਾ ਦਿੰਦੀ ਹੈ। ਜਨਤਕ ਨੀਤੀਆਂ ਦੇ ਨਿਰਮਾਣ 'ਚ ਨਾਗਰਿਕਾਂ ਦੀ ਵਧੇਰੇ ਪ੍ਰਭਾਵਸ਼ਾਲੀ ਭਾਗੀਦਾਰੀ ਦੀ ਜ਼ਰੂਰਤ ਹੈ। ਪ੍ਰਭਾਵਸ਼ਾਲੀ ਨਾਗਰਿਕ ਭਾਗੀਦਾਰੀ ਲਈ, ਸੁਧਾਰਾਂ 'ਚ ਕਾਨੂੰਨੀ, ਸਮਾਜਿਕ ਅਤੇ ਆਰਥਿਕ ਪਹਿਲੂ ਸ਼ਾਮਿਲ ਹੋਣੇ ਚਾਹੀਦੇ ਹਨ। ਇਹ ਪਹਿਲ ਜ਼ਮੀਨੀ ਪੱਧਰ 'ਤੇ ਸ਼ੁਰੂ ਹੋਣੀ ਚਾਹੀਦੀ ਹੈ, ਜਿਸ ਨਾਲ ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਜਿਹੀਆਂ ਸੰਸਥਾਵਾਂ ਨੂੰ ਮਜ਼ਬੂਤ ਬਣਾਇਆ ਜਾ ਸਕੇ। ਬੁੱਧੀਜੀਵੀ, ਗ਼ੈਰ-ਸਰਕਾਰੀ ਸੰਗਠਨਾਂ, ਸਿੱਖਿਅਕ ਅਤੇ ਸਮਾਜਿਕ-ਸੱਭਿਆਚਾਰਕ ਸੰਸਥਾਵਾਂ ਦੀ ਭਾਗੀਦਾਰੀ ਮਹੱਤਵਪੂਰਨ ਹੈ। ਇਸ ਕੋਸ਼ਿਸ਼ ਲਈ ਨਿਯਮ ਸਥਾਨਕ ਕਮਿਊਨਟੀ ਕੋਡਾਂ ਦਾ ਸਨਮਾਨ ਕਰਦੇ ਹੋਏ ਪ੍ਰਾਸੰਗਿਕ, ਲਾਗੂ ਕਰਨ ਯੋਗ ਅਤੇ ਸਮਝਣ 'ਚ ਆਸਾਨ ਹੋਣੇ ਚਾਹੀਦੇ ਹਨ। ਕੋਵਿਡ-19 ਮਹਾਂਮਾਰੀ ਦੇ ਪ੍ਰਬੰਧਾਂ ਨੇ ਇਸ ਨੂੰ ਇੱਕ ਨੁਕਤੇ ਤੋਂ ਪਰਾਂ ਜਾ ਕੇ ਸਾਬਤ ਕਰ ਦਿੱਤਾ ਹੈ, ਭਾਵੇਂ ਕਿ ਸਮਾਜਿਕ ਪ੍ਰਤੀਕਿਰਿਆ ਸਲਾਹੁਣਯੋਗ ਸੀ। ਭਾਰਤ 'ਚ ਸਮਾਜਿਕ ਢਾਂਚਾ ਗੁੰਝਲਦਾਰ ਹੈ, ਜਿਸ 'ਚ ਜਾਤ, ਧਰਮ ਅਤੇ ਨਸਲ ਦੇ ਆਧਾਰ 'ਤੇ ਡੂੰਘੀਆਂ ਵੰਡਾਂ ਹਨ। ਖੇਤਰੀ ਅਸਮਾਨਤਾਵਾਂ ਵੀ ਕਾਫ਼ੀ ਚੱਖੀਆਂ ਹਨ। ਸਮਾਜਿਕ ਸੁਧਾਰਾਂ ਦੇ ਯਤਨਾਂ ਵਿਚ ਸਾਰੇ ਭਾਈਚਾਰਿਆਂ ਦੇ ਆਪਸੀ ਸਨਮਾਨ ਨੂੰ ਉਤਸ਼ਾਹਿਤ ਕਰਨ 'ਤੇ ਧਿਆਨ ਦੇਣਾ ਚਾਹੀਦਾ ਹੈ। ਭਾਵੇਂ ਕਿ ਏਕਤਾ ਮਹੱਤਵਪੂਰਨ ਹੈ, ਪਰ ਗ਼ੈਰ-ਜ਼ਬਰਦਸਤੀ ਵਾਲੇ ਫ਼ਿਰਕੂ ਏਕੀਕਰਨ ਤੋਂ ਬਚਣਾ ਵੀ ਓਨਾ ਹੀ ਜ਼ਰੂਰੀ ਹੈ। ਇਕਸਾਰ ਨਾਗਰਿਕ ਕੋਡ ਵਰਗੀਆਂ ਪਹਿਲਕਦਮੀਆਂ ਜੋ ਜਾਤੀ ਅਤੇ ਨਸਲੀ ਵੰਡਾਂ ਤੋਂ ਪਰੇ ਹਨ, ਇਕਜੁੱਟ ਸਮਾਜ ਬਣਾਉਣ 'ਚ ਯੋਗਦਾਨ ਪਾ ਸਕਦੀਆਂ ਹਨ। ਭਾਵੇਂ ਕਿ ਭਾਈਚਾਰੇ ਵੱਖ-ਵੱਖ ਹੋਣ ਪਰ ਭਾਰਤੀ ਨਾਗਰਿਕ ਇਕ ਹੋਣੇ ਚਾਹੀਦੇ ਹਨ। ਮੌਜੂਦਾ ਅਸਮਾਨਤਾਵਾਂ ਨੂੰ ਦੂਰ ਕਰਨ ਲਈ ਸਾਰੇ ਨਾਗਰਿਕਾਂ ਦੀ ਉਨ੍ਹਾਂ ਦੀ ਜ਼ਿੰਦਗੀ ਦੇ ਸਾਰੇ ਸਮਾਜਿਕ ਤੇ ਆਰਥਿਕ ਪੱਖਾਂ ਤੋਂ ਸਮੁੱਚੀ ਸ਼ਮੂਲੀਅਤ ਲਈ ਮੁਕੰਮਲ ਤੇ ਅਹਿਮ ਤਬਦੀਲੀ ਦੀ ਲੋੜ ਹੈ। ਵਿੱਤੀ ਸ਼ਮੂਲੀਅਤ ਦੀ ਬਿਆਨਬਾਜ਼ੀ ਤੋਂ ਇਲਾਵਾ ਨਾਗਰਿਕਾਂ ਨੂੰ ਫ਼ੈਸਲੇ ਲੈਣ ਦੇ ਅਮਲ 'ਚ ਸ਼ਾਮਿਲ ਕਰਨ 'ਤੇ ਧਿਆਨ ਦੇਣਾ ਚਾਹੀਦਾ ਹੈ ਜੋ ਉਨ੍ਹਾਂ ਦੇ ਭਵਿੱਖ ਨੂੰ ਆਕਾਰ ਦਿੰਦੇ ਹਨ। ਤਕਨਾਲੋਜੀ ਅਜਿਹੇ ਯਤਨਾਂ ਨੂੰ ਤੇਜ਼ ਕਰਨ 'ਚ ਮਦਦ ਕਰ ਸਕਦੀ ਹੈ, ਹਾਲਾਂਕਿ ਡੂੰਘੇ ਸਮਾਜਿਕ ਮੁੱਦਿਆਂ ਲਈ ਬਿਹਤਰ ਸੂਖਮ ਹੱਲ ਦੀ ਜ਼ਰੂਰਤ ਹੁੰਦੀ ਹੈ।

ਪ੍ਰਾਸੰਗਿਕ ਸਾਰਥਿਕਤਾ ਅਤੇ ਸਮਝਣ ਦੀ ਸੌਖ ਨੂੰ ਯਕੀਨੀ ਬਣਾਉਣ ਲਈ ਕਾਨੂੰਨੀ ਢਾਂਚੇ ਨੂੰ ਸੋਧਿਆ ਅਤੇ ਮੁੜ ਤੋਂ ਲਾਗੂ ਕੀਤਾ ਜਾਣਾ ਚਾਹੀਦਾ ਹੈ। ਤਸ਼ੱਦਦ, ਨਾਗਰਿਕਤਾ ਅਤੇ ਸਮਾਜਿਕ ਅਭਿਆਸਾਂ ਸੰਬੰਧੀ ਕਾਨੂੰਨ ਮਜ਼ਬੂਤ, ਵਿਹਾਰਕ ਅਤੇ ਦੇਸ਼ ਦੇ ਵੱਖ-ਵੱਖ ਸੱਭਿਆਚਾਰਕ ਦ੍ਰਿਸ਼ ਨਾਲ ਜੁੜੇ ਹੋਣੇ ਚਾਹੀਦੇ ਹਨ। ਸੰਕੇਤਕ ਫ਼ੈਸਲੇ ਲੈਣ ਅਤੇ ਸਬੂਤਾਂ 'ਤੇ ਆਧਾਰਿਤ ਨੀਤੀਆਂ ਲਈ, ਨੀਤੀ ਨਿਰਮਾਤਾਵਾਂ 'ਚ ਡਾਟਾ ਅਤੇ ਨੀਤੀ ਸਾਖ਼ਰਤਾ 'ਚ ਪਾੜੇ ਨੂੰ ਪੂਰਾ ਕਰਨ ਦੀ ਲੋੜ ਹੈ। ਆਰਥਿਕ ਸੁਧਾਰਾਂ 'ਚ ਵਿਕਾਸ ਨੂੰ ਤਰਜੀਹ ਦੇਣੀ ਚਾਹੀਦੀ ਹੈ ਅਤੇ ਅੰਦਰੂਨੀ ਅਸਮਾਨਤਾਵਾਂ ਨੂੰ ਦੂਰ ਕਰਨਾ ਚਾਹੀਦਾ ਹੈ। ਧਿਆਨ ਇੱਕ ਅਜਿਹੀ ਗਿਆਨ-ਵਿਵਸਥਾ ਬਣਾਉਣ 'ਤੇ ਕੇਂਦਰਿਤ ਹੋਣਾ ਚਾਹੀਦਾ ਹੈ ਜੋ ਕਿਰਤ ਬਾਜ਼ਾਰ 'ਚ ਹੁਨਰ ਦੀ ਘਾਟ ਨੂੰ ਪੂਰਾ ਕਰ ਸਕੇ। ਆਰਥਿਕ ਵਿਕਾਸ 'ਚ ਵਧੀ ਹੋਈ ਸਮਾਨਤਾ, ਪੱਛੜੇ ਭਾਈਚਾਰਿਆਂ ਅਤੇ ਜਾਤਾਂ ਦੇ ਹੇਠਲੇ ਵਰਗਾਂ ਤੱਕ ਪਹੁੰਚਣ ਨਾਲ ਸਮਾਜਿਕ ਤਣਾਅ ਘੱਟ ਹੋ ਸਕਦਾ ਹੈ। ਹਾਸ਼ੀਏ 'ਤੇ ਰਹਿਣ ਵਾਲੇ ਸਮੂਹ ਆਪਣੇ ਵਿੱਤੀ ਅਧਿਕਾਰਾਂ ਲਈ ਵਧੇ ਹੋਏ ਕਾਨੂੰਨੀ ਕਵਰ ਦੇ ਹੱਕਦਾਰ ਹਨ। ਚੋਣਾਂ ਤੋਂ ਇਲਾਵਾ, ਨਾਗਰਿਕ ਭਾਗੀਦਾਰੀ ਦੇ ਤੰਤਰ 'ਚ ਵਿਆਪਕ ਸੁਧਾਰ ਲਿਆਉਣ ਦੀ ਲੋੜ ਹੈ। ਗ਼ੈਰ ਸਰਕਾਰੀ ਸੰਗਠਨਾਂ ਨੂੰ ਮਜ਼ਬੂਤ ਬਣਾਇਆ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਪੱਖਪਾਤ ਤੋਂ ਮੁਕਤ ਕੀਤਾ ਜਾਣਾ ਚਾਹੀਦਾ ਹੈ।

ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਅਸਲ ਅਧਿਕਾਰ ਅਤੇ ਪੂਰੇ ਫੰਡਾਂ ਨਾਲ ਮਜ਼ਬੂਤ ਬਣਾਇਆ ਜਾਣਾ ਚਾਹੀਦਾ ਹੈ। ਰਾਜ ਵਿਧਾਨ ਸਭਾਵਾਂ ਨੂੰ ਮਜ਼ਬੂਤ ਵਿਧਾਨਕ ਸੰਸਥਾਵਾਂ ਦੇ ਰੂਪ 'ਚ ਕੰਮ ਕਰਨਾ ਚਾਹੀਦਾ ਹੈ, ਜੋ ਜਨਸੰਖਿਆ ਦੇ ਵਿਭਿੰਨ ਹਿੱਤਾਂ ਦੀ ਨੁਮਾਇੰਦਗੀ ਕਰਦੀਆਂ ਹਨ। ਜ਼ਿਆਦਾ ਸ਼ਮੂਲੀਅਤ ਨਾਲ ਫ਼ੈਸਲੇ ਲੈਣ ਦੀ ਪ੍ਰਕਿਰਿਆ ਲਈ ਬੁੱਧੀਜੀਵੀਆਂ, ਸਿੱਖਿਆ ਸੰਸਥਾਵਾਂ, ਸਮਾਜਿਕ-ਸੱਭਿਆਚਾਰਕ ਸੰਗਠਨਾਂ ਅਤੇ ਹੋਰ ਸਿਵਲ ਸੁਸਾਇਟੀ ਸੰਗਠਨਾਂ ਦੀ ਸਮਰੱਥਾ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ।ਅੰਤਿਮ ਟੀਚਾ ਪ੍ਰਤੀਨਿਧੀ ਸ਼ਾਸਨ ਨੂੰ ਨਾਗਰਿਕ-ਕੇਂਦਰਿਤ ਸ਼ਾਸਨ 'ਚ ਤਬਦੀਲੀ ਕਰਨਾ ਹੈ, ਜਿੱਥੇ ਨਾਗਰਿਕ ਫ਼ੈਸਲੇ ਲੈਣ ਦੇ ਅਮਲ

(ਬਾਕੀ ਸਫ਼ਾ 31 'ਤੇ)



# ਅਮੀਰ ਦੇਸ਼ਾਂ ਦੇ ਗ਼ਰੀਬ ਬਜ਼ੁਰਗ ਲੋਕ

ਮ੍ਰਿਤੁੰਜੇ ਰਾਏ

ਬਹੁਤਾ ਸਮਾਂ ਨਹੀਂ ਬੀਤਿਆ ਜਦੋਂ ਭਾਰਤੀਆਂ ਨੇ ਅਮਰੀਕਾ ਵਿੱਚ ਬੇਘਰ ਲੋਕਾਂ ਦੀ ਦੁਰਦਸ਼ਾ ਨੂੰ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਦੇਖਿਆ। ਇੱਕ ਸਮਾਂ ਸੀ ਜਦੋਂ ਭਾਰਤੀ 'ਅਮਰੀਕਨ ਡਰੀਮ' ਬਾਰੇ ਸੁਣਦੇ ਹੋਏ ਵੱਡੇ ਹੋਏ ਸਨ। ਉਹਨਾਂ ਨੇ ਸੋਚਿਆ ਕਿ ਅਮਰੀਕਾ ਜਾਂਦੇ ਹੀ ਉਸ ਦੀ ਜ਼ਿੰਦਗੀ ਖੁਸ਼ਹਾਲ ਹੋ ਜਾਵੇਗੀ। ਅਮਰੀਕਾ ਦਾ ਇਹ ਸੁਪਨਾ ਅਜੇ ਵੀ ਭਾਰਤੀਆਂ ਦੀਆਂ ਅੱਖਾਂ ਤੋਂ ਗਾਇਬ ਨਹੀਂ ਹੋਇਆ ਹੈ, ਇਸੇ ਕਰਕੇ ਅੱਜ ਵੀ ਲੋਕ ਉਥੇ ਗੈਰ-ਕਾਨੂੰਨੀ ਢੰਗ ਨਾਲ ਜਾਂਦੇ ਹਨ। ਇਹ ਵੀ ਸੱਚ ਹੈ ਕਿ ਅਮਰੀਕਾ ਵਿੱਚ ਰਹਿ ਰਹੇ ਗੈਰ-ਨਿਵਾਸੀ ਭਾਰਤੀਆਂ ਦੀ ਔਸਤ ਆਮਦਨ ਇੱਕ ਲੱਖ ਡਾਲਰ ਸਾਲਾਨਾ ਤੋਂ ਵੱਧ ਹੈ ਅਤੇ ਇਸ ਮਾਮਲੇ ਵਿੱਚ ਉਹ ਅਮਰੀਕਾ ਵਿੱਚ ਰਹਿੰਦੇ ਸਾਰੇ ਭਾਈਚਾਰਿਆਂ ਤੋਂ ਉੱਪਰ ਹਨ। ਪਰ ਅਜਿਹੀ ਸਥਿਤੀ ਸਿਰਫ ਉਨ੍ਹਾਂ ਭਾਰਤੀਆਂ ਦੀ ਹੈ ਜੋ ਪੜ੍ਹੇ-ਲਿਖੇ ਅਤੇ ਉੱਚ ਹੁਨਰਮੰਦ ਹਨ ਅਤੇ ਜੋ ਕਾਨੂੰਨੀ ਤੌਰ 'ਤੇ ਉਥੇ ਗਏ ਹਨ। ਖੈਰ, ਮੈਂ ਅਮਰੀਕਾ ਦਾ ਜ਼ਿਕਰ ਇਸ ਲਈ ਕੀਤਾ ਹੈ ਤਾਂ ਜੋ ਇਹ ਸਮਝਿਆ ਜਾ ਸਕੇ ਕਿ ਅਮੀਰ ਦੇਸ਼ਾਂ ਵਿੱਚ ਵੀ ਗਰੀਬ ਲੋਕ ਹਨ ਅਤੇ ਉਨ੍ਹਾਂ ਦੀ ਜ਼ਿੰਦਗੀ ਬਹੁਤ ਵਧੀਆ ਨਹੀਂ ਹੈ।

ਇਹੀ ਗੱਲ ਦੱਖਣੀ ਕੋਰੀਆ ਅਤੇ ਜਾਪਾਨ ਦੇ ਬਜ਼ੁਰਗਾਂ 'ਤੇ ਲਾਗੂ ਹੁੰਦੀ ਹੈ। ਅਮੀਰ ਦੇਸ਼ਾਂ ਦੀ ਸੰਸਥਾ ਵਿੱਚ ਰਹਿ ਰਹੇ ਬਜ਼ੁਰਗਾਂ ਵਿੱਚ ਗਰੀਬੀ ਦੇ ਮਾਮਲੇ ਵਿੱਚ ਦੱਖਣੀ ਕੋਰੀਆ ਦੂਜੇ ਨੰਬਰ 'ਤੇ ਹੈ। ਸਿਰਫ਼ ਐਸਟੋਨੀਆ ਹੀ ਇਸ ਤੋਂ ਵੀ ਮਾੜੀ ਹਾਲਤ ਵਿੱਚ ਹੈ। 65 ਸਾਲ ਤੋਂ ਵੱਧ ਉਮਰ ਦੇ ਦੱਖਣੀ ਕੋਰੀਆ ਦੇ 40% ਲੋਕ ਹੋਰਨਾਂ ਦੇਸ਼ਾਂ ਦੁਆਰਾ ਨਿਰਧਾਰਿਤ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਲਈ ਮਜਬੂਰ ਹਨ। ਇਹਨਾਂ ਦੇਸ਼ਾਂ ਵਿੱਚ ਜੇਕਰ ਕਿਸੇ ਦੀ ਆਮਦਨ ਰਾਸ਼ਟਰੀ ਔਸਤ ਆਮਦਨ ਦੇ 50% ਤੋਂ ਘੱਟ ਹੈ ਤਾਂ ਉਸਨੂੰ ਗਰੀਬੀ ਰੇਖਾ ਤੋਂ ਹੇਠਾਂ ਮੰਨਿਆ ਜਾਂਦਾ ਹੈ। ਜਾਪਾਨ ਵਿੱਚ 65 ਸਾਲ ਤੋਂ ਵੱਧ ਉਮਰ ਦੇ 20% ਲੋਕ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਹਨ।

ਬਜ਼ੁਰਗਾਂ ਦੀ ਮਾੜੀ ਹਾਲਤ ਲਈ ਇਨ੍ਹਾਂ ਦੇਸ਼ਾਂ ਦੀ ਪੈਨਸ਼ਨ ਪ੍ਰਣਾਲੀ ਜ਼ਿੰਮੇਵਾਰ ਹੈ। ਜਾਪਾਨ ਵਿੱਚ ਪੈਨਸ਼ਨ ਪ੍ਰਣਾਲੀ ਦੋ-ਪੱਧਰੀ ਹੈ। ਉੱਥੇ ਸਾਰੇ ਨਾਗਰਿਕਾਂ ਨੂੰ ਮੁੱਢਲੀ ਪੈਨਸ਼ਨ ਮਿਲਦੀ ਹੈ। ਇਸਦੀ ਰਕਮ ਇਸ ਗੱਲ 'ਤੇ ਤੈਅ ਕੀਤੀ ਜਾਂਦੀ ਹੈ ਕਿ ਕਿਸੇ ਵਿਅਕਤੀ ਨੇ ਪੈਨਸ਼ਨ ਲਈ ਕਿੰਨੇ ਸਾਲ ਪੈਸੇ ਜਮ੍ਹਾ ਕਰਵਾਏ ਹਨ। ਦੂਜਾ ਸਿਸਟਮ ਉਨ੍ਹਾਂ ਲਈ ਹੈ ਜਿਨ੍ਹਾਂ ਨੇ ਫੁੱਲ ਟਾਈਮ ਨੌਕਰੀ ਕੀਤੀ ਹੈ। ਇਸ ਪ੍ਰਣਾਲੀ ਵਿੱਚ ਕਰਮਚਾਰੀ ਆਪਣੀ ਕੰਮਕਾਜੀ ਉਮਰ ਦੌਰਾਨ ਪੈਨਸ਼ਨ ਲਈ ਜਿੰਨੀ ਰਕਮ ਜਮ੍ਹਾਂ ਕਰਾਉਂਦਾ ਹੈ, ਓਨੀ ਹੀ ਰਕਮ ਕੰਪਨੀ ਵੱਲੋਂ ਉਸ ਦੇ ਪੈਨਸ਼ਨ ਖਾਤੇ ਵਿੱਚ ਜਮ੍ਹਾਂ ਕਰਵਾਈ ਜਾਂਦੀ ਹੈ। ਦੱਖਣੀ ਕੋਰੀਆ ਵਿੱਚ ਵੀ ਇਸੇ ਤਰ੍ਹਾਂ ਦੀ ਪੈਨਸ਼ਨ ਪ੍ਰਣਾਲੀ ਹੈ, ਪਰ ਉੱਥੇ ਸਭ ਤੋਂ ਵੱਧ ਕਮਾਈ ਕਰਨ ਵਾਲੇ ਸਿਰਫ਼ 30% ਹੀ ਮੁੱਢਲੀ ਬੁਢਾਪਾ ਪੈਨਸ਼ਨ ਦੇ ਹੱਕਦਾਰ ਹਨ।

2022 ਵਿੱਚ, ਇਹ ਰਕਮ 220 ਡਾਲਰ ਯਾਨੀ 20,000 ਰੁਪਏ ਮਾਸਿਕ ਤੋਂ ਘੱਟ ਸੀ। ਅਫ਼ਸੋਸ ਦੀ ਗੱਲ ਹੈ ਕਿ ਆਉਣ ਵਾਲੇ ਸਮੇਂ ਵਿੱਚ ਦੋਵਾਂ ਦੇਸ਼ਾਂ ਵਿੱਚ ਬਜ਼ੁਰਗਾਂ ਦੀ ਹਾਲਤ ਹੋਰ ਵੀ ਵਿਗੜ ਸਕਦੀ ਹੈ। ਇਸ ਦਾ ਕਾਰਨ ਇਹ ਹੈ ਕਿ ਕੰਮ ਕਰਨ ਵਾਲੇ ਲੋਕਾਂ ਦੀ ਗਿਣਤੀ ਘਟ ਰਹੀ ਹੈ, ਜਦੋਂ ਕਿ ਨਿਰਭਰ ਬਜ਼ੁਰਗਾਂ ਦੀ ਆਬਾਦੀ ਵਧ ਰਹੀ ਹੈ। ਅਤੇ ਭਵਿੱਖ ਵਿੱਚ ਇਸ ਰੁਝਾਨ ਦੇ ਬਦਲਣ ਦਾ ਕੋਈ ਸੰਕੇਤ ਨਹੀਂ ਹੈ।



# ਅਕਾਲੀ, ਪੰਥਕ ਸਿਆਸਤ ਤੋਂ ਖਾਲੀ

## ਕੌਣ ਬਣੂੰ ਪੰਥਕ ਸਿਆਸਤ ਦਾ ਝੰਡਾ ਬਰਦਾਰ ?



ਗਿਆਨੀ ਕੇਵਲ ਸਿੰਘ
ਸਾਬਕਾ ਜਥੇਦਾਰ
ਤਖ਼ਤ ਸ੍ਰੀ ਦਮਦਮਾ ਸਾਹਿਬ
95920-93472

ਗੁਰੂ ਨਾਨਕ ਸਾਹਿਬ ਜੀ ਨੇ ਸੰਸਾਰ ਦੇ ਮਨੁੱਖ ਨੂੰ ਸਚਿਆਰ ਮਨੁੱਖ ਬਣਨ ਲਈ ਮਾਰਗ ਦਰਸ਼ਨ ਕੀਤਾ ਹੈ। ਹਰ ਮਨੁੱਖ ਆਪਣੇ ਅੰਦਰ ਜੋ ਕੂੜ ਦੀ ਕੰਧ ਹੈ ਤੋੜੇ। ਐਸਾ ਕਰ ਸਕਣ ਦੀ ਜੁਗਤਿ ਲਈ ਕਰਤਾ ਪੁਰਖ ਜੀ ਦੇ ਹੁਕਮ ਨੂੰ ਬੁਝਣਾ ਤੇ ਪਾਲਣਾ ਕਿਹਾ। ਗੁਰੂ ਜੀ ਨੇ ਸੰਗਤ ਤਥਾ ਖ਼ਾਲਸੇ ਦਾ ਇੱਕ ਅਦੁੱਤੀ ਰੂਪ ਆਪਣੇ ਦਸਾਂ ਜਾਮਿਆਂ ਰਾਹੀਂ ਅਕਾਲ ਪੁਰਖ ਦੀ ਮੌਜ ਵਿੱਚ ਪ੍ਰਗਟਾਇਆ ਹੈ।

ਖ਼ਾਲਸੇ ਤਥਾ ਗੁਰੂ ਪੰਥ ਦਾ ਇਤਿਹਾਸ ਤਥਾ ਕਰਨੀਨਾਮਾ ਜਗ ਜਾਹਰ ਹੈ। ਗੁਰਬਾਣੀ ਗੁਰੂ ਦੀ ਅਗਵਾਈ ਤੇ ਗੁਰੂ ਇਤਿਹਾਸ ਦੀ ਸ਼ਕਤੀ ਗੁਰੂ ਪੰਥ ਲਈ ਸਦੀਵੀ ਪ੍ਰੇਰਨਾ ਹੈ।

ਗੁਰਬਾਣੀ ਵਿੱਚ ਜੀਵਨ ਉਸਾਰੀ ਦੀ ਚੌਤਰਫਾ ਸੇਧ ਤਥਾ ਬ੍ਰਹਮ ਗਿਆਨ ਸੁਭਾਇਮਾਨ ਹੈ। ਧਾਰਮਿਕ, ਸਮਾਜਿਕ, ਰਾਜਨੀਤਕ ਤੇ ਆਰਥਿਕ ਪੱਖਾਂ ਦੀ ਸਮਝ ਤੇ ਵਰਤਾਰਿਆਂ ਦਾ ਡੂੰਘਾ ਬੋਧ ਹੈ। ਕਈ ਵਾਰ ਵੱਡੀ ਗਿਣਤੀ ਵਿੱਚ ਖ਼ਾਲਸਾ ਪੰਥ ਦਾ ਇੱਕ ਹਿੱਸਾ ਭਰਮ ਜਾਂ ਬੇਸਮਝੀ ਕਾਰਨ ਰਾਜਨੀਤੀ ਦੀ ਸਮਝ ਤੇ ਅਮਲ ਤੋਂ ਖੁਦ ਨੂੰ ਦੂਰ ਰੱਖਣ ਦੀ ਬੇਲੋੜੀ ਕੋਸ਼ਿਸ਼ ਵਿੱਚ ਲੱਗਾ ਰਹਿੰਦਾ ਹੈ। ਆਦਿ ਤੋਂ ਪਰਵਾਰਕ ਪ੍ਰਬੰਧ ਤਥਾ ਸਮਾਜਿਕ ਪ੍ਰਬੰਧ ਦੀ ਜੁਗਤਿ ਨਾਲ ਸਮਾਜਿਕ ਬਹੁਤ ਪੱਖੀ ਵਰਤਾਰਿਆਂ ਦੇ ਰੂਬਰੂ ਹੋਣਾ ਬੜਾ ਹੀ ਸੁਭਾਵਿਕ ਕਿਰਿਆ ਰਹੀ ਹੈ ਅਤੇ ਇਸ ਸਦੀਵੀ ਰਹਿਣਾ ਵੀ ਹੈ। ਸਾਡੇ ਗੁਰੂ ਸਾਹਿਬ ਜੀ ਦਾ ਜੀਵਨ ਕਰਨੀਨਾਮੇ ਦੀ ਖੁੱਲੀ ਕਿਤਾਬ ਇਨ੍ਹਾਂ ਸਾਰੇ ਵਰਤਾਰਿਆਂ ਦੇ ਵੱਖ ਵੱਖ ਸਮੇਂ ਪਏ ਵਾਹ ਵਾਸਤੇ ਦੀ ਵਿਥਿਆ ਦਾ ਗੰਭੀਰ ਪ੍ਰਗਟਾਅ ਵੀ ਕਰਦੀ ਹੈ। ਗੁਰੂ ਜੀ ਨੇ ਆਪਣੇ ਸੇਵਕਾਂ ਦੀ ਸਮਝ ਨੂੰ ਨਿਖਾਰਨ ਤੇ ਸਭ ਕਿਸੇ ਸਾਹਮਣੇ ਆਪਣੇ ਫਰਜ਼ ਪਾਲਣ ਦੀ ਯੋਗਤਾ ਰੱਖਣ ਲਈ ਮੌਕੇ ਸਿਰਜੇ ਹਨ। ਭਾਈ ਜੇਠਾ ਜੀ ਤੇ ਭਾਈ ਗੁਰਦਾਸ ਜੀ ਅਤੇ ਹੋਰ ਸਿੱਖ ਸੇਵਕ ਸਮੇਂ ਦੀਆਂ ਸਲਤਨਤਾਂ ਦੇ ਆਗੂਆਂ ਨਾਲ ਬੈਠਣ ਵਾਲੇ ਵੱਡੇ ਫਰਜ਼ ਪਾਲਦੇ ਮਿਲਦੇ ਹਨ। ਰਾਜ ਪ੍ਰਬੰਧਾਂ ਦੀਆਂ ਤਬਦੀਲੀਆਂ ਵਿੱਚ ਹਿੱਸੇਦਾਰੀ ਨਿਰਪੱਖਤਾ ਦੇ ਮਸੀਹੇ ਬਣ ਕੇ ਗੁਰੂ ਜੀ ਨੇ ਖੁਦ ਵੀ ਨਿਭਾਈ ਹੈ। ਰਾਜ ਪ੍ਰਬੰਧਾਂ ਦੀਆਂ ਬਾਰੀਕੀਆਂ ਦਾ ਜਾਣਕਾਰ ਹੋਣ ਦੀ ਯੋਗਤਾ ਗੁਰੂ ਜੀ ਨੇ ਸਿੱਖ ਸੰਗਤਾਂ ਵਿੱਚ ਭਰੀ ਹੈ।

1708 ਤੋਂ ਖਾਲਸੇ ਦਾ ਗੁਰੂ ਸਨਮੁਖ ਰਹਿ ਕੇ ਸਿਰਜਿਆ ਇਤਿਹਾਸ ਉਹ ਸਿਰਮੌਰ ਕਰਨੀਨਾਮਾ ਹੈ ਜਿਸਦਾ ਪੂਰਾ ਇਲਮ ਹਰ ਸਿੱਖ ਨੂੰ ਹੋਣਾ ਬੜਾ ਜ਼ਰੂਰੀ ਹੈ। 1849 ਦੇ ਸਿੱਖ ਰਾਜ ਦੇ ਖਾਤਮੇ ਮਗਰੋਂ ਸਿੱਖ ਤਥਾ ਖ਼ਾਲਸਾ ਪੰਥ ਪਹਿਲੇ ਵਾਲੀਆਂ ਦੁਸ਼ਵਾਰੀਆਂ ਵਾਂਗ ਮੁੜ ਕਈ ਤਰ੍ਹਾਂ ਇਮਤਿਹਾਨ ਥਾਣੀ ਗੁਜ਼ਰਦਾ ਹੈ। ਖ਼ਾਲਸਾ ਜੱਥੇਬੰਦੀ ਦਾ ਉਹ ਸੰਪੂਰਣ ਰੂਪ ਜੋ ਕੌਮੀ ਤੌਰ 'ਤੇ ਹਰ ਵਕਤ ਤਿਆਰ ਰਹਿਣਾ ਚਾਹੀਦਾ ਹੈ, ਜਦੋਂ ਹਕੂਮਤੀ ਬਦਨੀਤੀਆਂ ਕਰਕੇ ਜਾਂ ਆਪਣੇ ਅੰਦਰ ਆਈਆਂ ਕਮਜ਼ੋਰੀਆਂ ਕਰਕੇ ਨਹੀਂ ਰਹਿੰਦਾ ਤਾਂ ਸਾਰਥਿਕ ਸਿੱਟੇ ਕੌਮੀ ਹਿਤ ਦੇ ਕਦਾਚਿਤ ਪੱਲੇ ਨਹੀਂ ਪੈਂਦੇ!

ਜਦੋਂ ਅਸੀਂ ਪੂਰੇ ਆਪਣੇ ਪੰਥਕ ਜੱਥੇਬੰਦ ਰੂਪ ਨੂੰ ਮੋਤੀਆਂ ਵਾਂਗ ਗੁਰੂ ਹੁਕਮ ਦੇ ਸੂਤਰ ਵਿੱਚ ਪਰੋਇਆ ਹੋਇਆ ਵੇਖਣ ਦਾ ਨੀਝ ਲਾ ਕੇ ਯਤਨ ਕਰਦੇ ਹਾਂ ਤਾਂ ਕੌਮੀ ਵਿਹੜੇ ਦੀਆਂ ਕਮਜ਼ੋਰੀਆਂ ਉਭਰ ਕੇ ਸਾਹਮਣੇ ਆ ਜਾਂਦੀਆਂ ਹਨ। ਇਹ ਕਮਜ਼ੋਰੀਆਂ ਕੌਮੀ ਸੱਥਾਂ ਵਿੱਚ ਵਖਰੇਵੇਂ ਤੇ ਨਿਰਾਸ਼ਤਾ ਫੈਲਾਉਣ ਦਾ ਸਾਧਨ ਹੋ ਜਾਂਦੀਆਂ ਹਨ।

ਸਿੰਘ ਸਭਾ ਲਹਿਰ ਉਹ ਲਹਿਰ ਹੈ ਜਿਸ ਦੇ ਵਾਰਸਾਂ ਕੌਮ ਸਾਹਮਣੇ ਖੜੀਆਂ ਸਾਰੀਆਂ ਚੁਣੌਤੀਆਂ ਨੂੰ ਨਾ ਕੇਵਲ ਉਸ ਵਕਤ ਹੀ ਵੇਖਿਆ ਬਲਕਿ ਭਵਿੱਖ ਦੀਆਂ ਚੁਣੌਤੀਆਂ ਨੂੰ ਭਾਂਪਿਆ। ਸਿੰਘ ਸਭਾ ਲਹਿਰ ਕੌਮੀ ਜੜ੍ਹਾਂ ਵਿੱਚ ਸਿਧਾਂਤ ਤੇ ਮਰਯਾਦਾ ਨੂੰ ਭਰਨ ਲਈ ਨਿਰੰਤਰ ਕੰਮ ਕਰਦੀ ਹੈ। ਸਿੱਖ ਕੌਮ ਦੇ ਬਹੁ-ਪੱਖੀ ਵਿਕਾਸ ਲਈ ਗੁਰਬਾਣੀ ਪਠਨ ਪਾਠਨ ਤੇ ਇਤਿਹਾਸ ਦੀ ਸਹੀ ਸਮਝ ਨੂੰ ਪਰਚਾਰਨ ਲਈ ਜੁਗਤਿ ਭਰਪੂਰ ਕਦਮ ਪੁੱਟਦੀ ਹੈ। ਕੌਮ ਨੂੰ ਵਿਦਿਆ ਖੇਤਰ ਦੀ ਅਹਿਮੀਅਤ ਸਮਝਾਉਣ ਵਿੱਚ ਤੇ ਸਫਲਤਾ ਵਿਚ ਸਿੰਘ ਸਭਾ ਲਹਿਰ ਦਾ ਇਤਿਹਾਸਕ ਕੰਮ ਹੈ।

ਵੱਡੀਆਂ ਵਿਦਿਅਕ ਸੰਸਥਾਵਾਂ ਤੇ ਪ੍ਰਬੰਧਕ ਸੰਸਥਾਵਾਂ ਦੀ ਪੂਰੀ ਸਥਾਪਨਾ ਪਿੱਛੇ ਕੇਵਲ ਤੇ ਕੇਵਲ ਸਿੰਘ ਸਭਾ ਲਹਿਰ ਦੀ ਪ੍ਰੇਰਨਾ ਸ਼ਕਤੀ ਹੈ। 1920 ਦਾ ਵਰਤਾਰਾ ਜਦੋਂ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦਾ ਉਭਾਰ ਸਾਹਮਣੇ ਆਉਂਦਾ ਹੈ ਇਸ ਪਿੱਛੇ ਦੀ ਚੇਤਨਾ ਸ਼ਕਤੀ ਗੁਰੂ-ਗ੍ਰੰਥ ਗੁਰੂ-ਪੰਥ ਦੇ ਸਿਧਾਂਤਾਂ ਨੂੰ ਸਮਝਣ ਜੀਊਣ ਤੇ ਪਰਚਾਰਨ ਵਾਲੀ ਲਹਿਰ ਸਿੰਘ ਸਭਾ ਲਹਿਰ ਖੜ੍ਹੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਕੌਮ ਦੀਆਂ ਵੱਡੀਆਂ ਮਜ਼ਬੂਤ ਸੰਸਥਾਵਾਂ ਪੂਰੇ ਖ਼ਾਲਸਾ ਪੰਥ ਦੀਆਂ ਭਾਵਨਾਵਾਂ ਦੀ ਤਰਜ਼ਮਾਨੀ ਕਰਨ ਲਈ ਸਾਹਮਣੇ ਆ ਜਾਂਦੀਆਂ ਹਨ।

ਪੰਥਕ ਸਿਆਸਤ ਦੀ ਘਾੜਤ ਤੇ ਸੰਭਾਲ ਦੀ ਜ਼ਿੰਮੇਵਾਰੀ ਸ਼੍ਰੋਮਣੀ ਅਕਾਲੀ ਦਲ ਦੇ ਸੇਵਕ ਸੰਭਾਲਦੇ ਹਨ। ਜੋ ਨਿਰਸਵਾਰਥ, ਨਿਹਕਾਮ , ਨਿਰਭਉ -ਨਿਰਵੈਰ ਤੇ ਨਿਰਪੱਖਤਾ ਦੇ ਮੁਜੱਸਮੇ ਗੁਰਸਿੱਖਾਂ ਦੇ ਰੂਪ ਹਨ। ਸੇਵਕ ਬਣ ਕੇ ਸੰਸਾਰ ਸਾਹਮਣੇ ਆਉਂਦੇ ਹਨ। ਉਨ੍ਹਾਂ ਦੇ ਉੱਚੇ ਸੁੱਚੇ ਕਿਰਦਾਰ ਦੀਆਂ ਮਿਸਾਲਾਂ ਸਾਕਾ ਨਨਕਾਣਾ ਸਾਹਿਬ, ਗੰਗਸਰ ਜੈਤੋਂ, ਗੁਰੂ ਕਾ ਬਾਗ, ਪੰਜਾ ਸਾਹਿਬ ਤੇ ਹੋਰ ਮੌਕਿਆਂ 'ਤੇ ਦਿੱਤੀਆਂ ਕੁਰਬਾਨੀਆਂ ਰਾਹੀਂ ਸੰਸਾਰ ਭਰ ਦੇ ਦਾਨਸ਼ਮੰਦਾਂ ਦੇ ਲੂੰ ਕੰਡੇ ਖੜ੍ਹੇ ਕਰਦੀਆਂ ਹਨ। ਗੈਰ ਸਿੱਖ ਕੁਰਬਾਨੀ ਦੇ ਇਨ੍ਹਾਂ ਕਿਰਦਾਰਾਂ ਵਿੱਚੋਂ ਪੈਗੰਬਰੀ ਕੁਰਬਾਨੀ ਦੇ ਬਿੰਬ ਵੇਖ ਅੱਸ਼ ਅੱਸ਼ ਕਰ ਉੱਠਦੇ ਹਨ। ਸੱਤਾ ਦੀ ਉਹ ਤਾਕਤ ਜਿਸ ਦੇ ਰਾਜ ਦੀਆਂ ਹੱਦਾਂ ਅੰਦਰ ਸੂਰਜ ਨਹੀਂ ਸੀ ਡੁੱਬਦਾ ਪੰਥਕ ਸੇਵਕਾਂ ਦੇ ਸੱਚੇ ਸੁੱਚੇ ਕਿਰਦਾਰਾਂ ਦੀਆਂ ਕਰਨੀਆਂ ਅੱਗੇ ਲੜਖੜਾਉਣ ਲੱਗਦੀ ਹੈ। ਪੰਥਕ ਸਿਆਸਤ ਦੀ ਮਨਸਾ ਵਿੱਚ ਸਵਾਰਥ ਨਾਂ ਦੀ ਕੋਈ ਸ਼ੈ ਨਹੀਂ ਸੀ ਨਾ ਹੀ ਹੋ ਸਕਦੀ ਹੈ। ਨਿਰਸਵਾਰਥੀ ਪੰਥਕ ਸੇਵਕਾਂ ਦਾ ਕਾਫ਼ਲਾ ਹੀ ਪੰਥਕ ਸਿਆਸਤ ਨੂੰ ਸਮਝ ਸਕਦਾ ਹੈ ਵੱਡੇ ਹਾਸਲਾਂ ਦੀ ਪ੍ਰਾਪਤੀ ਦਾ ਹਾਣੀ ਬਣ ਸਕਦਾ ਹੈ। ਪੰਥਕ ਸਮਝ ਸੂਝ ਤੇ ਅਮਲ ਵਾਲੇ ਸਿੱਖ ਹੀ ਪੰਥਕ ਸਿਆਸਤ ਦੇ ਸੇਵਾਦਾਰ ਹੋਣ ਦੀ ਯੋਗਤਾ ਰੱਖਦੇ ਹਨ। ਪੰਥਕ ਸਿਆਸਤ ਦੇ ਪਹਿਰੇਦਾਰਾਂ ਦੇ ਸਾਹਮਣੇ ਸਰਬੱਤ ਦਾ ਭਲਾ ਤੇ ਹਲੇਮੀ ਰਾਜ ਸਥਾਪਨਾ ਦਾ ਨਿਸ਼ਾਨਾ ਹੋਣਾ ਜ਼ਰੂਰੀ ਹੈ। ਪੰਥਕ ਸਿਆਸਤ ਦਾ ਸੇਵਕ ਜਾਤ ਮਜ਼੍ਹਬ ਇਲਾਕੇ ਦੀਆਂ ਸੌੜੀਆਂ ਹੱਦਾਂ ਦਾ ਮੁਥਾਜ ਨਹੀਂ ਰਹਿੰਦਾ। ਉਸ ਲਈ ਇਨਸਾਨੀਅਤ ਦਾ ਧਰਮ ਜ਼ਿੰਦਾ ਰੱਖਣ ਦੀ ਪ੍ਰਮੁੱਖ ਜ਼ਿੰਮੇਵਾਰੀ ਰਹਿੰਦੀ ਹੈ। ਪੰਥਕ ਸਿਆਸਤ ਦਾ ਸੇਵਕ ਹੋ ਕੇ ਜੀਊਣਾ ਸੰਸਾਰ ਦਾ ਪ੍ਰਮੁੱਖ ਸੇਵਕ ਹੋਣਾ ਮੰਨਿਆ ਜਾਂਦਾ ਹੈ। ਜਦੋਂ 1947 ਦੇ ਪਹਿਲਾਂ ਗੈਰ ਬਰਾਬਰੀ ਦੇ ਖੁੱਲੇਆਮ ਪ੍ਰਗਟਾਅ ਕਰਨ ਵਾਲੀ ਬਰਤਾਨਵੀ ਹਕੂਮਤ ਦੀਆਂ ਲੋਕ-ਮਾਰੂ ਨੀਤੀਆਂ ਵਰਤਾਰਿਆਂ ਦਾ ਸਭ ਤੋਂ ਵੱਧ ਵਿਰੋਧ ਪੰਥਕ ਸਿਆਸਤ ਦੇ ਪਹਿਰੇਦਾਰਾਂ ਨੇ ਹੀ ਕੀਤਾ ਸੀ ਤਾਂ ਨਤੀਜੇ ਵਜੋਂ ਸਭ ਤੋਂ ਵੱਧ ਕੁਰਬਾਨੀਆਂ ਦਾ ਮਾਣ ਮਿਲਿਆ ਸੀ। 1947 ਤੋਂ ਪੰਥਕ ਸਿਆਸਤ ਦੇ ਪਹਿਰੇਦਾਰਾਂ ਦਾ ਵਾਹ ਬਰਤਾਨਵੀ ਹਕੂਮਤ ਨਾਲੋਂ ਵਧੇਰੇ ਬਦਤਰ ਸੋਚ ਵਾਲੇ ਅਖੌਤੀ ਭਾਰਤੀ ਸਿਆਸਤਦਾਨਾਂ ਨਾਲ ਪਿਆ ਹੈ।ਭਾਰਤੀ ਨਵੇਂ ਗੈਰ-ਤਜ਼ਰਬੇਕਾਰ ਸਿਆਸਤਦਾਨ ਰਾਜ ਪ੍ਰਬੰਧ ਦੀਆਂ ਸੂਖਮ ਕਦਰਾਂ ਕੀਮਤਾਂ ਤੋਂ ਖਾਲੀ ਹਨ। ਇਹ ਹੱਕ ਮਾਰਨ ਦੇ ਨਾਲ ਨਾਲ ਹੱਕਾਂ ਲਈ ਲੜਨ ਵਾਲਿਆਂ ਦੇ ਕਿਰਦਾਰ ਹੀ ਖਤਮ ਕਰਨ ਦਾ ਕਾਇਰਤਾ ਪੂਰਨ ਕੰਮ ਕਰਦੇ। ਐਸਾ ਕਰਨ ਲਈ ਭਾਵੇਂ ਭਾਰਤੀ ਹੁਕਮਰਾਨਾਂ ਕੁਝ ਵੀ ਕਿਉਂ ਨਾ ਕਰਨਾ ਪਵੇ ਇਹ ਉਸ ਵੀ ਘਟੀਆ ਕੰਮ ਨੂੰ ਕਰ ਲੈਂਦੇ ਹਨ। ਰਾਜ ਭਾਗ ਬਟੇਰਾ ਭਾਰਤੀ ਬਹੁਗਿਣਤੀ ਦੇ ਹੱਥ ਬਿਨਾਂ ਕੀਮਤ ਦਿੱਤਿਆਂ ਆ ਗਿਆ ਹੈ ਇਹ ਕਦਰਦਾਨ ਹੀ ਨਹੀਂ ਹਨ। ਘੱਟ ਗਿਣਤੀ ਕੌਮਾਂ ਨੂੰ ਬਰਾਬਰ ਦਾ ਮਾਨ ਸਨਮਾਨ ਦੇਣ ਨਾਲ ਜੋ ਇੱਜ਼ਤ ਪੂਰੇ ਸੰਸਾਰ ਵਿੱਚ ਭਾਰਤੀ ਹਾਕਮਾਂ ਨੂੰ ਮਿਲਣੀ ਸੀ ਉਹ ਹੁਣ ਤੱਕ ਘੱਟ ਗਿਣਤੀ ਕੌਮਾਂ ਨੂੰ ਨਸਲਕੁਸ਼ੀ ਵੱਲ ਧੱਕਣ ਵਾਲੇ ਵਰਤਾਰਿਆਂ ਕਾਰਨ ਮਿੱਟੀ ਵਿੱਚ ਮਿਲ ਚੁੱਕੀ ਹੈ। ਪੰਥਕ ਸਿਆਸਤ ਦੇ ਪਹਿਰੇਦਾਰਾਂ ਦੀ ਪਹਿਚਾਣ ਹਕੂਮਤੀ ਦਾਅ ਪੇਚਾਂ ਦੀਆਂ ਚਾਲਬਾਜ਼ੀਆਂ ਨੇ ਪਿਛਲੇ ਕਈ ਦਹਾਕਿਆਂ ਤੋਂ ਸ਼ੱਕੀ ਬਣਾਉਣ ਵਾਸਤੇ ਵੀ ਹਿੱਸਾ ਪਾਇਆ ਹੈ। ਸਿੱਖ ਸਮਾਜ ਦੀਆਂ ਰੁਚੀਆਂ ਕੌਮਪ੍ਰਸਤੀ ਦੇ ਉੱਚੇ ਸੁੱਚੇ ਸਥਾਪਿਤ ਆਦਰਸ਼ਾਂ ਜੀਵਨ ਵੱਲੋਂ ਗਰਜਾਂ ਵਾਲੀ ਸੁਰਤੀ ਬਿਰਤੀ ਨੇ ਰਸਾਤਲ ਵੱਲ ਧੱਕੀਆਂ ਨੇ।

(ਬਾਕੀ ਸਫ਼ਾ 31 'ਤੇ)




# ਲੋਕ ਸਭਾ ਚੋਣਾਂ ਵਿੱਚ 'ਪਾਣੀ' ਮੁੱਦਾ ਹੀ ਨਹੀਂ ਬਣਿਆ



ਡਾਕਟਰ ਅਮਨਪ੍ਰੀਤ ਸਿੰਘ ਬਰਾੜ

ਅੱਜ ਪੰਜਾਬ ਲਈ ਬੇਰੁਜ਼ਗਾਰੀ, ਮਹਿੰਗਾਈ, ਭ੍ਰਿਸ਼ਟਾਚਾਰ ਅਤੇ ਕਾਨੂੰਨ ਵਿਵਸਥਾ ਤੋਂ ਅੱਗੇ ਜੇ ਕੋਈ ਮੁੱਦਾ ਹੈ ਤਾਂ ਉਹ ਹੈ ਸਾਡੇ ਧਰਤੀ ਹੇਠਲੇ 'ਪਾਣੀ' ਦੇ ਪੱਧਰ ਦਾ ਹੇਠਾਂ ਜਾਣਾ। ਬਾਰਿਸ਼ ਘੱਟ ਰਹੀ ਹੈ ਸਾਡਾ ਨਹਿਰਾਂ ਦਾ ਪਾਣੀ ਕਾਣੀ ਵੰਡ ਕਰਕੇ ਦੂਜੇ ਸੂਬਿਆਂ ਨੂੰ ਦੇ ਦਿੱਤਾ। ਇਹ ਵਿਵਾਦ ਭਾਵੇਂ ਬੜੇ ਲੰਬੇ ਸਮੇਂ ਤੋਂ ਚੱਲ ਰਿਹਾ ਹੈ ਪਰ ਨਾ ਹੀ ਸਮੇਂ ਦੀਆਂ ਸਰਕਾਰਾਂ ਅਤੇ ਨਾ ਹੀ ਅਦਾਲਤਾਂ ਜ਼ਮੀਨੀ ਹਕੀਕਤ ਤੋਂ ਜਾਣੂੰ ਹੋਣਾ ਚਾਹੁੰਦੀਆਂ ਹਨ ਅਤੇ ਸਭ ਦੀ ਟੇਕ ਅਤੇ ਸਲਾਹ ਇਕੋ ਹੀ ਹੈ ਕਿ ਜੋ ਫ਼ੈਸਲੇ ਗਲਤ ਠੀਕ ਹੋ ਗਏ ਉਨ੍ਹਾਂ ਨੂੰ ਹੀ ਪੰਜਾਬ ਕੁਦਰਤ ਦਾ ਭਾਣਾ ਸਮਝਕੇ ਮੰਨ ਲਵੇ। ਇਹ ਕਿਹੋ ਜਿਹਾ ਵਿਕਾਸ ਅਤੇ ਰਾਜ-ਭਾਗ ਹੈ ਜਿੱਥੇ ਸਮੇਂ ਦੀ ਤਬਦੀਲੀ ਅਤੇ ਜ਼ਮੀਨੀ ਹਕੀਕਤ ਤੋਂ ਅੱਖਾਂ ਮੀਚ ਲਈਆਂ ਜਾਣ।

ਪਾਣੀ ਦਾ ਪ੍ਰਦੂਸ਼ਨ-ਪਾਣੀ ਦੇ ਪ੍ਰਦੂਸ਼ਨ ਨੂੰ ਲੈ ਕੇ ਜਿਥੇ ਸਮੇਂ ਦੀਆਂ ਸਰਕਾਰਾਂ ਦੀ ਬੇਰੁਖ਼ੀ ਰਹੀ ਹੈ ਉਥੇ ਹੀ ਆਮ ਲੋਕਾਂ ਨੇ ਵੀ ਕਦੇ ਸੋਚਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਅਸੀਂ ਜਿਹੜਾ ਪਾਣੀ ਪੀ ਰਹੇ ਹਾਂ ਉਹ ਆ ਕਿਥੋਂ ਰਿਹਾ ਹੈ। ਇਸ ਵਿੱਚ ਕਈ ਬੁੱਧੀਜੀਵੀ ਅਤੇ ਸਰਕਾਰੀ ਕਰਮਚਾਰੀ ਜੋ ਕਾਰਪੋਰੇਟ ਦੇ ਨਾਲ ਰਲ ਕੇ ਚਲਦੇ ਹਨ ਉਨ੍ਹਾਂ ਨੇ ਬੜੀ ਚਲਾਕੀ ਨਾਲ ਇਸ ਨੂੰ ਕਿਸਾਨਾਂ ਵੱਲੋਂ ਫ਼ਸਲ ਨੂੰ ਪਾਈਆਂ ਜਾਣ ਵਾਲੀਆਂ ਰਸਾਇਣਿਕ ਖਾਦਾਂ ਅਤੇ ਕੀਟਨਾਸ਼ਕਾਂ ਦੇ ਗਲ ਪਾ ਕੇ ਲੋਕਾਂ ਦਾ ਧਿਆਨ ਹੋਰ ਪਾਸੇ ਲਿਜਾਣ ਦੀ ਕੋਸ਼ਿਸ਼ ਵਿਚ ਲੱਗੇ ਹਨ। ਲੋਕਾਂ ਨਾਲ ਗੱਲ ਕਰੋ ਤਾਂ ਉਹ ਆਪਣਾ ਦਿਮਾਗ਼ ਲਾਏ ਬਿਨਾਂ ਇਹਨਾਂ ਵੱਲੋਂ ਸਿਰਜੇ ਗਏ ਬਿਰਤਾਂਤ ਦੇ ਪਿਛੇ ਲਗ ਜਾਂਦੇ ਹਨ ਅਤੇ ਸੱਚਾਈ ਜਾਨਣ ਦੀ ਕੋਸ਼ਿਸ ਨਹੀਂ ਕਰਦੇ।

ਇਸ ਵੇਲੇ ਸਾਰਾ ਮਾਲਵਾ ਖੇਤਰ ਕੈਂਸਰ ਦਾ ਸ਼ਿਕਾਰ ਹੋਇਆ ਹੈ। ਇਥੇ ਇੱਕ ਲੱਖ ਮਗਰ 136 ਲੋਕ ਕੈਂਸਰ ਨਾਲ ਪ੍ਰਭਾਵਿਤ ਹਨ। ਜਦਕਿ ਇਹ ਅੰਕੜਾ ਅੰਮ੍ਰਿਤਸਰ ਲਈ 41 ਹੈ। ਮਾਲਵੇ ਖੇਤਰ ਦੇ ਲੋਕ ਇਲਾਜ ਲਈ ਬੀਕਾਨੇਰ, ਫਰੀਦਕੋਟ, ਸੰਗਰੂਰ, ਲੁਧਿਆਣਾ ਅਤੇ ਚੰਡੀਗੜ੍ਹ ਆਦਿ ਸ਼ਹਿਰਾਂ ਵਲ ਜਾ ਰਹੇ ਹਨ। ਸਰਕਾਰਾਂ ਨਵੇਂ ਹਸਪਤਾਲ ਤਾਂ ਖੋਲ ਰਹੀਆਂ ਹਨ ਪਰ ਇਸ ਸਮੱਸਿਆ ਦਾ ਸਥਾਈ ਹੱਲ ਨਹੀਂ ਕਰ ਰਹੀਆਂ। ਦਿਨ-ਬ-ਦਿਨ ਪਾਣੀ ਦੇ ਪ੍ਰਦੂਸ਼ਨ ਦੀ ਸਮੱਸਿਆ ਵੱਧ ਰਹੀ ਹੈ। ਇਥੇ ਮੇਰਾ ਭਾਵ ਹੈ ਕਿ ਉਦਯੋਗ ਜਿਨ੍ਹਾਂ ਵਿੱਚ ਪਾਣੀ ਵਰਤਿਆ ਜਾਂਦਾ ਹੈ ਉਹ ਬਹੁਤੇ ਜਾਂ ਤਾਂ ਗੰਦਾ ਕੈਮੀਕਲ ਵਾਲਾ ਪਾਣੀ ਧਰਤੀ ਦੇ ਹੇਠਾਂ ਪਾਈ ਜਾਂਦੇ ਹਨ ਜਾਂ ਫਿਰ ਸਿੱਧਾ ਨਾਲਿਆਂ ਵਿੱਚ ਪਾ ਕੇ ਦਰਿਆਵਾਂ ਵਿੱਚ ਸੁੱਟੀ ਜਾਂਦੇ ਹਨ। ਇਸ ਦੀ ਜਿਉਂਦੀ ਜਾਗਦੀ ਤਸਵੀਰ ਹੈ ਲੁਧਿਆਣੇ ਦਾ ਬੁੱਢਾ ਨਾਲਾ ਜੋ ਸਤਲੁਜ ਦਾ ਪਾਣੀ ਖ਼ਰਾਬ ਕਰ ਰਿਹਾ ਹੈ। ਕੁਦਰਤ ਦਾ ਦਿੱਤਾ ਸਾਫ਼ ਪਾਣੀ ਧਰਤੀ ਉੱਪਰਲਾ ਅਤੇ ਹੇਠਲਾ ਅਸੀਂ ਆਪ ਖਰਾਬ ਕਰਕੇ ਬਿਮਾਰੀਆਂ ਸਹੇੜ ਰਹੇ ਹਾਂ। ਸੁਣਨ ਵਿੱਚ ਆਇਆ ਹੈ ਸਮਾਰਟ ਸਿਟੀ ਸਕੀਮ ਅਧੀਨ 650 ਕਰੋੜ ਬੁੱਢੇ ਨਾਲੇ ਦੇ ਪਾਣੀ ਨੂੰ ਸਾਫ਼ ਕਰਨ ਲਈ ਰੱਖੇ ਸਨ। ਪੈਸੇ ਪਤਾ ਨਹੀਂ ਕਿੰਨੇ ਖ਼ਰਚ ਕੀਤੇ ਪਰ ਗੰਦਾ ਪਾਣੀ ਸਤਲੁਜ ਵਿੱਚ ਪੈ ਕੇ ਕਾਲੀ ਲਕੀਰ ਮੀਲਾਂ ਤੱਕ ਬਣਾਉਂਦਾ



ਵੇਖਿਆ ਜਾ ਸਕਦਾ ਹੈ। ਇਹੋ ਪਾਣੀ ਹਰੀਕੇ ਪੱਤਣ ਤੋਂ ਨਿਕਲਦੀਆਂ ਨਹਿਰਾਂ ਵਿੱਚ ਹੁੰਦਾ ਹੋਇਆ ਅੱਗੇ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਕੁਝ ਖੇਤਰਾਂ ਨੂੰ ਪੀਣ ਲਈ ਦਿੱਤਾ ਜਾਂਦਾ ਹੈ।

ਇਥੇ ਜ਼ਿਕਰਯੋਗ ਹੈ ਕਿ ਜਿਨ੍ਹਾਂ ਸ਼ਹਿਰਾਂ ਦਾ ਗੰਦਾ ਪਾਣੀ ਹੈ ਓਨੀ ਕਪੈਸਟੀ ਦੇ ਟ੍ਰੀਟਮੈਂਟ ਪਲਾਂਟ ਨਹੀਂ ਹਨ। ਦੂਜਾ ਜਿਹੜੇ ਪਲਾਂਟ ਹੈ ਵੀ ਉਹ ਵੀ ਪੂਰੀ ਤਰ੍ਹਾਂ ਪਾਣੀ ਸਾਫ਼ ਕਰਨ ਦੇ ਕਾਬਿਲ ਨਹੀਂ ਹਨ। ਇਸ ਕਰਕੇ ਸੀਵਰ ਪਾਣੀ ਟ੍ਰੀਟ ਕਰਕੇ ਵੀ ਅੱਡ ਵਰਤਿਆ ਜਾਣਾ ਚਾਹੀਦਾ ਹੈ ਸਾਫ ਪਾਣੀ ਵਿੱਚ ਮਿਲਾਉਣਾ ਨਹੀਂ ਚਾਹੀਦਾ ਅਤੇ ਨਾ ਹੀ ਇਸ ਨੂੰ ਧਰਤੀ ਵਿੱਚ ਬੋਰ ਕਰਕੇ ਪਾਉਣਾ ਚਾਹੀਦਾ ਹੈ।

ਪੰਜਾਬ ਦੇ ਦਰਿਆਈ ਪਾਣੀ:-ਪੰਜਾਬ ਵਿੱਚ ਇਸ ਵੇਲੇ ਤਿੰਨ ਦਰਿਆ ਵੱਗਦੇ ਹਨ, (ਸਤਲੁਜ, ਬਿਆਸ ਤੇ ਰਾਵੀ) ਸਤਲੁਜ ਦੇ ਪਾਣੀ ਵਿਚੋਂ 1.11 ਮਿਲੀਅਨ ਏਕੜ ਪਾਣੀ ਗੰਗ ਨਹਿਰ ਵਿੱਚ ਦੀ ਰਾਜਸਥਾਨ ਜਾਂਦਾ ਹੈ ਅਤੇ 15.22 ਫ਼ੀਸਦੀ ਹਿੱਸਾ ਭਾਖੜਾ ਨਹਿਰ ਵਿਚੋਂ ਜਾਂਦਾ ਹੈ। ਭਾਖੜਾ ਨਹਿਰ ਵਿਚੋਂ 49% ਹਿੱਸਾ ਹਰਿਆਣਾ ਅਤੇ 35% ਹਿੱਸਾ ਪੰਜਾਬ ਵਿੱਚ ਵਰਤਿਆ ਜਾਂਦਾ ਹੈ। ਰਾਵੀ ਅਤੇ ਬਿਆਸ ਦੇ ਪਾਣੀ ਨੂੰ ਉਸ ਵੇਲੇ ਫਾਲਤੂ ਕਰਾਰ ਦਿੱਤਾ ਗਿਆ ਸੀ। ਉਸ ਦਾ ਅੰਦਾਜ਼ਾ 15.22 ਐਮ ਏ.ਐਫ. ਮਿਲੀਅਨ ਏਕੜ ਫੁੱਟ ਲਾਇਆ ਗਿਆ ਸੀ। ਜਿਸ ਵਿਚੋਂ 8.0 ਐਮ ਏ ਐਫ ਰਾਜਸਥਾਨ ਨੂੰ ਦੇ ਦਿੱਤਾ ਅਤੇ 7.22 ਐਮ ਏ ਐਫ 1966 ਤੋਂ ਪਹਿਲੇ ਪੰਜਾਬ ਕੋਲ ਰਹਿ ਗਿਆ। ਇਸ ਵਿਚੋਂ ਹਰਿਆਣਾ ਬਣਨ ਤੇ 3.5 ਐਮ.ਏ.ਐਫ. ਹਰਿਆਣਾ ਨੂੰ ਦੇ ਦਿੱਤਾ ਗਿਆ ਅਤੇ 372 ਐਮ. ਏ. ਐਫ. ਪੰਜਾਬ ਕੋਲ ਰਹਿ ਗਿਆ। ਡਾ. ਵਿਸ਼ਿਸ਼ਟ ਦੀ 2008 ਦੀ ਰਿਪੋਰਟ ਮੁਤਾਬਿਕ ਉਸ ਵੇਲੇ ਸਾਰੇ ਵਸੀਲਿਆਂ (ਧਰਤੀ ਉਪਰਲੇ ਅਤੇ ਹੇਠਲੇ) ਨੂੰ ਮਿਲਾ ਕੇ ਸਿੰਚਾਈ ਦੀ ਲੋੜਾਂ ਦਾ ਸਿਰਫ਼ 75 ਫ਼ੀਸਦੀ ਪਾਣੀ ਉੱਪਲਬਧ ਸੀ। ਯਾਨੀ ਇਥੇ ਇਹ ਗੱਲ ਹੈ ਜੋ ਪਾਣੀ ਸਿੰਚਾਈ ਲਈ 25 ਫੀਸਦੀ ਘੱਟ ਹੈ ਜੇ ਉਸ ਵਿੱਚ ਉਦਯੋਗਿਕ ਵਰਤੋਂ ਤੇ ਘਰੇਲੂ ਖੱਪਤ ਜੋੜ ਲਈਏ ਤਾਂ ਇਹ ਘਾਟਾ ਹੋਰ ਵੱਧ ਜਾਵੇਗਾ। ਜ਼ਿਕਰਯੋਗ ਹੈ ਜੋ ਪਾਣੀ ਰਾਜਸਥਾਨ ਦੇ ਟਿੱਬਿਆਂ ਨੂੰ ਜਾ ਰਿਹਾ ਹੈ ਉਸੇ ਪਾਣੀ ਕਾਰਨ ਪੰਜਾਬ ਦੀ ਉਪਜਾਊ ਧਰਤੀ ਮਾਰੂਥਲ ਬਣਰਹੀ ਹੈ। ਰਾਜਸਥਾਨ ਨਹਿਰ ਦੀ ਦੂਜੀ ਸਟੇਜ ਜਿੱਥੇ ਨਹਿਰ ਦੀ ਲੰਬਾਈ 256 ਕਿਲੋਮੀਟਰ ਅਤੇ ਕਮਾਂਡ ਏਰੀਆ 1.41 ਮਿਲੀਅਨ ਹੈਕਟੇਅਰ ਹੈ। ਇਥੇ ਵਾਟਰ ਅਲਾਊਂਸ 2 ਕਿਉਸਿਕ ਪ੍ਰਤੀ 1000 ਹੈਕਟੇਅਰ ਹੈ ਯਾਨੀ ਪਹਿਲੀ ਸਟੇਜ ਦੇ ਸੇਮ ਦੇ ਡਰ ਤੋਂ ਪਾਣੀ ਥੋੜਾ-ਥੋੜਾ ਜ਼ਿਆਦਾ ਰਕਬੇ ਵਿੱਚ ਖਲਾਰ ਦਿੱਤਾ ਗਿਆ। ਇਸ ਸਟੇਜ ਦੀਆਂ ਆਪਣੀਆਂ ਸਮੱਸਿਆਵਾਂ ਹਨ। ਇਥੇ ਗਰਮੀ ਵਿੱਚ ਹਵਾ ਔਸਤਨ 25 ਤੋਂ 27 ਕਿਲੋਮੀਟਰ ਦੀ ਰਫਤਾਰ 'ਤੇ ਚਲਦੀ ਹੈ ਅਤੇ 50 ਤੋਂ 100 ਕਿਲੋਮੀਟਰ ਪ੍ਰਤੀ ਘੰਟੇ ਦੇ ਹਿਸਾਬ ਨਾਲ ਹਨੇਰੀ ਆਉਂਦੀ ਉਸ ਵੇਲੇ ਜੇ ਟਿੱਬੇ ਨੂੰ ਛੇੜਿਆ ਗਿਆ ਵਾਹੀ ਲਈ ਤਾਂ ਉਹ ਉੱਡ ਕੇ ਅਗਾਂਹ ਜਾ ਕੇ ਟਿੱਬਾ ਲੱਗ ਜਾਂਦਾ ਹੈ। ਇਹ ਰਿਪੋਰਟ ਕਾਜਰੀ, (ਸੈਂਟਰਲ ਔਰਿਡ ਜੋਨ ਰਿਸਰਚ ਇੰਸੀਟੀਚਿਊਟ) ਦੀ ਹੈ। ਇਥੇ ਸਿੱਧੀ ਪਾਣੀ ਦੀ ਬਰਬਾਦੀ ਹੈ।ਕਿਉਂਕਿ 45 ਤੋਂ 48 ਡਿਗਰੀ ਸੈਂਟੀਗਰੇਡ ਤਾਪਮਾਨ ਅਤੇ 25 ਤੋਂ 100 ਕਿਲੋਮੀਟਰ ਦੀ ਰਫ਼ਤਾਰ ਦੀ ਤੇਜ਼ ਹਵਾ ਵਿੱਚ ਪਾਣੀ ਫਸਲ ਨੂੰ ਘੱਟ ਮਿਲੇਗਾ ਅਤੇ ਹਵਾ ਵਿੱਚ ਜ਼ਿਆਦਾ ਉਡੇਗਾ। ਪੀਣ ਵਾਲਾ ਪਾਣੀ ਬੰਦ ਪਾਈਪਾਂ ਰਾਹੀਂ ਲਿਜਾਇਆ ਜਾ ਸਕਦਾ ਹੈ।

ਪਾਣੀ ਦੀ ਉਦਯੋਗਿਕ ਵਰਤੋਂ:- ਕਿਸੇ ਵੀ ਖਿੱਤੇ ਦੀ ਤਰੱਕੀ ਲਈ ਉਦਯੋਗ ਜ਼ਰੂਰੀ ਹੈ ਕਿਉਂਕਿ ਖਾਣ-ਪੀਣ ਤੋਂ ਇਲਾਵਾ ਜ਼ਿੰਦਗੀ ਦੀਆਂ ਬਾਕੀ ਲੋੜਾਂ ਪੂਰੀਆਂ ਕਰਨ ਲਈ ਵਸਤੂਆਂ ਉਦਯੋਗਾਂ ਵਿੱਚ ਹੀ ਪੈਦਾ ਹੁੰਦੀਆਂ ਹਨ। ਇੱਕ ਅਨੁਮਾਨ ਅਨੁਸਾਰ ਇਸ ਵੇਲੇ ਭਾਰਤ ਵਿੱਚ ਪਾਣੀ ਦੀ ਕੁੱਲ ਲਾਗਤ ਦਾ 15% ਉਦਯੋਗਾਂ ਵਿੱਚ ਲੱਗਦਾ ਹੈ। ਪਾਣੀ ਦੀ ਜ਼ਿਆਦਾ ਖਪਤ ਵਾਲੇ ਉਦਯੋਗ ਹਨ ਸਾਫਟ ਡਰਿੰਕ, ਕਪੜਾ, ਚਮੜਾ, ਕਾਗਜ਼, ਇਸਪਾਤ, ਥਰਮਲ ਪਾਵਰ ਅਤੇ ਏਥਨੋਲ ਆਦਿ। ਇਸ ਵਿਚ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਜਿੱਥੇ ਕਿਤੇ ਹੋ ਸਕੇ ਪਾਣੀ ਨੂੰ

(ਬਾਕੀ ਸਫ਼ਾ 31 'ਤੇ)

# ਸੰਸਦ 'ਚ ਚੁਣੇ ਹੋਏ ਨੁਮਾਇੰਦਿਆਂ ਨੂੰ ਵਾਪਸ ਬੁਲਾਉਣ ਦਾ ਵੀ ਵੋਟਰਾਂ ਨੂੰ ਹੋਵੇ ਹੱਕ






## ਪੰਜਾਬ ਨੂੰ ਕਰਨੀ ਚਾਹੀਦੀ ਹੈ ਪੂਰੇ ਮੁਲਕ ਦੀ ਅਗਵਾਈ




ਭਾਰਤ ਵਿੱਚ ਹੋ ਰਹੀਆਂ ਲੋਕ ਸਭਾ ਚੋਣਾਂ ਦੇ ਵੱਖ- ਵੱਖ ਗੇੜਾਂ ਤਹਿਤ ਪੰਜਾਬ ਵਿੱਚ 1 ਜੂਨ ਨੂੰ ਵੋਟਾਂ ਪੈਣਗੀਆਂ। ਪੰਜਾਬ 'ਚ ਇਹਨਾਂ ਚੋਣਾਂ ਲਈ ਵੱਖ- ਵੱਖ ਸਿਆਸੀ ਪਾਰਟੀਆਂ ਵੱਲੋਂ ਆਪੋ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ ਅਤੇ ਉਮੀਦਵਾਰਾਂ ਵੱਲੋਂ ਆਪਣੇ ਨਾਮਜ਼ਦਗੀ ਪੱਤਰ ਵੀ ਭਰ ਦਿੱਤੇ ਗਏ ਹਨ। ਇਸ ਤੋਂ ਇਲਾਵਾ ਅਨੇਕਾਂ ਆਜ਼ਾਦ ਉਮੀਦਵਾਰ ਵੀ ਚੋਣ ਮੈਦਾਨ ਵਿੱਚ ਹਨ।

ਭਾਰਤ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰੀ ਦੇਸ਼ ਕਿਹਾ ਜਾਂਦਾ ਹੈ। ਲੋਕ ਤੰਤਰ ਦੀ ਸੰਘੀ ਪ੍ਰਣਾਲੀ ਨੂੰ ਭਾਰਤ ਵਿੱਚ ਲਾਗੂ ਕੀਤਾ ਗਿਆ ਹੈ। ਲੋਕਤੰਤਰ ਵਿੱਚ ਲੋਕਾਂ ਦੀ, ਲੋਕਾਂ ਦੇ ਲਈ ਅਤੇ ਲੋਕਾਂ ਵੱਲੋਂ ਹੀ ਸਰਕਾਰ ਹੁੰਦੀ ਹੈ। ਹਰ ਵਾਰ ਦੀਆਂ ਚੋਣਾਂ ਦੌਰਾਨ ਉਮੀਦਵਾਰਾਂ ਅਤੇ ਸਿਆਸੀ ਪਾਰਟੀਆਂ ਵੱਲੋਂ ਵੋਟਰਾਂ ਨਾਲ ਵੱਡੇ ਵੱਡੇ ਵਾਅਦੇ ਕੀਤੇ ਜਾਂਦੇ ਹਨ ਪਰ ਚੋਣਾਂ ਜਿੱਤਣ ਤੋਂ ਬਾਅਦ ਅਕਸਰ ਉਮੀਦਵਾਰਾਂ ਅਤੇ ਸਿਆਸੀ ਪਾਰਟੀਆਂ ਨੂੰ ਵੋਟਰਾਂ ਨਾਲ ਕੀਤੇ ਗਏ ਵਾਅਦੇ ਭੁੱਲ ਜਾਂਦੇ ਹਨ ਜਾਂ ਚੋਣ ਜਿੱਤ ਚੁੱਕੀ ਸਿਆਸੀ ਪਾਰਟੀ ਵੱਲੋਂ ਇਹਨਾਂ ਵਾਅਦਿਆਂ ਨੂੰ ਠੰਡੇ ਬਸਤੇ ਵਿੱਚ ਪਾ ਕੇ ਅਗਲੀਆਂ ਚੋਣਾਂ ਲਈ ਸੰਭਾਲ ਲਿਆ ਜਾਂਦਾ ਹੈ। ਇਸ ਤੋਂ ਇਲਾਵਾ ਅਕਸਰ ਚੁਣੇ ਗਏ ਸੰਸਦ ਮੈਂਬਰ ਜਿੱਤਣ ਤੋਂ ਬਾਅਦ ਆਪਣੀ ਸਿਆਸੀ ਪਾਰਟੀ ਹੀ ਬਦਲ ਲੈਂਦੇ ਹਨ ਤੇ ਅਕਸਰ ਉਸ ਸਿਆਸੀ ਪਾਰਟੀ ਨੂੰ ਆਪਣਾ ਸਮਰਥਨ ਦੇ ਦਿੰਦੇ ਹਨ, ਜਾਂ ਉਸ ਸਿਆਸੀ ਪਾਰਟੀ ਵਿੱਚ ਸ਼ਾਮਲ ਹੋ ਜਾਂਦੇ ਹਨ, ਜਿਸ ਪਾਰਟੀ ਵਿਰੁੱਧ ਹੀ ਉਹ ਚੋਣ ਜਿੱਤ ਕੇ ਆਏ ਹੁੰਦੇ ਹਨ। ਜਿਸ ਕਰਕੇ ਅਜਿਹੇ ਸੰਸਦ ਮੈਂਬਰਾਂ ਨੂੰ ਵੋਟਾਂ ਪਾਉਣ ਵਾਲੇ ਵੋਟਰਾਂ ਦੇ ਪੱਲੇ ਸਿਰਫ਼ ਪਛਤਾਵੇ ਤੋਂ ਹੋਰ ਕੁਝ ਨਹੀਂ ਹੁੰਦਾ। ਵੋਟਰਾਂ ਵੱਲੋਂ ਵੋਟਾਂ ਪਾ ਕੇ ਚੁਣੇ ਹੋਏ ਨੁਮਾਇੰਦੇ ਅਕਸਰ ਵੋਟਰਾਂ ਦੀ ਕਸੌਟੀ 'ਤੇ ਖਰ੍ਹੇ ਨਹੀਂ ਉੱਤਰਦੇ ਜਾਂ ਫਿਰ ਆਮ ਲੋਕਾਂ ਤੋਂ ਦੂਰ ਦੂਰ ਰਹਿਣ ਲੱਗਦੇ ਹਨ ਤੇ ਚੋਣ ਜਿੱਤਣ ਤੋਂ ਬਾਅਦ ਪੰਜ ਸਾਲ ਲਈ ਗਾਇਬ ਹੋ ਜਾਂਦੇ ਹਨ। ਵੋਟਰਾਂ ਦਾ ਇਹ ਵੀ ਕਹਿਣਾ ਹੈ ਕਿ ਅਕਸਰ ਵੋਟਾਂ ਰਾਹੀਂ ਚੁਣੇ ਹੋਏ ਨੁਮਾਇੰਦੇ ਲੋਕ ਪੱਖੀ ਫੈਸਲਿਆਂ ਵਿੱਚ ਹਿਸੇਦਾਰੀ ਪਾਉਣ ਦੀ ਥਾਂ ਲੋਕ ਵਿਰੋਧੀ ਫੈਸਲੇ ਲੈਂਦੇ ਹਨ ਜਾਂ ਸਰਕਾਰ ਵੱਲੋਂ ਲਈ ਗਏ ਕਿਸੇ ਲੋਕ ਵਿਰੋਧੀ ਫੈਸਲੇ ਦਾ ਵਿਰੋਧ ਕਰਨ ਦੀ ਥਾਂ ਸਰਕਾਰ ਦਾ ਸਮਰਥਨ ਕਰ ਦਿੰਦੇ ਹਨ। ਅਜਿਹੀ ਹੀ ਹਾਲਤ ਨੂੰ ਵੇਖਦਿਆਂ ਹੁਣ ਚੁਣੇ ਹੋਏ ਨੁਮਾਇੰਦਿਆਂ ਨੂੰ ਵੋਟਰਾਂ ਵੱਲੋਂ ਵਾਪਸ ਬੁਲਾਉਣ ਦੀ ਮੰਗ ਵੀ ਉੱਠਣ ਲੱਗੀ ਹੈ। ਭਾਵੇਂ ਕਿ ਇਹ ਮੰਗ ਅਜੇ ਵੱਡੇ ਰੂਪ ਵਿੱਚ ਸਾਹਮਣੇ ਨਹੀਂ ਆਈ ਪਰ ਚੁਣੇ ਹੋਏ ਨੁਮਾਇੰਦਿਆਂ ਨੂੰ ਵਾਪਸ ਬੁਲਾਉਣ ਦਾ ਹੱਕ ਵੋਟਰਾਂ ਨੂੰ ਦੇਣ ਦੀ ਚਰਚਾ ਜ਼ਰੂਰ ਹੋਣੀ ਸ਼ੁਰੂ ਹੋ ਗਈ ਹੈ।



ਇਸ ਵਾਰ ਹੋ ਰਹੀਆਂ ਲੋਕ ਸਭਾ ਚੋਣਾਂ ਦੌਰਾਨ ਇਹ ਗੱਲ ਵੀ ਉਭਰ ਕੇ ਸਾਹਮਣੇ ਆਈ ਕਿ ਇਸ ਵਾਰ ਚੋਣਾਂ ਤੋਂ ਪਹਿਲਾਂ ਅਤੇ ਚੋਣਾਂ ਦੌਰਾਨ ਵੱਖ- ਵੱਖ ਸਿਆਸੀ ਪਾਰਟੀਆਂ ਦੇ ਅਨੇਕਾਂ ਆਗੂਆਂ ਵੱਲੋਂ ਆਪਣੀਆਂ ਪਾਰਟੀਆਂ ਬਦਲੀਆਂ ਗਈਆਂ। ਕਈ ਸਿਆਸੀ ਆਗੂ ਤਾਂ ਆਪਣੀ ਪਾਰਟੀ ਵੱਲੋਂ ਟਿਕਟ ਨਾ ਮਿਲਣ ਕਾਰਨ ਦੂਜੀਆਂ ਪਾਰਟੀਆਂ ਵਿੱਚ ਸ਼ਾਮਲ ਹੋ ਗਏ। ਇਸ ਤੋਂ ਇਲਾਵਾ ਕਈ ਅਜਿਹੇ ਸਿਆਸੀ ਆਗੂ ਵੀ ਦਲ ਬਦਲੀ ਕਰ ਗਏ, ਜਿਨ੍ਹਾਂ ਨੂੰ ਉਹਨਾਂ ਦੀ ਪਾਰਟੀ ਵੱਲੋਂ ਚੋਣ ਟਿਕਟ ਦੇ ਕੇ ਬਾਕਾਇਦਾ ਉਮੀਦਵਾਰ ਵੀ ਬਣਾਇਆ ਗਿਆ ਸੀ ਪਰ ਉਹ ਆਗੂ ਫਿਰ ਵੀ ਵਿਰੋਧੀ ਪਾਰਟੀਆਂ ਵਿੱਚ ਸ਼ਾਮਲ ਹੋ ਕੇ ਉਸ ਪਾਰਟੀ ਦੇ ਵੀ ਉਮੀਦਵਾਰ ਬਣ ਗਏ। ਇਸ ਤਰ੍ਹਾਂ ਇਸ ਵਾਰ ਦੀਆਂ ਚੋਣਾਂ ਵਿੱਚ ਸਿਆਸੀ ਪਾਰਟੀਆਂ ਜ਼ਿਆਦਾਤਰ ਉਧਾਰੇ ਉਮੀਦਵਾਰਾਂ ਦੇ ਸਹਾਰੇ ਲੋਕ ਚੋਣਾਂ ਲੜ ਰਹੀਆਂ ਹਨ। ਹੁਣ ਉਧਾਰੇ ਉਮੀਦਵਾਰ ਜਾਂ ਪਾਰਟੀ ਬਦਲਣ ਵਾਲੇ ਉਮੀਦਵਾਰ ਜਿੱਤਣ ਤੋਂ ਬਾਅਦ ਕੀ ਕਰਨਗੇ ? ਇਹ ਸਵਾਲ ਵੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

ਅਕਸਰ ਵੇਖਣ ਵਿੱਚ ਆਇਆ ਹੈ ਕਿ ਚੋਣਾਂ ਜਿੱਤਣ ਤੋਂ ਬਾਅਦ ਸਿਆਸੀ ਪਾਰਟੀਆਂ ਅਤੇ ਸੰਸਦ ਮੈਂਬਰਾਂ ਨੂੰ ਚੋਣਾਂ ਦੌਰਾਨ ਵੋਟਰਾਂ ਨਾਲ ਕੀਤੇ ਵਾਅਦੇ ਭੁੱਲ ਜਾਂਦੇ ਹਨ। ਜਿਸ ਕਰਕੇ ਅਜਿਹੇ ਆਗੂਆਂ ਨੂੰ ਵੋਟਾਂ ਪਾ ਕੇ ਜਿਤਾਉਣ ਵਾਲੇ ਵੋਟਰ ਆਪਣੇ ਆਪ ਨੂੰ ਠੱਗਿਆ ਜਿਹਾ ਮਹਿਸੂਸ ਕਰਦੇ ਹਨ, ਇਸੇ ਕਾਰਨ ਹੁਣ ਵੋਟਰਾਂ ਵੱਲੋਂ ਚੁਣੇ ਹੋਏ ਨੁਮਾਇੰਦਿਆਂ ਨੂੰ ਵਾਪਸ ਬੁਲਾਉਣ ਦਾ ਹੱਕ ਵੋਟਰਾਂ ਨੂੰ ਦੇਣ ਦੀ ਮੰਗ ਉੱਠਣ ਲੱਗੀ ਹੈ। ਇਸ ਮੰਗ ਨੂੰ ਸੰਵਿਧਾਨ ਰਾਹੀਂ ਵੋਟਰਾਂ ਨੂੰ ਦਿੱਤਾ ਜਾ ਸਕਦਾ ਹੈ। ਇਹ ਤਾਂ ਸਭ ਨੂੰ ਪਤਾ ਹੈ ਕਿ ਭਾਰਤੀ ਸੰਵਿਧਾਨ ਵਿੱਚ ਲੋੜ ਮੁਤਾਬਿਕ ਸਮੇਂ ਦੀਆਂ ਸਰਕਾਰਾਂ ਵੱਲੋਂ ਕਈ ਵਾਰ ਸੋਧ ਕੀਤੀ ਜਾ ਚੁੱਕੀ ਹੈ। ਜੇ ਇਸ ਮੰਗ ਨੂੰ ਪੂਰਾ ਕਰਨ ਲਈ ਸੰਵਿਧਾਨ ਵਿੱਚ ਸੋਧ ਕਰਨ ਦੀ ਲੋੜ ਪੈਂਦੀ ਹੈ ਤਾਂ ਸਮੇਂ ਦੀ ਸਰਕਾਰ ਇਹ ਸੋਧ ਕਰ ਵੀ ਸਕਦੀ ਹੈ।

ਹਰ ਵਾਰ ਦੀਆਂ ਚੋਣਾਂ ਦੌਰਾਨ ਵੱਖ- ਵੱਖ ਸਿਆਸੀ ਪਾਰਟੀਆਂ ਵੱਲੋਂ ਆਪੋ ਆਪਣੇ ਚੋਣ ਮੈਨੀਫ਼ੈਸਟੋ ਵੀ ਜਾਰੀ ਕੀਤੇ ਜਾਂਦੇ ਹਨ, ਜਿਹਨਾਂ ਵਿੱਚ ਸਿਆਸੀ ਪਾਰਟੀਆਂ ਵੱਲੋਂ ਵੋਟਰਾਂ ਨਾਲ ਵੱਡੇ- ਵੱਡੇ ਵਾਅਦੇ ਕੀਤੇ ਜਾਂਦੇ ਹਨ ਪਰ ਚੋਣਾਂ ਜਿੱਤਣ ਤੋਂ ਬਾਅਦ ਸਿਆਸੀ ਪਾਰਟੀਆਂ ਅਕਸਰ ਚੋਣ ਮੈਨੀਫ਼ੈਸਟੋ ਵਿੱਚ ਕੀਤੇ ਗਏ ਵਾਅਦਿਆਂ ਨੂੰ ਭੁੱਲ ਜਾਂਦੀਆਂ ਹਨ ਜਾਂ ਜਾਣ ਬੁੱਝ ਕੇ ਲਾਗੂ ਨਹੀਂ ਕਰਦੀਆਂ। ਇਸ ਦਾ ਇੱਕ ਕਾਰਨ ਇਹ ਵੀ ਹੈ ਕਿ ਸਿਆਸੀ ਪਾਰਟੀਆਂ ਵੱਲੋਂ ਅਕਸਰ ਚੋਣ ਮੈਨੀਫ਼ੈਸਟੋ ਵਿੱਚ ਵੋਟਰਾਂ ਨਾਲ ਅਜਿਹੇ ਵਾਅਦੇ ਵੀ ਕਰ ਲਏ ਜਾਂਦੇ ਹਨ, ਜਿਹਨਾਂ ਨੂੰ ਪੂਰਾ ਕਰਨਾ ਕਿਸੇ ਵੀ ਤਰ੍ਹਾਂ ਸੰਭਵ ਨਹੀਂ ਹੁੰਦਾ। ਜਦੋਂ ਕੋਈ ਸਿਆਸੀ ਪਾਰਟੀ ਚੋਣਾਂ ਜਿੱਤਣ ਤੋਂ ਬਾਅਦ ਚੋਣ ਮੈਨੀਫ਼ੈਸਟੋ ਵਿੱਚ ਵੋਟਰਾਂ ਨਾਲ ਕੀਤੇ ਗਏ ਵਾਅਦਿਆਂ ਨੂੰ ਪੂਰਾ ਨਹੀਂ ਕਰਦੀ ਤਾਂ ਵੋਟਰ ਆਪਣੇ ਆਪ ਨੂੰ ਠਗਿਆ ਜਿਹਾ ਮਹਿਸੂਸ ਕਰਦੇ ਹਨ। ਇਸੇ ਕਾਰਨ ਹੁਣ ਵੋਟਰਾਂ ਵੱਲੋਂ ਇਹ ਮੰਗ ਚੁੱਕੀ ਜਾ ਰਹੀ ਹੈ ਕਿ ਜਿਹੜੀਆਂ ਸਿਆਸੀ ਪਾਰਟੀਆਂ ਜਾਂ ਉਮੀਦਵਾਰ ਚੋਣ ਜਿੱਤਣ ਤੋਂ ਬਾਅਦ ਚੋਣ ਮੈਨੀਫ਼ੈਸਟੋ ਵਿੱਚ ਵੋਟਰਾਂ ਨਾਲ ਕੀਤੇ ਗਏ ਵਾਅਦਿਆਂ ਨੂੰ ਪੂਰਾ ਨਹੀਂ ਕਰਦੇ, ਉਹਨਾਂ ਨੁਮਾਇੰਦਿਆਂ ਨੂੰ ਵਾਪਸ ਬੁਲਾਉਣ ਦਾ ਹੱਕ ਵੀ ਵੋਟਰਾਂ ਕੋਲ ਹੋਣਾ ਚਾਹੀਦਾ ਹੈ।

ਪੰਜਾਬ ਦੇ ਲੋਕ ਕ੍ਰਾਂਤੀਕਾਰੀ ਮੰਨੇ ਜਾਂਦੇ ਹਨ ਅਤੇ ਪਿਛਲੇ ਸਮੇਂ ਦੌਰਾਨ ਅਨੇਕਾਂ ਵਾਰ ਪੰਜਾਬ ਦੇ ਲੋਕਾਂ ਨੇ ਹੀ ਪੂਰੇ ਦੇਸ਼ ਦੀ ਅਗਵਾਈ ਕੀਤੀ ਹੈ। ਇਸ ਲਈ ਹੁਣ ਪੰਜਾਬ ਦੇ ਲੋਕਾਂ ਨੂੰ ਹੀ 'ਚੁਣੇ ਹੋਏ ਨੁਮਾਇੰਦੇ ਵਾਪਸ ਬੁਲਾਉਣ' ਦਾ ਹੱਕ ਲੈਣ ਲਈ ਵੀ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਕਿ ਵੋਟਰਾਂ ਨੂੰ ਸੰਵਿਧਾਨ ਰਾਹੀਂ ਇਹ ਹੱਕ ਮਿਲ ਸਕੇ। ਇਸ ਸਬੰਧੀ ਸਿਆਸੀ ਪਾਰਟੀਆਂ ਨੂੰ ਵੀ ਵੋਟਰਾਂ ਨੂੰ ਸਹਿਯੋਗ ਦੇਣਾ ਚਾਹੀਦਾ ਹੈ। ਹੁਣ ਇਹ ਤਾਂ ਆਉਣ ਵਾਲਾ ਸਮਾਂ ਦੱਸੇਗਾ ਕਿ ਭਾਰਤ ਵਿੱਚ ਬਣਨ ਵਾਲੀ ਨਵੀਂ ਸਰਕਾਰ ਵੋਟਰਾਂ ਨੂੰ ਚੁਣੇ ਹੋਏ ਨੁਮਾਇੰਦਿਆਂ ਨੂੰ ਵਾਪਸ ਬੁਲਾਉਣ ਦਾ ਹੱਕ ਦੇਣ ਲਈ ਕੁਝ ਕਰਦੀ ਵੀ ਹੈ ਜਾਂ ਨਹੀਂ।



# ਲੋਕ ਸਭਾ ਚੋਣਾਂ ’ਚ ਬੇਅਦਬੀ ਦਾ ਮੁੱਦਾ ਗਰਮਾਇਆ ਕਿਉਂ ਨਹੀਂ ?

## ਤਿੰਨ ਚੋਣਾਂ ’ਚ ਵਿਰੋਧ ਦਾ ਸਾਹਮਣਾ ਕਰਨ ਵਾਲੇ ਅਕਾਲੀ ਦਲ ਨੂੰ ਇਸ ਵਾਰ ਰਾਹਤ

## ਬੇਅਦਬੀ ਦੇ ਮਾਮਲੇ ਵਿੱਚ ‘ਆਪ’ ਦੀ ਸਰਕਾਰ ਆਪਣਿਆਂ ਦਾ ਨਿਸ਼ਾਨਾ ਬਣੀ

ਪਿਛਲੀਆਂ ਤਿੰਨ ਚੋਣਾਂ ਵਿੱਚ ਲੋਕਾਂ ਦੇ ਸਭ ਤੋਂ ਵੱਧ ਵਿਰੋਧ ਦਾ ਸਾਹਮਣਾ ਕਰ ਰਹੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਉਮੀਦਵਾਰਾਂ ਨੂੰ ਇਸ ਵਾਰ ਸਭ ਤੋਂ ਘੱਟ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਾਰਨ ਪਾਰਟੀ ਵਿਧਾਨ ਸਭਾ ਚੋਣਾਂ 2017, ਲੋਕ ਸਭਾ ਚੋਣਾਂ 2019 ਅਤੇ ਵਿਧਾਨ ਸਭਾ ਚੋਣਾਂ 2022 ਵਿੱਚ ਬੁਰੀ ਤਰ੍ਹਾਂ ਹਾਰ ਗਈ ਸੀ। ਸਥਿਤੀ ਇਹ ਬਣ ਗਈ ਕਿ 2007 ਅਤੇ 2012 ਵਿੱਚ ਲਗਾਤਾਰ ਦੋ ਵਾਰ ਸੱਤਾ ਵਿੱਚ ਰਹੀ ਪਾਰਟੀ ਅੱਜ ਸਿਰਫ਼ ਤਿੰਨ ਵਿਧਾਨ ਸਭਾ ਸੀਟਾਂ ਤੱਕ ਹੀ ਸੀਮਤ ਰਹਿ ਗਈ ਹੈ। ਬਾਦਲ ਅਕਾਲੀ ਦਲ ਦਾ ਵੋਟ ਬੈਂਕ ਵੀ 41 ਫੀਸਦੀ ਤੋਂ ਘਟ ਕੇ 18 ਰਹਿ ਗਿਆ ਹੈ। ਹਾਲਾਂਕਿ ਇਸ ਵਾਰ ਬੇਅਦਬੀ ਦਾ ਮਾਮਲਾ ਇੰਨਾ ਗਰਮ ਨਹੀਂ ਹੈ, ਜਿਸ ਕਾਰਨ ਵਿਰੋਧ ਘੱਟ ਹੈ। ਪਾਰਟੀ ਮੁਖੀ ਸੁਖਬੀਰ ਬਾਦਲ ਆਪਣਾ ਪੁਰਾਣਾ ਪੰਥਕ ਵੋਟ ਬੈਂਕ ਵਾਪਸ ਲਿਆਉਣਾ ਚਾਹੁੰਦੇ ਹਨ। ਇਸ ਦੇ ਲਈ ਉਹ ਪਿਛਲੇ ਦੋ ਮਹੀਨਿਆਂ ਤੋਂ ਪੰਜਾਬ ਬਚਾਓ ਯਾਤਰਾ ’ਤੇ ਸਨ ਜੋ ਬੀਤੇ ਹਫਤੇ ਸੰਪੂਰਨ ਕੀਤੀ ਹੈ। ਇਸ ਨਾਲ ਅੰਸ਼ਕ ਸਫ਼ਲਤਾ ਜ਼ਰੂਰ ਮਿਲੀ ਹੈ ਪਰ ਵੋਟ ਬੈਂਕ ਮੁੜ ਹਾਸਲ ਕਰਨ ਦੀ ਪਾਰਟੀ ਦੀ ਕੋਸ਼ਿਸ਼ ਅਜੇ ਪੂਰੀ ਹੁੰਦੀ ਨਜ਼ਰ ਆ ਰਹੀ ਹੈ।

ਸੁਖਦੇਵ ਸਿੰਘ ਢੀਂਡਸਾ, ਬੀਬੀ ਜਗੀਰ ਕੌਰ ਸਮੇਤ ਕਈ ਵੱਡੇ ਆਗੂਆਂ ਦੀ ਵਾਪਸੀ ਨਾਲ ਅਜਿਹਾ ਲੱਗ ਰਿਹਾ ਸੀ ਕਿ ਪਾਰਟੀ ਵਿੱਚ ਵਾਪਸੀ ਹੋਵੇਗੀ ਪਰ ਸੰਗਰੂਰ ਵਿੱਚ ਪਰਮਿੰਦਰ ਸਿੰਘ ਢੀਂਡਸਾ ਨੂੰ ਟਿਕਟ ਨਾ ਦੇਣ ਅਤੇ ਢੀਂਡਸਾ ਪਰਿਵਾਰ ਦੇ ਕਿਸੇ ਵੀ ਮੈਂਬਰ ਨੂੰ ਕੋਰ ਵਿੱਚ ਸ਼ਾਮਲ ਨਾ ਕਰਨ ਕਾਰਨ ਕਮੇਟੀ, ਉਸ ਦਾ ਗਰੁੱਪ ਹਾਲੇ ਚੋਣਾਂ ਵਿੱਚ ਸਰਗਰਮ ਨਹੀਂ ਹੈ। ਪਰਮਿੰਦਰ ਢੀਂਡਸਾ ਲਹਿਰਾਗਾਗਾ ਅਤੇ ਸੁਨਾਮ ਤੋਂ ਵਿਧਾਨ ਸਭਾ ਚੋਣ ਲੜਦੇ ਰਹੇ ਹਨ। ਉਹ ਪਿਛਲੇ ਕੁਝ ਦਿਨਾਂ ਤੋਂ ਇੱਥੇ ਸਰਗਰਮ ਸੀ। ਹੁਣ ਜਿਵੇਂ ਹੀ ਇਸ ਸੀਟ ’ਤੇ ਸਾਬਕਾ ਵਿਧਾਇਕ ਇਕਬਾਲ ਸਿੰਘ ਝੂੰਦਾਂ ਦਾ ਨਾਂ ਤੈਅ ਹੋਇਆ ਹੈ ਤਾਂ ਉਹ ਹੌਲੀ-ਹੌਲੀ ਨਿਰਾਸ਼ ਹੋ ਕੇ ਪਿੱਛੇ ਹਟ ਗਏ ਹਨ।





ਬਾਦਲ ਦਲ ਦਾ ਮੰਨਣਾ ਹੈ ਕਿ ਚਾਹੇ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮਾਮਲਾ ਹੋਵੇ ਜਾਂ ਨਸ਼ਾਖੋਰੀ ਦਾ ਮਾਮਲਾ, ਜਨਤਾ ਦਾ ਗੁੱਸਾ ਕਾਫੀ ਹੱਦ ਤੱਕ ਸ਼ਾਂਤ ਹੋਇਆ ਹੈ। ਇਸ ਨਾਲ ਪਾਰਟੀ ਕਾਡਰ ਦੀ ਵਾਪਸੀ ਸੰਭਵ ਹੋ ਸਕੇਗੀ। ਇਨ੍ਹਾਂ ਚੋਣਾਂ ਵਿੱਚ ਪਾਰਟੀ ਦਾ ਵੋਟ ਬੈਂਕ ਜ਼ਰੂਰ ਵਧੇਗਾ ਪਰ ਇਹ ਵਾਪਸੀ ਵੋਟਾਂ ਵਿੱਚ ਬਦਲੇਗੀ ਜਾਂ ਨਹੀਂ ਇਹ ਤਾਂ ਵੋਟਾਂ ਤੋਂ ਬਾਅਦ ਹੀ ਪਤਾ ਲੱਗੇਗਾ। ਪਾਰਟੀ ਦਾ ਹੁਣ ਤੱਕ ਜਿਸ ਤਰ੍ਹਾਂ ਪ੍ਰਚਾਰ ਚੱਲ ਰਿਹਾ ਹੈ, ਸੁਖਬੀਰ ਬਾਦਲ ਇਕੱਲੇ ਹੀ ਲੜਦੇ ਨਜ਼ਰ ਆ ਰਹੇ ਹਨ।

ਦੂਜੇ ਪਾਸੇ ਪੰਥਕ ਮਾਹਿਰਾਂ ਅਨੁਸਾਰ ਬੇਅਦਬੀ ਦੇ ਮੁੱਦੇ ਉੱਪਰ ਸਿਰਫ਼ ਅਕਾਲੀ ਦਲ ਨੂੰ ਹੀ ਨਹੀਂ ‘ਆਪ’ ਪਾਰਟੀ ਨੂੰ ਵੀ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਪੰਜਾਬ ਦੀ ਸੱਤਾ ਉੱਪਰ ਬਿਰਾਜਮਾਨ ਹੋਣ ਤੋਂ ਪਹਿਲਾਂ ‘ਆਪ’ ਪਾਰਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਈ ਬੇਅਦਬੀ ਦੇ ਦੋਸ਼ੀਆਂ ਨੂੰ 24 ਘੰਟੇ ਵਿੱਚ ਸਜ਼ਾਵਾਂ ਦਿੱਤੇ ਜਾਣ ਦਾ ਭਰੋਸਾ ਅੱਜ ਤੱਕ ਪੂਰਾ ਨਹੀਂ ਹੋਇਆ। ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਚੋਣਾਂ ਤੋਂ ਪਹਿਲਾਂ ਬੇਅਦਬੀ ਮਾਮਲੇ ਵਿੱਚ ਜਿਹੜੀਆਂ ਵੱਡੀਆਂ ਗੱਲਾਂ ਕੀਤੀਆਂ ਸਨ, ਉਹ ਧੋਖਾ ਹੀ ਸਾਬਿਤ ਹੋਈਆਂ। ਸਰਕਾਰ ਬਣਨ ਤੋਂ ਬਾਅਦ ਇਸ ਦੇ ਮੰਤਰੀਆਂ ਅਤੇ ਵਿਧਾਇਕਾਂ ਨੇ ਬਰਗਾੜੀ ਮੋਰਚੇ ਵਿੱਚ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿੱਚ ਸਹੁੰ ਖਾ ਕੇ ਇਸ ਮਾਮਲੇ ਦੇ ਜਲਦ ਹੱਲ ਕੀਤੇ ਜਾਣ ਦੇ ਸੰਗਤ ਨਾਲ ਵਾਅਦੇ ਵੀ ਕੀਤੇ, ਇਹ ਵਾਅਦੇ ਵੀ ਸਰਕਾਰ ਪੂਰੇ ਨਾ ਕਰ ਸਕੀ। ਬੇਅਦਬੀ ਮਾਮਲੇ ਦੀ ਉੱਚ ਪੱਧਰੀ ਜਾਂਚ ਵਿੱਚ ਜੁਟੇ ‘ਆਪ’ ਦੇ ਵਿਧਾਇਕ, ਜਿਹੜੇ ਕਿ ਉਸ ਸਮੇਂ ਪੁਲਿਸ ਦੇ ਵੱਡੇ ਅਹੁਦੇ ’ਤੇ ਸਨ, ਵੱਲੋਂ ਇਸ ਮਾਮਲੇ ਦੀ ਮੁਕੰਮਲ ਜਾਂਚ ਕਰਨ ਦੇ ਬਾਵਜੂਦ ਵੀ ਕੋਈ ਕਾਰਵਾਈ ਨਜ਼ਰ ਨਹੀਂ ਆਈ। ਇਸ ਪਾਰਟੀ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਬੇਅਦਬੀ ਮਾਮਲੇ ਨੂੰ ਪੂਰਾ ਪ੍ਰਚਾਰ ਕੇ ਆਪਣਾ ਸਿਆਸੀ ਫ਼ਾਇਦਾ ਲਿਆ ਸੀ। ਇਸ ਵਾਰ ਮੁੱਖ ਮੰਤਰੀ, ਮੰਤਰੀ ਅਤੇ ਵਿਧਾਇਕ ਮੌਨਧਾਰੀ ਬੈਠੇ ਹਨ ਪ੍ਰੰਤੂ ਪੰਜਾਬ ਦੇ ਲੋਕ ਜਿੱਥੇ ਵੀ ਇਨ੍ਹਾਂ ਦੇ ਉਮੀਦਵਾਰ ਜਾਂਦੇ ਹਨ ਉਨ੍ਹਾਂ ਨੂੰ ਬੇਅਦਬੀ ਮਾਮਲਿਆਂ ਸਬੰਧੀ ਸਵਾਲ ਜ਼ਰੂਰ ਕਰ ਰਹੇ ਹਨ। ਸ਼ਾਇਦ ਇਨ੍ਹਾਂ ਸਵਾਲਾਂ ਦਾ ਜਵਾਬ ਹੁਣ ਇਨ੍ਹਾਂ ਕੋਲ ਨਹੀਂ ਰਿਹਾ। ਆਮ ਆਦਮੀ ਪਾਰਟੀ ਇਸ ਮਾਮਲੇ ਵਿੱਚ ਪੂਰੀ ਤਰ੍ਹਾਂ ਪਾਸਾ ਵੱਟਦੀ ਨਜ਼ਰ ਆ ਰਹੀ ਹੈ। ਸਾਬਕਾ ਏ.ਡੀ.ਜੀ.ਪੀ. ਤੇ ‘ਆਪ’ ਦੇ ਵਿਧਾਇਕ ਕੁੰਵਰ ਵਿਜੈ ਪ੍ਰਤਾਪ ਵੀ ਬੇਅਦਬੀ ਮਾਮਲੇ ਵਿੱਚ ਆਪਣੀ ਪਾਰਟੀ ਦੇ ਰਵੱਈਏ ਤੋਂ ਸਖ਼ਤ ਖ਼ਫ਼ਾ ਨਜ਼ਰ ਆ ਰਹੇ ਹਨ। ਉਹ ਜਨਤਕ ਤੌਰ ’ਤੇ ਵੀ ਆਪਣੇ ਮੁੱਖ ਮੰਤਰੀ ਅਤੇ ਪਾਰਟੀ ਦੇ ਨੇਤਾਵਾਂ ਨੂੰ ਇਸ ਮਾਮਲੇ ਨੂੰ ਨਾ ਪੂਰਾ ਕਰਨ ਲਈ ਭੰਡ ਰਹੇ ਹਨ। ਉੱਥੇ ਬਹਿਬਲ ਗੋਲੀਕਾਂਡ ਵਿੱਚ ਮਾਰੇ ਗਏ ਕ੍ਰਿਸ਼ਨ ਭਗਵਾਨ ਸਿੰਘ ਦੇ ਸਪੁੱਤਰ ਸੁਖਰਾਜ ਸਿੰਘ ਨਿਆਮੀਵਾਲਾ ਵੀ ਕੇਜਰੀਵਾਲ ਅਤੇ ਭਗਵੰਤ ਮਾਨ ਨੂੰ ਸਵਾਲ ਕਰ ਰਹੇ ਹਨ। ਇਹੀ ਵਿਧਾਇਕ ਹੁਣ ਮੁੱਖ ਮੰਤਰੀ ਅਤੇ ਆਪਣੀ ਸਰਕਾਰ ਦੀ ਨੁਕਤਾਚੀਨੀ ਕਰਦੇ ਨਜ਼ਰ ਆਉਂਦੇ ਹਨ ਪ੍ਰੰਤੂ ਸਰਕਾਰ ਨੇ ਇਸ ਨੂੰ ਵੀ ਗੰਭੀਰਤਾ ਨਾਲ ਨਹੀਂ ਲਿਆ। ਸੰਨ 2015 ਵਿੱਚ ਵਾਪਰੇ ਬੇਅਦਬੀ ਮਾਮਲੇ ਅਤੇ ਉਸ ਤੋਂ ਬਾਅਦ ਕੋਟਕਪੂਰਾ ਤੇ ਬਹਿਬਲ ਕਲਾਂ ਵਿਖੇ ਹੋਏ ਗੋਲੀਕਾਂਡ ਦਾ ਮਾਮਲਾ ਅੱਜ ਵੀ ਅਦਾਲਤਾਂ ਵਿੱਚ ਚੱਲ ਰਿਹਾ ਹੈ। ਸਿੱਖ ਸੰਗਤ ਪਹਿਲਾਂ ਇਸ ਮਾਮਲੇ ਲਈ ਪੂਰੇ ਤੌਰ ’ਤੇ ਅਕਾਲੀ ਦਲ ਬਾਦਲ ਨੂੰ ਕਸੂਰਵਾਰ ਮੰਨਦੀ ਰਹੀ, ਜਿਸ ਦਾ ਖਾਮਿਆਜ਼ਾ ਪਾਰਟੀ ਨੂੰ ਚੋਣਾਂ ਵਿੱਚ ਭੁਗਤਣਾ ਪਿਆ ਸੀ। ਉਸ ਤੋਂ ਬਾਅਦ ਕਾਂਗਰਸ ਨੇ ਇਸ ਮਾਮਲੇ ਵਿੱਚ ਵੀ ਰਾਜਨੀਤੀ ਕਰਦਿਆਂ ਜਾਂਚ ਲਈ ਕਮਿਸ਼ਨ ਬਿਠਾਏ ਤੇ ਵਿਸ਼ੇਸ਼ ਜਾਂਚ ਟੀਮਾਂ ਬਣਾਈਆਂ ਪ੍ਰੰਤੂ ਉਹ ਸਰਕਾਰ ਵੀ ਆਪਣਾ ਪੰਜ ਸਾਲਾ ਕਾਰਜਕਾਲ ਪੂਰਾ ਕਰਕੇ ਇਸ ਮਾਮਲੇ ਵਿੱਚ ਸ਼ਾਮਿਲ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਦਿਵਾ ਸਕੀ। ਉਸੇ ਤਰ੍ਹਾਂ ਹੀ ਹੁਣ ਆਮ ਆਦਮੀ ਪਾਰਟੀ ਇਸ ਮਾਮਲੇ ਵਿੱਚ ਭੂਮਿਕਾ ਅਦਾ ਕਰ ਰਹੀ ਹੈ।

(ਬਾਕੀ ਸਫ਼ਾ 31 ’ਤੇ)

### ‘ਆਪ’ ਉਮੀਦਵਾਰ ਮੀਤ ਹੇਅਰ ਦਾ ਬਰਨਾਲਾ ਵਿੱਚ ਵਿਰੋਧ

**ਪਿੰਡ ਵਾਲਿਆਂ ਨੇ ਗੁਰੂ ਸਾਹਿਬ ਦੀ ਬੇਅਦਬੀ ਅਤੇ ਕਿਸਾਨੀ ਦੇ ਮੁੱਦੇ ਉਠਾਏ**

ਸੰਗਰੂਰ : ਲੋਕ ਸਭਾ ਹਲਕਾ ਸੰਗਰੂਰ ਤੋਂ ‘ਆਪ’ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ ਤੇ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦਾ ਬਰਨਾਲਾ ਦੇ ਪਿੰਡ ਹਮੀਦੀ ਵਿੱਚ ਲੋਕਾਂ ਵੱਲੋਂ ਜ਼ੋਰਦਾਰ ਵਿਰੋਧ ਕੀਤਾ ਗਿਆ। ਜਿਵੇਂ ਹੀ ਮੰਤਰੀ ਮੀਤ ਹੇਅਰ ਅਤੇ ਵਿਧਾਇਕ ਪੰਡੋਰੀ ਪਿੰਡ ਪਹੁੰਚੇ ਤਾਂ ਵੱਡੀ ਗਿਣਤੀ ਵਿੱਚ ਔਰਤਾਂ ਅਤੇ ਨੌਜਵਾਨ ਕਾਲੇ ਝੰਡੇ, ਪੱਗਾਂ ਅਤੇ ਕਾਲੀਆਂ ਪੱਟੀਆਂ ਬੰਨ੍ਹ ਕੇ ਉੱਥੇ ਪਹੁੰਚ ਗਏ।

ਲੋਕਾਂ ਦੇ ਰੋਸ ਨੂੰ ਦੇਖਦਿਆਂ ਪੁਲਿਸ ਪ੍ਰਸ਼ਾਸਨ ਨੇ ਗੁਰਮੀਤ ਸਿੰਘ ਮੀਤ ਹੇਅਰ ਅਤੇ ਕੁਲਵੰਤ ਸਿੰਘ ਪੰਡੋਰੀ ਦੇ ਕਾਫ਼ਲੇ ਨੂੰ ਕੁਝ ਸਮੇਂ ਲਈ ਘਟਨਾ ਵਾਲੀ ਥਾਂ ਤੋਂ ਦੂਰ ਰੱਖਿਆ ਪਰ ਨੌਜਵਾਨ ਮੰਤਰੀ ਸਵਾਲਾਂ ਦੇ ਜਵਾਬ ਦੇਣ ’ਤੇ ਅੜੇ ਰਹੇ। ਮੀਤ ਹੇਅਰ ਅਤੇ ਕੁਲਵੰਤ ਸਿੰਘ ਪੰਡੋਰੀ ਸਮਾਗਮ ਵਾਲੀ ਥਾਂ ’ਤੇ ਪੁੱਜੇ ਤਾਂ ਆਮ ਆਦਮੀ ਪਾਰਟੀ ਦੇ ਪੁਰਾਣੇ ਵਰਕਰ ਓਮਨਦੀਪ ਸਿੰਘ ਖਾਲਸਾ ਨੇ ਉਨ੍ਹਾਂ ਨੂੰ ਆਮ ਆਦਮੀ ਪਾਰਟੀ ਵੱਲੋਂ ਸਰਕਾਰ ਬਣਾਉਣ ਤੋਂ ਪਹਿਲਾਂ ਲੋਕਾਂ ਨਾਲ ਕੀਤੇ ਵਾਅਦੇ ਯਾਦ ਕਰਵਾਏ।

ਉਨ੍ਹਾਂ ਕਿਹਾ ਕਿ ਸਰਕਾਰ ਬਣਾਉਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਲੋਕਾਂ ਨਾਲ ਕਈ ਵਾਅਦੇ ਕੀਤੇ ਸਨ, ਜਿਨ੍ਹਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਇਨਸਾਫ਼, ਚਾਰ ਹਫ਼ਤਿਆਂ ਵਿੱਚ ਨਸ਼ਾ ਬੰਦ ਕਰਨਾ, ਕਾਲੇ ਧਨ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਜੇਲ੍ਹ ਭੇਜਣਾ ਸ਼ਾਮਲ ਹੈ, ਪਰ ਸਰਕਾਰ ਬਣਦਿਆਂ ਹੀ ਸਾਰੇ ਚੋਣ ਵਾਅਦੇ ਭੁੱਲ ਗਏ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਅੱਜ ਵੀ ਚਿੱਟਾ ਨਸ਼ਾ ਵਿਕ ਰਿਹਾ ਹੈ।

ਮੀਤ ਹੇਅਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ‘ਆਪ’ ਸਰਕਾਰ ਨੇ ਸਿਰਫ਼ ਦੋ ਸਾਲਾਂ ਵਿੱਚ ਬਹੁਤ ਕੁਝ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਅਜੇ ਤਿੰਨ ਸਾਲ ਬਾਕੀ ਹਨ, ਜਨਤਾ ਨਾਲ ਕੀਤੇ ਵਾਅਦੇ ਇੱਕ-ਇੱਕ ਕਰਕੇ ਪੂਰੇ ਕੀਤੇ ਜਾਣਗੇ। ਇਸ ਤੋਂ ਬਾਅਦ ਜਦੋਂ ਮੀਤ ਹੇਅਰ ਅਤੇ ਵਿਧਾਇਕ ਪੰਡੋਰੀ ਦਾ ਕਾਫ਼ਲਾ ਅਗਲੇ ਪਿੰਡ ਲਈ ਰਵਾਨਾ ਹੋਣ ਲੱਗਾ ਤਾਂ ਲੋਕਾਂ ਨੇ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।

# ਖੇਤੀ ਆਧਾਰਿਤ ਸਨਅਤੀ ਮਾਡਲ ਵਿਕਸਿਤ ਕਰਨ ਦੀ ਲੋੜ

**ਪ੍ਰੋ. ਰਣਜੀਤ ਸਿੰਘ**

ਖੇਤੀ ਪ੍ਰਧਾਨ ਅਤੇ ਸਰਹੱਦੀ ਸੂਬਾ ਹੋਣ ਕਰਕੇ ਕਾਰਨ ਅਤੇ ਗੁਆਂਢੀ ਮੁਲਕ ਪਾਕਿਸਤਾਨ ਨਾਲ ਬਣਦੇ ਵਿਗੜਦੇ ਸੰਬੰਧਾਂ ਦੇ ਸੰਦਰਭ ਵਿੱਚ ਰਾਜ ਲਈ ਉਦਯੋਗਿਕ ਨੀਤੀ ਬਣਾਉਣਾ ਤੇ ਲਾਗੂ ਕਰਨਾ ਇੱਕ ਵੱਡੀ ਚੁਣੌਤੀ ਹੈ। ਹਿਮਾਚਲ ਤੇ ਉੱਤਰਾਖੰਡ ਆਦਿ ਨੇੜੇ ਦੇ ਪਹਾੜੀ ਰਾਜਾਂ ਨੂੰ ਸਨਅਤੀ ਵਿਕਾਸ ਲਈ ਮਿਲੀਆਂ ਕੇਂਦਰੀ ਰਿਆਇਤਾਂ ਕਾਰਨ ਵੀ ਰਾਜ ਵਿੱਚ ਸਨਅਤੀ ਵਿਕਾਸ ਲਈ ਇਧਰ-ਉਧਰ ਕਿਸੇ ਹੋਰ ਸੂਬੇ ਦੇ ਉਦਯੋਗ ਦੀ ਸਫਲਤਾ ਜਾਂ ਅਸਫਲਤਾ ਨੂੰ ਆਧਾਰ ਬਣਾ ਕੇ ਇਥੇ ਕਿਸੇ ਪ੍ਰਕਾਰ ਦੇ ਤਜਰਬੇ ਦੀ ਕੋਈ ਗੁੰਜਾਇਸ਼ ਨਹੀਂ ਹੈ। ਇਸ ਨੂੰ ਖੇਤੀ ਆਧਾਰਿਤ ਹੀ ਆਪਣਾ ਸਨਅਤੀ ਮਾਡਲ ਵਿਕਸਿਤ ਕਰਨ ਦੀ ਲੋੜ ਹੈ।

ਪੰਜਾਬ ’ਚ ਜੋਤਾਂ ਦੇ ਸੁੰਗੜਦੇ ਆਕਾਰ, ਰੁਜ਼ਗਾਰ ਦੇ ਸਰੋਤਾਂ ਦਾ ਲੋੜੀਂਦੀ ਦਰ ਨਾਲ ਵਿਕਸਿਤ ਨਾ ਹੋ ਸਕਣਾ ਅਤੇ ਨੌਜਵਾਨ ਸ਼੍ਰੇਣੀ ਦਾ ਪੜ੍ਹਾਈ ਬਹਾਨੇ ਪ੍ਰਵਾਸ, ਸੂਬੇ ਸਾਹਮਣੇ ਇਹ ਤਿੰਨ ਉਹ ਚੁਣੌਤੀਆਂ ਹਨ, ਜਿਨ੍ਹਾਂ ਨਾਲ ਫੌਰੀ ਤੌਰ ’ਤੇ ਨਜਿੱਠਿਆ ਜਾਣਾ ਬਣਦਾ ਹੈ। ਲਗਭਗ ਛੇ ਕੁ ਮਹੀਨੇ ਪਹਿਲਾਂ ਆਮ ਆਦਮੀ ਪਾਰਟੀ (ਆਪ) ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ‘ਸਰਕਾਰ ਸਨਅਤਕਾਰ ਮਿਲਣੀ’ ਪ੍ਰੋਗਰਾਮ ਤਹਿਤ ਉਦਯੋਗਪਤੀਆਂ ਦੇ ਇੱਕ ਵਫਦ ਨੂੰ ਮਿਲਣ ਤੋਂ ਬਾਅਦ ਉਮੀਦ ਜਤਾਈ ਸੀ ਕਿ ਸੂਬੇ ਵਿੱਚ ਡੇਢ ਤੋਂ ਦੋ ਲੱਖ ਕਰੋੜ ਰੁਪਏ ਦਾ ਨਿਵੇਸ਼ ਹੋ ਸਕਦਾ ਹੈ ਅਤੇ ਪੰਜਾਹ ਹਜ਼ਾਰ ਕਰੋੜ ਰੁਪਏ ਦੇ ਨਿਵੇਸ਼ ਸੰਬੰਧੀ ਤਾਂ ‘ਪੇਪਰ ਦਿਖਾਉਂਦਿਆਂ’ ਸਮਝੌਤਿਆਂ ਅਤੇ ਜ਼ਮੀਨਾਂ ਦੀ ਖਰੀਦ ਤੱਕ ਹੋ ਜਾਣ ਦਾ ਦਾਅਵਾ ਕੀਤਾ ਗਿਆ ਸੀ। ਜੋ ਸਭ ਤੋਂ ਮਹੱਤਵਪੂਰਨ ਗੱਲ ਉਨ੍ਹਾਂ ਕਹੀ, ਉਹ ਇਹ ਸੀ ਕਿ ਸਨਅਤਕਾਰ ਸੂਬੇ ਵਿੱਚ ਮਾਹੌਲ ਤੋਂ ਪੂਰੀ ਤਰ੍ਹਾਂ ਸਤੁੰਸ਼ਟ ਹਨ।

ਪਰੰਤੂ ਹਾਲ ਹੀ ਵਿੱਚ ਉਪਰੋ-ਥਲੀ ਵਾਪਰੀਆਂ ਘਟਨਾਵਾਂ ਨੇ ਸਭ ਦਾ ਧਿਆਨ ਖਿੱਚਿਆ ਹੈ। ਪੰਜਾਬ ਦੇ ਪੰਜ ਦਰਜਨ ਦੇ ਕਰੀਬ ਵੱਡੇ ਉਦਯੋਗਿਕ ਘਰਾਣੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੂੰ ਮਿਲੇ ਅਤੇ ਉੱਤਰ ਪ੍ਰਦੇਸ਼ ਵਿੱਚ ਵੱਡਾ ਨਿਵੇਸ਼ ਕਰਨ ’ਚ ਦਿਲਚਸਪੀ ਦਾ ਪ੍ਰਗਟਾਵਾ ਕੀਤਾ।

ਇਸ ਪਹਿਲੂ ਦਾ ਹੈਰਾਨੀਜਨਕ ਪੱਖ ਕਹੋ ਜਾਂ ਚਿੰਤਾਜਨਕ, ਇਨ੍ਹਾਂ ਕਾਰੋਬਾਰੀਆਂ ਨੇ ਉੱਤਰ ਪ੍ਰਦੇਸ਼ ’ਚ ਨਿਵੇਸ਼ ਕਰਨ ਦੀ ਮਜਬੂਰੀ ਪਿੱਛੇ ਪੰਜਾਬ ’ਚ ਅਮਨ ਕਾਨੂੰਨ ਪੱਖੋਂ ਵਿਗੜ ਰਹੇ ਹਾਲਾਤ ਨੂੰ ਜ਼ਿੰਮੇਵਾਰ ਦੱਸਿਆ। ਸੂਬੇ ’ਚ ਪਿਛਲੇ ਲੰਮੇ ਸਮੇਂ ਤੋਂ ਕੰਮ ਕਰਦੇ ਕਾਰੋਬਾਰੀ ਘਰਾਣੇ ਪੰਜ ਲੱਖ ਕਰੋੜ ਰੁਪਏ ਉੱਤਰ ਪ੍ਰਦੇਸ਼ ਵਿੱਚ ਇਸ ਕਰਕੇ ਨਿਵੇਸ਼ ਕਰ ਰਹੇ ਹਨ, ਕਿਉਂਕਿ ਸਨਅਤਕਾਰ ਵਰਗ ਨੂੰ ਸੂਬੇ ਦਾ ਸੁਰੱਖਿਆ ਦੇ ਪੱਖ ਤੋਂ ਮਾਹੌਲ ਇਸ ਵਕਤ ਉਦਯੋਗਾਂ ਲਈ ਸੁਖਾਵਾਂ ਨਹੀਂ ਲਗਦਾ।

ਲੁਧਿਆਣੇ ਦੇ ਇੱਕ ਹੌਜ਼ਰੀ ਸਨਅਤਕਾਰ ਨੂੰ ਦਿਨ-ਦਿਹਾੜੇ ਉਸੇ ਦੀ ਗੱਡੀ ’ਚ ਅਗਵਾ ਕਰ ਲੈਣ ਉਪਰੰਤ ਘੰਟਿਆਂਬੱਧੀ ਉਸ ਨੂੰ ਨਾ ਕੇਵਲ ਸ਼ਹਿਰ ’ਚ ਘੁੰਮਾਇਆ ਗਿਆ ਬਲਕਿ ਉਸੇ ਦੇ ਹੀ ਫ਼ੋਨ ਤੋਂ ਉਸ ਦੀ ਪਤਨੀ ਤੋਂ ਫਿਰੌਤੀ ਦੀ ਮੰਗ ਕੀਤੀ ਗਈ ਅਤੇ ਅਸਫਲ ਰਹਿਣ ਉਪਰੰਤ ਉਸ ਨੂੰ ਗੋਲੀ ਮਾਰ ਕੇ ਗੱਡੀ ’ਚੋਂ ਸੁੱਟ ਜਾਣ ਉਪਰੰਤ ਜਿਵੇਂ ਅਗਵਾਕਾਰ ਬਗੈਰ ਕਿਸੇ ਡਰ-ਭੈਅ ਤੋਂ ਫਰਾਰ ਹੋਣ ’ਚ ਸਫਲ ਹੋਏ ਹਨ, ਉਸ ਨਾਲ ਸੂਬੇ ਦੇ ਵਪਾਰੀ ਅਤੇ ਕਾਰੋਬਾਰੀ ਵਰਗ ’ਚ ਚਿੰਤਾ ਪਾਈ ਜਾਣੀ ਸੁਭਾਵਿਕ ਹੈ। ਦੂਜੇ ਪਾਸੇ ਯੋਗੀ ਆਦਿੱਤਿਆਨਾਥ ਦੀ ਸਮਾਜ ਵਿਰੋਧੀ ਤੱਤਾਂ ਪ੍ਰਤੀ ਦਿਖਾਈ ਗਈ ਸਖ਼ਤੀ ਤੋਂ ਸਮਾਜ ਦਾ ਕਾਰੋਬਾਰੀ ਤਬਕਾ ਪ੍ਰਭਾਵਿਤ ਹੋਇਆ ਹੈ।

ਪਾਠਕ ਵਰਗ ਦਾ ਧਿਆਨ ਤਜਰਬੇ ਦੀ ਜ਼ਰੂਰੀ ਲੋੜ ’ਤੇ ਇਸ ਕਰਕੇ ਕੇਂਦਰਿਤ ਕਰਨਾ ਚਾਹੁੰਦੇ ਹਾਂ, ਕਿਉਂਕਿ ਮੁੱਦਾ ਬੇਹੱਦ ਸੰਵੇਦਨਸ਼ੀਲ ਹੈ। ਨਵੇਂ ਉਦਯੋਗ ਨੂੰ ਪ੍ਰਫੁਲਿਤ ਕਰਨਾ ਹੈ ਇਸ ਲਈ ਨਵਿਆਂ ਨੂੰ ਸਬਸਿਡੀ ਅਤੇ ਹੋਰ ਟੈਕਸ ’ਚ ਸਹੂਲਤਾਂ ਦੇਣੀਆਂ ਬਣਦੀਆਂ ਹਨ, ਪਰੰਤੂ ਪਹਿਲਾਂ ਤੋਂ ਚੱਲ ਰਹੇ ਉਦਯੋਗ ਦੇ ਹਿਤਾਂ ਦਾ ਵੀ ਧਿਆਨ ਰੱਖਣਾ ਹੈ। ਪੁਰਾਣੇ ਦੀ ਕੀਮਤ ’ਤੇ ਨਵਾਂ ਨਹੀਂ ਉਸਾਰਿਆ ਜਾਣਾ ਚਾਹੀਦਾ। ਇਸ ਦੇ ਨਾਲ ਹੀ ਗੁਆਂਢੀ ਅਤੇ ਪਹਾੜੀ ਸੂਬਿਆਂ ’ਚ ਉਦਯੋਗਿਕ ਖੇਤਰ ਨੂੰ ਕੇਂਦਰ ਅਤੇ ਸੂਬਾ ਸਰਕਾਰ ਵੱਲੋਂ ਮਿਲਣ ਵਾਲੀਆਂ ਸਹੂਲਤਾਂ ਨੂੰ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ।

ਗੁਆਂਢੀ ਸੂਬਿਆਂ ਵੱਲੋਂ ਮੁਹੱਈਆ ਕਰਵਾਈਆਂ ਜਾਣ ਵਾਲੀਆਂ ਰਿਆਇਤਾਂ ਦੀ ਤਰਜ਼ ’ਤੇ ਹੀ ਪੰਜਾਬ ਸਰਕਾਰ ਵੱਲੋਂ ਨਵੇਂ ਉਦਯੋਗਾਂ ਲਈ ਨੀਤੀ ਬਣਾਈ ਗਈ ਸੀ, ਜਿਸ ਦੇ ਤਹਿਤ ਨਵੇਂ ਉਦਯੋਗ ਨੂੰ ਸਰਕਾਰ ਵੱਲੋਂ ਨਿਵੇਸ਼ ਕੀਤੀ ਧਨ ਰਾਸ਼ੀ ਦਾ 200 ਫ਼ੀਸਦੀ ਰਿਫੰਡ ਕਰਨ ਦਾ ਵਾਅਦਾ ਕੀਤਾ ਗਿਆ ਸੀ, ਸਸਤੀ ਦਰ ’ਤੇ ਬਿਜਲੀ ਅਤੇ ਜ਼ਮੀਨ ਖਰੀਦਣ ਲਈ ਅਸ਼ਟਾਮ ਖਰਚਾ ਸੌ ਪ੍ਰਤੀਸ਼ਤ ਮੁਆਫ ਕੀਤਾ ਗਿਆ।

ਪੁਰਾਣੇ ਸਨਅਤਕਾਰਾਂ ਦੇ ਵਫਦ ਨੇ ਨਿਵੇਸ਼ ਸੰਮੇਲਨ ’ਚ ਸਰਕਾਰ ਕੋਲ ਬਾਕਾਇਦਾ ਚਿੰਤਾ ਜ਼ਾਹਿਰ ਕੀਤੀ ਸੀ ਕਿ ਨਵੀਂ ਉਦਯੋਗਿਕ ਨੀਤੀ ਸੂਬੇ ’ਚ ਪਹਿਲਾਂ ਚੱਲ ਰਹੇ ਉਦਯੋਗ ਨੂੰ ਵੱਡੀ ਸੱਟ ਮਾਰੇਗੀ। ਕਾਰਨ ਸਸਤੀ ਬਿਜਲੀ, ਜੀ.ਐਸ.ਟੀ. ’ਚ 8 ਸਾਲ ਦੀ ਛੋਟ ਵਾਲੇ ਉਦਯੋਗ ਦੀ ਪੈਦਾਵਾਰ ਦੀਆਂ ਕੀਮਤਾਂ ਦਾ ਮੁਕਾਬਲਾ ਪੁਰਾਣਾ ਉਦਯੋਗਿਕ ਖੇਤਰ ਕਿਵੇਂ ਕਰ ਸਕੇਗਾ ? ਇੱਥੋਂ ਤਕ ਕੁਝ ਨਿਵੇਸ਼ਕਾਂ ਨੇ ਕਿਹਾ ਕਿ ਜੇਕਰ ਨਵੀਂ ਉਦਯੋਗਿਕ ਨੀਤੀ ਨੂੰ ਮੁੜ ਨਾ ਵਿਚਾਰਿਆ ਗਿਆ ਤਾਂ ਪੰਜਾਬ ਦੇ ਉਦਯੋਗਪਤੀਆਂ ਨੂੰ ਸੂਬੇ ਤੋਂ ਬਾਹਰ ਕਾਰੋਬਾਰ ਕਰਨ ਲਈ ਮਜਬੂਰ ਹੋਣਾ ਪੈ ਸਕਦਾ ਹੈ। ਯੋਗੀ ਆਦਿੱਤਿਆਨਾਥ ਨੂੰ ਮਿਲਣ ਵਾਲੇ ਵਫਦ ਨੇ ਇਹੀ ਗੱਲ ਦੁਹਰਾਈ ਹੈ ਕਿ ਸਾਨੂੰ ਉੱਤਰ-ਪ੍ਰਦੇਸ਼ ਦੇ ਮੁੱਖ ਮੰਤਰੀ ਦੀ ਪੇਸ਼ਕਸ਼ ਮਜਬੂਰੀ ਵਿੱਚ ਸਵੀਕਾਰ ਕਰਨੀ ਪਈ ਹੈ।

ਇਸੇ ਲਈ ਅਸੀਂ ਲਿਖਿਆ ਸੀ ਕਿ ਕਾਰਜ ਖੇਤਰ ਕੋਈ ਵੀ ਹੋਵੇ, ਤਜਰਬੇ ਦੇ ਮਹੱਤਵ ਨੂੰ ਅਣਗੌਲਿਆਂ ਕਰਕੇ ਨਹੀਂ ਦੇਖਿਆ ਜਾ ਸਕਦਾ। ਅਜਿਹੇ ਮੁਸ਼ਕਿਲ ਹਾਲਾਤ ਦਾ ਸਾਹਮਣਾ ਕਰਨ ਲਈ ਪ੍ਰੋੜ੍ਹ ਅਤੇ ਦੂਰ-ਅੰਦੇਸ਼ੀ

(ਬਾਕੀ ਸਫ਼ਾ 30 ’ਤੇ)

# ਕਿਹੋ ਜਿਹਾ ਹੋਵੇ ਪੰਜਾਬੀਆਂ ਦੇ ਸੁਪਨਿਆਂ ਦਾ ਪੰਜਾਬ?



## ਵੱਖ- ਵੱਖ ਸੂਬਿਆਂ ਤੇ ਵਿਦੇਸ਼ਾਂ 'ਚ ਰਹਿੰਦੇ ਪੰਜਾਬੀਆਂ ਦੇ ਦਿਲਾਂ 'ਚ ਵਸਦਾ ਹੈ ਪੰਜਾਬ

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਮੁੱਦਈ ਪੰਜਾਬ ਦੇ ਵੱਡੀ ਗਿਣਤੀ ਵਸਨੀਕ ਪੰਜਾਬ ਦੀ ਭਲਾਈ ਚਾਹੁੰਦੇ ਹਨ। ਭਾਵੇਂ ਕਿ ਬਹੁਤ ਸਾਰੇ ਪੰਜਾਬੀ ਪਰਵਾਸ ਕਰਕੇ ਵਿਦੇਸ਼ਾਂ 'ਚ ਚਲੇ ਗਏ ਹਨ ਅਤੇ ਵੱਡੀ ਗਿਣਤੀ ਪੰਜਾਬੀ ਭਾਰਤ ਦੇ ਹੋਰਨਾਂ ਸੂਬਿਆਂ ਵਿੱਚ ਵੀ ਰਹਿੰਦੇ ਹਨ ਪਰ ਪੰਜਾਬ ਵਿੱਚ ਵੀ ਪੰਜਾਬੀ ਬਹੁਤ ਵੱਡੀ ਗਿਣਤੀ ਵਿੱਚ ਹਨ। ਜੇ ਪਰਵਾਸੀ ਪੰਜਾਬੀਆਂ ਦੇ ਦਿਲਾਂ ਵਿੱਚ ਪੰਜਾਬ ਜਿਉਂਦਾ ਹੈ ਤਾਂ ਪੰਜਾਬ ਵਿੱਚ ਰਹਿੰਦੇ ਪੰਜਾਬੀਆਂ ਦੇ ਦਿਲਾਂ ਵਿੱਚ ਵੀ ਪੰਜਾਬ ਹੀ ਹੈ। ਪੰਜਾਬ ਵਿੱਚ ਅਜਿਹੇ ਨੌਜਵਾਨ ਵੀ ਹਨ, ਜੋ ਕਿ ਵਿਦੇਸ਼ ਜਾਣ ਦੀ ਥਾਂ ਪੰਜਾਬ ਵਿੱਚ ਰਹਿ ਕੇ ਪੰਜਾਬ ਦੀ ਭਲਾਈ ਲਈ ਕੰਮ ਕਰ ਰਹੇ ਹਨ ਅਤੇ ਆਪਣਾ ਰੁਜ਼ਗਾਰ ਚਲਾ ਰਹੇ ਹਨ, ਇਹਨਾਂ ਪੰਜਾਬੀ ਨੌਜਵਾਨਾਂ ਦਾ ਪੰਜਾਬ ਨਾਲ ਮੋਹ ਏਨਾ ਹੈ



ਕਿ ਇਹ ਪੰਜਾਬ ਨੂੰ ਛੱਡ ਕੇ ਜਾਣ ਬਾਰੇ ਸੋਚਦੇ ਵੀ ਨਹੀਂ, ਇਹ ਵੱਖਰੀ ਗੱਲ ਹੈ ਕਿ ਘੁੰਮਣ ਫਿਰਨ ਲਈ ਇਹ ਪੰਜਾਬੀ ਨੌਜਵਾਨ ਪੰਜਾਬ ਤੋਂ ਬਾਹਰ ਵੀ ਜਾ ਚੁੱਕੇ ਹਨ ਪਰ ਮੁੜ ਕੇ ਫਿਰ ਪੰਜਾਬ ਆ ਜਾਂਦੇ ਹਨ। ਅਜਿਹੇ ਨੌਜਵਾਨ ਕਰਕੇ ਹੀ ਪੰਜਾਬ ਅੱਜ ਵੀ ਹੱਸਦਾ ਤੇ ਵੱਸਦਾ ਹੈ।

ਇਹ ਠੀਕ ਹੈ ਕਿ ਸਮੇਂ ਅਨੁਸਾਰ ਪੰਜਾਬੀਆਂ ਦੀ ਜੀਵਨ ਸ਼ੈਲੀ ਵਿੱਚ ਅੰਤਰ ਆ ਗਿਆ ਹੈ। ਹੁਣ ਬੋੜੇ ਦਰਵਾਜ਼ਿਆਂ ਵਾਲੇ ਘਰਾਂ ਦੀ ਥਾਂ ਆਲੀਸ਼ਾਨ ਕੋਠੀਆਂ ਅਤੇ ਵੱਡੇ ਮਕਾਨ ਬਣ ਗਏ ਹਨ। ਇਸ ਤੋਂ ਇਲਾਵਾ ਖੇਤਾਂ ਵਿੱਚ ਵੀ ਬਹੁਮੰਜ਼ਿਲੀ ਇਮਾਰਤਾਂ ਉੱਸਰ ਚੁੱਕੀਆਂ ਹਨ। ਪੰਜਾਬ ਦੇ ਵੱਖ- ਵੱਖ ਸ਼ਹਿਰਾਂ ਦਾ ਘੇਰਾ ਵਧਦਾ ਜਾ ਰਿਹਾ ਹੈ ਅਤੇ ਸ਼ਹਿਰਾਂ ਨੇੜਲੇ ਅਨੇਕਾਂ ਪਿੰਡ ਸ਼ਹਿਰ ਦੀਆਂ ਕਾਲੋਨੀਆਂ ਬਣ ਗਏ ਹਨ। ਇਸ ਤਰ੍ਹਾਂ ਹੋ ਰਿਹਾ ਸ਼ਹਿਰੀਕਰਨ ਪਿੰਡਾਂ ਦੀ ਅਨਮੋਲ ਵਿਰਾਸਤ ਨੂੰ ਖਾ ਰਿਹਾ ਹੈ। ਪੰਜਾਬੀਆਂ ਦੇ ਰਹਿਣ ਸਹਿਣ ਵਿੱਚ ਕਾਫ਼ੀ ਅੰਤਰ ਆ ਗਿਆ ਹੈ। ਦੁੱਧ ਲੱਸੀ ਪੀਣ ਵਾਲੇ ਪੰਜਾਬੀ ਹੁਣ ਬਰਗਰ, ਕੁਲਚੇ ਖਾਣ ਲੱਗ ਪਏ ਹਨ। ਪੰਜਾਬ ਵਿੱਚ ਦੁਧਾਰੂ ਪਸ਼ੂਆਂ ਦੀ ਗਿਣਤੀ ਅਤੇ ਦੁੱਧ ਦੀ ਪੈਦਾਵਾਰ ਘੱਟ ਰਹੀ ਹੈ ਪਰ ਦੁੱਧ ਦੀ ਖਪਤ ਲਗਾਤਾਰ ਵਧ ਰਹੀ ਹੈ।



ਇਹ ਠੀਕ ਹੈ ਕਿ ਪੰਜਾਬੀਆਂ ਨੇ ਹਰੀ ਕ੍ਰਾਂਤੀ ਲਿਆ ਕੇ ਭਾਰਤ ਦੇ ਅੰਨ ਭੰਡਾਰ ਨੂੰ ਭਰ ਦਿੱਤਾ ਪਰ ਪੰਜਾਬੀਆਂ ਦੇ ਭੋਲ਼ੇਪਣ ਕਰਕੇ ਅਨੇਕਾਂ ਰਸਾਇਣਿਕ ਖਾਦਾਂ ਅਤੇ ਕੀੜੇਮਾਰ ਦਵਾਈਆਂ ਵੀ ਖੇਤੀਬਾੜੀ ਦਾ ਹਿੱਸਾ ਬਣ ਗਈਆਂ। ਕਿਹਾ ਜਾਂਦਾ ਹੈ ਕਿ ਹਰ ਕਿਸਮ ਦੀ ਫ਼ਸਲ 'ਤੇ ਹੀ ਕਿਸਾਨਾਂ ਵੱਲੋਂ ਕੀੜੇਮਾਰ ਦਵਾਈਆਂ ਛਿੜਕੀਆਂ ਜਾਂਦੀਆਂ ਹਨ। ਇਹਨਾਂ ਦਵਾਈਆਂ ਦੇ ਅਸਰ ਵਾਲੀਆਂ ਸਬਜ਼ੀਆਂ, ਫਲ ਅਤੇ ਕਣਕ ਜਦੋਂ ਆਮ ਲੋਕ ਖਾਂਦੇ ਹਨ ਤਾਂ ਇਹਨਾਂ ਦਾ ਅਸਰ ਮਨੁੱਖੀ ਸਰੀਰ 'ਤੇ ਵੀ ਹੁੰਦਾ ਹੈ। ਸਿਹਤ ਮਾਹਿਰ ਕਹਿੰਦੇ ਹਨ ਕਿ ਕੀੜੇਮਾਰ ਦਵਾਈਆਂ ਦੇ ਅਸਰ ਵਾਲੀਆਂ ਸਬਜ਼ੀਆਂ ਅਤੇ ਫਲ ਖਾਣ ਨਾਲ ਕਈ ਬਿਮਾਰੀਆਂ ਹੋ ਸਕਦੀਆਂ ਹਨ।

ਇਹ ਉਹ ਪੰਜਾਬ ਹੈ, ਜਿਥੇ ਤੇਜ਼ ਗਰਮੀ ਦੇ ਦੌਰਾਨ ਪੰਜਾਬੀਆਂ ਵੱਲੋਂ ਠੰਡੇ ਅਤੇ ਮਿੱਠੇ ਪਾਣੀ ਦੀਆਂ ਛਬੀਲਾਂ ਲਗਾਈਆਂ ਜਾਂਦੀਆਂ ਹਨ ਅਤੇ ਰਾਹਗੀਰਾਂ ਨੂੰ ਬੇਨਤੀਆਂ ਕਰਕੇ ਠੰਡਾ ਅਤੇ ਮਿੱਠਾ ਪਾਣੀ ਪਿਲਾਇਆ ਜਾਂਦਾ ਹੈ। ਇਸੇ ਤਰਾਂ ਵੱਖ- ਵੱਖ ਧਾਰਮਿਕ ਦਿਹਾੜਿਆਂ 'ਤੇ ਪੰਜਾਬ ਵਿੱਚ ਵੱਖ- ਵੱਖ ਥਾਂਵਾਂ 'ਤੇ ਲੰਗਰ ਵੀ ਲਗਾਏ ਜਾਂਦੇ ਹਨ। ਪੰਜਾਬੀਆਂ ਨੇ ਤਾਂ ਹੁਣ ਧਾਰਮਿਕ ਦਿਹਾੜਿਆਂ 'ਤੇ ਵਿਦੇਸ਼ਾਂ ਵਿੱਚ ਵੀ ਲੰਗਰ ਲਗਾਉਣੇ ਸ਼ੁਰੂ ਕਰ ਦਿੱਤੇ ਹਨ। ਜਿਹੜੇ ਪੰਜਾਬੀਆਂ ਨੇ ਪੰਜਾਬ ਤੋਂ ਬਾਹਰ ਭਾਰਤ ਦੇ ਹੋਰਨਾਂ ਸੂਬਿਆਂ ਵਿੱਚ ਸਫ਼ਰ ਕੀਤਾ ਹੈ, ਉਹਨਾਂ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਭਾਰਤ ਦੇ ਇਹਨਾਂ ਸੂਬਿਆਂ ਵਿੱਚ ਪਾਣੀ ਕਿੰਨੇ ਪੈਸਿਆਂ ਦਾ ਮਿਲਦਾ ਹੈ।

ਪੰਜਾਬੀ ਚਾਹੇ ਵਿਦੇਸ਼ਾਂ ਵਿੱਚ ਵਸਦੇ ਹੋਣ, ਜਾਂ ਭਾਰਤ ਦੇ ਵੱਖ- ਵੱਖ ਸੂਬਿਆਂ ਵਿੱਚ ਵਸਦੇ ਹੋਣ ਜਾਂ ਪੰਜਾਬ ਵਿੱਚ ਹੀ ਰਹਿੰਦੇ ਹੋਣ, ਉਹ ਹਮੇਸ਼ਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਭਲਾਈ ਚਾਹੁੰਦੇ ਹਨ ਅਤੇ ਚਾਹੁੰਦੇ ਹਨ ਕਿ ਪੰਜਾਬ ਦਿਨ ਰਾਤ ਪੂਰੀ ਤਰੱਕੀ ਕਰੇ। ਪੰਜਾਬੀ ਕਦੇ ਕਿਸੇ ਦਾ ਮਾੜਾ ਨਹੀਂ ਕਰਦੇ, ਸਗੋਂ ਉਹ ਤਾਂ ਰੱਬ ਕੋਲੋਂ ਸਭ ਦਾ ਭਲਾ ਮੰਗਦੇ ਹਨ। ਲੋੜ ਤਾਂ ਇਸ ਗੱਲ ਦੀ ਹੈ ਕਿ ਸਾਰੇ ਪੰਜਾਬੀਆਂ ਨੂੰ ਏਕੇ ਦੇ ਸੂਤਰ ਵਿੱਚ ਪਰੋਇਆ ਜਾਵੇ ਅਤੇ ਪੰਜਾਬੀਆਂ ਨੂੰ ਦਰਪੇਸ਼ ਮਸਲੇ ਤੇ ਸਮੱਸਿਆਵਾਂ ਖੁਦ ਪੰਜਾਬੀ ਹੀ ਅੱਗੇ ਹੋ ਕੇ ਹੱਲ ਕਰਨ ਦਾ ਉਪਰਾਲਾ ਕਰਨ। ਪੰਜਾਬ ਜੁਗਾਂ-ਜੁਗਾਂਤਰਾਂ ਤੋਂ ਵਸਦਾ ਤੇ ਹੱਸਦਾ ਆਇਆ ਹੈ ਅਤੇ ਆਉਣ ਵਾਲੀਆਂ ਸਦੀਆਂ ਦੌਰਾਨ ਵੀ ਹੱਸਦਾ ਤੇ ਵਸਦਾ ਰਹੇਗਾ।





# ਸੁਖੀ ਵਸੇ ਮੇਰੇ ਬਾਬਲ ਦਾ ਖੇੜਾ...

**ਜੋਗਿੰਦਰ ਕੌਰ ਅਗਨੀਹੋਤਰੀ**

ਕੋਈ ਵੀ ਮਨੁੱਖ ਸੋਲਾਂ ਕਲਾ ਸੰਪੂਰਨ ਨਹੀਂ ਹੁੰਦਾ। ਇਸ ਲਈ ਵਰ ਘਰ ਵੀ ਪੂਰਨ ਰੂਪ ਵਿੱਚ ਨਹੀਂ ਮਿਲਦਾ। ਉਸ ਵਿੱਚ ਵੀ ਕੋਈ ਨਾ ਕੋਈ ਕਮੀ ਰਹਿ ਹੀ ਜਾਂਦੀ ਹੈ ਕਿਉਂਕਿ ਹਰ ਪਿਤਾ ਆਪਣੀ ਧੀ ਲਈ ਵੱਧ ਤੋਂ ਵੱਧ ਸੁੱਖ ਸਹੂਲਤਾਂ ਅਤੇ ਚੰਗੇ ਵਰ ਦੀ ਆਸ ਕਰਦਾ ਹੈ ਪਰ ਫਿਰ ਵੀ ਕੁਝ ਕਮੀ ਦੇਖ ਕੇ ਉਸ ਨੂੰ ਰਿਸ਼ਤਾ ਕਰਨਾ ਹੀ ਪੈਂਦਾ ਹੈ। ਕਈ ਵਾਰ ਲੜਕਾ ਸੁਨੱਖਾ ਹੁੰਦਾ ਹੈ ਪਰ ਉਸ ਵਿੱਚ ਔਗਣ ਹੁੰਦੇ ਹਨ। ਜੇਕਰ ਘਰ ਅਮੀਰ ਹੋਵੇ ਪਰ ਹੋਵੇ ਵੱਟੇ ਵਾਲਾ ਤਾਂ ਉੱਥੇ ਵੀ ਰਿਸ਼ਤਾ ਨਹੀਂ ਕੀਤਾ ਜਾਂਦਾ। ਇਸ ਲਈ ਛੋਟੀ ਮੋਟੀ ਕਮੀ ਨੂੰ ਬਰਦਾਸ਼ਤ ਕਰਨਾ ਪੈਂਦਾ ਹੈ ਕਿਉਂਕਿ ਇਹੋ ਜਿਹੀਆਂ ਕਮੀਆਂ ਹਰ ਵਿਅਕਤੀ ਦੇ ਘਰ ਵਿੱਚ ਹੁੰਦੀਆਂ ਹਨ। ਸਭ ਸਹੂਲਤਾਂ ਹੋਣ ਦੇ ਬਾਵਜੂਦ ਜੇਕਰ ਵਰ ਥੋੜ੍ਹਾ ਜਿਹਾ ਕਰੂਪ ਵੀ ਹੋਵੇ ਤਾਂ ਵੀ ਪਿਤਾ ਆਪਣੀ ਧੀ ਦੇ ਸੁੱਖ ਲਈ ਆਪਣੀ ਸਹਿਮਤੀ ਦੇ ਦਿੰਦਾ ਹੈ। ਅਜਿਹੀ ਸਥਿਤੀ ਵਿੱਚ ਲੜਕੀ ਆਪਣੇ ਪਿਤਾ ਦੇ ਫ਼ੈਸਲੇ ਨੂੰ ਸਿੱਧੇ ਢੰਗ ਨਾਲ ਨਕਾਰਨ ਦੀ ਬਜਾਏ ਆਪਣੇ ਮਨ ਦੇ ਭਾਵਾਂ ਨੂੰ ਇੰਜ ਬਿਆਨ ਕਰਦੀ ਹੈ:

ਮੁੰਡਾ ਰੋਹੀ ਦੀ ਕਿੱਕਰ ਤੋਂ ਕਾਲਾ<br>
ਬਾਪੂ ਦੇ ਪਸੰਦ ਆ ਗਿਆ।

ਚਾਲਾਕ ਕੁੜੀਆਂ ਅਜਿਹੇ ਮੌਕੇ ਸਹੇਲੀਆਂ ਵੱਲੋਂ ਇਹ ਆਖੇ ਜਾਣ 'ਤੇ ਕਿ ਘਰਵਾਲਾ ਕਾਲੇ ਰੰਗ ਦਾ ਹੈ ਤਾਂ ਉਹ ਬੜੀ ਚਾਲਾਕੀ ਨਾਲ ਜਵਾਬ ਦਿੰਦੀਆਂ ਹਨ:

ਨਿੰਦੀਏ ਨਾ ਮਾਲਕ ਨੂੰ<br>
ਭਾਵੇਂ ਹੋਵੇ ਕੰਬਲੀ ਤੋਂ ਕਾਲਾ।

ਆਪਣੀਆਂ ਪਰਾਏ ਤੇ ਪਰਾਈਆਂ ਆਪਣੇ ਦੀ ਰਵਾਇਤ ਅਨੁਸਾਰ ਜਦੋਂ ਲੜਕੀ ਆਪਣੇ ਸਹੁਰੇ ਘਰ ਲਈ ਵਿਦਾ ਹੁੰਦੀ ਹੈ ਤਾਂ ਉਸ ਸਮੇਂ ਉਸ ਦੇ ਮਾਤਾ-ਪਿਤਾ ਲਈ ਇਹ ਜੁਦਾਈ ਦਾ ਸਮਾਂ ਬਹੁਤ ਸੰਵੇਦਨਸ਼ੀਲ ਹੁੰਦਾ ਹੈ। ਉਸ ਮੌਕੇ ਪਿਤਾ ਅਤੇ ਧੀ ਦੇ ਅੰਦਰ ਪੈਦਾ ਹੋ ਰਹੇ ਭਾਵਾਂ ਦਾ ਪ੍ਰਗਟਾਅ ਅਜਿਹੇ ਸ਼ਬਦਾਂ ਰਾਹੀਂ ਕੀਤਾ ਜਾਂਦਾ ਹੈ:

ਸਾਡੇ ਬਾਗਾਂ ਦੀ ਕੋਇਲ ਕਹਾਂ ਚੱਲੀ ਐਂ ?<br>
ਧਰਮੀ ਬਾਬਲ ਦੇ ਬੋਲ ਪੁਗਾ ਚੱਲੀ ਐਂ।

ਸਮਾਜਿਕ ਤਾਣੇ ਬਾਣੇ ਵਿੱਚ ਅਨੇਕਾਂ ਰਿਸ਼ਤੇ ਸਮਾਏ ਹੋਏ ਹਨ। ਜਿਨ੍ਹਾਂ ਵਿੱਚ ਸਭ ਤੋਂ ਮਹੱਤਵਪੂਰਨ ਰਿਸ਼ਤਾ ਮਾਂ ਤੇ ਪਿਓ ਦਾ ਹੈ। ਇਸ ਲਈ ਮਾਪੇ ਸ਼ਬਦ ਵੀ ਵਰਤਿਆ ਜਾਂਦਾ ਹੈ। ਬੇਸ਼ੱਕ ਭੈਣ-ਭਰਾ ਦਾ ਰਿਸ਼ਤਾ ਵੀ ਬਹੁਤ ਵੱਡਾ ਹੈ ਪਰ ਫਿਰ ਵੀ ਮਾਂ ਅਤੇ ਪਿਓ ਦਾ ਰਿਸ਼ਤਾ ਸਭ ਤੋਂ ਪਹਿਲੇ ਨੰਬਰ 'ਤੇ ਗਿਣਿਆ ਜਾਂਦਾ ਹੈ। ਧੀ ਦਾ ਰਿਸ਼ਤਾ ਸਭ ਤੋਂ ਪਹਿਲਾਂ ਪਿਓ ਨਾਲ ਹੀ ਜੁੜਦਾ ਹੈ। ਧੀ ਹੋਵੇ ਜਾਂ ਪੁੱਤ ਦੋਵੇਂ ਹੀ ਆਪਣੇ ਮਾਤਾ-ਪਿਤਾ ਨਾਲ ਦਿਲ ਦੀ ਗੱਲ ਕਰਨ ਵਿੱਚ ਆਪਣੀ ਸੰਤੁਸ਼ਟੀ ਸਮਝਦੇ ਹਨ। ਮਾਤਾ-ਪਿਤਾ ਉਨ੍ਹਾਂ ਦੀ ਹਰ ਸਮੱਸਿਆ ਨੂੰ ਸੁਣਦੇ ਹਨ ਅਤੇ ਉਸ ਦਾ ਹੱਲ ਕੱਢਦੇ ਹਨ। ਬੱਚਿਆਂ ਦੇ ਗ਼ਲਤੀ ਕਰਨ 'ਤੇ ਮਾਤਾ-ਪਿਤਾ ਉਨ੍ਹਾਂ ਨੂੰ ਝਿੜਕਦੇ ਵੀ ਹਨ ਅਤੇ ਉਨ੍ਹਾਂ ਨੂੰ ਚੰਗੇ ਜੀਵਨ ਮਾਰਗ ਵੱਲ ਚੱਲਣ ਦੀ ਪ੍ਰੇਰਨਾ ਦਿੰਦੇ ਹਨ।

ਧੀਆਂ ਨੂੰ ਸਭ ਅਧਿਕਾਰ ਦੇਣ ਦੇ ਬਾਵਜੂਦ ਸਮਾਜ ਵਿੱਚ ਬੇਗਾਨਾ ਧਨ ਸਮਝਿਆ ਜਾਂਦਾ ਹੈ ਪ੍ਰੰਤੂ ਇਹ ਧਨ ਬੇਗਾਨਾ ਨਹੀਂ ਹੈ। ਪਿਓ ਤੇ ਧੀ ਦਾ ਅਟੁੱਟ ਰਿਸ਼ਤਾ ਹੈ। ਪਿਤਾ ਅਤੇ ਧੀ ਦਾ ਰਿਸ਼ਤਾ ਗੂੜ੍ਹਾ ਹੋਣ ਕਰਕੇ ਉਹ ਇੱਕ ਦੂਜੇ ਨੂੰ ਆਪਣੇ ਦਿਲ ਦੀ ਗੱਲ ਕਹਿ ਸਕਦੇ ਹਨ ਅਤੇ ਆਪਣੀ ਗੱਲ ਮੰਨਵਾ ਸਕਦੇ ਹਨ ਕਿਉਂਕਿ ਇਸ ਵਿੱਚ ਕਹਿਣ ਦੀ ਲੋੜ ਨਹੀਂ ਹੁੰਦੀ ਬਲਕਿ ਉਹ ਇੱਕ ਦੂਜੇ ਦੀਆਂ ਭਾਵਨਾਵਾਂ ਨੂੰ ਹੀ ਸਮਝਦੇ ਹਨ। ਧੀਆਂ ਆਪਣੇ ਬਾਪ ਜਾਂ ਪਿਤਾ ਨੂੰ ਹਮੇਸ਼ਾ ਰਾਜਾ ਹੀ ਸਮਝਦੀਆਂ ਹਨ, ਜਿਨ੍ਹਾਂ ਦਾ ਜ਼ਿਕਰ ਲੋਕ ਗੀਤਾਂ ਵਿੱਚ ਇਸ ਤਰ੍ਹਾਂ ਆਉਂਦਾ ਹੈ:

ਸੁਖੀ ਵਸੇ ਮੇਰੇ ਬਾਬਲ ਦਾ ਖੇੜਾ<br>
ਸਾਡੀ ਤਾਂ ਇਹੋ ਦੁਆ।

ਬਚਪਨ ਤੋਂ ਜਵਾਨੀ ਵੱਲ ਜਾਂਦਿਆਂ ਹੀ ਜਿੱਥੇ ਧੀਆਂ ਦੇ ਬਹੁਤ ਸਾਰੇ ਸੁੱਖ ਹਨ, ਉੱਥੇ ਉਨ੍ਹਾਂ ਪ੍ਰਤੀ ਜ਼ਿੰਮੇਵਾਰੀਆਂ ਵੀ ਨਿਭਾਉਣੀਆਂ ਪੈਂਦੀਆਂ ਹਨ। ਲੜਕੀ ਵੱਡੀ ਹੋ ਕੇ ਸਾਰੇ ਕੰਮ ਸੰਭਾਲ ਲੈਂਦੀ ਹੈ ਅਤੇ ਪਰਿਵਾਰ ਦੇ ਬਾਕੀ ਜੀਆਂ ਨੂੰ ਕਿਸੇ ਕੰਮ ਦੀ ਕੋਈ ਚਿੰਤਾ ਨਹੀਂ ਹੁੰਦੀ ਪਰ ਸਹੁਰੇ ਘਰ ਜਾਣ ਤੋਂ ਬਾਅਦ ਮਾਂ ਨੂੰ ਉਸ ਦੀ ਅਤੇ ਉਸ ਦੇ ਕੰਮਾਂ ਦੀ ਯਾਦ ਆਉਂਦੀਹੈ। ਲੋਕ ਗੀਤਾਂ ਵਿੱਚ ਇਸ ਦਾ ਜ਼ਿਕਰ ਇੰਜ ਕੀਤਾ ਜਾਂਦਾ ਹੈ:

ਧੀਆਂ ਦੀ ਮਾਂ ਰਾਣੀ<br>
ਬੁਢਾਪੇ ਭਰਦੀ ਪਾਣੀ।

ਲੜਕੀ ਦੇ ਅੰਦਰ ਇਹ ਧਾਰਨਾ ਬਣ ਜਾਂਦੀ ਹੈ ਕਿ ਉਸ ਦਾ ਪਿਤਾ ਹੀ ਉਸ ਦੀ ਹਰ ਇੱਛਾ ਪੂਰੀ ਕਰ ਸਕਦਾ ਹੈ। ਪਿਤਾ ਵੱਲੋਂ ਆਪਣੀ ਧੀ ਲਈ ਵਰ ਘਰ ਲੱਭਣ ਵੇਲੇ ਕੁਝ ਗੱਲਾਂ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ। ਪਰਿਵਾਰ ਪੜ੍ਹਿਆ ਲਿਖਿਆ ਹੋਵੇ, ਜ਼ਮੀਨ ਜਾਇਦਾਦ ਵਾਲਾ ਹੋਵੇ। ਵਰ ਸੋਹਣਾ ਸੁਨੱਖਾ ਹੋਵੇ ਤਾਂ ਕਿ ਉਸ ਦੀ ਚਰਚਾ ਲੋਕਾਂ ਵਿੱਚ ਹੋਵੇ ਕਿ ਬਹੁਤ ਵਧੀਆ ਵਰ ਘਰ ਲੱਭਿਆ ਹੈ। ਇਹ ਵੀ ਦੇਖਿਆ ਜਾਂਦਾ ਹੈ ਕਿ ਲੜਕੀ ਦਾ ਸਹੁਰਾ ਘਰ ਅਮੀਰ ਹੋਵੇ ਤਾਂ ਕਿ ਉਸ ਨੂੰ ਘਰ ਵਿੱਚ ਕੋਈ ਆਰਥਿਕ ਦਿੱਕਤ ਨਾ ਆਵੇ। ਪੱਕਾ ਘਰ ਹੋਣਾ ਧਨਵਾਨ ਵਿਅਕਤੀਆਂ ਦੀ ਨਿਸ਼ਾਨੀ ਸਮਝਿਆ ਜਾਂਦਾ ਹੈ। ਪਹਿਲਾ ਕੱਚੇ ਘਰਾਂ ਨੂੰ ਮਿੱਟੀ ਲਾਉਣਾ ਵੀ ਔਖਾ ਕੰਮ ਸਮਝਿਆ ਜਾਂਦਾ ਸੀ ਕਿਉਂਕਿ ਕਾਲੀ ਮਿੱਟੀ ਨੂੰ ਤਿਆਰ ਕਰਨ ਵਿੱਚ ਕਾਫ਼ੀ ਸਮਾਂ ਲੱਗਦਾ ਹੈ। ਇਸ ਨੂੰ ਕੌੜ ਮਿੱਟੀ ਵੀ ਕਿਹਾ ਜਾਂਦਾ ਹੈ। ਘਰ ਲਿੱਪਣ ਲਈ ਮਿੱਟੀ ਨੂੰ ਤਿਆਰ ਕਰਨ ਵੇਲੇ ਸਰੋਂ ਦੀਆਂ ਖਾਲੀ ਫ਼ਲੀਆਂ ਨੂੰ ਜਿਨ੍ਹਾਂ ਨੂੰ ਪਲੌਂ ਵੀ ਕਿਹਾ ਜਾਂਦਾ ਹੈ, ਮਿੱਟੀ ਵਿੱਚ ਰਲਾ ਕੇ ਭਿਉਂਤਾ ਜਾਂਦਾ ਹੈ ਅਤੇ ਕਈ ਦਿਨ ਤੱਕ ਗਲਾਇਆ ਜਾਂਦਾ ਸੀ ਤਾਂ ਕਿ ਮਿੱਟੀ ਮੁਲਾਇਮ ਹੋ ਸਕੇ। ਇਸ ਮਿੱਟੀ ਨੂੰ ਹਰ ਤੀਸਰੇ ਦਿਨ ਬਾਢ ਦਿੱਤੀ ਜਾਂਦੀ ਸੀ ਭਾਵ ਕਹੀ ਨਾਲ ਫਿਰ ਤੋਂ ਰਲਾਇਆ ਜਾਂਦਾ। ਮਿੱਟੀ ਤਿਆਰ ਹੋਣ ਤੋਂ ਬਾਅਦ ਹੀ ਇਸ ਨਾਲ ਕੋਠਿਆਂ ਦੀ ਲਿਪਾਈ ਕੀਤੀ ਜਾਂਦੀ ਸੀ। ਇਸ ਕੰਮ ਨੂੰ ਕਰਨ ਵਾਸਤੇ ਮਜ਼ਦੂਰ ਔਰਤਾਂ ਅਤੇ ਆਦਮੀਆਂ ਦੀ ਲੋੜ ਹੁੰਦੀ ਅਤੇ ਇਹ ਕੰਮ ਉਨ੍ਹਾਂ ਤੋਂ ਕਰਵਾਇਆ ਜਾਂਦਾ ਸੀ। ਕੋਠੇ ਲਿੱਪਣ ਲਈ ਆਦਮੀਆਂ ਨੂੰ ਲੱਕੜ ਦੀ ਪੌੜੀ ਉੱਤੇ ਚੜ੍ਹ ਕੇ ਉੱਤੇ ਮਿੱਟੀ ਸੁੱਟਣੀ ਪੈਂਦੀ ਸੀ। ਕਈ ਵਾਰ ਇਸ ਕੰਮ ਨੂੰ ਘਰ ਦੀਆਂ ਔਰਤਾਂ ਵੀ ਕਰਦੀਆਂ ਸਨ। ਇਸ ਕਰਕੇ ਹੀ ਪਿਤਾ ਵੱਲੋਂ ਵਰ-ਘਰ ਦੇਖਣ ਵੇਲੇ ਧੀ ਇਹ ਵੀ ਕਹਿੰਦੀ ਹੈ:

ਉਹ ਘਰ ਟੋਲੀਂ ਬਾਬਲਾ<br>
ਜਿੱਥੇ ਲਿੱਪਣੇ ਨਾ ਪੈਣ ਬਨੇਰੇ।

ਗੱਲ ਇੱਥੇ ਹੀ ਖ਼ਤਮ ਨਹੀਂ ਹੁੰਦੀ ਕਿਉਂਕਿ ਪਿਤਾ ਅਤੇ ਧੀ ਦਾ ਸਬੰਧ ਇੰਨਾ ਗੂੜ੍ਹਾ ਹੈ ਕਿ ਇਸ ਵਿੱਚ ਆਪਸੀ ਖੁੱਲ੍ਹ ਹੁੰਦੀ ਹੈ। ਲੜਕੀ ਨੂੰ ਆਪਣੇ ਪਿਤਾ ਤੋਂ ਕੁਝ ਵੀ ਮੰਗਣ ਦੀ ਲੋੜ ਨਹੀਂ, ਉਹ ਆਪਣੀ ਧੀ ਦਾ ਇਸ਼ਾਰਾ ਹੀ ਸਮਝ ਜਾਂਦਾ ਹੈ। ਉਹ ਆਪਣੀ ਧੀ ਦੀ ਹਰ ਇੱਛਾ ਪੂਰੀ ਕਰਨ ਲਈ ਤਿਆਰ ਰਹਿੰਦਾ ਹੈ। ਧੀ ਵੀ ਆਪਣੇ ਬਾਪੂ ਜੀ ਦੀ ਸਰਦਾਰੀ ਦਾ ਵਰਣਨ ਕੀਤੇ ਬਗੈਰ ਨਹੀਂ ਰਹਿ ਸਕਦੀ। ਉਹ ਕਹਿੰਦੀ ਹੈ:

ਕੰਢੀ ਪਾ ਕੇ ਤੋਰੀ ਬਾਬਲਾ<br>
ਕੋਈ ਆਖੇ ਨਾ ਨੰਗਾਂ ਦੀ ਧੀ ਜਾਵੇ।

ਹਰ ਮੁਟਿਆਰ ਨੂੰ ਗਹਿਣੇ ਪਾਉਣ ਦਾ ਸ਼ੌਂਕ ਹੁੰਦਾ ਹੈ। ਗਹਿਣੇ ਨੱਕ, ਕੰਨ, ਗਲ ਅਤੇ ਹੱਥ ਦੀਆਂ ਉਂਗਲਾਂ ਤੋਂ ਇਲਾਵਾ ਪੈਰਾਂ ਦੀਆਂ ਉਂਗਲਾਂ ਵਿੱਚ ਵੀ ਪਾਏ ਜਾਂਦੇ ਹਨ। ਕੁਝ ਗਹਿਣੇ ਅਜਿਹੇ ਵੀ ਹੁੰਦੇ ਹਨ, ਜਿਨ੍ਹਾਂ ਦੀ ਗਿਣਤੀ ਵੱਡੇ ਗਹਿਣਿਆਂ ਵਿੱਚ ਕੀਤੀ ਜਾਂਦੀ ਹੈ, ਜਿਵੇਂ ਹੱਸਬੰਦ, ਬਾਜੂਬੰਦ, ਸੱਗੀ ਫੁੱਲ, ਝਾਂਜਰਾਂ, ਕੰਠੀ। ਕੰਠੀ ਨੂੰ ਕੰਢੀ ਵੀ ਕਿਹਾ ਜਾਂਦਾ ਹੈ। ਇਹ ਵੱਡੇ ਗਹਿਣੇ ਆਮ ਤੌਰ 'ਤੇ ਅਮੀਰ ਘਰ ਹੀ ਪਾਉਂਦੇਸਨ। ਲੜਕੀ ਆਪਣੇ ਪਿਓ ਦੀ ਅਮੀਰੀ ਨੂੰ ਸਹੁਰੇ ਅਤੇ ਪੇਕੇ ਪਿੰਡ ਵਿੱਚ ਦਿਖਾਉਣਾ ਚਾਹੁੰਦੀ ਹੈ।

ਧੀ ਲਈ ਚੰਗਾ ਵਰ ਘਰ ਲੱਭਣਾ ਪਿਤਾ ਦੀ ਹੀ ਜ਼ਿੰਮੇਵਾਰੀ ਹੁੰਦੀ ਹੈ। ਉਹੀ ਵਰ ਅਤੇ ਘਰ ਪਸੰਦ ਕਰਦਾ ਹੈ। ਵਰ ਤੋਂ ਭਾਵ ਲੜਕੇ ਦੇ ਗੁਣ ਅਤੇ ਉਸ ਦੀ ਸੁੰਦਰਤਾ। ਘਰ ਤੋਂ ਭਾਵ ਖ਼ਾਨਦਾਨ। ਵਰ ਦੀ ਕੁਲ ਦਾ ਸੁੱਚਾ ਹੋਣਾ ਵੀ ਜ਼ਰੂਰੀ ਮੰਨਿਆ ਜਾਂਦਾ ਹੈ। ਹਾਥੀ ਦੀ ਪੈੜ ਵਿੱਚ ਹੀ ਸਾਰੀਆਂ ਪੈੜਾਂ ਆ ਜਾਂਦੀਆਂ ਹਨ ਸੋ ਚੰਗੇ ਖਾਨਦਾਨ ਤੋਂ ਭਾਵ ਹੈ ਕਿ ਉਹ ਪੈਸੇ ਵਾਲਾ ਵੀ ਹੋਵੇ ਅਤੇ ਇੱਜ਼ਤ ਵਾਲਾ ਵੀ ਹੋਵੇ। ਕਿਸੇ ਕਿਸਮ ਦਾ ਅਪਰਾਧੀ ਨਾ ਹੋਵੇ। ਸਮਾਜਿਕ ਮਾਪਦੰਡਾਂ ਵਿੱਚ ਵੱਟੇ ਵਾਲੇ ਰਿਸ਼ਤੇ ਕਰਨ ਵਾਲਿਆਂ ਅਤੇ ਕੁੜੀਆਂ ਨੂੰ ਪੈਸੇ ਲੈ ਕੇ ਵਿਆਹੁਣ ਵਾਲਿਆਂ ਨੂੰ ਦਾਗ਼ੀ ਸਮਝਿਆ ਜਾਂਦਾ ਹੈ ਅਤੇ ਕਈ ਵਾਰ ਅਜਿਹੇ ਖਾਨਦਾਨਾਂ ਦਾ ਭਾਂਡਾ ਵੀ ਛੇਕਿਆ ਜਾਂਦਾ ਸੀ। ਇਸ ਲਈ ਅਜਿਹੇ ਘਰਾਂ ਵਿੱਚ ਲੜਕੀਆਂ ਦਾ ਰਿਸ਼ਤਾ ਕਰਨ ਤੋਂ ਲੋਕ ਗੁਰੇਜ਼ ਕਰਦੇ ਸਨ ਤਾਂ ਕਿ ਉਨ੍ਹਾਂ ਦੀ ਲੜਕੀ ਜਾਂ ਉਸ ਦੇ ਪਰਿਵਾਰ ਨੂੰ ਕੋਈ ਅਜਿਹਾ ਤਾਅਨਾ ਜਾਂ ਮਿਹਣਾ ਨਾ ਸੁਣਨਾ ਪਵੇ। ਲੜਾਈ ਝਗੜੇ ਵੇਲੇ ਅਜਿਹੇ ਮਿਹਣੇ ਘਰਾਂ ਵਿੱਚ ਆਮ ਦਿੱਤੇ ਜਾਂਦੇ ਸਨ। ਲੋਕ ਗੀਤਾਂ ਵਿੱਚ ਇਸ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਗਿਆ ਹੈ:

ਸੌਂਕਣੇ ਲੜ ਲੈ ਨੀਂ<br>
ਆਜਾ ਸੌਂਕਣੇ ਲੜ ਲੈ ਨੀਂ<br>
ਨੀਂ ਮੈਂ ਪੁੰਨ ਦੀ ਵਿਆਹੀ<br>
ਤੇਰੇ ਮਾਪਿਆਂ ਨੇ ਉੱਖਲੀ ਭਰਾਈ<br>
ਸੌਂਕਣੇ ਲੜ ਲੈ ਨੀਂ।

ਇਸ ਦਾ ਮਤਲਬ ਹੈ ਕਿ ਪੈਸੇ ਲੈਣ ਵਾਲੇ ਲੋਕ ਝੋਲੀ ਵੀ ਭਰਾਉਂਦੇ ਸਨ ਅਤੇ ਕਈ ਵਾਰ ਉੱਖਲੀ ਵੀ ਭਰਾ ਲੈਂਦੇ ਸਨ। ਉਸ ਸਮੇਂ ਚਾਂਦੀ ਦੇ ਰੁਪਈਆਂ ਦੀ ਉੱਖਲੀ ਜਾਂ ਝੋਲੀ ਭਰਾਈ ਜਾਂਦੀ ਸੀ। ਉੱਖਲੀ ਭਰਨ ਤੋਂ ਬਾਅਦ ਹੀ ਕੁੜੀ ਨੂੰ ਫੇਰਿਆਂ ਜਾਂ ਅਨੰਦ ਕਾਰਜਾਂ 'ਤੇ ਬਿਠਾਇਆ ਜਾਂਦਾ ਸੀ। ਇਸ ਤੋਂ ਪਹਿਲਾਂ ਬੇਸ਼ੱਕ ਬਰਾਤ ਢੁੱਕੀ ਹੁੰਦੀ ਪਰ ਕੁੜੀ ਨੂੰ ਫੇਰਿਆ 'ਤੇ ਨਹੀਂ ਬਿਠਾਇਆ ਜਾਂਦਾ ਸੀ। ਪੈਸੇ ਲੈ ਕੇ ਕੁੜੀ ਦੇ ਮਾਪੇ ਆਪਣੀ ਆਰਥਿਕ ਮੰਦੀ ਨੂੰ ਲੀਹ 'ਤੇ ਲਿਆਉਂਦੇ ਸਨ।

# ਜਦੋਂ ਖੂਹਾਂ, ਛੱਪੜਾਂ ਕਿਨਾਰੇ ਰੁੱਖਾਂ ਥੱਲੇ ਲੱਗਦੇ ਸੀ ਮੇਲੇ...

**ਨਿਰਮਲ ਸਿੰਘ ਦਿਓਲ**

ਸਮਾਂ ਤੁਰਦਾ ਰਹਿੰਦਾ ਹੈ ਅਤੇ ਸਮੇਂ ਦੀ ਤੋਰ ਨਾਲ ਮੌਕੇ ਦੀਆਂ ਲੋੜਾਂ ਮੁਤਾਬਕ ਇਨਸਾਨ ਦੇ ਰਹਿਣ-ਸਹਿਣ ਅਤੇ ਲੋੜਾਂ ਦੀ ਪੂਰਤੀ ਲਈ ਰੰਗ-ਢੰਗ ਬਦਲਦੇ ਰਹਿੰਦੇ ਹਨ। ਤਕਰੀਬਨ ਸਾਰੇ ਪਿੰਡਾਂ ਦੇ ਇਤਿਹਾਸ ਬਾਰੇ ਜਾਣੂ ਹੁੰਦਿਆਂ ਪਤਾ ਲੱਗਦਾ ਹੈ ਕਿ ਪਹਿਲਾਂ-ਪਹਿਲ ਜਦੋਂ ਪਿੰਡ ਵਸਾਏ ਜਾਂਦੇ ਸਨ ਤਾਂ ਨੀਵੇਂ ਥਾਂ ਦੀ ਭਾਲ ਕੀਤੀ ਜਾਂਦੀ ਸੀ ਜਿੱਥੇ ਮੀਹਾਂ ਦਾ ਪਾਣੀ ਇਕੱਠਾ ਕੀਤਾ ਜਾ ਸਕੇ ਅਤੇ ਉਸ ਨੀਵੀਂ ਜਗ੍ਹਾ ਦੇ ਆਸੇ-ਪਾਸੇ ਘਰ ਪਾਏ ਜਾਂਦੇ ਸਨ ਯਾਨੀ ਪਿੰਡ ਵਸਾਇਆ ਜਾਂਦਾ ਸੀ।

ਉਨ੍ਹਾਂ ਸਮਿਆਂ ਵਿੱਚ ਇਨਸਾਨਾਂ ਤੇ ਪਸ਼ੂਆਂ ਲਈ ਪੀਣ ਅਤੇ ਵਰਤਣ ਲਈ ਪਾਣੀ ਦੀ ਪੂਰਤੀ ਬਾਰਿਸ਼ਾਂ 'ਤੇ ਹੀ ਨਿਰਭਰ ਹੁੰਦੀ ਸੀ ਕਿਉਂਕਿ ਉਦੋਂ ਨਹਿਰਾਂ ਵੀ ਨਹੀਂ ਹੁੰਦੀਆਂ ਸਨ। ਪਿੰਡ ਵਸਾਉਣ ਤੋਂ ਬਾਅਦ ਤਕਰੀਬਨ ਸਾਰੇ ਪਿੰਡਾਂ ਵਿੱਚ ਖੂਹ ਬਣਾਏ ਜਾਂਦੇ ਸਨ ਜੋ ਪੀਣ ਲਈ ਸਾਫ਼-ਸੁਥਰਾ ਪਾਣੀ ਮੁਹੱਈਆ ਕਰਦੇ ਸਨ। ਹਰ ਪਿੰਡ ਵਿੱਚ ਤਕਰੀਬਨ ਛੱਪੜ ਤੇ ਖੂਹ ਇੱਕੋ ਜਗ੍ਹਾ 'ਤੇ ਹੁੰਦੇ ਸਨ। ਪੰਜਾਬ ਦੀ ਲੋਕਧਾਰਾ ਵਿੱਚ ਛੱਪੜਾਂ ਅਤੇ ਖੂਹਾਂ ਦਾ ਜ਼ਿਕਰ ਥਾਂ-ਥਾਂ ਮਿਲਦਾ ਹੈ।

ਲੋਕ ਗੀਤਾਂ ਤੋਂ ਇਲਾਵਾ ਲਕੋਕਤੀਆਂ ਅਤੇ ਮੁਹਾਵਰਿਆਂ ਵਿੱਚ ਵੀ ਇਨ੍ਹਾਂ ਦਾ ਜ਼ਿਕਰ ਆਉਂਦਾ ਹੈ। ਖੂਹਾਂ 'ਤੇ ਰੱਬ ਵਸਦਾ ਮਹਿਸੂਸ ਹੁੰਦਾ ਸੀ। ਘਰ-ਘਰ ਨਲਕੇ ਆ ਗਏ ਤਾਂ ਖੂਹਾਂ 'ਤੇ ਹੁੰਦੇ ਮੇਲ-ਮਿਲਾਪ ਵੀ ਬੀਤੇ ਦੀ ਗੱਲ ਬਣ ਕੇ ਰਹਿ ਗਈ। ਖੂਹਾਂ ਦਾ ਪੂਰਨਾਂ ਖਵਾਜ਼ੇ ਨੂੰ ਨਾਰਾਜ਼ ਕਰਨਾ ਸਮਝਿਆ ਜਾਂਦਾ। ਛੱਪੜਾਂ ਨੂੰ ਸਾਰੇ ਪਿੰਡ ਦਾ ਸਾਂਝਾ ਸਥਾਨ ਸਮਝ ਕੇ ਆਪਣੀ ਲੋੜ ਲਈ ਸਾਫ਼-ਸੁਥਰਾ ਰੱਖਿਆ ਜਾਂਦਾ ਸੀ।

ਬਾਰਿਸ਼ਾਂ ਵੇਲੇ ਛੱਪੜ ਵੱਲ ਨੂੰ ਸਿਰਫ਼ ਸਾਫ਼-ਸੁਥਰਾ ਪਾਣੀ ਹੀ ਜਾਣ ਦਿੱਤਾ ਜਾਂਦਾ ਸੀ ਅਤੇ ਰੂੜੀਆਂ ਜਾਂ ਹੋਰ ਗੰਦੇ ਥਾਵਾਂ ਤੋਂ ਜਾਣ ਵਾਲਾ ਪਾਣੀ ਛੱਪੜ ਵਿੱਚ ਨਹੀਂ ਪੈਣ ਦਿੱਤਾ ਜਾਂਦਾ ਸੀ ਕਿਉਂਕਿ ਪਹਿਲਾਂ-ਪਹਿਲਾਂ ਤਾਂ ਛੱਪੜਾਂ ਦਾ ਪਾਣੀ ਪੀਣ ਲਈ ਵੀ ਵਰਤਿਆ ਜਾਂਦਾ ਸੀ। ਫਿਰ ਪਿੰਡਾਂ ਵਿੱਚ ਖੂਹ ਲੱਗਣ ਤੋਂ ਬਾਅਦ ਛੱਪੜਾਂ ਦਾ ਪਾਣੀ ਨਹਾਉਣ-ਧੋਣ, ਕੱਪੜੇ ਧੋਣ ਅਤੇ ਪਸ਼ੂਆਂ ਨੂੰ ਪਿਆਉਣ ਅਤੇ ਨਹਾਉਣ ਲਈ ਵਰਤੋਂ ਵਿੱਚ ਲਿਆਂਦਾ ਜਾਂਦਾ ਸੀ।

ਦੋ-ਤਿੰਨ ਸਾਲਾਂ ਬਾਅਦ ਛੱਪੜਾਂ ਦੀ ਸਾਰਾ ਪਿੰਡ ਰਲ ਕੇ ਸਫ਼ਾਈ ਕਰਦਾ ਸੀ ਅਤੇ ਤਲ 'ਤੇ ਇਕੱਠੀ ਹੋਈ ਮਿੱਟੀ ਦੇ ਡਲਿਆਂ ਨੂੰ ਇੱਟਾਂ ਦੇ ਰੂਪ ਵਿੱਚ ਮਕਾਨ ਉਸਾਰਨ ਜਾਂ ਕੰਧਾਂ ਕੱਢਣ ਲਈ ਵਰਤਿਆ ਜਾਂਦਾ ਸੀ ਜਿਨ੍ਹਾਂ ਨੂੰ ਮਾਲਵੇ ਵਿੱਚ ਪਾਲੀ ਦੀਆਂ ਇੱਟਾਂ ਕਿਹਾ ਜਾਂਦਾ ਸੀ। ਛੱਪੜਾਂ ਦਾ ਪਾਣੀ ਤਾਲਾਬਾਂ ਦੇ ਪਾਣੀ ਦੀ ਤਰ੍ਹਾਂ ਸਾਫ਼-ਸੁਥਰਾ ਹੁੰਦਾ ਸੀ। ਸਾਰਾ ਦਿਨ ਪਿੰਡ ਦੇ ਮੁੰਡੇ ਛੱਪੜਾਂ ਵਿੱਚ ਤਾਰੀਆਂ ਲਾਉਂਦੇ ਰਹਿੰਦੇ ਸਨ ਅਤੇ ਗਰਮੀਆਂ ਦੇ ਦਿਨਾਂ ਵਿੱਚ ਪਸ਼ੂ ਸਾਰਾ ਦੁਪਹਿਰਾ ਛੱਪੜਾਂ ਵਿੱਚ ਕੱਟਦੇ ਸਨ। ਪਿੰਡਾਂ ਦੀਆਂ ਜ਼ਨਾਨੀਆਂ ਦਾ ਕੱਪੜੇ ਧੋਣ ਲਈ ਸਾਰਾ ਦਿਨ ਛੱਪੜਾਂ ਦੇ ਕਿਨਾਰੇ 'ਤੇ ਇਕੱਠ ਰਹਿੰਦਾ ਸੀ। ਨਹਿਰਾਂ ਦਾ ਪਾਣੀ ਆਉਣ ਤੋਂ ਬਾਅਦ ਛੱਪੜਾਂ ਵਿੱਚ ਪਾਣੀ ਭਰਨ ਲਈ ਸਾਂਝੀ ਵਾਰੀ ਵੀ ਰੱਖੀ ਜਾਂਦੀ ਸੀ। ਦੂਰ ਵਾਲੇ ਖੇਤਾਂ ਵਿੱਚ ਪਾਣੀ ਦੀ ਲੋੜ ਲਈ ਨੀਵੀਂਆਂ ਥਾਵਾਂ 'ਤੇ ਪਾਣੀ ਇਕੱਠਾ ਕਰ ਕੇ ਰੱਖਿਆ ਜਾਂਦਾ ਸੀ ਜਿਸ ਨੂੰ ਢਾਬ ਕਹਿੰਦੇ ਸਨ।

ਪਿੰਡਾਂ ਵਿੱਚ ਖੂਹ ਲੱਗਣ ਨਾਲ ਪੀਣ ਲਈ ਖੂਹਾਂ ਦਾ ਪਾਣੀ ਵਰਤਿਆ ਜਾਣ ਲੱਗਾ। ਮਹਿਰਾ ਬਰਾਦਰੀ ਦੇ ਲੋਕ ਖੂਹਾਂ ਤੋਂ ਬੋਕੇ ਰਾਹੀਂ ਬਲਦ ਜਾਂ ਊਠ ਜੋੜ ਕੇ ਪਾਣੀ ਖਿੱਚ ਕੇ ਗੱਡੀਆਂ ਵਿੱਚ ਭਰ ਕੇ ਅੱਗੇ ਘਰਾਂ ਤੱਕ ਪਹੁੰਚਾਉਣ ਦਾ ਕੰਮ ਕਰਦੇ ਸਨ। ਖੂਹ ਦੇ ਆਸੇ-ਪਾਸੇ ਪੱਕੇ ਚੁਬੱਚੇ ਬਣਾ ਕੇ ਉਨ੍ਹਾਂ ਵਿੱਚ ਪਾਣੀ ਭਰ ਦਿੱਤਾ ਜਾਂਦਾ ਸੀ ਅਤੇ ਪਿੰਡ ਦੀਆਂ ਕੁੜੀਆਂ-ਬੁੜ੍ਹੀਆਂ ਘੜਿਆਂ ਰਾਹੀਂ ਆਪੋ-ਆਪਣੀ ਲੋੜ ਲਈ ਘਰਾਂ ਵਿੱਚ ਪਾਣੀ ਲੈ ਜਾਂਦੀਆਂ ਸਨ ਅਤੇ ਸਰਦੇ ਘਰ ਸਾਲ ਦੇ ਸੇਪੀ ਦੇ ਰੂਪ ਵਿੱਚ ਦਾਣੇ-ਫੱਕੇ ਦੇ ਕੇ ਆਪਣੇ ਘਰਾਂ ਵਿੱਚ ਪਾਣੀ ਪਵਾਉਣ ਦਾ ਇੰਤਜ਼ਾਮ ਕਰ ਲੈਂਦੇ ਸਨ। ਖੂਹਾਂ ਦੇ ਇੱਕ ਪਾਸੇ ਪਸ਼ੂਆਂ ਨੂੰ ਪਾਣੀ ਪਿਆਉਣ ਲਈ ਹੌਦੀ ਬਣੀ ਹੁੰਦੀ ਸੀ ਜਿੱਥੇ ਲੰਘਦੇ-ਟੱਪਦੇ ਰਾਹੀ ਵੀ ਆਪਣੇ ਪਸ਼ੂਆਂ ਨੂੰ ਪਾਣੀ ਪਿਆਉਂਦੇ ਸਨ। ਵੱਡੇ ਪਿੰਡਾਂ ਵਿੱਚ ਪੱਤੀਆਂ ਦੇ ਹਿਸਾਬ ਨਾਲ ਇੱਕ ਤੋਂ ਜ਼ਿਆਦਾ ਖੂਹ ਅਤੇ ਛੱਪੜ ਵੀ ਹੁੰਦੇ ਸਨ। ਆਮ ਪਿੰਡਾਂ ਵਿੱਚ ਲੋਕਾਂ ਦੇ ਸੱਥ ਵਿੱਚ ਬੈਠਣ ਅਤੇ ਸਾਂਝੇ ਮਸਲੇ ਵਿਚਾਰਨ ਲਈ ਦਰਵਾਜ਼ਾ ਵੀ ਇਨ੍ਹਾਂ ਥਾਵਾਂ ਦੇ ਨੇੜੇ ਹੁੰਦਾ ਸੀ।

ਹਰ ਪਿੰਡ ਵਿੱਚ ਖੂਹਾਂ ਤੇ ਛੱਪੜਾਂ ਦੇ ਆਸੇ-ਪਾਸੇ ਬੋਹੜਾਂ ਤੇ ਪਿੱਪਲਾਂ ਦੇ ਵੱਡੇ-ਵੱਡੇ ਰੁੱਖ ਲੱਗੇ ਹੁੰਦੇ ਸਨ। ਉਦੋਂ ਗਰਮੀਆਂ ਦਾ ਦੁਪਹਿਰਾ ਕੱਟਣ ਲਈ ਹੁਣ ਵਾਂਗ ਘਰਾਂ ਵਿੱਚ ਕਮਰੇ ਅਤੇ ਸੁੱਖ-ਸਹੂਲਤਾਂ ਨਹੀਂ ਹੁੰਦੀਆਂ ਸਨ। ਆਮ ਲੋਕ ਬੋਹੜਾਂ, ਪਿੱਪਲਾਂ ਥੱਲੇ ਹੀ ਗਰਮੀਆਂ ਦੇ ਦੁਪਹਿਰੇ ਕੱਟਦੇ ਸਨ।

ਵੱਡੇ ਬਜ਼ੁਰਗ ਆਪੋ-ਆਪਣੇ ਮੰਜੇ ਚੁੱਕ ਲਿਆਉਂਦੇ ਸਨ ਅਤੇ ਖੂਹਾਂ, ਛੱਪੜਾਂ ਕਿਨਾਰੇ ਰੁੱਖਾਂ ਥੱਲੇ ਮੇਲਾ ਲੱਗਿਆ ਰਹਿੰਦਾ ਸੀ। ਲੰਘਦੇ-ਟੱਪਦੇ ਰਾਹੀ ਵੀ ਪਾਣੀ ਪੀਣ ਅਤੇ ਆਰਾਮ ਕਰਨ ਦੇ ਬਹਾਨੇ ਕੁਝ ਸਮਾਂ ਰੁਕ ਜਾਂਦੇ ਸਨ। ਇੱਕ-ਦੂਜੇ ਪਿੰਡਾਂ ਤੱਕ ਸੁੱਖ ਸਨੇਹੇ ਵੀ ਉੱਥੋਂ ਲੰਘਦੇ ਰਾਹੀਆਂ ਨਾਲ ਗੱਲਾਂ ਕਰਦਿਆਂ ਅੱਗੇ ਪਹੁੰਚਾ ਦਿੱਤੇ ਜਾਂਦੇ ਸਨ। ਬੱਚੇ ਸਾਰਾ ਦੁਪਹਿਰਾ ਰੁੱਖਾਂ ਥੱਲੇ ਖੇਡਦੇ ਸਨ। ਤਾਸ਼ ਦੇ ਸ਼ੌਕੀਨ ਢਾਣੀਆਂ ਬਣਾ ਕੇ ਤਾਸ਼ ਦਾ ਆਨੰਦ ਮਾਣਦੇ ਸਨ। ਤੀਆਂ ਦੇ ਦਿਨਾਂ ਵਿੱਚ ਪਿੰਡ ਦੀਆਂ ਕੁੜੀਆਂ, ਨੂੰਹਾਂ-ਧੀਆਂ ਪੀਂਘਾਂ ਝੂਟਦੀਆਂ ਅਤੇ ਤੀਆਂ ਦੇ ਗੀਤ ਗਾਉਂਦੀਆਂ ਸਨ।

ਉਨ੍ਹਾਂ ਸਮਿਆਂ ਵਿੱਚ ਪਾਣੀ ਦੀਆਂ ਲੋੜਾਂ ਦੀ ਪੂਰਤੀ ਲਈ ਅਤੇ ਭਾਈਚਾਰਕ ਸਾਂਝਾਂ ਦੇ ਮਾਣਮੱਤੇ ਵਿਰਸੇ ਦੇ ਰੰਗਾਂ ਨੂੰ ਰੂਪਮਾਨ ਕਰਨ ਵਾਲੇ ਖੂਹ ਅਤੇ ਛੱਪੜ ਹੁਣ ਬੀਤੇ ਸਮੇਂ ਦੀ ਕਹਾਣੀ ਬਣ ਕੇ ਰਹਿ ਗਏ ਹਨ। ਉਨ੍ਹਾਂ ਸਮਿਆਂ ਵਿੱਚ ਸ਼ਰਬਤ ਵਰਗੇ ਪਾਣੀਆਂ ਦੇ ਇਹ ਸੋਮੇ ਸਾਫ਼-ਸੁਥਰਾ ਪਾਣੀ ਮੁਹੱਈਆ ਕਰਨ ਦੇ ਸਮਰੱਥ ਹੁੰਦੇ ਸਨ। ਹੁਣ ਨਵੀਆਂ ਕਾਢਾਂ ਨਾਲ ਮਿਲਦੇ ਪਾਣੀਆਂ ਨਾਲ ਲੋਕਾਂ ਦੀ ਸਿਹਤ ਦਿਨ-ਬ-ਦਿਨ ਨਵੀਆਂ ਬਿਮਾਰੀਆਂ ਦੀ ਗ੍ਰਿਫ਼ਤ ਵਿੱਚ ਆ ਰਹੀ ਹੈ। ਹਰ ਪਿੰਡ ਦੇ ਖੂਹ ਬੰਦ ਪਏ ਹਨ ਜਾਂ ਢਹਿ ਚੁੱਕੇ ਹਨ। ਛੱਪੜਾਂ ਵਿੱਚ ਸਾਰੇ ਪਿੰਡ ਦਾ ਇਕੱਠਾ ਹੋਇਆ ਗੰਦਾ ਪਾਣੀ ਅਨੇਕ ਬਿਮਾਰੀਆਂ ਦੇ ਫੈਲਣ ਦਾ ਕਾਰਨ ਬਣਿਆ ਰਹਿੰਦਾ ਹੈ।

ਖੂਹਾਂ ਤੇ ਛੱਪੜਾਂ ਦੇ ਕਿਨਾਰੇ ਬੋਹੜਾਂ ਤੇ ਪਿੱਪਲਾਂ ਦੇ ਰੁੱਖ ਵੀ ਸਮੇਂ ਦੀਆਂ ਮਾਰਾਂ ਦੇ ਝੰਬੇ ਸੁੱਕ ਚੁੱਕੇ ਹਨ। ਜਿਨ੍ਹਾਂ ਖੂਹਾਂ ਤੇ ਛੱਪੜਾਂ 'ਤੇ ਮੇਲਿਆਂ ਵਰਗੀਆਂ ਰੌਣਕਾਂ ਹੁੰਦੀਆਂ ਸਨ, ਹੁਣ ਲੋਕ ਉਨ੍ਹਾਂ ਤੋਂ ਪਾਸਾ ਵੱਟ ਕੇ ਲੰਘਦੇ ਹਨ। ਕਿਸੇ ਸਮੇਂ ਪਿੰਡਾਂ ਦੇ ਮਾਣਮੱਤੇ ਤੇ ਸ਼ਾਨਾਂਮੱਤੇ ਇਤਿਹਾਸ ਦੇ ਗਵਾਹ ਰਹੇ ਇਹ ਛੱਪੜ ਤੇ ਖੂਹ ਹੁਣ ਉਦਾਸ ਤੇ ਬੇਰੰਗ ਹੋਏ ਬੀਤੇ ਦੀ ਕਹਾਣੀ ਬਣ ਚੁੱਕੇ ਹਨ। ਆਪਣੇ ਵੱਡ-ਵਡੇਰਿਆਂ ਦੀ ਯਾਦ ਅਤੇ ਨਿਸ਼ਾਨੀਆਂ ਸਮਝ ਕੇ ਇਨ੍ਹਾਂ ਦੇ ਵਿਰਾਸਤੀ ਰੰਗਾਂ ਨੂੰ ਸਾਂਭਣ ਲਈ ਲੋਕਾਂ ਤੇ ਸਰਕਾਰਾਂ ਨੂੰ ਸਾਂਝੇ ਉਪਰਾਲੇ ਕਰਨੇ ਚਾਹੀਦੇ ਹਨ।

# ਖੇਤੀ ਦੀ ਆਮਦਨ ਵਧਾਉਣ ਦਾ ਹੋਵੇ ਸਰਕਾਰ ਦਾ ਮਨੋਰਥ



ਪ੍ਰਿੰਸੀਪਲ ਵਿਜੈ ਕੁਮਾਰ

ਜ਼ਮੀਨ ਦੀ ਉਪਜਾਊ ਸ਼ਕਤੀ ਦਾ ਘਟਣਾ, ਪਾਣੀ ਦੇ ਪੱਧਰ ਦਾ ਥੱਲੇ ਜਾਣਾ, ਵਾਤਾਵਰਨ ਦਾ ਪ੍ਰਦੂਸ਼ਿਤ ਹੋਣਾ ਤੇ ਮੌਸਮ ’ਚ ਆ ਰਹੀ ਤਬਦੀਲੀ ਪੰਜਾਬ ਦੀ ਖੇਤੀ ਦੀਆਂ ਗੰਭੀਰ ਸਮੱਸਿਆਵਾਂ ਅਤੇ ਕਿਸਾਨਾਂ ਨੂੰ ਦਰਪੇਸ਼ ਚੁਣੌਤੀਆਂ ਹਨ। ਜ਼ਰਾਇਤ ਅਤੇ ਖੇਤੀ ਖੋਜ ’ਚ ਸਰਕਾਰੀ ਲਾਗਤ ਦਾ ਘਟਣਾ ਕਿਸਾਨਾਂ ਤੇ ਖੇਤੀ ਦਾ ਭਵਿੱਖ ਖ਼ਤਰੇ ’ਚ ਦਰਸਾਉਂਦੇ ਹਨ। ਕਿਸਾਨਾਂ ਦੀ ਅੰਦੋਲਨਾਂ ਰਾਹੀਂ ਵੀ ਮੁੱਖ ਮੰਗ ਇਹ ਹੈ ਕਿ ਪ੍ਰੋ. ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਖੇਤੀ ਲਾਗਤ ਸੀ2 + 50 ਪ੍ਰਤੀਸ਼ਤ ਮੁਨਾਫ਼ਾ ਲਗਾ ਕੇ ਫ਼ਸਲਾਂ ’ਤੇ ਐੱਮ.ਐੱਸ.ਪੀ. ਦੇਣ ਦੀ ਕਾਨੂੰਨੀ ਤੌਰ ’ਤੇ ਗਾਰੰਟੀ ਦਿੱਤੀ ਜਾਵੇ ਅਤੇ ਸਵਾਮੀਨਾਥਨ ਰਿਪੋਰਟ ’ਚ ਕਿਸਾਨਾਂ ਦੀ ਬਿਹਤਰੀ ਲਈ ਕੀਤੀਆਂ ਗਈਆਂ ਹੋਰ ਸਿਫਾਰਸ਼ਾਂ ਨੂੰ ਵੀ ਸਰਕਾਰ ਪ੍ਰਵਾਨ ਕਰੇ। ਇਹ ਸਿਫਾਰਸ਼ਾਂ ਮੁੱਖ ਤੌਰ ’ਤੇ ਕਿਸਾਨਾਂ ਦੀ ਆਮਦਨ ਵਧਾਉਣ ਅਤੇ ਉਨ੍ਹਾਂ ਨੂੰ ਖੁਸ਼ਹਾਲ ਬਣਾਉਣ ਲਈ ਕੀਤੀਆਂ ਗਈਆਂ ਹਨ। ਕਿਸਾਨਾਂ ਦੀ ਆਮਦਨ ਵਧਾਉਣ ਲਈ ਉਤਪਾਦਕਤਾ ਵਧਾਉਣ ਤੇ ਖੇਤੀ ਨੂੰ ਹੰਢਣਸਾਰ ਬਣਾਉਣ ਦੀ ਲੋੜ ਹੈ। ਕਿਸਾਨ ਆਪਣੀ ਪੈਦਾਵਾਰ ਦਾ ਲਾਹੇਵੰਦ ਮੰਡੀਕਰਨ ਕਰ ਸਕਣ। ਲਾਹੇਵੰਦ ਮੰਡੀਕਰਨ ਲਈ ਕੋਈ ਬਰਾਮਦ ਜਾਂ ਜ਼ਖੀਰਾ ਕਰਨ ’ਤੇ ਕਿਸੇ ਕਿਸਮ ਦੀ ਰੋਕ ਜਾਂ ਹੋਰ ਕਿਸੇ ਪ੍ਰਕਾਰ ਦੀ ਪਾਬੰਦੀ ਨਹੀਂ ਹੋਣੀ ਚਾਹੀਦੀ। ਖੇਤੀ ਖੋਜ ’ਚ ਲਾਗਤ ਵਧਾ ਕੇ ਇਸ ਨੂੰ ਮਜ਼ਬੂਤ ਕੀਤਾ ਜਾਵੇ। ਮੁੱਖ ਸਮੱਸਿਆ ਇਹ ਹੈ ਕਿ ਸਰਕਾਰ ਦੀਆਂ ਨੀਤੀਆਂ ਖਪਤਕਾਰ-ਪੱਖੀ ਹਨ, ਪਰ ਕਿਸਾਨਾਂ ਵੱਲੋਂ ਕੀਤੀ ਜਾ ਰਹੀ ਮੰਗ ਅਨੁਸਾਰ ਇਹ ਨੀਤੀਆਂ ਕਿਸਾਨ ਅਤੇ ਉਤਪਾਦਕ-ਪੱਖੀ ਹੋਣੀਆਂ ਚਾਹੀਦੀਆਂ ਹਨ। ਖੇਤੀ ’ਚ 23 ਫ਼ਸਲਾਂ ਜਿਨ੍ਹਾਂ ਦੀ ਐੱਮ.ਐੱਸ.ਪੀ. ਐਲਾਨੀ ਜਾਂਦੀ ਹੈ, ਉਨ੍ਹਾਂ ਤੋਂ ਇਲਾਵਾ ਹੋਰ ਵੀ ਖੇਤੀ ਪੈਦਾਵਾਰ ਹੈ, ਜਿਵੇਂ ਦੁੱਧ, ਫ਼ਲਾਂ ਸਬਜ਼ੀਆਂ ਦੀ ਕਾਸ਼ਤ ਆਦਿ। ਇਹ ਵੀ ਕਿਸਾਨਾਂ ਦੀ ਆਮਦਨ ਨੂੰ ਪ੍ਰਭਾਵਿਤ ਕਰਦੇ ਹਨ। ਫ਼ਲਾਂ ਅਤੇ ਦੁੱਧ ਨੂੰ ਮਿਲਾ ਕੇ ਫ਼ਸਲਾਂ ਦੀ ਖੇਤੀ ਪੈਦਾਵਾਰ ਨਾਲੋਂ ਇਨ੍ਹਾਂ ਦੀ ਕੀਮਤ ਜ਼ਿਆਦਾ ਬਣਦੀ ਹੈ। ਇਸ ਲਈ ਕਿਸਾਨਾਂ ਦੀ ਆਮਦਨ 23 ਫ਼ਸਲਾਂ ਤੋਂ ਇਲਾਵਾ ਹੋਰ ਖੇਤੀ ਨਾਲ ਜੁੜੇ ਸਹਾਇਕ ਕਿੱਤਿਆਂ ਤੋਂ ਵੀ ਕਾਫੀ ਪ੍ਰਭਾਵਿਤ ਹੁੰਦੀ ਹੈ। ਕਿਸਾਨਾਂ ਦੀਆਂ ਹੋਰ ਵੀ ਮੰਗਾਂ ਹਨ, ਜਿਵੇਂ ਕਰਜ਼ਿਆਂ ਦੀ ਮੁਆਫ਼ੀ, ਖੇਤ ਮਜ਼ਦੂਰਾਂ ਅਤੇ ਕਿਸਾਨਾਂ ਲਈ ਪੈਨਸ਼ਨ, ਦਿਹਾੜੀ ਦੀ ਘੱਟੋ-ਘੱਟ ਉਜਰਤ ਅਤੇ ਮਨਰੇਗਾ ਕਾਮਿਆਂ ਨੂੰ ਕਿਸਾਨਾਂ ਦੇ ਖੇਤਾਂ ’ਚ ਕੰਮ ਕਰਨ ਦੀ ਇਜਾਜ਼ਤ ਦੇਣਾ ਆਦਿ। ਇਹ ਸਾਰੀਆਂ ਮੰਗਾਂ ਤੇ ਸਰਕਾਰ ਨੂੰ ਵਿਚਾਰ ਕਰਕੇ ਕਿਸਾਨ-ਪੱਖੀ ਫ਼ੈਸਲੇ ਲੈਣੇ ਲੋੜੀਂਦੇ ਹਨ।

ਪੰਜਾਬ ਦੀ ਖੇਤੀ ਆਰਥਿਕਤਾ ਝੋਨੇ ਤੇ ਕਣਕ ’ਤੇ ਹੀ ਆਧਾਰਿਤ ਹੈ। ਪੂਰੇ ਰਕਬੇ 82 ਫ਼ੀਸਦੀ ਬਿਜਾਈ-ਅਧੀਨ ਰਕਬੇ ’ਚੋਂ 31 ਲੱਖ ਹੈਕਟੇਅਰ ਰਕਬੇ ’ਤੇ ਝੋਨਾ, ਬਾਸਮਤੀ ਅਤੇ 35 ਲੱਖ ਹੈਕਟੇਅਰ ਰਕਬੇ ’ਤੇ ਕਣਕ ਦੀ ਕਾਸ਼ਤ ਕੀਤੀ ਜਾਂਦੀ ਹੈ। ਪੰਜਾਬ ਦਾ ਕੇਂਦਰੀ ਪੂਲ ’ਚ ਕਣਕ ਦਾ ਯੋਗਦਾਨ (ਸੰ: 2023- 24) ਪਿਛਲੇ ਸਾਲ 46 ਪ੍ਰਤੀਸ਼ਤ ਅਤੇ ਚਾਵਲ ਦਾ 23 ਪ੍ਰਤੀਸ਼ਤ ਸੀ। ਸਿੰਜਾਈ ਅਧੀਨ ਰਕਬਾ ਕੁੱਲ ਬੀਜੇ ਜਾਣ ਵਾਲੇ ਰਕਬੇ ਦਾ 98.9 ਪ੍ਰਤੀਸ਼ਤ ਹੋਣ ਕਰਕੇ ਅਤੇ ਕਿਸਾਨਾਂ ਦੀ ਅਗਾਂਹਵਧੂ ਰੁਚੀ ਤੇ ਮਿਹਨਤ ਵਜੋਂ ਕਣਕ ਦੀ ਔਸਤ ਉਤਪਾਦਕਤਾ 50 ਕੁਇੰਟਲ ਪ੍ਰਤੀ ਹੈਕਟੇਅਰ ਅਤੇ ਝੋਨੇ ਦੀ 68- 70 ਕੁਇੰਟਲ ਪ੍ਰਤੀ ਹੈਕਟੇਅਰ ਰਹੀ। ਇਸ ਸਾਲ ਵੀ ਕਣਕ ਦੀ ਰਿਕਾਰਡ ਪੈਦਾਵਾਰ ਹੋਣ ਦੀ ਸੰਭਾਵਨਾ ਹੈ। ਦੇਸ਼ ਦੀ ਕਣਕ ਪੈਦਾਵਾਰ ਪਿਛਲੇ ਸਾਲ ਦੇ 110.55 ਮਿਲੀਅਨ ਟਨ ਦੇ ਮੁਕਾਬਲੇ 114 ਮਿਲੀਅਨ ਟਨ ਅਤੇ ਪੰਜਾਬ ਦੀ 18 ਮਿਲੀਅਨ ਟਨ ਹੋਣ ਦੀ ਸੰਭਾਵਨਾ ਹੈ।



ਪਹਿਲੇ ਸਬਜ਼ ਇਨਕਲਾਬ ਦੌਰਾਨ ਖੇਤੀ ਦਾ ਵਿਕਾਸ ਤਾਂ ਹੋਇਆ, ਪਰ ਇਹ ਹੰਢਣਸਾਰ ਨਹੀਂ। ਸੰਨ 1980-85 ਦਰਮਿਆਨ ਤਾਂ ਖੇਤੀ ਵਿਕਾਸ ਦਰ ਮੁਲਕ ਦੀ ਆਰਥਿਕਤਾ ਦੀ ਵਿਕਾਸ ਦਰ ਨਾਲੋਂ ਵੱਧ ਰਹੀ ਪ੍ਰੰਤੂ ਸੰਨ 1997-98 ’ਚ ਘਟ ਗਈ। ਸੰਨ 2002-03 ’ਚ ਭਾਰਤ ਨੇ ਕਣਕ ਬਰਾਮਦ ਕੀਤੀ। ਫਿਰ ਸੰਨ 2007-08 ’ਚ ਬਾਹਰੋਂ ਮੰਗਵਾਈ, ਉਸ ਤੋਂ ਬਾਅਦ ਭਾਵੇਂ ਮੁਲਕ ਆਤਮ-ਨਿਰਭਰ ਹੋ ਗਿਆ।

ਦੇਸ਼ ਤੇ ਪੰਜਾਬ ਦੀ ਬਹੁ ਸੰਖਿਆ ਦਾ ਵਿਕਾਸ ਤੇ ਰੋਟੀ ਦਾ ਆਧਾਰ ਖੇਤੀ ਹੈ। ਦੇਸ਼ ’ਚ 49 ਪ੍ਰਤੀਸ਼ਤ ਦੇ ਕਰੀਬ ਅਤੇ ਪੰਜਾਬ ’ਚ 65 ਪ੍ਰਤੀਸ਼ਤ ਦੇ ਕਰੀਬ ਲੋਕ ਖੇਤੀ ਤੋਂ ਹੀ ਆਪਣੀ ਰੋਜ਼ੀ ਰੋਟੀ ਕਮਾ ਰਹੇ ਹਨ। ਪ੍ਰੰਤੂ ਜੀ.ਡੀ.ਪੀ. ’ਚ ਖੇਤੀ ਦਾ ਯੋਗਦਾਨ ਘਟਦਾ ਜਾ ਰਿਹਾ ਹੈ। ਖੁਰਾਕ ਦੀ ਸੁਰੱਖਿਆ ਤੇ ਸੰਤੁਸ਼ਟਤਾ ਲਈ ਅਤੇ ਗ਼ਰੀਬੀ ਤੇ ਬੇਰੁਜ਼ਗਾਰੀ ਨੂੰ ਘਟਾਉਣ ਲਈ ਕੁਦਰਤੀ ਸੋਮਿਆਂ ਦੀ ਸੂਝਵਾਨ ਵਰਤੋਂ ਦੀ ਲੋੜ ਹੈ। ਪੈਦਾਵਾਰ ਵਧਾਉਣ ਲਈ ਕਾਸ਼ਤ ਯੋਗ ਰਕਬੇ ’ਚ ਕੋਈ ਵਾਧਾ ਹੋਣਾ ਸੰਭਵ ਨਹੀਂ। ਪਿਛਲੇ ਚਾਰ ਦਹਾਕਿਆਂ ਤੋਂ ਵੱਧ ਅਰਸੇ ਤੋਂ ਵਾਹੀ ਦਾ ਰਕਬਾ ਤਕਰੀਬਨ ਇੱਕੋ ਥਾਂ ਖੜ੍ਹਾ ਹੈ। ਮੁਲਕ ’ਚ ਸਿੰਜਾਈ ਵਾਲਾ ਰਕਬਾ ਜ਼ਰੂਰ ਵਧਿਆ ਹੈ। ਇਸ ਪੱਖੋਂ ਪੰਜਾਬ ਅੱਗੇ ਹੈ। ਜਿੱਥੇ 98.9 ਪ੍ਰਤੀਸ਼ਤ ਰਕਬਾ ਸਿੰਜਾਈ ਅਧੀਨ ਹੈ ਪਰ ਇਸ ਦੇ ਬਾਵਜੂਦ ਜ਼ਮੀਨ ਦੀ ਉਪਜਾਊ ਸ਼ਕਤੀ ਘਟ ਰਹੀ ਹੈ, ਜੋ ਇਕ ਗੰਭੀਰ ਸਮੱਸਿਆ ਬਣ ਕੇ ਸਾਹਮਣੇ ਆ ਖੜ੍ਹੀ ਹੈ, ਇਸ ਨੂੰ ਰੋਕਣ ਦੀ ਲੋੜ ਹੈ। ਜ਼ਿਆਦਾ ਜ਼ੋਰ ਪਾਣੀ ਦੀ ਬੱਚਤ ਅਤੇ ਇਸ ਦੀ ਕੁਫ਼ਾਇਤ ਵਰਤੋਂ ’ਤੇ ਲਗਣਾ ਚਾਹੀਦਾ ਹੈ। ਭਾਵੇਂ ਹੁਣ ਦੂਜੇ ਰਾਜ ਜਿਵੇਂ ਮੱਧ ਪ੍ਰਦੇਸ਼ ਤੇ ਯੂ.ਪੀ. ਆਦਿ ਵੀ ਉਤਪਾਦਨ ਪੱਖੋਂ ਅੱਗੇ ਆ ਰਹੇ ਹਨ, ਪਰ ਪੰਜਾਬ ਉਤਪਾਦਕਤਾ ’ਚ ਸਥਿਰਤਾ ਲਿਆਉਣ ਵਿੱਚ ਪ੍ਰਭਾਵਸ਼ਾਲੀ ਯੋਗਦਾਨ ਪਾ ਸਕਦਾ ਹੈ।

ਉਤਪਾਦਕਤਾ ਤੇ ਉਤਪਾਦਨ ਵਧਾਉਣ ’ਚ ਬੀਜਾਂ ਦਾ ਮਹੱਤਵਪੂਰਨ ਰੋਲ ਹੈ। ਭਾਵੇਂ ਕਿਸਾਨਾਂ ’ਚ ਬੀਜਾਂ ਅਤੇ ਨਵੀਆਂ ਕਿਸਮਾਂ ਅਪਣਾਉਣ ਸੰਬੰਧੀ ਚੇਤਨਾ ਵਧੀ ਹੈ, ਪਰ ਅਜੇ ਵੀ ਬੀਜ ਬਦਲ ਦਰ ਘੱਟ ਹੈ। ਸੁਧਰੇ ਬੀਜ ਬਹੁਤੇ ਕਿਸਾਨਾਂ ਤੱਕ ਕਿਸਾਨ ਮੇਲਿਆਂ ਅਤੇ ਕਿਸਾਨ ਸਿਖਲਾਈ ਕੈਂਪਾਂ ਰਾਹੀਂ ਪਹੁੰਚਦੇ ਹਨ। ਬੀਜ ਵੰਡ ਪ੍ਰਬੰਧਨ ਦੀ ਪੂਰਨ ਯੋਜਨਾਬੰਦੀ ਕਰਨ ਦੀ ਲੋੜ ਹੈ ਤਾਂ ਜੋ ਇਹ ਛੋਟੇ ਕਿਸਾਨਾਂ ਤੱਕ, ਦੂਰ ਦੁਰਾਡੇ ਪਿੰਡਾਂ ’ਚ ਵੀ ਪਹੁੰਚਣ। ਪੰਜਾਬ ਖੇਤੀਬਾੜੀ ਯੂਨੀਵਰਸਟੀ ਲੁਧਿਆਣਾ ਤੇ ਕਈ ਹੋਰ ਅਦਾਰਿਆਂ ਵੱਲੋਂ ਅਜਿਹੇ ਯਤਨ ਕੀਤੇ ਜਾ ਰਹੇ ਹਨ। ਕਿਸਾਨਾਂ ਨੂੰ ਖੇਤੀ ਨੂੰ ਵਪਾਰਕ ਤੌਰ ’ਤੇ ਲਾਹੇਵੰਦ ਬਣਾਉਣ ਦੀ ਲੋੜ ਹੈ। ਖੇਤੀ ਦਾ ਧੰਦਾ ਮੁਨਾਫ਼ੇ ਲਈ ਅਪਣਾਇਆ ਜਾਵੇ ਕੇਵਲ ਗੁਜ਼ਾਰੇ ਲਈ ਨਹੀਂ। ਪੰਜਾਬ ’ਚ 15 ਲੱਖ ਦੇ ਕਰੀਬ ਟਿਊਬਵੈੱਲ ਖੇਤਾਂ ਦੀ ਸਿੰਜਾਈ ਲਈ ਲੱਗੇ ਹੋਏ ਹਨ। ਪਾਣੀ ਦੀ ਵੱਧ ਅਤੇ ਦੁਰਵਰਤੋਂ ਕਾਰਨ ਜ਼ਮੀਨ ਥੱਲੇ ਪਾਣੀ ਦਾ ਪੱਧਰ ਹੇਠਾਂ ਜਾ ਰਿਹਾ ਹੈ। ਲਗਾਤਾਰ ਪੀੜ੍ਹੀ ਦਰ ਪੀੜ੍ਹੀ ਜ਼ਮੀਨੀ ਹੱਕਾਂ ਕਾਰਨ ਖੇਤਾਂ ਦਾ ਆਕਾਰ ਘਟ ਰਿਹਾ ਹੈ। ਤਕਰੀਬਨ 60 ਪ੍ਰਤੀਸ਼ਤ ਕਿਸਾਨਾਂ ਕੋਲ 10 ਏਕੜ ਤੋਂ ਘੱਟ ਜ਼ਮੀਨ ਹੈ। ਇਸ ਲਈ ਕਿਸਾਨਾਂ ਦੀ ਖੇਤੀ ਆਮਦਨ ਘੱਟ ਹੈ, ਜਿਸ ਕਾਰਨ ਕਿਸਾਨਾਂ ’ਚ ਨਿਰਾਸ਼ਤਾ ਤੇ ਮਾਯੂਸੀ ਦੀ ਲਹਿਰ ਦੌੜ ਰਹੀ ਹੈ। ਲੇਜ਼ਰ ਕਰਾਹੇ ਦੀ ਵਰਤੋਂ ਨੂੰ ਵੱਡੇ ਪੱਧਰ ’ਤੇ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਇਸ ਤਕਨੀਕ ਨਾਲ ਖੇਤ ਪੱਧਰ ਕਰਨ ਉਪਰੰਤ ਪਾਣੀ ਇਕਸਾਰ ਲਗਦਾ ਹੈ ਅਤੇ ਖਾਦਾਂ ਦੀ ਵਰਤੋਂ ਵਿਸ਼ੇਸ਼ ਕਰ ਕੇ ਯੂਰੀਏ ਦੀ ਵਰਤੋਂ ਨਿਪੁੰਨਤਾ ਨਾਲ ਹੁੰਦੀ ਹੈ। ਪ੍ਰਤੀ ਹੈਕਟੇਅਰ ਝਾੜ ’ਚ ਵਾਧਾ ਹੁੰਦਾ ਹੈ। ਪਾਣੀ ਦੀ ਬੱਚਤ ਲਈ ਫ਼ਸਲਾਂ ਦੀ ਪੈਦਾਵਾਰ ਬੈੱਡਪਲਾਂਟਿੰਗ ਵਿਧੀ ਅਪਣਾ ਕੇ ਵੀ ਕੀਤੀ ਜਾ ਸਕਦੀ ਹੈ ਅਤੇ ਝੋਨੇ ’ਚ ਸਿੱਧੀ ਬਿਜਾਈ ਕਰ ਕੇ ਵੀ। ਕਿਸਾਨਾਂ ਨੂੰ ਇਹ ਸਹੂਲਤਾਂ ਮਸ਼ੀਨਰੀ ਕਾਲ ਸੈਂਟਰਾਂ ਰਾਹੀਂ ਮੁਹੱਈਆ ਕਰਨ ਦੇ ਨਾਲ ਨਾਲ ਰਿਆਇਤੀ ਦਰਾਂ ’ਤੇ ਮੁਹੱਈਆ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਕਿਸਾਨਾਂ ਦਾ ਨਿਸ਼ਾਨਾ ਆਮਦਨ ’ਚ ਵਾਧਾ ਕਰਨਾ ਹੋਣਾ ਚਾਹੀਦਾ ਹੈ, ਜਿਸ ਲਈ ਸਰਕਾਰ ਉਨ੍ਹਾਂ ਦੀ ਸਹਾਇਤਾ ਕਰੇ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ ’ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਸ੍ਰੀ ਦਰਬਾਰ ਸਾਹਿਬ ਜੀ ਦੇ ਸਾਬਕਾ ਮੁੱਖ-ਗ੍ਰੰਥੀ





ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਗਿਆਨੀ ਸਾਹਿਬ ਸਿੰਘ ਜੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਮੁੱਖ-ਗ੍ਰੰਥੀ ਰਹੇ ਹਨ ਜਿਨ੍ਹਾਂ ਨੇ ਗਿਆਨੀ ਕਿਰਪਾਲ ਸਿੰਘ ਜੀ ਨਾਲ ਲੰਬਾ ਸਮਾਂ ਸ੍ਰੀ ਦਰਬਾਰ ਸਾਹਿਬ ਵਿਖੇ ਸੇਵਾ ਨਿਭਾਈ ਹੈ। ਜੰਮੂ ਅਤੇ ਕਸ਼ਮੀਰ ਦੇ ਇਲਾਕੇ ਵਿੱਚ ਪੈਂਦੇ ਪੁਣਛ ਜ਼ਿਲ੍ਹੇ ਵਿੱਚ 5 ਜਨਵਰੀ 1942 ਨੂੰ ਇਹਨਾਂ ਦਾ ਜਨਮ ਹੋਇਆ ਸੀ। ਪਿੰਡ ਦੇ ਸਕੂਲ ਤੋਂ ਮੁੱਢਲੀ ਵਿੱਦਿਆ ਪ੍ਰਾਪਤ ਕਰਕੇ ਅੰਮ੍ਰਿਤਸਰ ਸਾਹਿਬ ਵਿਖੇ ਆ ਗਏ ਸਨ। 1955 ਵਿੱਚ ਹਾਲੇ ਦਸਵੀਂ ਪਾਸ ਨਹੀਂ ਕੀਤੀ ਸੀ ਕਿ ਅੰਮ੍ਰਿਤਸਰ ਦੇ ਸਿੱਖ ਮਿਸ਼ਨਰੀ ਕਾਲਜ ਵਿਖੇ ਦਾਖ਼ਲਾ ਲੈ ਲਿਆ। 1957 ਵਿੱਚ ਦੋ ਸਾਲਾ ਮਿਸ਼ਨਰੀ ਕੋਰਸ ਪਾਸ ਕਰਨ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਰਾਹੀਂ ਪ੍ਰਚਾਰਕ ਲੱਗ ਗਏ। ਪਹਿਲੀ ਨਿਯੁਕਤੀ ਫ਼ਿਰੋਜ਼ਪੁਰ ਵਿਖੇ ਹੋਈ ਫਿਰ ਅੰਮ੍ਰਿਤਸਰ ਦੇ ਗੁਰਦੁਆਰਾ ਲਾਚੀ ਬੇਰ ਅਤੇ ਗੁਰਦੁਆਰਾ ਪਿੱਪਲੀ ਸਾਹਿਬ, ਪੁਤਲੀਘਰ ਵਿਖੇ ਸੇਵਾ ਕਰਨ ਉਪਰੰਤ ਜੀਂਦ, ਫ਼ਤਿਹਗੜ੍ਹ ਸਾਹਿਬ ਆਦਿ ਨਗਰਾਂ ਵਿਖੇ ਨੌਕਰੀ ਕਰਦੇ ਰਹੇ। ਪੰਜਾਬ ਦੇ ਵਿਭਿੰਨ ਨਗਰਾਂ ਵਿਖੇ ਗੁਰੂ-ਘਰ ਦੀ ਸੇਵਾ ਕਰਨ ਉਪਰੰਤ ਵਾਪਸ ਅੰਮ੍ਰਿਤਸਰ ਸਾਹਿਬ ਆਏ ਤਾਂ ਇਥੋਂ ਸ਼੍ਰੋਮਣੀ ਕਮੇਟੀ ਦੀ ਪੱਕੀ ਨੌਕਰੀ ਛੱਡ ਕੇ ਕਾਨਪੁਰ ਦੇ ਗੁਰਦੁਆਰਾ ਸਿੰਘ ਸਭਾ, ਗੋਬਿੰਦ ਨਗਰ ਵਿਖੇ ਸੇਵਾ ਕਰਨ ਲਈ ਚਲੇ ਗਏ ਸਨ ਕਿਉਂਕਿ ਇਹਨਾਂ ਦੇ ਮਨ ਵਿੱਚ ਇਕ ਗੱਲ ਵਸ ਗਈ ਸੀ ਕਿ ਚਲਦੇ ਰਹਿਣ ਵਿੱਚ ਹੀ ਤਰੱਕੀ ਹੈ।

ਕਾਨਪੁਰ ਵਿਖੇ 1968 ਤੱਕ ਲਗ-ਪਗ 7 ਸਾਲ ਸੇਵਾ ਨਿਭਾਈ। ਇਸ ਸਮੇਂ ਤੱਕ ਇਹਨਾਂ ਨੇ ਗੁਰਬਾਣੀ ਅਤੇ ਗੁਰ-ਇਤਿਹਾਸ ਦੇ ਪ੍ਰਸੰਗਾਂ ਦਾ ਬਹੁਤ ਸਾਰਾ ਅਧਿਐਨ ਕਰ ਲਿਆ ਸੀ ਜਿਸ ਦੇ ਸਿੱਟੇ ਵਜੋਂ ਇਹਨਾਂ ਦੀ ਕਥਾ ਵਿੱਚ ਠਹਿਰਾਉ ਅਤੇ ਗੁਰਮਤਿ ਭਾਵਨਾ ਗਹਿਰਾਈ ਤੱਕ ਪ੍ਰਵੇਸ਼ ਕਰ ਗਈ ਸੀ ਜਿਹੜੀ ਕਿ ਸਿੱਖ ਸੰਗਤ ਵਿੱਚ ਆਪਣਾ ਪ੍ਰਭਾਵ ਗ੍ਰਹਿਣ ਕਰਨ ਲੱਗੀ ਸੀ। ਇਹਨਾਂ ਦੀ ਗੁਰਮਤਿ ਵਾਲੀ ਪ੍ਰਭਾਵਸ਼ਾਲੀ ਬੋਲੀ-ਸ਼ੈਲੀ ਨੇ ਇਹਨਾਂ ਨੂੰ ਲੁਧਿਆਣਾ ਦੇ ਗੁਰਦੁਆਰਾ ਕਲਗੀਧਰ ਸਿੰਘ ਸਭਾ ਅਤੇ ਗੁਰਦੁਆਰਾ ਸਾਹਿਬ, ਸਬਜ਼ੀ ਮੰਡੀ ਵਿਖੇ ਕਥਾ ਕਰਨ ਦਾ ਮੌਕਾ ਪ੍ਰਦਾਨ ਕੀਤਾ ਸੀ। ਲੁਧਿਆਣੇ ਤੋਂ ਇਹ ਜਲੰਧਰ ਦੇ ਮਾਡਲ ਟਾਊਨ ਵਿਖੇ ਸਥਿਤ ਗੁਰਦੁਆਰਾ ਸਿੰਘ ਸਭਾ ਸਾਹਿਬ ਵਿਖੇ ਆ ਗਏ ਸਨ।

1975 ਵਿੱਚ ਇੱਥੇ ਸੇਵਾ ਕਰਨੀ ਆਰੰਭ ਕਰ ਦਿੱਤੀ ਸੀ। ਇਸ ਤਰ੍ਹਾਂ ਜਲੰਧਰ ਪਹੁੰਚਣ ਤੱਕ ਲਗਭਗ 15 ਸਾਲ ਵਿਭਿੰਨ ਨਗਰਾਂ ਦੇ ਗੁਰਦੁਆਰਾ ਸਾਹਿਬਾਨ ਵਿਖੇ ਸੇਵਾ ਕਰਦੇ ਰਹੇ। 1975 ਵਿੱਚ ਐਮਰਜੈਂਸੀ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਸ. ਗੁਰਚਰਨ ਸਿੰਘ ਟੌਹੜਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਸਾਧੂ ਸਿੰਘ ਭੌਰਾ ਇਹਨਾਂ ਨੂੰ ਪ੍ਰੇਰ ਕੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਲੈ ਆਏ ਸਨ। ਜਦੋਂ ਇਹ ਸ੍ਰੀ ਦਰਬਾਰ ਸਾਹਿਬ ਜੀ ਦੇ ਗ੍ਰੰਥੀ ਸਨ ਤਾਂ ਉਸ ਸਮੇਂ ਗਿਆਨੀ ਕਿਰਪਾਲ ਸਿੰਘ ਜੀ ਇੱਥੋਂ ਦੇ ਮੁੱਖ ਗ੍ਰੰਥੀ ਵੱਜੋਂ ਸੇਵਾ ਕਰ ਰਹੇ ਸਨ। 1983 ਵਿੱਚ ਉਹਨਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਨਿਯੁਕਤ ਕਰ ਦਿੱਤਾ ਤਾਂ ਉਹਨਾਂ ਦੀ ਜਗ੍ਹਾ ਇਹਨਾਂ ਨੂੰ ਮੁੱਖ-ਗ੍ਰੰਥੀ ਵਜੋਂ ਸੇਵਾ ਕਰਨ ਦਾ ਮੌਕਾ ਮਿਲਿਆ। ਇਸ ਪਦਵੀ 'ਤੇ ਸੇਵਾ ਕਰਦੇ ਸਮੇਂ ਇਹਨਾਂ ਨੂੰ ਕੈਨੇਡਾ, ਅਮਰੀਕਾ, ਬਰਤਾਨੀਆ ਆਦਿ ਮੁਲਕਾਂ ਵਿੱਚ ਧਰਮ ਪ੍ਰਚਾਰ ਕਰਨ ਲਈ ਜਾਣ ਦਾ ਮੌਕਾ ਮਿਲਦਾ ਰਿਹਾ।

ਕੈਨੇਡਾ ਦੇ ਵੈਨਕੂਵਰ ਨਗਰ ਦੇ ਗੁਰਦੁਆਰਾ ਸਾਹਿਬ ਵਿਖੇ ਇਹਨਾਂ ਨੂੰ ਲਗਭਗ ਛੇ ਮਹੀਨੇ ਕਥਾ ਕਰਨ ਦਾ ਮੌਕਾ ਮਿਲਿਆ। ਇਸ ਸਮੇਂ ਗਿਆਨੀ ਭੂਪਿੰਦਰ ਸਿੰਘ ਜੀ ਵੀ ਇਹਨਾਂ ਦੇ ਨਾਲ ਸਨ। ਵੈਸਾਖੀ ਤੋਂ ਕੁੱਝ ਦਿਨ ਪਹਿਲਾਂ ਇਹਨਾਂ ਨੇ ਐਲਾਨ ਕਰ ਦਿੱਤਾ ਕਿ ਜਿਹੜਾ ਵੀ ਸੱਜਣ ਅੰਮ੍ਰਿਤ ਛਕਣ ਦੀ ਇੱਛਾ ਰੱਖਦਾ ਹੈ, ਆਪਣਾ ਨਾਂ ਲਿਖਵਾ ਦੇਵੇ। ਵੈਸਾਖੀ ਦੇ ਮੌਕੇ ਇਸ ਸਮਾਗਮ ਵਿੱਚ 125 ਪ੍ਰਾਣੀ ਅੰਮ੍ਰਿਤ ਸੰਚਾਰ ਵਿੱਚ ਹਿੱਸਾ ਲੈ ਕੇ ਗੁਰੂ ਵਾਲੇ ਬਣੇ ਸਨ। ਇਸ ਤੋਂ ਇਲਾਵਾ ਗਿਆਨੀ ਜੀ ਆਪਣੇ ਜਥੇ ਨਾਲ ਜਿਸ ਵੀ ਨਗਰ ਵਿਖੇ ਜਾਂਦੇ ਸਨ ਤਾਂ ਕੁੱਝ ਦਿਨ ਕਥਾ-ਵਿਖਿਆਨ, ਲੈਕਚਰ ਆਦਿ ਕਰਦੇ ਅਤੇ ਸੰਗਤ ਨੂੰ ਅੰਮ੍ਰਿਤ ਸੰਚਾਰ ਦੀ ਪ੍ਰੇਰਨਾ ਕਰਿਆ ਕਰਦੇ ਸਨ। ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਵਜੋਂ ਇਹਨਾਂ ਨੇ ਵਿਦੇਸ਼ਾਂ ਵਿੱਚ ਰਹਿਣ ਵਾਲੀਆਂ ਸਿੱਖ ਸ਼ਖ਼ਸੀਅਤਾਂ ਨੂੰ ਗੁਰਬਾਣੀ ਅਤੇ ਗੁਰਮਤਿ ਪਰੰਪਰਾਵਾਂ ਨਾਲ ਜੋੜਨ ਦਾ ਮਹੱਤਵਪੂਰਨ ਕਾਰਜ ਕੀਤਾ ਸੀ।

ਵਿਦੇਸ਼ਾਂ ਵਿੱਚ ਰਹਿਣ ਵਾਲੇ ਸਿੱਖ ਵੀ ਇਹਨਾਂ ਦਾ ਭਰਪੂਰ ਸਤਿਕਾਰ ਅਤੇ ਸਵਾਗਤ ਕਰ ਰਹੇ ਸਨ ਕਿਉਂਕਿ ਸ੍ਰੀ ਦਰਬਾਰ ਸਾਹਿਬ ਦਾ ਮੁੱਖ ਗ੍ਰੰਥੀ ਆਪਣੇ ਗੁਰਸਿੱਖ ਸਾਥੀਆਂ ਨਾਲ ਆਪ ਉਹਨਾਂ ਕੋਲ ਆਏ ਸਨ।

ਗਿਆਨੀ ਜੀ ਨੂੰ ਇਸ ਪਦਵੀ 'ਤੇ ਸੇਵਾ ਕਰਦਿਆਂ ਭਾਰਤ ਦੇ ਕਈ ਹੋਰਨਾਂ ਨਗਰਾਂ ਵਿਖੇ ਵੀ ਜਾਣ ਦਾ ਮੌਕਾ ਮਿਲਦਾ ਰਿਹਾ। ਇਹਨਾਂ ਨੇ ਜੀਵਨ ਵਿੱਚ ਇੱਕ ਪ੍ਰਣ ਕਰ ਲਿਆ ਸੀ ਕਿ ਕਿਸੇ ਪਤਿਤ ਦਾ ਅਨੰਦ ਕਾਰਜ ਨਹੀਂ ਕਰਨਗੇ। ਮੁੱਖ-ਗ੍ਰੰਥੀ ਵਜੋਂ ਸੇਵਾ ਕਰਦਿਆਂ ਇੱਕ ਵਾਰੀ ਇਹਨਾਂ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਰਜਿਸਟਰਾਰ ਸਰਦਾਰ ਭਰਪੂਰ ਸਿੰਘ ਦੀ ਲੜਕੀ ਦੇ ਅਨੰਦ ਕਾਰਜ ਵਿੱਚ ਸ਼ਾਮਲ ਹੋਣ ਲਈ ਜਾਣਾ ਪਿਆ। ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠਿਆਂ ਨੂੰ ਪਤਾ ਲੱਗਾ ਕਿ ਲਾੜੇ ਦੇ ਮੂੰਹ 'ਤੇ ਦਾੜ੍ਹੀ ਅਤੇ ਸਿਰ 'ਤੇ ਕੇਸ ਵੀ ਨਹੀਂ ਹਨ ਤਾਂ ਉੱਠ ਕੇ ਵਾਪਸ ਸ੍ਰੀ ਦਰਬਾਰ ਸਾਹਿਬ ਆ ਗਏ। ਚਰਚਾ ਛਿੜ ਗਈ ਕਿ ਸਿੰਘ ਸਾਹਿਬ ਬਿਨਾਂ ਅਨੰਦ ਕਾਰਜ ਕਰਵਾਏ ਹੀ ਵਾਪਸ ਚਲੇ ਗਏ ਹਨ। ਜਦੋਂ ਇਸ ਗੱਲ ਦੀ ਸ਼ਿਕਾਇਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਗੁਰਚਰਨ ਸਿੰਘ ਟੌਹੜਾ ਕੋਲ ਪੁੱਜੀ ਤਾਂ ਉਹਨਾਂ ਅੱਗੋਂ ਇਹ ਕਹਿ ਕੇ ਸ਼ਿਕਾਇਤ ਦਾ ਨਿਪਟਾਰਾ ਕਰ ਦਿੱਤਾ ਸੀ ਕਿ ਜੇਕਰ ਸ੍ਰੀ ਦਰਬਾਰ ਸਾਹਿਬ ਦਾ ਮੁੱਖ-ਗ੍ਰੰਥੀ ਵੀ ਪਤਿਤ ਦਾ ਅਨੰਦ ਕਾਰਜ ਕਰਵਾਏਗਾ ਤਾਂ ਪੰਥ ਦੀ ਕੀ ਪੁਜੀਸ਼ਨ ਬਣੇਗੀ?

1984 ਵਿੱਚ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਸਮੁੱਚੀ ਸਿੱਖ ਕੌਮ ਲਈ ਬਹੁਤ ਹੀ ਦੁਖਦਾਈ ਘਟਨਾ ਸੀ। ਉਸ ਸਮੇਂ ਗਿਆਨੀ ਸਾਹਿਬ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਸੰਭਾਲ ਕਰ ਰਹੇ ਸਨ ਅਤੇ ਇਹਨਾਂ ਨੇ ਸਮੁੱਚੇ ਘਟਨਾਕ੍ਰਮ ਨੂੰ ਬਹੁਤ ਨੇੜਿਉਂ ਦੇਖਿਆ ਸੀ। ਇਸ ਫ਼ੌਜੀ ਹਮਲੇ ਤੋਂ ਬਾਅਦ ਸਰਕਾਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕਿਰਪਾਲ ਸਿੰਘ ਅਤੇ ਇਹਨਾਂ ਨਾਲ ਤੁਰੰਤ ਸੰਪਰਕ ਕੀਤਾ ਸੀ। ਵੱਡਾ ਮਸਲਾ ਸ੍ਰੀ ਦਰਬਾਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਾਉਣਾ ਸੀ। ਇਹ ਸ੍ਰੀ ਦਰਬਾਰ ਸਾਹਿਬ ਦੇ ਨੇੜੇ ਨਿਵਾਸ ਕਰਦੇ ਸਨ, ਇਸ ਲਈ ਇਹ ਜ਼ਿੰਮੇਵਾਰੀ ਇਹਨਾਂ ਨੇ ਨਿਭਾਈ ਸੀ। ਇਸ ਘਟਨਾਕ੍ਰਮ ਦੌਰਾਨ ਸਾਰੇ ਅਕਾਲੀ ਆਗੂ ਜੇਲ੍ਹਾਂ ਵਿੱਚ ਬੰਦ ਸਨ ਅਤੇ ਸਿੰਘ ਸਾਹਿਬਾਨ ਹੀ ਉਸ ਸਮੇਂ ਸ੍ਰੀ ਦਰਬਾਰ ਸਾਹਿਬ ਦੀ ਸੇਵਾ-ਸੰਭਾਲ ਅਤੇ ਪੰਥ ਦੀ ਅਗਵਾਈ ਕਰ ਰਹੇ ਸਨ। ਜਿਹੜੇ ਵੀ ਰਾਜਨੀਤਿਕ ਆਗੂ ਸ੍ਰੀ ਦਰਬਾਰ ਸਾਹਿਬ ਆਉਂਦੇ ਸਨ, ਉਹ ਇਹਨਾਂ ਨਾਲ ਹੀ ਮੁਲਾਕਾਤ ਕਰਦੇ ਸਨ ਜਿਨ੍ਹਾਂ ਦਾ ਵਿਸਤਾਰ ਸਹਿਤ ਵੇਰਵਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕਿਰਪਾਲ ਸਿੰਘ ਦੀ ਪੁਸਤਕ ਅੱਖੀਂ ਡਿੱਠਾ ਸਾਕਾ ਨੀਲਾ ਤਾਰਾ ਵਿੱਚ ਦੇਖਿਆ ਜਾ ਸਕਦਾ ਹੈ।

ਸ੍ਰੀ ਦਰਬਾਰ ਸਾਹਿਬ ਦੀ ਸੇਵਾ-ਸੰਭਾਲ ਗਿਆਨੀ ਸਾਹਿਬ ਸਿੰਘ ਜੀ ਦੀ ਪ੍ਰਮੁੱਖ ਜ਼ਿੰਮੇਵਾਰੀ ਸੀ। ਇਹਨਾਂ ਦਾ ਨਿਤਨੇਮ ਸੀ ਕਿ ਘਰੋਂ ਇਸ਼ਨਾਨ ਕਰਕੇ ਡਿਊਟੀ ਦੇ ਨਿਰਧਾਰਿਤ ਸਮੇਂ ਤੋਂ 20-25 ਮਿੰਟ ਪਹਿਲਾਂ ਹੀ ਸ੍ਰੀ ਦਰਬਾਰ ਸਾਹਿਬ ਜੀ ਦੀ ਸੇਵਾ-ਸੰਭਾਲ ਲਈ ਇੱਥੇ ਆ ਜਾਂਦੇ ਸਨ। ਇੱਥੇ ਆ ਕੇ ਬਾਬਾ ਬੁੱਢਾ ਜੀ ਦੀ ਬੇਰੀ ਕੋਲ ਜਾ ਕੇ ਇਸ਼ਨਾਨ ਕਰਨ ਉਪਰੰਤ ਅਰਦਾਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਲਈ ਚਲੇ ਜਾਂਦੇ ਸਨ। ਇੱਕ ਦਿਨ ਅੰਮ੍ਰਿਤ ਵੇਲੇ ਇਹ ਅਰਦਾਸ ਕਰ ਰਹੇ ਸਨ ਕਿ ਇਹਨਾਂ 'ਤੇ ਗੋਲੀ ਚਲਾ ਦਿੱਤੀ ਗਈ। ਪਹਿਲਾਂ ਤਾਂ ਇਹਨਾਂ ਨੂੰ ਕੋਈ ਪਤਾ ਨਾ ਲੱਗਿਆ ਪਰ ਜਦੋਂ ਮੱਥਾ ਟੇਕ ਕੇ ਉੱਠੇ ਤਾਂ ਦੇਖਿਆ ਕਿ ਕੱਪੜਿਆਂ ਵਿਚੋਂ ਖ਼ੂਨ ਵਗ ਰਿਹਾ ਸੀ। ਇਹ ਛੇਤੀ ਨਾਲ ਦਰਸ਼ਨੀ ਡਿਉੜੀ ਕੋਲ ਜਾਣ ਲਈ ਯਤਨ ਕਰ ਲੱਗੇ। ਉੱਥੇ ਸੇਵਾ ਕਰ ਰਹੀਆਂ ਸੇਵਾਦਾਰ ਬੀਬੀਆਂ ਨੇ ਤੁਰੰਤ ਹੀ ਇਹਨਾਂ ਦੀ ਸਹਾਇਤਾ ਕੀਤੀ ਅਤੇ ਨੇੜੇ ਆਏ ਇੱਕ ਆਟੋ ਡਰਾਇਵਰ ਨੇ ਇਹਨਾਂ ਨੂੰ ਹਸਪਤਾਲ ਪਹੁੰਚਾ ਦਿੱਤਾ ਸੀ। ਸਰਕਾਰ ਦੋਸ਼ੀਆਂ ਨੂੰ ਫੜਨਾ ਚਾਹੁੰਦੀ ਸੀ ਪਰ ਇਹਨਾਂ ਨੇ ਇਹ ਕਹਿ ਕੇ ਕਿਸੇ ਵਿਰੁੱਧ ਪਰਚਾ ਦਰਜ ਨਾ ਕਰਵਾਇਆ ਕਿ ਮੇਰਾ ਕੋਈ ਦੁਸ਼ਮਣ ਨਹੀਂ ਅਤੇ ਨਾ ਹੀ ਕਿਸੇ ਸਿੰਘ ਨੂੰ ਗ੍ਰਿਫ਼ਤਾਰ ਕਰਨ ਦੀ ਲੋੜ ਹੈ। ਅਜਿਹਾ ਕਰਨ ਨਾਲ ਪੰਥ ਦੀ ਬਦਨਾਮੀ ਹੋਵੇਗੀ ਅਤੇ ਇਸ ਦਾ ਬੁਰਾ ਅਸਰ ਪਵੇਗਾ। ਕਿਸੇ ਨਾਲ ਦੁਸ਼ਮਣੀ ਦੀ ਇੱਛਾ ਨਾ ਰੱਖਣ ਵਾਲੇ, ਪੰਥ ਦਰਦੀ, ਸ੍ਰੀ ਦਰਬਾਰ ਸਾਹਿਬ ਦੇ ਮੁੱਖ ਸੇਵਾਦਾਰ ਗਿਆਨੀ ਸਾਹਿਬ ਸਿੰਘ ਦਾ ਜੀਵਨ ਇੱਕ ਚੜ੍ਹਦੀਕਲਾ ਵਾਲੀ ਧਾਰਮਿਕ ਸ਼ਖ਼ਸੀਅਤ ਵਜੋਂ ਉਭਰ ਕੇ ਸਾਹਮਣੇ ਆਉਂਦਾ ਹੈ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ
ਸਾਡੀ ਈ.ਮੇਲ : asrnewwriters@gmail.com
'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

WEBSITE DESIGN & DEVELOPMENT
Basic Web packages are available on comparatively economical rates we work as per your requirement and charge only according to work
Services
Web Development
Web Designing
Seo Services
Web Re-Design
Technical Support
Logo Design
ਛੋਟੇ/ਵੱਡੇ ਬਿਜ਼ਨਸ, ਐਨ.ਜੀ.ਓ. ਰੇਡਿਓ ਸਟੇਸ਼ਨ ਅਤੇ ਖ਼ਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ ਈ ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
WMA WEB MEDIA ART
Mob: +91-8437636421
webmediaart24@gmail.com www. Webmediaart.com

ਡਾ.ਚਰਨਜੀਤ ਸਿੰਘ
ਗੁਮਟਾਲਾ
9417533060

# ਭਲੇ ਅਮਰਦਾਸ ਗੁਣ ਤੇਰੇ ...

ਸਿੱਖ ਧਰਮ ਦੇ ਤੀਸਰੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ ਅੰਮ੍ਰਿਤਸਰ ਜ਼ਿਲ੍ਹੇ ਦੇ ਬਾਸਰਕੇ ਪਿੰਡ ਵਿੱਚ ਵਿਸਾਖ ਸੁਦੀ 11, 1536 ਬਿਕਰਮੀ (5 ਮਈ 1479 ਈ.) ਨੂੰ ਭੱਲਾ ਖੱਤਰੀ ਪ੍ਰਵਾਰ ਵਿੱਚ ਹੋਇਆ। ਆਪ ਜੀ ਦੇ ਪਿਤਾ ਦਾ ਨਾਂ ਤੇਜ ਭਾਨ ਅਤੇ ਮਾਤਾ ਦਾ ਨਾਂ ਸੁਲੱਖਣੀ ਸੀ, ਜਿਸਨੂੰ ਕਈ ਇਤਿਹਾਸਕਾਰ ਵੱਖ- ਵੱਖ ਨਾਂ ਦਿੰਦੇ ਹਨ ਜਿਵੇਂ ਲੱਛਮੀ, ਭੂਪ ਕੌਰ ਅਤੇ ਰੂਪ ਕੌਰ। ਆਪ ਜੀ ਦੀ ਸ਼ਾਦੀ 27 ਨਵੰਬਰ 1502 ਈ11 ਮਾਘ 1559 ਬਿਕਰਮੀ ਨੂੰ ਸਿਆਲਕੋਟ ਜ਼ਿਲ੍ਹੇ ਦੇ ਪਿੰਡ ਸਨਖਤਰਾ ਦੇ ਇੱਕ ਬਹਿਲ ਖੱਤਰੀ ਦੇਵੀ ਚੰਦ ਦੀ ਧੀ ਮਨਸਾ ਦੇਵੀ ਨਾਲ ਕਰ ਦਿੱਤੀ ਗਈ। ਆਪ ਜੀ ਦੇ ਚਾਰ ਬੱਚੇ-ਦੋ ਪੁੱਤਰ ਮੋਹਰੀ ਜੀ ਅਤੇ ਮੋਹਨ ਜੀ ਅਤੇ ਦੋ ਧੀਆਂ ਦਾਨੀ ਜੀ ਅਤੇ ਭਾਨੀ ਜੀ ਸਨ।

ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਆਪ ਜੀ ਦੇ ਭਤੀਜੇ ਨਾਲ ਵਿਆਹੀ ਹੋਈ ਸੀ। ਬੀਬੀ ਅਮਰੋ ਨੇ ਹੀ ਆਪ ਜੀ ਨੂੰ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿੱਚ ਲਿਆਂਦਾ। ਸੰਪਰਕ ਵਿੱਚ ਆਉਣ ਪਿੱਛੋਂ ਆਪ ਜੀ ਉੱਥੇ ਹੀ ਖਡੂਰ ਸਾਹਿਬ ਰਹਿਣ ਲੱਗ ਪਏ। ਇਹ ਵਾਕਿਆ 1597 ਬਿਕਰਮੀ/ 1540 ਈ. ਦਾ ਹੈ। ਰੋਜ਼ਾਨਾ ਬਿਆਸ ਦਰਿਆ ਤੋਂ ਗੁਰੂ ਜੀ ਦੇ ਇਸ਼ਨਾਨ ਲਈ ਤੜਕੇ ਪਾਣੀ ਦੀ ਗਾਗਰ ਭਰ ਕੇ ਲਿਆਉਣਾ, ਸਾਰਾ ਦਿਨ ਭਾਂਡੇ ਮਾਂਜਣੇ, ਪਾਣੀ ਢੋਣਾ ਅਤੇ ਸੰਗਤ ਦੀ ਸੇਵਾ ਕਰਨੀ ਆਪ ਜੀ ਦਾ ਨਿਤਨੇਮ ਬਣ ਗਿਆ। ਆਪਣੇ ਗੁਰੂ ਉਪਰ ਪੂਰਨ ਸ਼ਰਧਾ ਦੀਆਂ ਕਈ ਸਾਖੀਆਂ ਮਿਲਦੀਆਂ ਹਨ, ਜਿਨ੍ਹਾਂ ਵਿੱਚ ਇੱਕ ਬਹੁਤ ਮਹੱਤਵਪੂਰਨ ਹੈ ਕਿ ਕਿਵੇਂ ਇੱਕ ਝੱਖੜ ਵਾਲੀ ਰਾਤ ਨੂੰ ਤੇਜ਼ ਹਵਾਵਾਂ, ਮੀਂਹ ਅਤੇ ਕੜਕਦੀ ਬਿਜਲੀ ਦੀ ਪ੍ਰਵਾਹ ਨਾ ਕਰਦੇ ਹੋਏ ਆਪ ਜੀ ਨੇ ਗੁਰੂ ਜੀ ਲਈ ਦਰਿਆ ਬਿਆਸ ਤੋਂ ਪਾਣੀ ਲਿਆਂਦਾ। ਖਡੂਰ ਦੇ ਜੁਲਾਹਿਆਂ ਦੀ ਖੱਡੀ ਵਿੱਚ ਆਪ ਠੇਡਾ ਖਾ ਕੇ ਡਿੱਗ ਪਏ, ਪਰ ਆਪਣੇ ਸਿਰ ’ਤੇ ਚੁੱਕੀ ਗਾਗਰ ਦਾ ਪਾਣੀ ਇਨ੍ਹਾਂ ਨੇ ਡੁੱਲਣ ਨਾ ਦਿੱਤਾ। ਖੜਾਕ ਸੁਣ ਲੇ ਜੁਲਾਹੇ ਨੇ



ਆਪਣੀ ਵਹੁਟੀ ਨੂੰ ਪੁੱਛਿਆ ਕਿ ਖੜਾਕ ਹੋਇਆ ਹੈ, ਅੱਗੋਂ ਜੁਲਾਹੀ ਨੇ ਆਖਿਆ ਕਿ ਇਹ ਉਹੋ ‘ਅਮਰੂ ਨਿਥਾਵਾ’ ਹੋਵੇਗਾ, ਜੋ ਰਾਤ ਵੀ ਚੈਨ ਨਹੀਂ ਲੈਂਦਾ। ਇਹ ਗੱਲ ਸੰਨ 1552 ਦੀ ਹੈ ਜਦ ਆਪ ਜੀ ਦੀ ਉਮਰ 73 ਸਾਲ ਦੀ ਸੀ। ਜਦ ਗੁਰੂ ਅੰਗਦ ਦੇਵ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਆਪ ਦੀ ਸਰਾਹਨਾ ਕੀਤੀ ਅਤੇ ਆਪ ਨੂੰ ‘ਨਿਥਾਵਿਆਂ ਦਾ ਥਾਂ’, ‘ਨਿਮਾਣਿਆਂ ਦਾ ਮਾਣ’, ‘ਨਿਤਾਣਿਆ ਦਾ ਤਾਣ’, ‘ਨਿਆਸਰਿਆਂ ਦਾ ਆਸਰਾ’, ‘ਨਿਓਟਿਆਂ ਦੀ ਓਟ’, ‘ਨਿਧਰਿਆ ਦੀ ਧਿਰ’, ‘ਨਿਗਤਿਆਂ ਦੀ ਗਤ’ ਕਿਹਾ।

ਇਸ ਘਟਨਾ ਨੇ ਗੁਰੂ ਅੰਗਦ ਦੇਵ ਜੀ ਦੇ ਜਾਨਸ਼ੀਨ ਦੀ ਚੋਣ ਕਰਨ ਦੇ ਮਸਲੇ ਨੂੰ ਹੱਲ ਕਰ ਦਿੱਤਾ। ਗੁਰੂ ਅੰਗਦ ਦੇਵ ਜੀ ਨੇ ਪ੍ਰਚਲਿਤ ਮਰਯਾਦਾ ਅਨੁਸਾਰ ਨਾਰੀਅਲ ਅਤੇ ਪੰਜ ਪੈਸੇ ਅਮਰਦਾਸ ਜੀ ਅੱਗੇ ਰੱਖਕੇ ਮੱਥਾ ਟੇਕਿਆ। ਗੁਰੂ ਗੱਦੀ ਉੱਤੇ ਬਿਰਾਜਮਾਨ ਕਰਨ ਲਈ ਗੁਰਗੱਦੀ ਦਾ ਟਿੱਕਾ ਸਤਿਕਾਰਯੋਗ ਭਾਈ ਬੁੱਢਾ ਜੀ ਨੇ ਲਗਾਇਆ। ਛੇਤੀ ਹੀ ਪਿੱਛੋਂ 1609 ਬਿਕਰਮੀ ਸਾਲ ਦੇ ਚੇਤ ਦੇ ਪਹਿਲੇ ਚਾਨਣੇ ਪੱਖ ਦੇ ਚੌਥੇ ਦਿਨ (29 ਮਾਰਚ 1552 ਈ.) ਨੂੰ ਗੁਰੂ ਅੰਗਦ ਦੇਵ ਜੀ ਜੋਤੀ ਜੋਤ ਸਮਾ ਗਏ। ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਨੂੰ ਆਪਣਾ ਮੁੱਖ ਕੇਂਦਰ ਬਣਾਇਆ ਤੇ ਇੱਥੇ ਹੀ ਰਹਿ ਕੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪ੍ਰਚਾਰ ਕੀਤਾ। ਆਪ ਜੀ ਨੇ ਧਰਮ ਪ੍ਰਚਾਰ ਲਈ ਇੱਕ ਦ੍ਰਿੜ ਮੰਜੀ ਪ੍ਰਣਾਲੀ ਸ਼ੁਰੂ ਕੀਤੀ ਅਤੇ ਭਾਰਤ ਦੇ ਵੱਖ ਵੱਖ ਭਾਗਾਂ ਵਿੱਚ ਪ੍ਰਚਾਰ ਕਰਨ ਲਈ 22 ਮੰਜੀਆਂ ਸਥਾਪਿਤ ਕੀਤੀਆਂ ਭਾਵ ਕਿ ਪ੍ਰਚਾਰ ਕੇਂਦਰ ਕਾਇਮ ਕੀਤੇ। ਹਰ ਮੰਜੀ ਇੱਕ ਗੁਰਮੁਖ ਸਿੱਖ ਦੇ ਅਧੀਨ ਸੀ ਜੋ ਕਿ ਪ੍ਰਚਾਰ ਕਰਨ ਤੋਂ ਇਲਾਵਾ ਆਪਣੇ ਅਧਿਕਾਰ ਖੇਤਰ ਵਿੱਚ ਸੰਗਤ ਦੀ ਸੇਵਾ ਸੰਭਾਲ ਕਰਦਾ ਸੀ ਅਤੇ ਸਿੱਖਾਂ ਦੀਆਂ ਭੇਟਾਵਾਂ ਗੋਇੰਦਵਾਲ ਭੇਜਦਾ ਸੀ। ਆਪ ਜੀ ਨੇ ਵੈਸਾਖ ਅਤੇ ਮਾਘ ਦੇ ਪਹਿਲੇ ਦਿਨ ਅਤੇ ਦਿਵਾਲੀ , ਗੋਇੰਦਵਾਲ ਵਿਖੇ ਸਿੱਖਾਂ ਦੇ ਇਕੱਠੇ ਹੋਣ ਲਈ ਨੀਯਤ ਕਰ ਦਿੱਤੇ। ਪਾਣੀ ਦੀ ਤੰਗੀ ਨੂੰ ਦੂਰ ਕਰਨ ਲਈ ਇੱਕ ਬਉਲੀ ਬਣਾਈ। ਲੰਗਰ ਦੀ ਪ੍ਰਥਾ ਪਹਿਲਾਂ ਹੀ ਸੀ। ਇਸ ਨੂੰ ਹੋਰ ਵੱਡੇ ਪੈਮਾਨੇ ’ਤੇ ਸ਼ੁਰੂ ਕੀਤਾ ਗਿਆ। ਇਸ ਤੋਂ ਇਨ੍ਹਾਂ ਦਾ ਭਾਵ ਜਾਤ ਪਾਤ ਅਤੇ ਅਹੁਦੇ ਦੀ ਭਾਵਨਾ ਨੂੰ ਘਟਾਉਣਾ ਸੀ। ਇੱਕ ਵਾਰੀ ਅਕਬਰ ਬਾਦਸ਼ਾਹ ਗੋਇੰਦਵਾਲ ਆਇਆ ਤਾਂ ਉਸ ਨੇ ਵੀ ਲੰਗਰ ਵਿੱਚ ਬੈਠ ਕੇ ਪ੍ਰਸ਼ਾਦਾ ਛਕਿਆ। ਆਪ ਰੁੱਖੀ ਮਿੱਸੀ ਰੋਟੀ ਖਾਂਦੇ ਸਨ। ਜੋ ਕੁਝ ਦਿਨ ਵੇਲੇ ਲੰਗਰ ਵਿੱਚ ਆਉਂਦਾ ਸੀ ਰਾਤ ਤੱਕ ਵਰਤ ਜਾਂਦਾ ਸੀ ।

ਗੁਰੂ ਜੀ ਨੇ ਉਸ ਸਮੇਂ ਹਿੰਦੂ ਧਰਮ ਵਿੱਚ ਫੈਲੀਆਂ ਕੁਰੀਤੀਆਂ ਵੱਲ ਧਿਆਨ ਦੇਣਾ ਸ਼ੁਰੂ ਕੀਤਾ। ਉਸ ਸਮੇਂ ਸਤੀ ਦੀ ਰਸਮ ਸੀ, ਜਿਸ ਵਿੱਚ ਪਤੀ ਦੇ ਮਰਨ ’ਤੇ ਵਿਧਵਾ ਨੂੰ ਪਤੀ ਦੀ ਚਿੱਖਾ ’ਤੇ ਸੜਨਾ ਪੈਂਦਾ ਸੀ। ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਬਾਦਸ਼ਾਹ ਅਕਬਰ ਪਾਸ ਭੇਜਿਆ ਕਿ ਉਹ ਇਸ ਰਸਮ ਨੂੰ ਰੋਕਣ ਲਈ ਸ਼ਾਹੀ ਤਾਕਤ ਵਰਤਣ। ਗੁਰੂ ਅਮਰਦਾਸ ਜੀ ਨੇ ਸਿੱਖਾਂ ਵਿੱਚ ਪਰਦੇ ਦੀ ਰਸਮ ਤੋਂ ਵੀ ਵਰਜਿਆ।

ਗੁਰੂ ਅਮਰਦਾਸ ਜੀ ਨੇ ਹਿੰਦੂਆਂ ਪਾਸੋਂ ਤੀਰਥ ਯਾਤਰਾ ’ਤੇ ਲਿਆ ਜਾਂਦਾ ਕਰ ਵੀ ਬੰਦ ਕਰਵਾਇਆ। ਗੁਰੂ ਜੀ ਕੁਰੀਤੀਆਂ ਨੂੰ ਦੂਰ ਕਰਾਉਣ ਲਈ ਵੱਖ-ਵੱਖ ਤੀਰਥ ਅਸਥਾਨਾਂ ’ਤੇ ਗਏ । ਕਰ ਤੋਂ ਛੋਟ ਮਿਲਣ ਕਰਕੇ ਅਨੇਕਾਂ ਹਿੰਦੂ ਵੀ ਉਨ੍ਹਾਂ ਦੇ ਨਾਲ ਤੀਰਥ ਯਾਤਰਾ ਨੂੰ ਗਏ। ਉਨ੍ਹਾਂ ਨਾਲ ਗੁਰੂ ਰਾਮਦਾਸ ਜੀ ਤੇ ਹੋਰ ਮੁਖੀ ਸਿੱਖ ਵੀ ਗਏ। ਉਹ ਪਹਿਲਾਂ ਕੁਰਕਸ਼ੇਤਰ, ਫਿਰ ਜਮਨਾ ਅਤੇ ਫਿਰ ਹਰਿਦੁਆਰ ਗਏ। ਗੁਰੂ ਨਾਨਕ ਜੀ ਵਾਂਗ ਆਪ ਦਾ ਮਕਸਦ ਵੀ ਕੁਰਾਹੇ ਪਈ ਜਨਤਾ ਨੂੰ ਸਿੱਧੇ ਰਾਹ ਲਿਆਉਣਾ ਸੀ।

ਗੁਰੂ ਜੀ ਨੇ ਜਾਤ ਪਾਤ ਦਾ ਭਰਮ ਮਿਟਾਕੇ ਭਰੇ ਦਰਬਾਰ ਵਿੱਚ ਕਈ ਅੰਤਰ-ਜਾਤੀ ਵਿਆਹ ਕੀਤੇ। ਭਾਈ ਸ਼ੀਂਹੇ ਦੀ ਲੜਕੀ ਇੱਕ ਗਰੀਬ ਸਿੱਖ ‘ਪ੍ਰੇਮੇ’ ਨਾਲ ਵਿਆਹੀ। ਇੱਕ ਰਾਜਪੂਤ ਲੜਕੀ ਦੀ ਸ਼ਾਦੀ ‘ਸੱਚਨ ਸੱਚ’ ਨਾਮੀ ਲਕੜਹਾਰੇ ਨਾਲ ਕੀਤੀ। ਗੁਰੂ ਸਾਹਿਬ ਨੇ ਵੀ ਆਪਣੀ ਲੜਕੀ ਬੀਬੀ ਭਾਨੀ ਦੀ ਸ਼ਾਦੀ ਲਈ ਇੱਕ ਘੁੰਗਣੀਆਂ ਵੇਚਣ ਵਾਲੇ ਕਿਰਤੀ ਗੱਭਰੂ ਭਾਈ ਜੇਠੇ ਨਾਲ ਕੀਤੀ, ਜੋ ਬਾਅਦ ਵਿੱਚ ਗੁਰੂ ਰਾਮਦਾਸ ਜੀ ਚੌਥੇ ਪਤਾਸ਼ਾਹ ਬਣੇ । ਮਾਝੇ ਵਿੱਚ ਗੁਰੂ ਅਮਰਦਾਸ ਜੀ ਨੇ ਸਿੱਖਾਂ ਦੇ ਕੇਂਦਰ ਲਈ ਅੰਮ੍ਰਿਤਸਰ ਵਾਲੀ ਜਗ੍ਹਾ ਚੁਣੀ। ਚਹੁੰ ਪਿੰਡਾਂ ਗੁਮਟਾਲਾ, ਤੁੰਗ, ਸੁਲਤਾਨਵਿੰਡ ਤੇ ਗਿਲਵਾਲੀ ਦੇ ਪੈਂਚ ਸਦਵਾ ਲਏ ਅਤੇ ਉਨ੍ਹਾਂ ਸਾਹਮਣੇ ਮੋੜੀ ਗਡਵਾ ਕੇ ਪਿੰਡ ਦਾ ਨਾਮ ਗੁਰੂ-ਚੱਕ ਰੱਖ ਦਿੱਤਾ। ਇਹ ਸਮ੍ਹਾਂ ਹਾੜ ਸੰਮਤ 1627 (ਜੂਨ ਸੰਨ 1570) ਦਾ ਹੈ। ਇਸ ਨੂੰ ਵਸਾਉਣ ਦਾ ਕੰਮ ਆਪ ਜੀ ਨੇ (ਗੁਰੂ) ਰਾਮਦਾਸ ਜੀ ਦੀ ਨਿਗਰਾਨੀ ਵਿੱਚ ਕਰਵਾਇਆ।

ਆਪ ਜੀ ਨੇ ਪਹਿਲੇ ਗੁਰੂਆਂ ਦੀ ਤਰ੍ਹਾਂ ਪੰਜਾਬੀ ਵਿੱਚ ਬਾਣੀ ਰਚੀ। ਗਿਣਤੀ ਪੱਖੋਂ ਗੁਰਬਾਣੀ ਰਚਨਾ ਵਿੱਚ ਪਹਿਲਾ ਸਥਾਨ ਗੁਰੂ ਨਾਨਕ ਦੇਵ ਜੀ ਦਾ ਤੇ ਦੂਜਾ ਸਥਾਨ ਗੁਰੂ ਅਰਜਨ ਦੇਵ ਜੀ ਦਾ ਹੈ। ਆਪ ਜੀ ਦਾ ਸਥਾਨ ਤੀਸਰਾ ਹੈ। ਆਪ ਜੀ ਨੇ ਸਤਾਰਾਂ ਰਾਗਾਂ ਵਿੱਚ ਬਾਣੀ ਰਚੀ ਜਿਨ੍ਹਾਂ ਦੇ ਨਾਂ ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ ਅਤੇ ਪ੍ਰਭਾਤੀ। ਸਭ ਤੋਂ ਪ੍ਰਸਿੱਧ ਇਨ੍ਹਾਂ ਦੀ ਬਾਣੀ ਅਨੰਦ ਸਾਹਿਬ ਹੈ। ਕਾਵਿ ਰੂਪਾਂ ਵਿੱਚੋਂ ਆਪ ਜੀ ਨੇ ਪਦੇ, ਛੰਤ, ਅਸ਼ਟਪਦੀਆਂ, ਸਲੋਕ ਅਤੇ ਵਾਰਾਂ ਦੇ ਰੂਪ ਵਰਤੇ ਹਨ।

ਗੁਰੂ ਜੀ ਨੇ ਆਪਣਾ ਸਰੀਰਕ ਅੰਤ ਨੇੜੇ ਆਇਆ ਜਾਣ ਕੇ ਆਪਣੇ ਸਾਰੇ ਪਰਿਵਾਰ ਨੂੰ ਸੱਦਿਆ ਤੇ ਆਦੇਸ਼ ਦਿੱਤਾ ਕਿ ਕੋਈ ਵੀ ਉਨ੍ਹਾਂ ਦੇ ਅਕਾਲ ਚਲਾਣੇ ’ਤੇ ਨਾ ਹੀ ਅਫ਼ਸੋਸ ਕਰੇ ਅਤੇ ਨਾ ਹੀ ਰੋਏ ਕੁਰਲਾਏ। ਸਗੋਂ ਗੁਰੂ ਦੀ ਬਾਣੀ ਦਾ ਪਾਠ ਕਰਕੇ ਵਾਹਿਗੁਰੂ ਦਾ ਨਾਮ ਜਪੇ। ਗੁਰੂ ਜੀ ਦੀ ਇਹ ਅੰਤਮ ਸਿੱਖਿਆ ਉਨ੍ਹਾਂ ਦੇ ਪੜਪੋਤਰੇ ਬਾਬਾ ਸੁੰਦਰ ਜੀ ਨੇ 6 ਪੌੜੀਆਂ ਦੀ ਇੱਕ ਨਿੱਕੀ ਜਿਹੀ ਬਾਣੀ ਦੇ ਰੂਪ ਵਿੱਚ ਲਿਖੀ ਹੈ ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਰਾਮਕਲੀ ਰਾਗ ਵਿੱਚ ‘ਸੱਦ’ ਸਿਰਲੇਖ ਹੇਠ ਦਰਜ ਕੀਤਾ ਹੈ। ਆਪ ਜੀ ਨੇ ਆਪਣੇ ਪੂਰਬਲੇ ਗੁਰੂ ਸਾਹਿਬਾਨ ਅਤੇ ਕੁਝ ਭਗਤਾਂ ਦੀਆਂ ਰਚਨਾਵਾਂ ਇਕੱਤਰ ਕੀਤੀਆਂ ਤੇ ਇਨ੍ਹਾਂ ਨੂੰ ਪੋਥੀਆਂ ਦੇ ਰੂਪ ਵਿੱਚ ਇਕੱਠਾ ਕੀਤਾ। ਇਨ੍ਹਾਂ ਪੋਥੀਆਂ ਵਿੱਚੋਂ ਦੋ ਅੱਜ ਵੀ ਉਨ੍ਹਾਂ ਦੇ ਵਾਰਸਾਂ ਕੋਲ ਹਨ। ਇਹ ਕਾਰਜ (ਗੁਰੂ) ਗ੍ਰੰਥ ਸਾਹਿਬ ਦੇ ਵਿਧੀ ਪੂਰਬਕ ਸੰਕਲਨ ਵੱਲ ਚੁਕਿਆ ਇੱਕ ਮਹੱਤਵਪੂਰਨ ਕਦਮ ਸੀ।

ਆਪ 95 ਸਾਲ ਦੀ ਉਮਰ ਪੂਰੀ ਕਰਨ ਪਿੱਛੋਂ ਆਪਣੇ ਜੁਆਈ ਜੇਠਾ ਜੀ ਨੂੰ ਗੁਰਗੱਦੀ ਸੌਂਪ ਕੇ ਭਾਦੋਂ ਸੁਦੀ 15, 1631 ਬਿਕਰਮੀ(1 ਸਤੰਬਰ 1574 ਈ.) ਜੋਤੀ ਜੋਤ ਸਮਾ ਗਏ। ਭਾਈ ਜੇਠਾ ਜੀ ਸਿੱਖਾਂ ਦੇ ਚੌਥੇ ਗੁਰੂ, ਗੁਰੂ ਰਾਮਦਾਸ ਜੀ ਬਣੇ।





ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸ੍ਰੀ ਗੁਰੂ ਅਮਰਦਾਸ ਸਾਹਿਬ ਜੀ

ਭਾਰਤ ਦੇ ਮੱਧਕਲੀਨ ਇਤਿਹਾਸ ਵਿੱਚ ਰਾਜਨੀਤਿਕ ਸਥਿਤੀ ਡਾਵਾਂਡੋਲ ਸੀ। ਦੇਸ਼ ਛੋਟੇ- ਛੋਟੇ ਆਜ਼ਾਦ ਰਾਜਾਂ ਵਿੱਚ ਵੰਡਿਆ ਹੋਇਆ ਸੀ। ਜਨ ਸਧਾਰਣ ਰਾਜਨੀਤਿਕ ਅਤੇ ਧਾਰਮਿਕ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਸੀ। ਪੰਦਰਵੀਂ ਸਦੀ ਵਿੱਚ ਭਗਤੀ ਲਹਿਰ ਨਾਲ ਸਮਾਜ ਵਿੱਚ ਇੱਕ ਵੱਖਰਾ ਅਤੇ ਨਵਾਂ ਇਨਕਲਾਬ ਆਇਆ। ਭਗਤੀ ਲਹਿਰ ਦੇ ਸੁਧਾਰਕਾਂ ਨੇ ਮਨੁੱਖਤਾਂ ਦੇ ਦਿੱਲਾਂ ਵਿੱਚ ਆਤਮਿਕ ਅਧਿਆਤਮਕ ਜੋਤ ਜਗਾਈ। ਧਰਮ ਨਾਲ ਜੁੜੇ ਸੰਸਕਾਰਾਂ ਵਿੱਚ ਜਾਗ੍ਰਿਤੀ ਆਈ। ਇਸੇ ਲੜੀ ਵਿੱਚ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਆਗਮਨ 1469 ਈ. ਵਿੱਚ ਹੋਇਆ। ਆਪ ਸਿੱਖ ਲਹਿਰ ਦੇ ਮੋਢੀ ਵਿਚਾਰਧਾਰਕ ਆਗੂ ਸਨ। ਆਪ ਜੀ ਦਾ ਸਥਾਪਤ ਗੁਰਮਤਿ ਇੱਕ ਵਿੱਲੱਖਣ ਮੱਤ ਸੀ। ਸਿੱਖ ਧਰਮ ਪਰਮਾਤਮਾ ਨੂੰ ਮੰਨਣ ਵਾਲਾ ਕੌਮੀ ਮਾਰਗ ਹੈ। ਸਿੱਖੀ ਦਾ ਰੂਹਾਨੀ ਅਤੇ ਕੌਮੀ ਆਧਾਰ ਸਿੱਖਾਂ ਦੇ ਪਹਿਲੇ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਸਥਾਪਿਤ ਕੀਤਾ। ਬਾਅਦ ਦੇ 9 ਗੁਰੂ ਸਾਹਿਬਾਨ ਵੱਲੋਂ ਸਮੇਂ ਸਮੇਂ ਸਮਾਜਿਕ ਬੁਰਾਈਆਂ ਨੂੰ ਦੂਰ ਕਰਕੇ ਅਧਿਆਤਮਕਤਾ ਦਾ ਰਾਹ ਦਰਸਾਇਆ ਗਿਆ। ਇਸ ਨਿਰੰਤਰ ਸਮਾਜ ਸੁਧਾਰ ਵਿੱਚ ਗੁਰੂ ਸਾਹਿਬਾਨ ਨੇ ਮੁਕਤੀ ਵਿਚਾਰ ਨੂੰ ਨਵਾਂ ਅਰਥ ਦੇ ਕੇ ਮਨੁੱਖਤਾ ਦੀ ਸੇਵਾ ਨਾਲ ਜੋੜ ਦਿੱਤਾ। ਗੁਰੂ ਸਾਹਿਬਾਨ ਜੀ ਦੀਆਂ ਸਿੱਖਿਆਵਾਂ ਗੁਰੂ ਗਰੰਥ ਸਾਹਿਬ ਜੀ ਵਿੱਚ ਦਰਜ਼ ਹਨ। ਸਿੱਖ ਧਰਮ ਦਾ ਆਧਾਰ ਹੈ ਕਿ ਇੱਕ ਪਰਮਾਤਮਾ ਵਿੱਚ ਯਕੀਨ ਰੱਖਦਾ ਹੈ। ਗੁਰੂ ਨਾਨਕ ਦੇਵ ਸਾਹਿਬ ਜੀ ਨੇ ਆਪਣੇ ਜੋਤੀ ਜੋਤਿ ਸਮਾਉਣ ਵੇਲੇ ਆਪਣੇ ਸਿੱਖ ਗੁਰੂ ਅੰਗਦ ਦੇਵ ਸਾਹਿਬ ਜੀ ਨੂੰ ਸਿੱਖੀ ਮਾਰਗ ਦੀ ਰਹਿਨੁਮਾਈ ਦੀ ਜਿੰਮੇਵਾਰੀ ਦਿੱਤੀ। ਇਹ ਗੁਰੂ ਪ੍ਰਥਾ ਦਸਵੇਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਸਮੇਂ 1708 ਈ. ਤਕ ਜਾਰੀ ਰਹੀ। ਉਪਰੰਤ ਗੁਰਗੱਦੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਾਪਤ ਹੋਈ। ਸੰਨ 1699 ਈ. ਦੀ ਵਿਸਾਖੀ 'ਤੇ ਪੰਜ ਪਿਆਰੇ ਸਾਜ ਕੇ ਫ਼ੌਜੀ ਖ਼ਾਲਸਾ ਕਾਇਮ ਕੀਤਾ। ਸਿੱਖਾਂ ਨੂੰ ਇੱਕ ਵੱਖਰੀ ਪਛਾਣ ਦਿੱਤੀ। ਇਸੇ ਗੁਰੂ ਪ੍ਰਥਾ ਵਿੱਚ ਗੁਰੂ ਅਮਰਦਾਸ ਸਾਹਿਬ ਜੀ ਸਿੱਖਾਂ ਦੇ ਤੀਸਰੇ ਗੁਰੂ ਹੋਏ ਹਨ।

ਆਪ ਜੀ ਦਾ ਆਗਮਨ ਪਿੰਡ ਬਾਸਰਕੇ ਗਿੱਲਾਂ ਅੰਮ੍ਰਿਤਸਰ ਪਿਤਾ ਬਾਬਾ ਤੇਜਭਾਨ ਜੀ ਭੱਲਾ ਖੱਤਰੀ ਅਤੇ ਮਾਤਾ ਬਖਤ ਕੌਰ ਦੇ ਗ੍ਰਹਿ ਵਿਖੇ 23 ਮਈ, 1479 ਨੂੰ ਹੋਇਆ। ਪ੍ਰਵਾਰ ਖੇਤੀ ਅਤੇ ਦੁਕਾਨ ਵਪਾਰ ਕਰਦਾ ਸੀ। ਬੜਾ ਮਿਹਨਤੀ ਪ੍ਰਵਾਰ ਸੀ। ਧਾਰਮਿਕ ਬਿਰਤੀ ਵਾਲੇ ਸਨ। ਧਾਰਮਿਕ ਤੌਰ 'ਤੇ ਵੈਸ਼ਨਵੀ ਹਿੰਦੂ ਧਰਮ ਨਾਲ ਜੁੜੇ ਹੋਏ ਸਨ। ਆਪ ਜੀ ਦਾ ਵਿਆਹ 24 ਸਾਲ ਦੀ ਉਮਰ ਵਿੱਚ ਸਨਖ੍ਰਤਾ ਪਿੰਡ ਦੇ ਬਹਿਲ ਪ੍ਰਵਾਰ ਵਿੱਚ 1503 ਈ. ਨੂੰ ਮਾਤਾ ਮਨਸਾ ਦੇਵੀ ਨਾਲ ਹੋਇਆ। ਆਪ ਜੀ ਦੇ ਦੋ ਪੁੱਤਰ ਭਾਈ ਮੋਹਨ ਅਤੇ ਭਾਈ ਮੋਹਰੀ, ਦੋ ਧੀਆਂ ਬੀਬੀ ਦਾਨੀ ਅਤੇ ਬੀਬੀ ਭਾਨੀ ਸਨ। ਧਾਰਮਿਕ ਰੁਚੀ ਵਿੱਚ ਆਪ 42 ਸਾਲ ਦੀ ਉਮਰ ਵਿੱਚ 1521 ਈ. ਨੂੰ ਹਰਿਦੁਆਰ ਤੀਰਥ ਇਸ਼ਨਾਨ 'ਤੇ ਗਏ। ਫਿਰ 20 ਸਾਲ 1541 ਈ. ਤਕ ਹਰ ਸਾਲ ਨੇਮ ਨਾਲ ਜਾਂਦੇ ਰਹੇ।

ਆਪ ਜੀ ਦੇ ਭਤੀਜੇ ਦੀ ਵਹੁਟੀ ਬੀਬੀ ਅਮਰੋ ਦਾ ਅੰਮ੍ਰਿਤ ਵੇਲੇ ਰੱਬੀ ਬਾਣੀ ਪੜਨ ਦਾ ਨੇਮ ਸੀ। ਰੱਬੀ ਬਾਣੀ ਜਦੋਂ ਅਮਰਦਾਸ ਜੀ ਨੇ ਸਰਵਣ ਕੀਤੀ, ਤਾਂ ਉਹਨਾਂ ਦੇ ਮਨ 'ਤੇ ਇਸਦਾ ਡੂੰਘਾ ਅਸਰ ਹੋਇਆ। ਇਸੇ ਪ੍ਰਭਾਵ ਹੇਠ ਗੁਰ ਦਰਸ਼ਨਾਂ ਦੀ ਤਾਂਘ ਉਹਨਾਂ ਨੂੰ ਖਡੂਰ ਸਾਹਿਬ ਲੈ ਆਈ। ਸੰਨ 1540 ਵਿੱਚ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਦਰਸ਼ਨ ਕਰਕੇ ਉਹਨਾਂ ਜਾਣ ਲਿਆ ਸੀ ਕਿ ਮੈਨੂੰ ਮੇਰਾ ਅਧਿਆਤਮਕ ਰਾਹ ਦਸੇਰਾ ਗੁਰੂ ਮਿਲ ਗਿਆ ਹੈ। ਤਦ 62 ਸਾਲ ਦੀ ਉਮਰ ਵਿੱਚ ਉਹਨਾਂ ਗੁਰੂ ਅੰਗਦ ਦੇਵ ਸਾਹਿਬ ਜੀ ਨੂੰ ਆਪਣਾ ਗੁਰੂ ਧਾਰ ਲਿਆ।

ਆਪ ਖਡੂਰ ਸਾਹਿਬ ਵਿਖੇ ਗੁਰੂ ਅੰਗਦ ਦੇਵ ਸਾਹਿਬ ਜੀ ਦੀ ਸੇਵਾ ਵਿੱਚ ਪੱਕੇ ਤੌਰ 'ਤੇ ਰਹਿਣ ਲੱਗੇ। ਗੁਰੂ ਸਦਾ ਉਹਨਾਂ ਦੇ ਮਨ ਵਿੱਚ ਵਸਿਆ ਰਹਿੰਦਾ। ਉਹ ਦਿਨ ਰਾਤ ਗੁਰੂ ਦੀ ਸੇਵਾ ਵਿੱਚ ਜੁੱਟ ਗਏ। ਖਡੂਰ ਸਾਹਿਬ ਤੋਂ ਬਿਆਸ ਤਿੰਨ ਕੋਹ 'ਤੇ ਹੈ। ਆਪ ਅੰਮ੍ਰਿਤ ਵੇਲੇ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਇਸ਼ਨਾਨ ਲਈ ਗਾਗਰ ਭਰਕੇ ਲਿਆਉਂਦੇ। ਲੰਗਰਾਂ ਦੀ ਸੇਵਾ ਵਿੱਚ ਲਕੜੀ ਲਿਆਉਣਾ, ਭਾਂਡੇ ਮਾਜਣਾਂ , ਪਾਣੀ ਢੋਣਾ, ਪੱਖਾ ਝੱਲਣਾਂ ਤੇ ਸੰਗਤਾਂ ਦੇ ਸੁੱਖ ਅਰਾਮ ਲਈ ਸੇਵਾ ਕਰਨ ਦਾ ਨੇਮ ਸੀ। ਵਿਹਲੇ ਸਮੇਂ ਵਿੱਚ ਗੁਰੂ ਅੰਗਦ ਦੇਵ ਸਾਹਿਬ ਜੀ ਪਾਸੋਂ ਗੁਰਬਾਣੀ ਦੇ ਸੁੱਖ ਆਰਾਮ ਲਈ ਸੇਵਾ ਕਰਨ ਦਾ ਨੇਮ ਸੀ। ਵਿਹਲੇ ਸਮੇਂ ਵਿੱਚ ਗੁਰੂ ਅੰਗਦ ਦੇਵ ਜੀ ਸਾਹਿਬ ਪਾਸੋਂ ਗੁਰਬਾਣੀ ਪੜਦੇ ਰਹਿਣਾ। ਗੁਰੂ ਅੰਗਦ ਦੇਵ ਸਾਹਿਬ ਜੀ ਕੋਲ ਗੁਰਬਾਣੀ ਦਾ ਸੰਗ੍ਰਹਿ ਸੀ। ਬਾਣੀ ਦੀ ਇਸ ਲਗਨ ਨੇ ਉਹਨਾਂ ਨੂੰ 74 ਸਾਲ ਦੀ ਉਮਰ ਵਿੱਚ ਗੁਰਬਾਣੀ ਦਾ ਰਚੇਤਾ ਬਣਾ ਦਿੱਤਾ। ਉਹਨਾਂ 12 ਸਾਲ ਤੱਕ ਗੁਰਾਂ ਦੀ ਸੇਵਾ ਕੀਤੀ।

ਲੋਕਾਂ ਨੇ ਉਹਨਾਂ ਦਾ ਬੜਾ ਮਖੌਲ ਉਡਾਇਆ। ਉਹਨਾਂ ਨੂੰ ਨੌਕਰ, ਪਾਗਲ, ਕਹਾਰਾ ਆਦਿ ਕਿਹਾ। ਆਪ ਜੀ ਨੇ ਇਸ ਨਿਰਾਦਰੀ ਦੀ ਕੋਈ ਪ੍ਰਵਾਹ ਨਹੀਂ ਕੀਤੀ। ਉਹਨਾਂ ਦੇ ਮਨ ਵਿੱਚ ਸੇਵਾ ਅਤੇ ਗੁਰੂ ਪ੍ਰਤੀ ਸਤਿਕਾਰ ਸੀ। ਗੁਰੂ ਅੰਗਦ ਦੇਵ ਸਾਹਿਬ ਜੀ ਨੇ ਉਹਨਾਂ ਦੀ ਨਿਰਾਦਰੀ ਸੁਣ ਕੇ ਕਿਹਾ ਕਿ ਆਪ ਧੰਨ ਹੋ, ਨਿਥਾਵਿਆਂ ਦੀ ਥਾਂ ਹੋ, ਨਿਆਸਰਿਆਂ ਦਾ ਆਸਰਾ ਹੋ, ਨਿਘਰਿਆਂ ਦਾ ਘਰ ਹੋ ਆਦਿ ਨਾਂਵਾਂ ਨਾਲ ਪ੍ਰਸੰਸਾਂ ਅਤੇ ਸਨਮਾਨ ਦਿੱਤਾ। ਆਪ ਜੀ ਦੀ ਗੁਰੂ ਪ੍ਰਤੀ ਸ਼ਰਧਾ, ਨਿਸ਼ਕਾਮ ਸੇਵਾ, ਭਾਵਨਾ, ਹਲੀਮੀ, ਨਿਮਰਤਾ ਅਤੇ ਪ੍ਰਬੰਧਕੀ ਯੋਗਤਾ ਤੋਂ ਪ੍ਰਭਾਵਿਤ ਹੋ ਕੇ 29 ਮਾਰਚ 1552 ਨੂੰ ਗੁਰਗੱਦੀ ਸੌਂਪ ਦਿੱਤੀ। ਜਦ ਕਿ ਆਪ ਜੀ ਦੀ ਉਮਰ 6 ਦਹਾਕੇ ਪਾਰ ਕਰ ਚੁੱਕੀ ਸੀ।

ਗੁਰੂ ਅੰਗਦ ਦੇਵ ਸਾਹਿਬ ਜੀ ਦੇ ਆਦੇਸ਼ ਅਨੁਸਾਰ ਸਿੱਖ ਧਰਮ ਦਾ ਪ੍ਰਚਾਰ ਕੇਂਦਰ ਖਡੂਰ ਸਾਹਿਬ ਤੋਂ ਗੋਇੰਦਵਾਲ ਸਾਹਿਬ ਬਣਾ ਲਿਆ। ਇਹ ਨਗਰ ਵੀ ਗੁਰੂ ਅੰਗਦ ਦੇਵ ਜੀ ਦੇ ਕਹਿਣ 'ਤੇ ਹੀ ਆਪ ਵੱਲੋਂ ਵਸਾਇਆ ਗਿਆ। ਗੁਰਗੱਦੀ 'ਤੇ ਬੈਠਦਿਆਂ ਹੀ ਭਾਵੇਂ ਆਪ ਜੀ ਨੂੰ ਘਰੇਲੂ ਅਨੇਕਾਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਜਿਵੇਂ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਸਪੁੱਤਰ ਬਾਬਾ ਦਾਤੂ ਜੀ ਨੇ ਗੁਰਆਈ ਗੱਦੀ ਨੂੰ ਲੈ ਕੇ ਆਪ ਜੀ ਦੀ ਵਿਰੋਧਤਾ ਕੀਤੀ। ਉਹ ਇੱਕ ਦਿਨ ਗੋਇੰਦਵਾਲ ਸਾਹਿਬ ਆ ਕੇ ਜਬਰੀ ਗੁਰਗੱਦੀ 'ਤੇ ਬੈਠ ਗਿਆ। ਆਪ ਜੀ ਨੂੰ ਅਹਿਸਾਸ ਸੀ ਕਿ ਉਹਨਾਂ ਖੁਦ ਗੁਰੂ ਅੰਗਦ ਦੇਵ ਜੀ ਸਾਹਿਬ ਜੀ ਦੀ 12 ਸਾਲ ਸੇਵਾ ਕੀਤੀ ਹੈ ਤੇ ਸ਼ਾਂਤ ਰਹੇ। ਨਿਸ਼ਕਾਮ ਸੇਵਾ ਲਈ ਉਹਨਾਂ ਦੇ ਮਨ ਵਿੱਚ ਕੋਈ ਲਾਲਸਾ ਤੇ ਵਡਿਆਈ ਨਹੀਂ ਸੀ। ਗੁਰੂ ਜੀ ਇਸੇ ਝਗੜੇ ਵਿੱਚ ਆਪ ਬਾਸਰਕੇ ਆ ਗਏ ਪਰ ਸੰਗਤਾਂ ਨੇ ਬਾਬਾ ਦਾਤੂ ਜੀ ਨੂੰ ਗੁਰੂ ਮੰਨਣ ਤੋਂ ਇਨਕਾਰ ਕਰ ਦਿੱਤਾ। ਫਿਰ ਗੁਰੂ ਸਾਹਿਬ ਜੀ ਨੂੰ ਸੰਗਤਾਂ ਨੇ ਗੋਇੰਦਵਾਲ ਸਾਹਿਬ ਮੋੜ ਲਿਆਂਦਾ। ਬਾਬਾ ਦਾਤੂ ਜੀ ਨੇ ਬਾਦਸ਼ਾਹ ਅਕਬਰ ਕੋਲ ਵੀ ਗੁਰੂ ਸਾਹਿਬ ਵਿਰੁੱਧ ਸ਼ਿਕਾਇਤ ਕੀਤੀ ਪਰ ਸਫ਼ਲ ਨਾ ਹੋ ਸਕੇ।

ਆਪਣੇ 22 ਸਾਲ ਦੇ ਗੁਰੂ ਕਾਲ ਵਿੱਚ ਸਿੱਖ ਮੱਤ ਦੇ ਸੰਗਠਨ ਤੇ ਵਿਕਾਸ ਲਈ ਸਮਾਜਿਕ ਸੁਧਾਰ ਵੀ ਕੀਤੇ। ਆਪਣੇ ਅਧਿਆਤਮਕ ਉਪਦੇਸ਼ ਵਿੱਚ, ਉਹਨਾਂ ਨੇ ਉਦਾਸੀ ਸਾਧੂਆਂ ਤੋਂ ਮੂੰਹ ਮੋੜ ਲੈਣ ਲਈ ਕਿਹਾ। ਗੁਰੂ ਸਾਹਿਬਾਨ ਸੰਸਾਰ ਨੂੰ ਸੱਚਾ ਅਤੇ ਅਰਥ ਭਰਪੂਰ ਮੰਨਦੇ ਹਨ। ਗ੍ਰਹਿਸੱਥ ਨਾਲ ਜੋੜਦੇ ਹਨ। ਜਦਕਿ ਲੋਕ ਝੂਠੇ ਰੀਤਿ ਰਿਵਾਜਾਂ ਅਤੇ ਕਰਮਕਾਂਡਾ ਵਿੱਚ ਫਸੇ ਸਨ। ਗੁਰੂ ਸਾਹਿਬ ਜੀ ਨੇ ਮਨੁੱਖਤਾ ਵਿਚੋਂ ਬੁਰਾਈਆਂ ਦੂਰ ਕਰਨ ਲਈ ਜਿਵੇਂ ਧਰਮ ਵੰਡ, ਵਰਣ ਵੰਡ,ਜਾਤ ਪਾਤ, ਊਚ ਨੀਚ ਦੀ ਵੰਡ ਖਤਮ ਕਰਦਿਆਂ, ਸੰਗਤ ਨੂੰ ਸੰਸਥਾਈ ਰੂਪ ਦਿੱਤਾ।



ਉਹਨਾਂ ਉਪਦੇਸ਼ ਦਿੱਤਾ ਕਿ ਉਚੀ ਜਾਤ ਉਚੇ ਕੰਮਾਂ ਕਰਕੇ ਜਾਣੀ ਜਾਂਦੀ ਹੈ। ਜਾਤ ਪਾਤ ਦਾ ਭੇਦ ਮਿਟਾਉਣ ਲਈ ਗੁਰੂ ਨਾਨਕ ਦੇਵ ਜੀ ਸਾਹਿਬ ਜੀ ਨੇ ਲੰਗਰ ਪ੍ਰਥਾ ਸ਼ੁਰੂ ਕੀਤੀ। ਲੰਗਰ ਦੇ ਉਦਮ ਨੂੰ ਜਾਰੀ ਰੱਖਦਿਆਂ ਸਭ ਜਾਤਾਂ ਦੀ ਸੰਗਤ ਨੂੰ ਇੱਕੋ ਪੰਗਤ ਵਿੱਚ ਬਿਠਾ ਕੇ ਲੰਗਰ ਪ੍ਰਸ਼ਾਦ ਛਕਾਇਆ ਜਾਂਦਾ ਸੀ। ਗੁਰੂ ਸਾਹਿਬ ਜੀ ਨੇ ਇੱਕੋ ਪੰਗਤ ਵਿੱਚ ਬੈਠ ਕੇ ਲੰਗਰ ਛਕਣਾ ਲਾਜ਼ਮੀ ਕਰ ਦਿੱਤਾ। ਪਹਿਲਾਂ ਹਰ ਇੱਕ ਲਈ ਪੰਗਤ ਫਿਰ ਸੰਗਤ ਦੀ ਡੂੰਘੀ ਸਾਂਝ ਬਣਾ ਦਿੱਤੀ। ਸੂਦਰ ਅਖਵਾਉਂਦੇ ਗਰੀਬ ਲੋਕਾਂ ਦੇ ਦਿਲ ਵਿੱਚ ਗੁਰੂ ਸਾਹਿਬ ਲਈ ਪਿਆਰ, ਸ਼ਰਧਾ ਅਤੇ ਸਤਿਕਾਰ ਵਧਿਆ। ਗੁਰੂ ਸਾਹਿਬ ਜੀ ਦੀ ਵਡਿਆਈ ਚੁਫੇਰੇ ਵਧਣ ਲੱਗੀ।

ਸੰਨ 1560 ਵਿੱਚ ਮੁਗਲ ਬਾਦਸ਼ਾਹ ਅਕਬਰ ਨੇ ਗੋਇੰਦਵਾਲ ਆ ਕੇ ਗੁਰੂ ਸਾਹਿਬ ਜੀ ਦੇ ਦਰਸ਼ਨ ਕੀਤੇ। ਬਾਦਸ਼ਾਹ ਨੇ ਵੀ ਲੰਗਰ ਦੀ ਪੰਗਤ ਵਿੱਚ ਬੈਠ ਕੇ ਲੰਗਰ ਛਕਿਆ। ਸਿੱਖਾਂ ਦੇ ਪਿਆਰ ਭਰੇ ਸਲੂਕ ਨੂੰ ਵੇਖ ਕੇ ਬੜਾ ਪ੍ਰਸੰਨ ਹੋਇਆ। ਬਾਦਸ਼ਾਹ ਨੇ ਲੰਗਰ ਦੇ ਖਰਚੇ ਲਈ ਜਗੀਰ ਦੇਣੀ ਚਾਹੀ। ਗੁਰੂ ਸਾਹਿਬਾਂ ਨੇ ਆਖਿਆ ਕਿ ਗੁਰੂ ਕਾ ਲੰਗਰ ਸਭ ਸਿੱਖਾਂ ਦੇ ਸਾਂਝੇ ਉਦਮ ਨਾਲ ਹੀ ਚੱਲਦਾ ਹੈ। ਜਗੀਰ ਦੇ ਬਦਲੇ ਵਿੱਚ ਗੁਰੂ ਸਾਹਿਬ ਜੀ ਨੇ ਗੈਰ ਮੁਸਲਮਾਨਾਂ ਨੂੰ ਤੀਰਥ ਅਸਥਾਨਾਂ ਦੇ ਦਰਸ਼ਨਾਂ ਲਈ ਲੱਗਦੇ ਮਸੂਲ ਨੂੰ ਮੁਕਤ ਕਰਵਾ ਲਿਆ।

ਆਪ ਜੀ ਨੇ ਬੜੇ ਸਾਰਥਿਕ ਅਤੇ ਯੋਜਨਾਬੰਦ ਤਰੀਕੇ ਨਾਲ ਸਿੱਖ ਧਰਮ ਦਾ ਪ੍ਰਚਾਰ ਅੱਗੇ ਤੋਰਿਆ। ਆਪ ਜੀ ਨੇ ਖੁਦ ਪ੍ਰਚਾਰਕ ਦੌਰੇ ਕੀਤੇ। ਉਪਰੰਤ ਦੂਰ ਦੂਰ ਦੇ ਖੇਤਰਾਂ ਵਿੱਚ ਪ੍ਰਚਾਰਕ ਭੇਜੇ। ਉਹਨਾਂ ਨੇ 22 ਪ੍ਰਚਾਰ ਕੇਂਦਰ ਸਥਾਪਿਤ ਕੀਤੇ। ਹਰ ਕੇਂਦਰ 'ਤੇ ਸਥਾਨਕ ਉਚੇ ਰੁਤਬੇ ਵਾਲੇ ਅਧਿਆਤਮਕ ਪ੍ਰਚਾਰਕ ਨੂੰ ਮੁਖੀ ਬਣਾਇਆ, ਜੋ ਸੰਗਤਾਂ ਦੀਆਂ ਧਾਰਮਿਕ ਅਤੇ ਸਮਾਜਿਕ ਲੋੜਾਂ ਪੂਰੀਆਂ ਕਰਦੇ ਸਨ। ਉਹ ਗੁਰੂ ਅਤੇ ਸੰਗਤ ਨੂੰ ਜੋੜਨ ਲਈ ਪੁੱਲ ਦਾ ਕੰਮ ਕਰਦੇ ਸਨ। ਸੰਗਤਾਂ ਨੂੰ ਗੁਰੂ ਸਾਹਿਬ ਜੀ ਦਾ ਹੁਕਮ ਸੁਣਾਉਂਦੇ। ਗੁਰੂ ਸਾਹਿਬ ਜੀ ਤਕ ਚੜਾਵਾ ਪਹੁਚਾਉਂਦੇ। ਜੋ ਇੱਕ ਜਗ੍ਹਾ ਜਮਾ ਹੋ ਕੇ ਸਮਾਜ ਭਲਾਈ ਦੇ ਕਾਰਜਾਂ ਲਈ ਖਰਚ ਹੁੰਦਾ ਸੀ। ਪ੍ਰਚਾਰਕ ਸੰਗਤ ਨੂੰ ਗੁਰਮਤਿ ਦੀਆਂ ਸਿੱਖਿਆਵਾਂ ਨਾਲ ਜੋੜਦੇ। ਸੰਗਤਾਂ ਵਿੱਚ ਇਹ ਪਦਵੀ ਬੜੇ ਸਤਿਕਾਰ ਅਤੇ ਇਤਬਾਰ ਵਾਲੀ ਸੀ। ਗੁਰੂ ਅੰਗਦ ਦੇਵ ਸਾਹਿਬ ਜੀ ਨੇ ਰਾਵੀ ਦਰਿਆ ਤੇ ਬਿਆਸ ਦਰਿਆ ਦੇ ਵਿਚਕਾਰਲੇ ਇਲਾਕੇ ਵਿੱਚ ਪ੍ਰਚਾਰ ਕੀਤਾ। ਸਿੱਖਾਂ ਦੀ ਗਿਣਤੀ ਵਧਦੀ ਗਈ। ਸਿੱਖ ਧਰਮ ਦੇ ਪ੍ਰਚਾਰ ਨੂੰ ਫ਼ੈਲਾਉਣ ਲਈ ਗੁਰੂ ਸਾਹਿਬ ਜੀ ਨੇ ਸਾਰੀ ਸਿੱਖ ਵਸੋਂ ਦੇ ਇਲਾਕਿਆਂ ਨੂੰ 22 ਹਿੱਸਿਆ ਵਿੱਚ ਵੰਡਿਆ। ਇਸ ਤਰਾਂ 22 ਸਿਆਣੇ ਪ੍ਰਚਾਰਕ ਨੀਅਤ ਕੀਤੇ। ਪ੍ਰਚਾਰਕ ਨੇ ਬੋਲਣ ਵਾਲੇ ਸਾਹਮਣੇ ਬੈਠੀ ਸੰਗਤ ਨੂੰ ਸੰਬੋਧਨ ਕਰਦਿਆਂ ਨਜ਼ਰ ਮਾਰਨੀ ਹੁੰਦੀ ਹੈ। ਉਚੇ ਥਾਂ 'ਤੇ ਬੈਠਣਾ ਹੁੰਦਾ ਹੈ। ਇਸ ਲਈ ਮੰਜੀ ਬੈਠਣ ਲਈ ਵਰਤੀ ਜਾਂਦੀ ਸੀ। ਜਿਸ 'ਤੇ ਬੈਠ ਕੇ ਗੁਰਮਤਿ ਸਰਵਣ ਕਰਾਉਣਾ ਸੀ। ਇਸ ਤਰਾਂ ਪ੍ਰਚਾਰਕਾਂ ਦੀਆਂ 22 ਮੰਜੀਆਂ ਥਾਪੀਆਂ ਗਈਆਂ। ਗੁਰੂ ਸਾਹਿਬ ਜੀ ਨੇ ਇੱਕ ਅਲਿਆਰ ਨਾਮੀ ਮੁਸਲਮਾਨ ਨੂੰ ਵੀ ਪ੍ਰਚਾਰਕ ਥਾਪਿਆ ਸੀ। ਭਾਈ ਗੁਰਦਾਸ ਜੀ , ਜੋ ਸਮੇਂ ਦੇ ਧਰਮ ਸ਼ਾਸ਼ਤਰੀ ਮੰਨੇ ਜਾਂਦੇ ਸਨ, ਨੂੰ ਵੀ ਆਗਰਾ ਵਿਖੇ ਪ੍ਰਚਾਰਕ ਥਾਪਿਆ।

ਸਮਾਜਿਕ ਸੁਧਾਰਾਂ ਵਿੱਚ ਜੋ ਕਾਰਜ ਕੀਤੇ, ਉਹਨਾਂ ਵਿੱਚ ਵੇਰਵਾ ਹੈ ਕਿ ਸਮਾਜ ਵਰਤੋਂ ਵਿਹਾਰ ਵਿੱਚ ਜਾਤਾਂ ਬਰਾਦਰੀ ਦੇ ਆਧਾਰ 'ਤੇ ਵਿਆਹ ਹੁੰਦੇ ਸਨ। ਗੁਰੂ ਸਾਹਿਬ ਜੀ ਨੇ ਜਾਤ ਪਾਤ ਦੇ ਬੰਧਨਾ ਤੋਂ ਮੁਕਤ ਅੰਤਰ ਜਾਤੀ ਵਿਆਹ 'ਤੇ ਜੋਰ ਦਿੱਤਾ। ਆਪ ਜੀ ਨੇ ਸਤੀ ਦੀ ਰਸਮ ਤੋਂ ਵਰਜਿਆ। ਉਹਨਾਂ ਕਿਹਾ ਕਿ ਸਤੀ ਉਹ ਨਹੀਂ ਜੋ ਪਤੀ ਦੀ ਮੌਤ ਨਾਲ ਪ੍ਰਾਣ ਤਿਆਗ ਦੇਵੇ। ਸਗੋਂ ਪਤੀ ਤੋਂ ਬਾਅਦ ਆਪਣਾ ਚਾਲ ਚੱਲਣ ਉਚਾ ਰੱਖਣ , ਨਾਮ ਜਪਣ ਤਦ ਹੀ ਵੱਡੀਆਂ ਸਤੀ ਅਖਵਾਉਣਗੀਆਂ। ਇਸਤਰੀਆਂ ਨੂੰ ਸਤੀ ਬੰਧਨ ਤੋਂ ਮੁਕਤ ਕੀਤਾ। ਉਹਨਾਂ ਨੂੰ ਮੁੜ ਵਿਆਹ ਦਾ ਵੀ ਉਪਦੇਸ਼ ਦਿੱਤਾ।

ਇਸਤਰੀਆਂ ਨੂੰ ਮੂੰਹ ਢੱਕ ਕੇ ਪਰਦੇ ਜਾਂ ਘੁੰਡ ਵਿੱਚ ਰਹਿਣ ਦੇ ਰਿਵਾਜ ਨੂੰ ਖਤਮ ਕੀਤਾ। ਇਸ ਤਰਾਂ ਪਰਦੇ ਦੀ ਰਸਮ ਤੋਂ ਮੁਕਤ ਕੀਤਾ। ਇਸ ਤਰ੍ਹਾਂ ਇਸਤਰੀ ਨੂੰ ਅਜਿਹੇ ਬੰਧਨਾਂ ਤੋਂ ਮੁਕਤ ਕੀਤਾ। ਉਹਨਾਂ ਨੂੰ ਸਮਾਜ ਵਿੱਚ ਮਾਣ ਦਿਵਾਇਆ। ਗੁਰੂ ਸਾਹਿਬ ਜੀ ਨੇ ਇਸਤ੍ਰੀਆਂ ਨੂੰ ਪ੍ਰਚਾਰਕ ਨਿਯੁਕਤ ਕੀਤਾ।

ਗੁਰੂ ਸਾਹਿਬ ਜੀ ਨੇ ਜਨਮ ਮਰਨ ਦੀਆਂ ਫਾਲਤੂ ਰਹੁ-ਰੀਤਾਂ ਨੂੰ ਖਤਮ ਕਰਕੇ ਰੱਬ ਦੇ ਭਾਣੇ ਵਿੱਚ ਰਹਿਣ ਦੀ ਮਰਯਾਦਾ ਚਲਾਈ। ਗੁਰੂ ਸਾਹਿਬ ਜੀ ਨੇ ਮਨੁੱਖਤਾ ਨੂੰ ਹਉਮੇ ਤਿਆਗ ਕੇ ਬੇਗਰਜ ਸੇਵਾ ਦਾ ਉਦੇਸ਼ ਦਿੱਤਾ। ਪਰਮਾਤਮਾ ਨੂੰ ਆਤਮ ਸਮਰਪਣ ਕਰਕੇ ਉਸ ਦੀ ਕੀਤੀ ਸੇਵਾ ਹੀ ਭਗਤੀ ਹੈ। ਸੇਵਾ ਨੂੰ ਮੁਕਤੀ ਨਾਲ ਜੋੜ ਦਿੱਤਾ। ਗੁਰੂ ਸਾਹਿਬ ਜੀ ਨੇ ਸਮਾਜਿਕ ਬੁਰਾਈਆਂ ਨੂੰ ਦੂਰ ਕਰਕੇ ਸਮਾਜਿਕ ਜੀਵਨ ਦੇ ਲਈ ਸਵੈ ਨਿਰਮਾਣ ਅਤੇ ਨਰੋਆ ਜੀਵਨ ਪ੍ਰਦਾਨ ਕਰਨ ਲਈ ਅਧਿਆਤਮਕ ਰਾਹ ਵਿਖਾਇਆ। ਗੁਰੂ ਨਾਨਕ ਦੇਵ ਸਾਹਿਬ ਜੀ ਵੱਲੋਂ ਜੋ ਸਮਾਜ ਸੁਧਾਰ ਦੀ ਲਹਿਰ ਚਲਾਈ ਗਈ ਸੀ। ਉਸੇ ਵਿਚਾਰਧਾਰਾ ਤੇ ਨਿਸ਼ਾਨੇ ਨਿਸਚਿਤ ਕੀਤੇ ਕਿ ਮਨੁੱਖਤਾ ਦੀ ਭਲਾਈ ਸੱਚ ਦੇ ਰਾਹ 'ਤੇ ਚਲਦਿਆਂ ਕਰਨੀ ਹੈ। ਅੱਗੇ ਨਿਰੰਤਰ ਗੁਰੂਆਂ ਵੱਲੋਂ ਇਸ ਲੋਕ ਭਲਾਈ ਦੀ ਲਹਿਰ ਨੂੰ ਜਥੇਬੰਦ ਕੀਤਾ, ਵਧਾਇਆ, ਪ੍ਰਚਾਰਿਆ ਅਤੇ ਥਿੜਕਣ ਨਹੀਂ ਦਿੱਤਾ।

ਨਿਰਮਾਣ ਕਾਰਜਾਂ ਵਿੱਚ ਗੋਇੰਦਵਾਲ ਨਗਰ ਵਸਾਇਆ। ਗੋਇੰਦਵਾਲ ਸਾਹਿਬ ਪੱਤਣ ਦਾ ਇਲਾਕਾ ਸੀ। ਮੁਸਾਫਰਾਂ ਦੇ ਲੰਘਣ ਤੋਂ ਇਲਾਵਾ ਸੰਗਤ ਵੀ ਬਹੁਤ ਜੁੜਦੀ ਸੀ। ਲੰਗਰ ਵੀ ਵਰਤਦਾ ਸੀ ਪਰ ਪਾਣੀ ਦੀ ਬੜੀ ਕਮੀ ਸੀ। ਆਪ ਜੀ ਨੇ 1559 ਵਿੱਚ ਬਾਉਲੀ ਸਾਹਿਬ ਦਾ ਨਿਰਮਾਣ ਕੀਤਾ। ਜਿਸ ਨਾਲ ਪਾਣੀ ਦੀ ਕਮੀ ਦੂਰ ਹੋਈ। ਇਹ ਅਸਥਾਨ ਸਿੱਖ ਧਰਮ ਦਾ ਵੱਡਾ ਧਾਰਮਿਕ ਅਸਥਾਨ ਜਾਣਿਆ ਜਾਣ ਲੱਗਾ, ਜਿਥੇ ਪਹਿਲਾਂ ਵਿਸਾਖੀ ਜੋੜ ਮੇਲਾ ਸੰਪਨ ਹੋਇਆ। ਗੋਇੰਦਵਾਲ ਸਾਹਿਬ ਜੀ ਦੇ ਹੋਰ ਨਿਰਮਾਣ ਕਾਰਜਾਂ ਵਿੱਚ ਅਨੰਦ ਜੀ ਦਾ ਅਸਥਾਨ, ਹਵੇਲੀ ਸਾਹਿਬ, ਮੋਹਨ ਜੀ ਦਾ ਚੋਬਾਰਾ ਸ਼ਾਮਿਲ ਹਨ। ਗੁਰੂ ਸਾਹਿਬ ਜੀ ਦੇ ਕਾਰਜ ਕਾਲ ਵਿੱਚ ਗੋਇੰਦਵਾਲ ਸਾਹਿਬ ਇੱਕ ਵੱਡਾ ਪ੍ਰਚਾਰ ਕੇਂਦਰ ਬਣਿਆ ਪਰ ਸਿੱਖਾਂ ਦੀ ਵੱਧਦੀ ਗਿਣਤੀ ਵੇਖ ਕੇ ਮਾਝੇ ਇਲਾਕੇ ਵਿੱਚ ਵੀ 1570 ਵਿੱਚ ਗੁਰੂ ਚੱਕ ਅੰਮ੍ਰਿਤਸਰ ਬਣਾਉਣਾ ਸ਼ੁਰੂ ਕੀਤਾ। ਆਪ ਜੀ ਨੇ ਪਵਿੱਤਰ ਸਰੋਵਰ ਜਾਂ ਅੰਮ੍ਰਿਤ ਸਰੋਵਰ ਖੁਦਵਾਉਣ ਦੀ ਯੋਜਨਾ ਬਣਾਈ। ਇਸ ਨੂੰ ਗੁਰੂ ਰਾਮਦਾਸ ਜੀ ਨੇ ਬਾਬਾ ਬੁੱਢਾ ਜੀ ਦੀ ਨਿਗਰਾਨੀ ਹੇਠ ਖੁਦਵਾਇਆ। ਇਹ ਜ਼ਮੀਨ ਪਿੰਡ ਤੁੰਗ ਤੋਂ ਖਰੀਦੀ ਗਈ ਸੀ। ਇਥੇ ਇੱਕ ਨਗਰ ਵਸਾਉਣ ਦੀ ਯੋਜਨਾ ਸੀ। ਗੁਰੂ ਅਰਜਨ ਦੇਵ ਸਾਹਿਬ ਜੀ ਨੇ ਵਿਉਂਤਬੰਦੀ ਕਰਕੇ ਗੁਰੂ ਰਾਮਦਾਸ ਸਾਹਿਬ ਜੀ ਵੱਲੋਂ 1577 ਵਿੱਚ ਬਣਾਏ ਗਏ ਸਰੋਵਰ ਤੇ ਨਗਰ ਉਸਾਰਿਆ, ਜੋ 28 ਦਸੰਬਰ 1588 ਨੂੰ ਨੀਂਹ ਰੱਖੀ ਗਈ।

ਆਪ ਜੀ ਨੇ ਸੰਗਤਾਂ ਨੂੰ ਗੁਰੂ ਸ਼ਬਦ ਗੁਰਬਾਣੀ ਨਾਲ ਜੁੜਨ ਦਾ ਉਪਦੇਸ਼ ਦਿੱਤਾ। ਪਹਿਲੇ ਗੁਰੂ ਸਾਹਿਬਾਨ ਵੱਲੋਂ ਇਕੱਤਰ ਹੋਈ ਗੁਰਬਾਣੀ ਦੇ ਸੰਗ੍ਰਹਿ ਵਿੱਚ ਹੋਰ ਵਾਧਾ ਕਰਦੇ ਹੋਏ ਆਪਣਾ ਵੀ ਯੋਗਦਾਨ ਪਾਇਆ। ਜਿਸਦੇ ਤਹਿਤ 907 ਸ਼ਬਦ 19 ਰਾਗਾਂ ਵਿੱਚ ਦਰਜ ਹਨ।

ਅੰਤ ਆਪ ਜੀ ਗੋਇੰਦਵਾਲ ਸਾਹਿਬ ਵਿਖੇ 1 ਸਤੰਬਰ 1574 ਨੂੰ 95 ਸਾਲ ਦੀ ਉਮਰ ਵਿੱਚ ਜੋਤੀ ਜੋਤਿ ਸਮਾ ਗਏ। ਚੌਥੇ ਗੁਰੂ ਵਜੋਂ ਗੁਰੂ ਰਾਮਦਾਸ ਸਾਹਿਬ ਜੀ ਗੁਰਗੱਦੀ 'ਤੇ ਬਿਰਾਜਮਾਨ ਹੋਏ।

ਅੰਤਿਕਾ : ਹੇ ਮੇਰੇ ਮਨ ਤੂੰ ਵਿਕਾਰਾਂ ਤੋਂ ਬਚਣ ਲਈ ਸਿਰਫ਼ ਪਰਮਾਤਮਾ ਦਾ ਨਾਮ ਜਪਿਆ ਕਰ। ਇਹ ਨਾਮ ਖ਼ਜ਼ਾਨਾਂ ਮੈਨੂੰ ਗੁਰੂ ਨੇ ਬਖਸ਼ਿਆ ਹੈ। ਹੇ ਭਾਈ! ਜੋ ਮਨੁੱਖ ਵਿਕਾਰਾਂ ਦੀ ਮੈਲ ਨਾਲ ਭਰਿਆ ਰਹੇ ਤਾਂ ਉਤਨਾਂ ਚਿਰ ਮਨੁੱਖ ਜੋ ਕੁਝ ਕਰਦਾ ਹੈ, ਸਭ ਕੁਝ ਵਿਚਾਰ ਹੀ ਕਰਦਾ ਹੈ। ਸਰੀਰ ਨੂੰ ਤੀਰਥਾਂ ਆਦਿਕ ਦੇ ਇਸ਼ਨਾਨ ਕਰਾਉਣ ਨਾਲ ਮਨ ਪਵਿੱਤਰ ਨਹੀਂ ਹੋ ਸਕਦਾ ਪਰ ਇਹ ਸੰਸਾਰ ਤੀਰਥ ਇਸ਼ਨਾਨ ਤੋਂ ਮਨ ਦੀ ਪਵਿੱਤਰਤਾ ਮਿਲ ਜਾਣ ਦੇ ਭੁਲੇਖੇ ਵਿੱਚ ਪੈ ਕੇ ਕੁਰਾਹੇ ਤੁਰਿਆ ਜਾ ਰਿਹਾ ਹੈ। ਕੋਈ ਵਿਰਲਾ ਮਨੁੱਖ ਇਸ ਸੱਚਾਈ ਨੂੰ ਸਮਝਦਾ ਹੈ।

ਜੇ ਮਨੁੱਖ ਕਰਾਮਾਤੀ ਯੋਗੀਆਂ ਵਾਲੇ ਆਸਨ ਕਰਨੇ ਸਿੱਖ ਲਏ, ਜੇ ਕਾਮ ਵਾਸਨਾ ਨੂੰ ਜਿੱਤ ਕੇ ਆਸਣਾਂ ਦੇ ਅਭਿਆਸ ਦੀ ਕਮਾਈ ਕਰਨ ਲੱਗ ਪਏ ਤਾਂ ਭੀ ਮਨ ਦੀ ਮੈਲ ਨਹੀਂ ਲਹਿੰਦੀ। ਮਨ ਵਿੱਚ ਹਉਮੇ ਦੀ ਮੈਲ ਨਹੀਂ ਜਾਂਦੀ। ਹੇ ਭਾਈ! ਗੁਰੂ ਦੀ ਸ਼ਰਨ ਪੈਣ ਤੋਂ ਬਿਨਾਂ ਹੋਰ ਕੋਈ ਯਤਨ ਇਸ ਮਨ ਨੂੰ ਪਵਿੱਤਰ ਨਹੀਂ ਕਰ ਸਕਦਾ। ਜੇ ਗੁਰੂ ਮਿਲ ਪਏ ਤਾਂ ਮਨ ਦੀ ਬ੍ਰਿਤੀ ਸੰਸਾਰ ਵੱਲੋਂ ਉੱਲਟ ਜਾਂਦੀ ਹੈ। ਤੇ ਮਨ ਦੀ ਐਸੀ ਉੱਚੀ ਦਸ਼ਾ ਬਣ ਜਾਂਦੀ ਹੈ, ਜੋ ਬਿਆਨ ਨਹੀਂ ਕੀਤੀ ਜਾ ਸਕਦੀ।

ਨਾਨਕ ਆਖਦਾ ਹੈ-ਜਿਹੜਾ ਮਨੁੱਖ ਗੁਰੂ ਨੂੰ ਮਿਲ ਕੇ ਵਿਕਾਰਾਂ ਵੱਲੋਂ ਅਛੋਹ ਹੋ ਜਾਂਦਾ ਹੈ ਤੇ ਫਿਰ ਗੁਰੂ ਦੇ ਸ਼ਬਦ ਨਾਲ ਜੁੜ ਕੇ ਆਤਮਿਕ ਜੀਵਨ ਹਾਸਲ ਕਰ ਲੈਂਦਾ ਹੈ। ਉਸ ਦੇ ਅੰਦਰੋਂ ਮਾਇਆ ਦੀ ਮਮਤਾ ਦੀ ਮੈਲ ਲਹਿ ਜਾਂਦੀ ਹੈ। ਉਸ ਦਾ ਮਨ ਪਵਿੱਤਰ ਹੋ ਜਾਂਦਾ ਹੈ। ਅੰਗ 588 ਵਡਹੰਸ ਮਹਲਾ 3, ਘਰ 1।




# ਥੱਕੇ ਹੋਏ ਜਾਗਣ ਦੇ ਕਾਰਨ ਅਤੇ ਤਾਜ਼ਗੀ ਮਹਿਸੂਸ ਕਰਨ ਦੇ ਤਰੀਕੇ



ਜਲਦੀ ਸੌਣਾ ਅਤੇ ਦੇਰ ਨਾਲ ਜਾਗਣਾ, ਪਰ ਕੀ ਫਿਰ ਵੀ ਥਕਾਵਟ ਮਹਿਸੂਸ ਕਰਦੇ ਹੋ? ਕਈ ਵਾਰ ਥੱਕੇ ਹੋਏ ਜਾਗਣਾ ਚਿੰਤਾ ਦਾ ਕਾਰਨ ਨਹੀਂ ਹੁੰਦਾ। ਹਾਲਾਂਕਿ, ਜੇਕਰ ਇਹ ਅਕਸਰ ਹੋ ਰਿਹਾ ਹੈ, ਤਾਂ ਥੱਕੇ ਹੋਏ ਜਾਗਣਾ ਇੱਕ ਅੰਡਰਲਾਈਂਗ ਨੀਂਦ ਦੀ ਆਦਤ ਜਾਂ ਸਥਿਤੀ ਦਾ ਲੱਛਣ ਹੋ ਸਕਦਾ ਹੈ।ਸਾਡੇ ਸਾਰਿਆਂ ਕੋਲ ਉਹ ਸਵੇਰ ਹੁੰਦੀ ਹੈ ਜਿੱਥੇ ਅਸੀਂ ਲੰਮੀ ਰਾਤ ਦੀ ਨੀਂਦ ਤੋਂ ਬਾਅਦ ਸੁਸਤੀ ਅਤੇ ਥਕਾਵਟ ਦੀ ਭਾਵਨਾ ਨੂੰ ਦੂਰ ਨਹੀਂ ਕਰ ਸਕਦੇ। ਦਿਨ ਦੇ ਦੌਰਾਨ, ਸਾਡੇ ਵਿੱਚੋਂ ਬਹੁਤ ਸਾਰੇ ਰਾਤ ਦੀ ਥਕਾਵਟ ਨੂੰ ਦੂਰ ਕਰਨ ਲਈ ਆਪਣੇ ਆਪ ਨੂੰ ਕੌਫੀ ਦੇ ਕੱਪ ਨਾਲ ਓਵਰਲੋਡ ਕਰਨਾ ਸ਼ੁਰੂ ਕਰ ਦਿੰਦੇ ਹਨ। ਜ਼ਿਆਦਾ ਕੈਫਨਿੰਗ ਨਾਲ ਵਿਅਕਤੀ ਨੂੰ ਦਿਨ ਭਰ ਘਬਰਾਹਟ ਅਤੇ ਬੇਚੈਨ ਮਹਿਸੂਸ ਹੋ ਸਕਦੀ ਹੈ।

ਕੁਝ ਇਲਾਜ ਅਤੇ ਘਰੇਲੂ ਨੁਸਖਿਆਂ ਨੂੰ ਅਪਣਾ ਕੇ ਇਸ ਸਮੱਸਿਆ ਨੂੰ ਠੀਕ ਕੀਤਾ ਜਾ ਸਕਦਾ ਹੈ। ਰਾਤ ਨੂੰ ਨੀਂਦ ਤੋਂ ਬਾਅਦ ਹਰ ਕੋਈ ਤਾਜ਼ਗੀ ਮਹਿਸੂਸ ਨਹੀਂ ਕਰ ਸਕਦਾ। ਜੇ ਤੁਸੀਂ ਨਿਯਮਿਤ ਤੌਰ ’ਤੇ ਆਪਣੇ ਆਪ ਨੂੰ ਬਿਸਤਰੇ ਤੋਂ ਬਾਹਰ ਖਿੱਚਣ ਲਈ ਸੰਘਰਸ਼ ਕਰਦੇ ਹੋ, ਰਾਤ ਦੀ ਚੰਗੀ ਨੀਂਦ ਤੋਂ ਬਾਅਦ ਵੀ ਇਹ ਜੀਵਨ ਬਾਰੇ ਖੁਸ਼ ਮਹਿਸੂਸ ਕਰਨ ਦੀ ਤੁਹਾਡੀ ਯੋਗਤਾ ’ਤੇ ਨਕਾਰਾਤਮਕ ਪ੍ਰਭਾਵ ਪਾਉਣਾ ਸ਼ੁਰੂ ਕਰ ਸਕਦਾ ਹੈ।

ਤੁਹਾਡੇ ਥੱਕੇ ਹੋਣ ਦੇ ਕਈ ਕਾਰਨ ਹੋ ਸਕਦੇ ਹਨ ਅਤੇ ਉਹ ਜੀਵਨਸ਼ੈਲੀ ਕਾਰਕਾਂ ਤੋਂ ਲੈ ਕੇ ਡਾਕਟਰੀ ਸਥਿਤੀਆਂ ਤੱਕ ਹੋ ਸਕਦੇ ਹਨ।



ਨੀਂਦ ਦੀ ਜੜਤਾ ਬੋਧਾਤਮਕ ਅਤੇ ਸੰਵੇਦੀ-ਮੋਟਰ ਕਮਜ਼ੋਰੀਆਂ ਨੂੰ ਦਰਸਾਉਂਦੀ ਹੈ ਜੋ ਤੁਹਾਡੇ ਜਾਗਦੇ ਸਮੇਂ ਵਾਪਰਦੀਆਂ ਹਨ। ਇਹ ਉਦੋਂ ਹੁੰਦਾ ਹੈ ਜਦੋਂ ਕੋਈ ਵਿਅਕਤੀ ਅਚਾਨਕ ਡੂੰਘੀ ਨੀਂਦ ਤੋਂ ਜਾਗਦਾ ਹੈ। ਉਹਨਾਂ ਨੂੰ ਸੁਸਤੀ, ਧਿਆਨ ਕੇਂਦਰਿਤ ਕਰਨ ਵਿੱਚ ਮੁਸ਼ਕਲ, ਮਾੜੇ ਫੈਸਲੇ ਲੈਣ ਅਤੇ ਵਧੀਆ ਮੋਟਰ ਕਾਰਜ ਕਰਨ ਵਿੱਚ ਮੁਸ਼ਕਲ ਦਾ ਅਨੁਭਵ ਹੋ ਸਕਦਾ ਹੈ। ਨੀਂਦ ਦੀ ਜੜਤਾ ਦੇ ਕਾਰਨਾਂ ਦਾ ਬਿਲਕੁਲ ਪਤਾ ਨਹੀਂ ਹੈ। ਖੋਜ ਨੇ ਦਿਖਾਇਆ ਹੈ ਕਿ ਇੱਕ ਵਿਅਕਤੀ ਨੂੰ ਸੁਚੇਤ ਹੋਣ ਅਤੇ ਪ੍ਰੀ-ਸਲੀਪ ਪੱਧਰ ਤੱਕ ਪਹੁੰਚਣ ਵਿੱਚ ਲਗਭਗ 30 ਮਿੰਟ ਲੱਗਦੇ ਹਨ।

ਕਈ ਜੀਵਨਸ਼ੈਲੀ ਅਤੇ ਖੁਰਾਕ ਸੰਬੰਧੀ ਕਾਰਕ ਵੀ ਸਾਡੀ ਨੀਂਦ ਨੂੰ ਪ੍ਰਭਾਵਿਤ ਕਰ ਸਕਦੇ ਹਨ ਅਤੇ ਇਹ ਇੱਕ ਕਾਰਨ ਹੋ ਸਕਦਾ ਹੈ ਕਿ ਅਸੀਂ ਥੱਕੇ ਹੋਏ ਜਾਗਦੇ ਹਾਂ। ਲੋੜੀਂਦੀ ਕਸਰਤ ਕਰਨ ਨਾਲ ਵੀ ਆਰਾਮਦਾਇਕ ਨੀਂਦ ਆ ਸਕਦੀ ਹੈ। ਅਜਿਹੇ ਭੋਜਨਾਂ ਦਾ ਸੇਵਨ ਜੋ ਨੀਂਦ ਦੇ ਪੈਟਰਨਾਂ ਵਿੱਚ ਵਿਘਨ ਪਾਉਂਦੇ ਹਨ ਜਿਵੇਂ ਕਿ ਫੈਟ ਵਾਲੇ, ਮਸਾਲੇਦਾਰ ਭੋਜਨ ਸੌਣ ਦੇ ਸਮੇਂ ਦੇ ਨੇੜੇ ਲਗਭਗ ਕੁਝ ਲੋਕਾਂ ਲਈ ਪਾਚਨ ਸਮੱਸਿਆਵਾਂ ਦਾ ਕਾਰਨ ਬਣ ਸਕਦੇ ਹਨ। ਇਹ ਬਦਲੇ ਵਿੱਚ ਇੱਕ ਵਿਅਕਤੀ ਦੀ ਨੀਂਦ ਦੀ ਗੁਣਵੱਤਾ ਅਤੇ ਮਾਤਰਾ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ।

ਸੌਣ ਤੋਂ ਪਹਿਲਾਂ ਕੈਫੀਨ ਦਾ ਸੇਵਨ ਰਾਤ ਭਰ ਨੀਂਦ ਵਿੱਚ ਵਿਘਨ ਪਾ ਸਕਦਾ ਹੈ। ਕੈਫੀਨ ਇੱਕ ਵਿਅਕਤੀ ਦੇ ਕੇਂਦਰੀ ਨਸ ਪ੍ਰਣਾਲੀ ਨੂੰ ਉਤੇਜਿਤ ਕਰ ਸਕਦੀ ਹੈ ਅਤੇ ਨਤੀਜੇ ਵਜੋਂ, ਇੱਕ ਵਿਅਕਤੀ ਨੂੰ ਸੌਣ ਵਿੱਚ ਮੁਸ਼ਕਿਲ ਆ ਸਕਦੀ ਹੈ। ਸੌਣ ਤੋਂ ਪਹਿਲਾਂ ਸ਼ਰਾਬ ਪੀਣਾ ਵੀ ਖਰਾਬ ਨੀਂਦ ਦੀ ਗੁਣਵੱਤਾ ਵਿੱਚ ਯੋਗਦਾਨ ਪਾ ਸਕਦਾ ਹੈ। ਇਹ ਇੱਕ ਵਿਅਕਤੀ ਨੂੰ ਜਲਦੀ ਸੌਣ ਵਿੱਚ ਮਦਦ ਕਰ ਸਕਦਾ ਹੈ ਪਰ ਸਲੀਪ ਐਪਨੀਆ ਨੂੰ ਵੀ ਵਧਾ ਸਕਦਾ ਹੈ। ਸਲੀਪ ਐਪਨੀਆ ਇੱਕ ਗੰਭੀਰ ਨੀਂਦ ਵਿਕਾਰ ਹੈ ਜੋ ਸਮੇਂ-ਸਮੇਂ ’ਤੇ ਸਾਹ ਲੈਣ ਵਿੱਚ ਵਿਰਾਮ ਦਾ ਕਾਰਨ ਬਣਦਾ ਹੈ। ਚੰਗੀ ਜੀਵਨ ਸ਼ੈਲੀ ਅਤੇ ਖਾਣ-ਪੀਣ ਦੀਆਂ ਆਦਤਾਂ ਦੇ ਬਾਵਜੂਦ, ਕੁਝ ਲੋਕ ਦੇਖਦੇ ਹਨ ਕਿ ਉਹ ਥੱਕੇ-ਥੱਕੇ ਜਾਗਦੇ ਹਨ। ਇਹ ਇੱਕ ਅੰਡਰਲਾਈਂਗ ਨੀਂਦ ਵਿਕਾਰ ਦਾ ਸੰਕੇਤ ਕਰ ਸਕਦਾ ਹੈ। ਜਿਹੜੇ ਲੋਕ ਨੀਂਦ ਵਿਕਾਰ ਤੋਂ ਡਰਦੇ ਹਨ ਉਨ੍ਹਾਂ ਨੂੰ ਸਹੀ ਇਲਾਜ ਲਈ ਤੁਰੰਤ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਇਨਸੌਮਨੀਆ ਨੀਂਦ ਵਿਕਾਰ ਦਾ ਇੱਕ ਹੋਰ ਰੂਪ ਹੈ ਜਿਸ ਵਿੱਚ ਇੱਕ ਵਿਅਕਤੀ ਨੂੰ ਸੌਣ ਜਾਂ ਸੌਣ ਵਿੱਚ ਮੁਸ਼ਕਿਲ ਆਉਂਦੀ ਹੈ। ਜਿਹੜੇ ਲੋਕ ਇਨਸੌਮਨੀਆ ਤੋਂ ਪੀੜਤ ਹੁੰਦੇ ਹਨ, ਉਨ੍ਹਾਂ ’ਚ ਵਾਰ ਵਾਰ ਜਾਗਣਾ, ਬਹੁਤ ਜਲਦੀ ਜਾਗਣਾ, ਸੌਣ ਵਿੱਚ ਮੁਸ਼ਕਿਲ, ਚਿੜਚਿੜੇਪਨ ਦਾ ਸਮਾਂ, ਉਦਾਸ ਮੂਡ ਅਤੇ ਘੱਟ ਊਰਜਾ ਪੱਧਰ ਦੇ ਸਿਮਟਮਸ ਵੇਖੇ ਜਾ ਸਕਦੇ ਹਨ। ਰੈਸਟਲੈਸ ਲੇਗ ਸਿੰਡਰੋਮ ਵਾਲੇ ਵਿਅਕਤੀ ਨੂੰ ਸੌਣ ਤੋਂ ਬਾਅਦ ਪੈਰਾਂ ਵਿੱਚ ਮਰੋੜ ਅਤੇ ਬੇਅਰਾਮੀ ਦਾ ਅਨੁਭਵ ਹੁੰਦਾ ਹੈ। ਇਸ ਨਾਲ ਇਨਸੌਮਨੀਆ ਵੀ ਹੋ ਸਕਦਾ ਹੈ ਜਿਸ ਨੂੰ ਨੀਂਦ ਵਿਕਾਰ ਮੰਨਿਆ ਜਾਂਦਾ ਹੈ। ਇਹ ਸਿੰਡਰੋਮ ਮਾਨਸਿਕ ਜਾਂ ਸ਼ਰੀਰਕ ਸਮੱਸਿਆਵਾਂ ਕਾਰਨ ਹੋ ਸਕਦਾ ਹੈ। ਇਹ ਕੁਝ ਦਵਾਈਆਂ ਦੇ ਮਾੜੇ ਪ੍ਰਭਾਵਾਂ ਕਾਰਨ ਵੀ ਹੋ ਸਕਦਾ ਹੈ।

# ਜ਼ਿਆਦਾ ਖੰਡ ਖਾਣਾ ਤੁਹਾਡੀ ਸਿਹਤ ਲਈ ਹੋ ਸਕਦੈ ਨੁਕਸਾਨਦੇਹ



ਸਾਡੇ ਬਹੁਤ ਸਾਰੇ ਭੋਜਨ ਪਦਾਰਥਾਂ ਵਿੱਚ ਚੀਨੀ ਵੱਡੀ ਮਾਤਰਾ ਵਿੱਚ ਪਾਈ ਜਾਂਦੀ ਹੈ। ਖੰਡ ਦੀ ਮਾਤਰਾ ਜ਼ਿਆਦਾ ਹੋਣ ਕਾਰਨ ਸਿਹਤ ਨੂੰ ਬਹੁਤ ਨੁਕਸਾਨ ਹੋ ਸਕਦਾ ਹੈ। ਅਸੀਂ ਹਰ ਰੋਜ਼ ਬਹੁਤ ਸਾਰੀਆਂ ਖਾਣ-ਪੀਣ ਵਾਲੀਆਂ ਚੀਜ਼ਾਂ ਖਾਂਦੇ ਹਾਂ ਜਿਵੇਂ ਕਿ ਪੈਕਡ ਫੂਡ ਆਈਟਮਾਂ, ਮਿੱਠੇ ਵਾਲੇ ਡਰਿੰਕਸ, ਆਈਸਕ੍ਰੀਮ ਆਦਿ, ਜਿਨ੍ਹਾਂ ਵਿੱਚ ਚੀਨੀ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਇਸ ਕਾਰਨ ਸਿਹਤ ਨਾਲ ਜੁੜੀਆਂ ਕਈ ਸਮੱਸਿਆਵਾਂ ਤੁਹਾਡੇ ਸਰੀਰ ਨੂੰ ਆਪਣਾ ਘਰ ਬਣਾ ਸਕਦੀਆਂ ਹਨ। ਅਸਲ ’ਚ ਚੀਨੀ ਨਾ ਸਿਰਫ਼ ਡਾਇਬਟੀਜ਼ ਦਾ ਖਤਰਾ ਵਧਾਉਂਦੀ ਹੈ ਸਗੋਂ ਇਹ ਕਈ ਹੋਰ ਸਮੱਸਿਆਵਾਂ ਦਾ ਕਾਰਨ ਵੀ ਬਣ ਸਕਦੀ ਹੈ।

**ਦਿਲ ਦੇ ਰੋਗ ਦਾ ਖ਼ਤਰਾ**

ਖੰਡ ਦੀ ਮਾਤਰਾ ਜ਼ਿਆਦਾ ਹੋਣ ਕਾਰਨ ਦਿਲ ਦੀਆਂ ਬਿਮਾਰੀਆਂ ਦਾ ਖਤਰਾ ਵੱਧ ਜਾਂਦਾ ਹੈ। ਤੁਹਾਨੂੰ ਦੱਸ ਦੇਈਏ ਕਿ ਸ਼ੂਗਰ ਦੇ ਕਾਰਨ ਸਰੀਰ ਵਿੱਚ ਸੋਜ ਵੱਧ ਜਾਂਦੀ ਹੈ, ਬਲੱਡ ਪ੍ਰੈਸ਼ਰ ਵਧਦਾ ਹੈ, ਬਲੱਡ ਸ਼ੂਗਰ ਅਤੇ ਟ੍ਰਾਈਗਲਿਸਰਾਈਡਸ ਦਾ ਪੱਧਰ ਵੀ ਵਧਣ ਲੱਗਦਾ ਹੈ। ਇਹ ਸਾਰੇ ਦਿਲ ਦੀ ਬਿਮਾਰੀ ਦੇ ਜੋਖਮ ਦੇ ਕਾਰਕ ਹਨ, ਜਿਸ ਕਾਰਨ ਦਿਲ ਦੇ ਦੌਰੇ ਜਾਂ ਹੋਰ ਕਾਰਡੀਓਵੈਸਕੁਲਰ ਬਿਮਾਰੀਆਂ ਦਾ ਖ਼ਤਰਾ ਵੱਧ ਜਾਂਦਾ ਹੈ।

**ਫੈਟੀ ਜਿਗਰ**

ਭੋਜਨ ਵਿੱਚ ਬਹੁਤ ਜ਼ਿਆਦਾ ਖੰਡ ਜਿਗਰ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਦਰਅਸਲ, ਫਰੂਟੋਜ਼, ਜੋ ਕਿ ਸ਼ੂਗਰ ਦੀ ਇੱਕ ਕਿਸਮ ਹੈ, ਨੂੰ ਜਿਗਰ ਦੁਆਰਾ ਤੋੜ ਦਿੱਤਾ ਜਾਂਦਾ ਹੈ ਤਾਂ ਜੋ ਊਰਜਾ ਛੱਡੀ ਜਾਂਦੀ ਹੈ ਅਤੇ ਇਸ ਨੂੰ ਗਲਾਈਕੋਜਨ ਦੇ ਰੂਪ ਵਿੱਚ ਸਟੋਰ ਕੀਤਾ ਜਾਂਦਾ ਹੈ। ਗਲਾਈਕੋਜਨ ਦੀ ਜ਼ਿਆਦਾ ਮਾਤਰਾ ਹੋਣ ਕਾਰਨ ਇਹ ਲੀਵਰ ਵਿੱਚ ਚਰਬੀ ਦੇ ਰੂਪ ਵਿੱਚ ਜਮ੍ਹਾ ਹੋਣ ਲੱਗਦੀ ਹੈ, ਜਿਸ ਨਾਲ ਫੈਟੀ ਲਿਵਰ ਹੋ ਸਕਦਾ ਹੈ।

**ਭਾਰ ’ਚ ਵਾਧਾ**

ਪੈਕ ਕੀਤੇ ਭੋਜਨ ਅਤੇ ਮਿੱਠੇ ਵਾਲੇ ਪੀਣ ਵਾਲੇ ਪਦਾਰਥਾਂ ਵਿੱਚ ਫਰੂਟੋਜ਼ ਹੁੰਦਾ ਹੈ, ਜੋ ਲੇਪਟਿਨ ਹਾਰਮੋਨ ਪ੍ਰਤੀ ਪ੍ਰਤੀਰੋਧ ਨੂੰ ਵਧਾਉਂਦਾ ਹੈ, ਜਿਸ ਨਾਲ ਭੁੱਖ ਨੂੰ ਕੰਟਰੋਲ ਕਰਨ ਵਿੱਚ ਸਮੱਸਿਆ ਹੋ ਸਕਦੀ ਹੈ। ਇਸ ਤੋਂ ਇਲਾਵਾ ਇਨ੍ਹਾਂ ਦੇ ਕਾਰਨ ਭੁੱਖ ਨਹੀਂ ਲਗਦੀ ਅਤੇ ਤੁਸੀਂ ਜ਼ਿਆਦਾ ਕੈਲੋਰੀ ਖਾਂਦੇ ਹੋ, ਜਿਸ ਨਾਲ ਸਰੀਰ ’ਚ ਚਰਬੀ ਦੀ ਮਾਤਰਾ ਵਧਣ ਲੱਗਦੀ ਹੈ ਅਤੇ ਭਾਰ ਵਧਣ ਲੱਗਦਾ ਹੈ। ਕੁਝ ਸਮੇਂ ਤੱਕ ਅਜਿਹਾ ਹੋਣ ਨਾਲ ਮੋਟਾਪੇ ਦੀ ਸਮੱਸਿਆ ਵੀ ਹੋ ਸਕਦੀ ਹੈ।

**ਸ਼ੂਗਰ**

ਸ਼ੂਗਰ ਦੀ ਮਾਤਰਾ ਜ਼ਿਆਦਾ ਹੋਣ ਕਾਰਨ ਸਰੀਰ ਵਿੱਚ ਬਲੱਡ ਸ਼ੂਗਰ ਦੇ ਪੱਧਰ ਨੂੰ ਕੰਟਰੋਲ ਕਰਨਾ ਮੁਸ਼ਕਿਲ ਹੋ ਸਕਦਾ ਹੈ। ਦਰਅਸਲ ਸ਼ੂਗਰ ਲੈਵਲ ਵਧਣ ਨਾਲ ਇਨਸੁਲਿਨ ਪ੍ਰਤੀਰੋਧ ਵਧ ਸਕਦਾ ਹੈ, ਜਿਸ ਕਾਰਨ ਟਾਈਪ-2 ਡਾਇਬਟੀਜ਼ ਦਾ ਖ਼ਤਰਾ ਵੱਧ ਜਾਂਦਾ ਹੈ। ਇਸ ਤੋਂ ਇਲਾਵਾ ਖੰਡ ਡਾਇਬਟੀਜ਼ ਦੇ ਖਤਰੇ ਨੂੰ ਵਧਾਉਂਦੀ ਹੈ ਜਿਵੇਂ ਕਿ ਭਾਰ ਵਧਣਾ, ਜਲੂਣ ਆਦਿ, ਜਿਸ ਕਾਰਨ ਸ਼ੂਗਰ ਦਾ ਖਤਰਾ ਵੀ ਵਧ ਜਾਂਦਾ ਹੈ।

**ਉਮਰ ਵਧਣ ਦੀ ਪ੍ਰਕਿਰਿਆ ਤੇਜ਼**

ਖੰਡ ਦੇ ਕਾਰਨ ਨਾ ਸਿਰਫ ਤੁਹਾਡੀ ਚਮੜੀ ਬਲਕਿ ਕੋਸ਼ਿਕਾਵਾਂ ਦੀ ਉਮਰ ਵਧਣ ਦੀ ਪ੍ਰਕਿਰਿਆ ਤੇਜ਼ ਹੋ ਜਾਂਦੀ ਹੈ। ਜ਼ਿਆਦਾ ਮਾਤਰਾ ਵਿੱਚ ਖੰਡ ਦਾ ਸੇਵਨ ਕਰਨ ਨਾਲ ਸਰੀਰ ਵਿੱਚ ਇੱਕ ਮਿਸ਼ਰਣ ਪੈਦਾ ਹੁੰਦਾ ਹੈ, ਜੋ ਸੋਜ ਨੂੰ ਵਧਾਉਂਦਾ ਹੈ ਅਤੇ ਉਮਰ ਵਧਣ ਦੀ ਪ੍ਰਕਿਰਿਆ ਨੂੰ ਤੇਜ਼ ਕਰਦਾ ਹੈ। ਇਸ ਕਾਰਨ ਚਮੜੀ ਨਾਲ ਸਬੰਧਿਤ ਹੋਰ ਸਮੱਸਿਆਵਾਂ ਜਿਵੇਂ ਕਿ ਮੁਹਾਸੇ ਵੀ ਹੋ ਸਕਦੇ ਹਨ।

# ਆਯੁਰਵੇਦ ’ਚ ਲੁਕੇ ਹਨ ਚੰਗੀ ਨੀਂਦ ਲਈ ਰਾਜ਼



ਨੀਂਦ ਲਈ ਆਯੁਰਵੈਦਿਕ ਸੁਝਾਅ ਚੰਗੀ ਨੀਂਦ ਤੋਂ ਬਾਅਦ ਸਵੇਰੇ ਉੱਠ ਕੇ ਤਾਜ਼ਗੀ ਮਹਿਸੂਸ ਕਰਨਾ ਇੱਕ ਅਦਭੁਤ ਅਹਿਸਾਸ ਹੁੰਦਾ ਹੈ ਪਰ ਅਨਿਯਮਿਤ ਜੀਵਨ ਸ਼ੈਲੀ ਅਤੇ ਖਾਣ-ਪੀਣ ਵਿੱਚ ਲਾਪਰਵਾਹੀ ਦੇ ਕਾਰਨ ਅੱਜਕੱਲ੍ਹ ਬਹੁਤ ਸਾਰੇ ਲੋਕ ਚੰਗੀ ਨੀਂਦ ਨਹੀਂ ਲੈ ਪਾਉਂਦੇ ਹਨ। ਅਜਿਹੇ ’ਚ ਜੇਕਰ ਤੁਸੀਂ ਵੀ ਰਾਤ ਨੂੰ ਬਿਸਤਰ ’ਤੇ ਆਰਾਮ ਨਾਲ ਨੀਂਦ ਲੈਣ ਦੀ ਕੋਸ਼ਿਸ਼ ਕਰ ਰਹੇ ਹੋ ਤਾਂ ਆਯੁਰਵੇਦ ਦੇ ਕੁਝ ਨੁਸਖੇ ਤੁਹਾਡੇ ਲਈ ਫਾਇਦੇਮੰਦ ਹੋ ਸਕਦੇ ਹਨ।

ਪੁਰਾਣੇ ਜ਼ਮਾਨੇ ਵਿੱਚ, ਲੋਕ ਇੱਕ ਚੰਗੀ ਜੀਵਨ ਸ਼ੈਲੀ ਦਾ ਪਾਲਣ ਕਰਦੇ ਹੋਏ, ਸੂਰਜ ਡੁੱਬਣ ਦੇ ਨਾਲ ਸੌਂਦੇ ਸਨ ਅਤੇ ਸੂਰਜ ਚੜ੍ਹਨ ਤੋਂ ਪਹਿਲਾਂ ਜਾਗਦੇ ਸਨ। ਅਜੋਕੇ ਸਮੇਂ ਵਿੱਚ ਅਜਿਹੀ ਜੀਵਨਸ਼ੈਲੀ ਦਾ ਪਾਲਣ ਕਰਨਾ ਬਹੁਤ ਮੁਸ਼ਕਿਲ ਹੈ, ਪਰ ਜੀਵਨ ਸ਼ੈਲੀ ਨੂੰ ਨਿਯੰਤਰਿਤ ਕੀਤਾ ਜਾ ਸਕਦਾ ਹੈ। ਰਾਤ ਨੂੰ ਜਲਦੀ ਸੌਣ ਦੀ ਕੋਸ਼ਿਸ਼ ਕਰੋ।

**ਰਾਤ ਦਾ ਭੋਜਨ**

ਰਾਤ ਨੂੰ ਬਹੁਤ ਜ਼ਿਆਦਾ ਚਰਬੀ ਵਾਲੇ ਭੋਜਨ ਦਾ ਸੇਵਨ ਨਹੀਂ ਕਰਨਾ ਚਾਹੀਦਾ। ਸ਼ਾਮ 6 ਵਜੇ ਤੋਂ ਬਾਅਦ ਖਾਣਾ ਖਾਣ ਤੋਂ ਪਰਹੇਜ਼ ਕਰੋ। ਭੋਜਨ ਸੌਣ ਤੋਂ 3 ਘੰਟੇ ਪਹਿਲਾਂ ਲੈਣਾ ਚਾਹੀਦਾ ਹੈ। ਰਾਤ ਨੂੰ ਸਿਰਫ ਹਲਕਾ ਭੋਜਨ ਹੀ ਲਓ। ਰਾਤ ਨੂੰ ਸੌਂਦੇ ਸਮੇਂ ਚੰਗਾ ਪਾਣੀ ਪੀਓ।

**ਮੋਬਾਈਲ, ਟੀ.ਵੀ. ਤੋਂ ਦੂਰ ਰਹੋ**

ਰਾਤ ਨੂੰ ਸੌਣ ਤੋਂ ਦੋ ਘੰਟੇ ਪਹਿਲਾਂ ਮੋਬਾਈਲ, ਲੈਪਟਾਪ, ਕੰਪਿਊਟਰ ਆਦਿ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਇਨ੍ਹਾਂ ਇਲੈਕਟ੍ਰਾਨਿਕ ਉਪਕਰਨਾਂ ਤੋਂ ਨਿਕਲਣ ਵਾਲੀ ਨੀਲੀ ਰੋਸ਼ਨੀ ਅੱਖਾਂ ਲਈ ਬਹੁਤ ਹਾਨੀਕਾਰਕ ਹੈ। ਸੌਣ ਤੋਂ ਪਹਿਲਾਂ ਮੋਬਾਈਲ ਨੂੰ ਦੂਰ ਰੱਖਣਾ ਚਾਹੀਦਾ ਹੈ।

**ਖੱਬੇ ਪਾਸੇ ਸੌਣਾ**

ਆਯੁਰਵੇਦ ਅਨੁਸਾਰ ਚੰਗੀ ਨੀਂਦ ਲਈ ਹਮੇਸ਼ਾ ਖੱਬੇ ਪਾਸੇ ਸੌਣਾ ਚਾਹੀਦਾ ਹੈ। ਖੱਬੇ ਪਾਸੇ ਕਰ ਕੇ ਸੌਣ ਨਾਲ ਛਾਤੀ ਵਿੱਚ ਜਲਨ ਨਹੀਂ ਹੁੰਦੀ ਅਤੇ ਪਾਚਨ ਸੰਬੰਧੀ ਸ਼ਿਕਾਇਤਾਂ ਵੀ ਦੂਰ ਹੁੰਦੀਆਂ ਹਨ। ਇਸ ਤੋਂ ਇਲਾਵਾ ਘੁਰਾੜਿਆਂ ਦੀ ਸਮੱਸਿਆ ਵੀ ਦੂਰ ਹੋ ਜਾਂਦੀ ਹੈ।


TRANS-ALLIANCE
TOGETHER WE SAVE
FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
AMBEST
FUEL CARDS
NO CREDIT - NO PROBLEM
BEST CUSTOMER SERVICE
QUIKQ
wex
TOGETHER WE SAVE
FLEET ONE
FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE
YOU BREAK DOWN
WE SHOW UP
24-HOUR ROADSIDE ASSISTANCE
ROAD SQUAD
TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE
FUEL MANAGEMENT
DAILY FUEL RATES IN PHONE APP
CALL FOR MORE INFO
(855)641-6955, (888)795-7035

ਕਹਾਣੀ

ਅੰਮ੍ਰਿਤ ਕੌਰ

# ਸਕੂਨ



ਨਾ ਨਾ , ਬੱਸ ਬੱਸ, ਠੀਕ ਐ । ਇਹ ਆਖਦਿਆਂ ਮੇਰੇ ਸਹੁਰਾ ਸਾਬ੍ਹ ਨੇ ਪੈਰ ਪਿਛਾਂਹ ਖਿੱਚ ਲਏ। ਅੰਦਰੋਂ ਬੇਇੱਜ਼ਤੀ ਵੀ ਮਹਿਸੂਸ ਹੋਈ ਤੇ ਇਸ ਤਰ੍ਹਾਂ ਵੀ ਲੱਗਿਆ ਜਿਵੇਂ ਮੰਦਰ ਜਾਂ ਗੁਰਦੁਆਰੇ ਵਿੱਚੋਂ ਬਾਂਹ ਤੋਂ ਫੜ ਕੇ ਕਿਸੇ ਨੇ ਪਿਛਾਂਹ ਵੱਲ ਨੂੰ ਧੱਕ ਦਿੱਤਾ ਹੋਵੇ। ਪਰ ਸਤਿ ਸ੍ਰੀ ਅਕਾਲ ਦਾ ਜਵਾਬ ਉਹਨਾਂ ਜ਼ਰੂਰ ਦੇ ਦਿੱਤਾ। ਬੀ ਜੀ ਨੇ ਪੈਰਾਂ ਨੂੰ ਹੱਥ ਤਾਂ ਲਵਾ ਲਏ ਪਰ ਅਸੀਸ ਕੋਈ ਨਾ ਦਿੱਤੀ। ਉਹ ਬਾਅਦ ਵਿੱਚ ਪਤਾ ਲੱਗਿਆ ਕਿ ਉਹਨਾਂ ਦਾ ਸੁਭਾਅ ਨਹੀਂ ਅਸੀਸਾਂ ਦੇਣ ਵਾਲਾ। ਕਈ ਬਜ਼ੁਰਗਾਂ ਦਾ ਸੁਭਾਅ ਹੁੰਦਾ ਹੈ ਕਿ ਪਾਣੀ ਦਾ ਗਲਾਸ ਫੜਾ ਦਿਓ ਤਾਂ ਵੀ ਅਸੀਸਾਂ ਦੀਆਂ ਝੜੀਆਂ ਲਾ ਦੇਣਗੇ। ਪਰ ਅਸੀਸਾਂ ਦੇਣ ਦੇ ਮਾਮਲੇ ਵਿੱਚ ਬੀ ਜੀ ਨੇ ਸਾਰੀ ਉਮਰ ਕੰਜੂਸੀ ਹੀ ਕੀਤੀ ਹੈ।

ਵਿਆਹ ਤੋਂ ਦੋ ਕੁ ਦਿਨ ਬਾਅਦ ਹੀ ਆਂਢਣਾਂ ਗੁਆਂਢਣਾਂ ਦੀਆਂ ਗੱਲਾਂ ਮੇਰੇ ਕੰਨੀਂ ਪਈਆਂ, ਹੈਂਅ ਕੁੜੇ ਇਹ ਪੈਰੀਂ ਹੱਥ ਲਾ ਦਿਆ ਕਰੂ ? ਪੜ੍ਹੀ ਲਿਖੀ ਨੂੰਹ ਲੈ ਲੀ।

ਪੈਰੀਂ ਹੱਥ ਨਾ ਕਿਤੇ ਦੂਰੋਂ ਈ ਸਾਸਰੀ 'ਕਾਲ ਹੋਇਆ ਕਰੂ' ਹੀ ਹੀ ਹੀ। ਉਹ ਹੱਸੀਆਂ। ਮੈਂ ਸੋਚਿਆ ਕਿ ਆਹ ਕੀ ਗੱਲ ਹੋਈ ? ਇਹ ਤਾਂ ਕਿਤੇ ਵੀ ਨਹੀਂ ਲਿਖਿਆ ਕਿ ਪੜ੍ਹੇ ਲਿਖੇ ਆਦਰ ਸਤਿਕਾਰ ਨਹੀਂ ਕਰਦੇ ਹੁੰਦੇ। ਰੱਬ ਦਾ ਸ਼ੁਕਰ ਕੀਤਾ ਕਿ ਇਹ ਗੱਲਾਂ ਮੇਰੇ ਕੰਨੀਂ ਪਈਆਂ। ਨਹੀਂ ਤਾਂ ਕੀ ਪਤਾ ਹੈ ਮੈਂ ਵੀ ਇਹੀ ਸੋਚ ਲੈਂਦੀ ਕਿ ਮਨ ਵਿੱਚ ਸਤਿਕਾਰ ਹੋਣਾ ਚਾਹੀਦਾ ਹੈ, ਦਿਖਾਵਾ ਕਰਨ ਦਾ ਕੀ ਫਾਇਦਾ। ਪਰ ਹੁਣ ਮੇਰੀ ਸੋਚ ਥੋੜ੍ਹੀ ਬਦਲੀ, ਮਨ ਕਿਹੜਾ ਕੋਈ ਫਰੋਲ ਕੇ ਦੇਖਦਾ, ਕੁਝ ਇਸ ਤਰ੍ਹਾਂ ਦੇ ਕੰਮ ਹੋਣੇ ਚਾਹੀਦੇ ਹਨ ਕਿ ਪਤਾ ਲੱਗੇ ਤੁਸੀਂ ਸਤਿਕਾਰ ਕਰਦੇ ਓ। ਇਹ ਵੀ ਕਹਿ ਲਵਾਂ ਕਿ ਥੋੜ੍ਹਾ ਦਿਖਾਵੇ ਵਾਲਾ ਫਰਜ਼ ਨਿਭਾ ਲੈਣ ਵਿੱਚ ਕੋਈ ਹਰਜ਼ ਨਹੀਂ। ਬਾਪੂ ਜੀ ਦਾ ਪਿਛਾਂਹ ਨੂੰ ਪੈਰ ਖਿੱਚਣਾ ਮੈਨੂੰ ਚੰਗਾ ਨਹੀਂ ਸੀ ਲੱਗਦਾ। ਇਹੀ ਦੇਖਿਆ ਸੁਣਿਆ ਸੀ ਕਿ ਪੈਰ ਪਿਛਾਂਹ ਕੋਈ ਉਦੋਂ ਹੀ ਖਿੱਚਦਾ ਹੈ ਜਦੋਂ ਪੈਰੀਂ ਹੱਥ ਲਾਉਣ ਵਾਲੇ ਨਾਲ ਕੋਈ ਸਖਤ ਨਰਾਜ਼ਗੀ ਹੋਵੇ। ਕਈ ਤਰ੍ਹਾਂ ਦੇ ਖਿਆਲ ਮਨ ਵਿੱਚ ਆਉਂਦੇ ਕਿ ਸ਼ਾਇਦ ਮੇਰੇ ਪੇਕਿਆਂ ਨੇ ਉਮੀਦ ਨਾਲੋਂ ਘੱਟ ਸਮਾਨ ਦਿੱਤਾ ਹੋਵੇਗਾ ਜਾਂ ਮੇਰਾ ਪੜ੍ਹੀ ਲਿਖੀ ਹੋਣਾ ਪਸੰਦ ਨਾ ਹੋਵੇ। ਜਿਵੇਂ ਆਮ ਕਰਕੇ ਪਿੰਡਾਂ ਵਿੱਚ ਪੜ੍ਹੀ ਲਿਖੀ ਨੂੰਹ ਦਾ ਆਉਣਾ ਇਹ ਸਮਝ ਲਿਆ ਜਾਂਦਾ ਕਿ ਬਜ਼ੁਰਗਾਂ ਦੇ ਕਰਮਾਂ ਵਿੱਚ ਸੁਖ ਨਹੀਂ। ਇਹ ਭਰਮ ਪਾਲ਼ੇ ਹੋਏ ਹੁੰਦੇ ਨੇ ਕਿ ਪੜ੍ਹੀ ਲਿਖੀਆਂ ਨੂੰਹਾਂ ਕੰਮ ਨਹੀਂ ਕਰਦੀਆਂ। ਉਹ ਆਖਦੇ ਹਨ ਕਿ ਸੱਤ ਵਜੇ ਤਾਂ ਉਹਨਾਂ ਦੀ ਅੱਖ ਹੀ ਖੁੱਲ੍ਹਦੀ ਹੈ, ਓਨੇ ਨੂੰ ਪਿੰਡਾਂ ਵਾਲੇ ਅੱਧੇ ਕੰਮ ਨਿਪਟਾ ਲੈਂਦੇ ਹਨ। ਭਾਵੇਂ ਹਰ ਕਿਸੇ 'ਤੇ ਇਹ ਗੱਲ ਲਾਗੂ ਨਹੀਂ ਹੁੰਦੀ। ਸਾਡੇ ਬੀ ਜੀ ਨੇ ਤਾਂ ਵਿਆਹ ਤੋਂ ਥੋੜ੍ਹੇ ਕੁ ਦਿਨਾਂ ਬਾਅਦ ਮੈਨੂੰ ਸੁਣਾ ਵੀ ਦਿੱਤਾ ਸੀ, ਤੇਰਾ ਮਾਮਾ ਕਹਿੰਦਾ, ਮੇਰੀ ਭੈਣ ਦੇ ਕਰਮਾਂ ਵਿੱਚ ਸੁਖ ਨਹੀਂ ਤਾਂ ਹੀ ਪੜ੍ਹੀ ਲਿਖੀ ਨੂੰਹ ਲੈ ਲਈ। ਮੈਂ ਬੜੀ ਹੈਰਾਨ ਹੋਈ ਕਿ ਜਿਹੜਾ ਬੰਦਾ ਮੈਨੂੰ ਚੰਗੀ ਤਰ੍ਹਾਂ ਜਾਣਦਾ ਹੀ ਨਹੀਂ ਉਸ ਨੇ ਇਹ ਕਿਵੇਂ ਕਹਿ ਦਿੱਤਾ। ਇਹ ਤਾਂ ਬਾਅਦ ਵਿੱਚ ਪਤਾ ਲੱਗਿਆ ਕਿ ਜਦੋਂ ਧੀ ਨੂੰਹ ਬਣ ਕੇ ਕਿਸੇ ਦੇ ਘਰ ਚਲੀ ਜਾਂਦੀ ਹੈ ਤਾਂ ਉਹਨੂੰ ਬਥੇਰੇ ਇਸ ਤਰ੍ਹਾਂ ਦੇ ਸਰਟੀਫਿਕੇਟ ਵੀ ਮਿਲ ਜਾਂਦੇ ਨੇ ਜੋ ਉਹਨੇ ਸੋਚਿਆ ਵੀ ਨਹੀਂ ਹੁੰਦਾ। ਚਲੋ ਇਹ ਗੱਲ ਤਾਂ ਵੱਖਰੀ ਐ। ਚਿੰਤਾ ਤਾਂ ਬਾਪੂ ਜੀ ਦੀ ਨਰਾਜ਼ਗੀ ਦੀ ਸੀ।

ਸਮਾਂ ਬੀਤਦਾ ਰਿਹਾ। ਬਾਪੂ ਜੀ ਦੀਆਂ ਗੱਲਾਂ ਤੋਂ ਮੈਨੂੰ ਕਦੇ ਵੀ ਲਾਲਚ ਦੀ ਬੂ ਨਹੀਂ ਆਈ। ਮੈਨੂੰ ਉਹ ਕਿਸੇ ਦਰਵੇਸ਼ ਦੀ ਤਰ੍ਹਾਂ ਲੱਗਦੇ, ਬਿਲਕੁਲ ਇੱਕ ਰੁੱਖ ਵਾਂਗ। ਉਹਨਾਂ ਆਪਣੀ ਜ਼ਿੰਦਗੀ ਵਿੱਚ ਬਹੁਤ ਔਖੇ ਦਿਨ ਦੇਖੇ ਹੋਏ ਸਨ। ਮਾਪੇ ਸਿਰ 'ਤੇ ਹੈ ਨਹੀਂ ਸਨ। ਰਿਸ਼ਤੇਦਾਰੀਆਂ ਵਿੱਚ ਰਹਿ ਕੇ ਪਲੇ ਤੇ ਵੱਡੇ ਹੋਏ ਸਨ। ਜਦੋਂ ਥੋੜ੍ਹੇ ਵੱਡੇ ਹੋਏ ਤਾਂ ਆਪਣੇ ਛੋਟੇ ਭਰਾਵਾਂ ਦੇ ਵਿਆਹ ਵੀ ਕੀਤੇ ਅਤੇ ਸਾਰਿਆਂ ਨੂੰ ਬਰਾਬਰ ਦੀ ਜ਼ਮੀਨ ਵੀ ਬਣਾ ਦਿੱਤੀ ਸੀ। ਸਕੂਲੀ ਪੜ੍ਹਾਈ ਤਾਂ ਉਹਨਾਂ ਨਹੀਂ ਸੀ ਕੀਤੀ ਹੋਈ ਪਰ ਉਹਨਾਂ ਜ਼ਿੰਦਗੀ ਨੂੰ ਆਪਣੇ ਆਪ ਨੂੰ ਪੜ੍ਹੇ ਲਿਖੇ ਸਮਝਣ ਵਾਲੇ ਲੋਕਾਂ ਨਾਲੋਂ ਵਧੀਆ ਸੁਚੱਜੇ ਤਰੀਕੇ ਨਾਲ ਜੀਵਿਆ। ਮੇਰਾ ਸੱਚੀ ਚਿੱਤ ਕਰਦਾ ਹੁੰਦਾ ਸੀ ਉਹਨਾਂ ਦੇ ਪੈਰਾਂ ਨੂੰ ਹੱਥ ਲਾਉਣ ਨੂੰ। ਪਰ ਜਦੋਂ ਮੈਂ ਉਹਨਾਂ ਕੋਲ ਜਾ ਕੇ ਝੁਕਦੀ ਉਹ ਪਿਛਾਂਹ ਹਟ ਜਾਂਦੇ। ਇਹ ਗੱਲ ਮੇਰੇ ਦਿਲ 'ਤੇ ਬੜੀ ਸੱਟ ਮਾਰਦੀ। ਪਿੰਡਾਂ ਵਿੱਚ ਨੂੰਹ ਸਹੁਰਾ ਆਪਸ ਵਿੱਚ ਬਹੁਤੀਆਂ ਗੱਲਾਂ ਨਹੀਂ ਸਨ ਕਰਦੇ ਹੁੰਦੇ। ਇਸ ਲਈ ਬਾਪੂ ਜੀ ਨੂੰ ਪੁੱਛਣਾ ਕਿ ਉਹ ਇੱਦਾਂ ਕਿਉਂ ਕਰਦੇ ਹਨ, ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਉਹ ਵੈਸੇ ਵੀ ਬਹੁਤ ਘੱਟ ਬੋਲਦੇ ਸਨ। ਵਿਹੜੇ ਵਿੱਚ ਵੀ ਨੀਵੀਂ ਪਾ ਕੇ ਵਿਚਾਰੇ ਜਿਹੇ ਬਣ ਕੇ ਮੰਜੇ 'ਤੇ ਬੈਠੇ ਹੁੰਦੇ। ਮੈਂ ਬੀ ਜੀ ਨੂੰ ਪੁੱਛਿਆ ਕਿ ਬਾਪੂ ਜੀ ਚੁੱਪ ਕਰਕੇ ਕਿਉਂ ਬੈਠੇ ਰਹਿੰਦੇ ਨੇ। ਬੀ ਜੀ ਨੇ ਬੜੀ ਹਾਸੋਹੀਣੀ ਗੱਲ ਆਖੀ। ਕਹਿੰਦੇ, ਤੇਰਾ ਬਾਪੂ ਤੈਥੋਂ ਸੰਗਦਾ ਤੂੰ ਪੜ੍ਹੀ ਲਿਖੀ ਐਂ। ਉਹ ਕਹਿੰਦਾ ਕਿ ਬਹੂ ਕੀ ਆਖੂਗੀ ਕਿਵੇਂ ਬੋਲਦੇ ਨੇ। ਉਹਨਾਂ ਦੀ ਬੋਲੀ ਵਿੱਚ ਪੁਆਧੀ ਦਾ ਰਲੇਵਾਂ ਸੀ। ਮੈਂ ਸਮਝ ਗਈ।

ਹੌਲੀ-ਹੌਲੀ ਅਸੀਂ ਬਾਪੂ ਜੀ ਨੂੰ ਵੀ ਗੱਲਾਂ ਵਿੱਚ ਸ਼ਾਮਲ ਕਰਨ ਲੱਗ ਪਏ। ਕਈ ਵਾਰ ਉਹ ਥੋੜ੍ਹਾ ਫਰਕ ਨਾਲ ਬੈਠੇ ਜਦੋਂ ਅਸੀਂ ਬੀ ਜੀ ਨਾਲ ਗੱਲਾਂ ਕਰਦੇ ਤਾਂ ਸਾਡੀਆਂ ਗੱਲਾਂ ਸੁਣਦੇ ਰਹਿੰਦੇ। ਅਸੀਂ ਬਾਪੂ ਜੀ ਨੂੰ ਵੀ ਕੋਈ ਨਾ ਕੋਈ ਗੱਲ ਪੁੱਛ ਲੈਂਦੇ ਤਾਂ ਉਹ ਦੱਸਣ ਲੱਗ ਪੈਂਦੇ। ਮੈਨੂੰ ਇਹ ਤਾਂ ਤਸੱਲੀ ਹੋ ਜਾਂਦੀ ਕਿ ਬਾਪੂ ਜੀ ਨਰਾਜ਼ ਤਾਂ ਨਹੀਂ। ਪਰ ਕੋਈ ਨਾ ਕੋਈ ਅਜਿਹੀ ਘਟਨਾ ਜੋ ਮੈਨੂੰ ਚੰਗੀ ਨਾ ਲਗਦੀ ਮੈਨੂੰ ਸੋਚਣ 'ਤੇ ਮਜਬੂਰ ਕਰ ਦਿੰਦੀ ਕਿ ਬਾਪੂ ਜੀ ਨਰਾਜ਼ ਹਨ।

ਬੀ ਜੀ ! ਬਾਪੂ ਜੀ ਪੈਰਾਂ ਨੂੰ ਹੱਥ ਕਿਉਂ ਨਹੀਂ ਲਵਾਉਂਦੇ ? ਇੱਕ ਦਿਨ ਮੈਂ ਬੀ ਜੀ ਨੂੰ ਪੁੱਛਿਆ।

ਸਾਰਾ ਦਿਨ ਗਲੀਆਂ ਵਿੱਚ ਗੋਹਾ ਮੱਧਦਾ ਫਿਰਦੈ। ਜੁੱਤੀਆਂ ਲਿਬੜੀਆਂ ਰਹਿੰਦੀਆਂ ਗੋਹੇ ਨਾਲ ਤਾਂ ਨੀ ਲਵਾਉਂਦਾ ਹੋਊ ਕਿ ਬਹੂ ਪੜ੍ਹੀ ਲਿਖੀ ਐ ਕੀ ਆਖੂ ? ਬੀ ਜੀ ਦੇ ਜਵਾਬ 'ਤੇ ਮੈਨੂੰ ਹਾਸਾ ਆ ਗਿਆ। ਪਿੰਡਾਂ ਵਿੱਚ ਆਮ ਕਰਕੇ ਬਜ਼ੁਰਗਾਂ ਦੀਆਂ ਇਹੋ ਜਿਹੀਆਂ ਗੱਲਾਂ ਹੀ ਹੁੰਦੀਆਂ ਹਨ। ਉਹ ਕਦੇ ਵੀ ਪਿਆਰ ਦਾ ਦਿਖਾਵਾ ਨਹੀਂ ਕਰਦੇ ਹੁੰਦੇ।

ਪਰ ਜਦੋਂ ਉਹ ਮੰਜੇ 'ਤੇ ਬੈਠੇ ਹੁੰਦੇ ਨੇ ਉਦੋਂ ਕਿਹੜਾ ਲਵਾਉਂਦੇ ਨੇ। ਮੈਂ ਥੋੜ੍ਹਾ ਸੋਚ ਕੇ ਆਖਿਆ।

ਇਹ ਤਾਂ ਕਿਸੇ ਤੋਂ ਵੀ ਨੀ ਲਵਾਉਂਦਾ।

ਮੈਂ ਸੋਚਿਆ ਚਲੋ ਫੇਰ ਤਾਂ ਕੋਈ ਗੱਲ ਨਹੀਂ। ਮੈਂ ਆਪਣੀ ਚਿੰਤਾ ਘਟਾ ਲਈ ਇਸ ਪਾਸਿਓਂ। ਪਰ ਇੱਕ ਦਿਨ ਪਿੰਡ ਵਿੱਚੋਂ ਚਾਚਾ ਜੀ ਦੀ ਨੂੰਹ ਨੇ ਬਾਪੂ ਜੀ ਦੇ ਪੈਰੀਂ ਹੱਥ ਲਾਏ। ਉਹਨਾਂ ਚੁੱਪ ਕਰਕੇ ਲਵਾ ਲਏ ਤੇ ਸਿਰ ਪਲੋਸਿਆ। ਮੈਨੂੰ ਲੱਗਿਆ ਜਿਵੇਂ ਖਜ਼ਾਨਾ ਲੁੱਟਿਆ ਜਾ ਰਿਹਾ ਹੋਵੇ। ਮੈਂ ਫਿਰ ਬੀ ਜੀ ਨੂੰ ਪੁੱਛਿਆ।

ਇਹਦੀਆਂ ਇਹੀ ਜਾਣੇ। ਬੀ ਜੀ ਨੇ ਸੌ ਦੀ ਇੱਕ ਸੁਣਾ ਦਿੱਤੀ।

ਇੱਕ ਵਾਰ ਮੈਂ ਤੇ ਮੇਰੇ ਪਤੀ ਰਿਸ਼ਤੇਦਾਰੀਆਂ ਵਿੱਚ ਘੁੰਮ ਕੇ ਚਾਰ ਕੁ ਦਿਨਾਂ ਬਾਅਦ ਘਰ ਆਏ। ਬਾਪੂ ਜੀ ਘਰ ਨਹੀਂ ਸਨ। ਉਹ ਜ਼ਿਆਦਾ ਸਮਾਂ ਗੁਰਦੁਆਰਾ ਸਾਹਿਬ ਦੇ ਬਰਾਂਡੇ ਵਿੱਚ ਬੈਠੇ ਬਜ਼ੁਰਗਾਂ ਕੋਲ ਹੀ ਬਿਤਾਉਂਦੇ। ਉੱਥੇ ਲੱਗੇ ਰੁੱਖ ਬੂਟਿਆਂ ਨੂੰ ਪਾਣੀ ਪਾ ਦਿਆ ਕਰਦੇ ਸਨ। ਚਾਹ ਰੋਟੀ ਦੇ ਸਮੇਂ ਹੀ ਘਰ ਆਉਂਦੇ। ਸਾਰੇ ਬਜ਼ੁਰਗ ਹੀ ਚਾਹ ਰੋਟੀ ਆਪਣੇ ਆਪਣੇ ਘਰ ਆ ਕੇ ਹੀ ਖਾਂਦੇ। ਉਹ ਆਖਦੇ ਕਿ ਗੁਰੂ ਘਰ ਲਈ ਇਕੱਠਾ ਕੀਤਾ ਦੁੱਧ ਅਤੇ ਅੰਨ ਪਾਣੀ ਰਾਹੀਆਂ ਪਾਂਧੀਆਂ ਲਈ ਤੇ ਹੋਰ ਲੋੜਵੰਦਾਂ ਲਈ ਹੁੰਦਾ ਹੈ।

ਅੱਜ ਜਦ ਬਾਪੂ ਜੀ ਘਰ ਆਉਣਗੇ, ਆਪਾਂ ਫਟਾਫਟ ਪੈਰੀਂ ਹੱਥ ਲਾ ਦਿਆਂਗੇ। ਮੈਂ ਆਪਣੇ ਪਤੀ ਨੂੰ ਆਖਿਆ।

ਮੈਨੂੰ ਸੰਗ ਆਉਂਦੀ ਐ, ਅਸੀਂ ਨੀ ਕਦੇ ਲਾਏ। ਤੂੰ ਪੈਰੀਂ ਹੱਥ ਲਾਉਣ ਦੇ ਐਨਾ ਪਿੱਛੇ ਕਿਉਂ ਪਈ ਐਂ ਜਿਵੇਂ ਸ਼ੁਦਾਈ ਕਰਦੇ ਹੁੰਦੇ ਨੇ। ਉਹਨਾਂ ਥੋੜ੍ਹੀ ਨਰਾਜ਼ਗੀ ਨਾਲ ਆਖਿਆ।

ਲਾ ਕੇ ਦੇਖਿਓ ਅੱਜ ਬਾਪੂ ਜੀ ਕਿੰਨੇ ਖੁਸ਼ ਹੋਣਗੇ। ਮੈਂ ਕਿਹਾ। ਕਾਫ਼ੀ ਮਿੰਨਤ ਤਰਲੇ ਤੋਂ ਬਾਅਦ ਉਹ ਮੰਨ ਗਏ। ਮਨ ਵਿੱਚ ਡਰ ਅਤੇ ਖੁਸ਼ੀ ਦੇ ਭਾਵ ਵਾਰ ਵਾਰ ਸਿਰ ਚੁੱਕਦੇ। ਕਦੇ ਸੋਚਾਂ ਕਿ ਉਹਨਾਂ ਕੋਈ ਸੰਕਲਪ ਨਾ ਕੀਤਾ ਹੋਵੇ, ਉਹ ਨਾ ਟੁੱਟ ਜਾਵੇ ਕਿਤੇ। ਕਦੇ ਸੋਚਾਂ ਅੱਜ ਇੱਕ ਪਾਸਾ ਹੋ ਜਾਊ, ਜੇ ਬਾਪੂ ਜੀ ਗੁੱਸੇ ਹੋਏ ਤਾਂ ਪੁੱਛ ਲਊਂ ਕਿ ਮੇਰਾ ਕੀ ਕਸੂਰ ਐ ? ਮੇਰੀ ਗਲਤੀ ਦੱਸੋ। ਕੀ ਪੜ੍ਹੇ ਲਿਖੇ ਹੋਣਾ ਈ ਗੁਨਾਹ ਐ ਮੇਰਾ ? ਬੱਸ ਅੰਦਰ ਵਿਚਾਰ ਆ ਜਾ ਰਹੇ ਸਨ। ਧੁੜਕੂ ਲੱਗਿਆ ਪਿਆ ਸੀ। ਇਹ ਤਾਂ ਪਤਾ ਸੀ ਕਿ ਬਾਪੂ ਜੀ ਨੇ ਪੈਰ ਪਿਛਾਂਹ ਖਿੱਚ ਲੈਣੇ ਨੇ। ਫਿਰ ਹੁਣ ਕੀ ਕਰੀਏ ? ਸੋਚਿਆ ਲੁਕ ਕੇ ਇਕਦਮ ਸਾਹਮਣੇ ਆ ਜਾਵਾਂਗੇ ਉਹਨਾਂ ਨੂੰ ਪਤਾ ਈ ਨਾ ਲੱਗੇ ਕਿ ਕੀ ਹੋਇਆ ?

ਬਾਪੂ ਜੀ ਦੇ ਆਉਣ ਦਾ ਪਤਾ ਤਾਂ ਲੱਗ ਹੀ ਜਾਂਦਾ ਹੁੰਦਾ ਸੀ। ਜਦੋਂ ਬਾਪੂ ਜੀ ਘਰ ਆਉਂਦੇ ਤਾਂ ਗਲੀ ਵਿੱਚ ਸੁੱਤੇ ਕੁੱਤੇ ਅੰਗੜਾਈਆਂ ਲੈ ਲੈ ਉੱਠਦੇ ਤੇ ਉਹਨਾਂ ਦੇ ਪੈਰਾਂ ਵਿੱਚ ਲਿਟਣ ਲੱਗ ਪੈਂਦੇ। ਬਾਪੂ ਜੀ ਆਖਦੇ, ਓ ਬੱਸ ਓ ਤੇਰੀ ਬੱਸ ਬਸ ਓ ਬੱਸ ਪੁੱਤ ਬੱਸ ਕਰੋ ਹੁਣ। ਇਹੀ ਆਖਦਿਆਂ ਬਾਪੂ ਜੀ ਅੰਦਰ ਆ ਜਾਂਦੇ। ਕੁੱਤੇ ਵਾਪਸ ਮੁੜ ਜਾਂਦੇ। ਜਦੋਂ ਬਾਪੂ ਜੀ ਦੀ ਆਵਾਜ਼ ਆਈ ਅਸੀਂ ਦਰਵਾਜ਼ੇ ਪਿੱਛੇ ਲੁਕ ਗਏ। ਉਹ ਆਉਣ ਸਾਰ ਸਾਹਮਣੇ ਕੰਧ 'ਤੇ ਲੱਗੀ ਘੜੀ 'ਤੇ ਸਮਾਂ ਦੇਖਦੇ ਹੁੰਦੇ ਸਨ। ਉਹਨਾਂ ਦੀ ਨਿਗਾਹ ਉੱਪਰ ਘੜੀ ਵੱਲ, ਅਸੀਂ ਉਹਨਾਂ ਦੇ ਪੈਰਾਂ ਵਿੱਚ। ਇੱਕ ਪਾਸੇ ਮੈਂ ਦੂਜੇ ਪਾਸੇ ਉਹਨਾਂ ਦਾ ਪੁੱਤਰ। ਇਹ ਸਭ ਕੁਝ ਅਚਾਨਕ ਹੋ ਗਿਆ। ਬਾਪੂ ਜੀ ਨੇ ਮੇਰੇ ਸਿਰ 'ਤੇ ਹੱਥ ਰੱਖ ਦਿੱਤਾ। ਆਪਣੇ ਪੁੱਤਰ ਨੂੰ ਜੱਫ਼ੀ ਵਿੱਚ ਲੈ ਲਿਆ। ਪਿਉ ਪੁੱਤ ਕਿੰਨੀ ਦੇਰ ਜੱਫੀਆਂ ਪਾਈ ਗਏ। ਬਾਪੂ ਜੀ ਬਹੁਤ ਖੁਸ਼ ਸਨ। ਕਹਿਣ ਲੱਗੇ, ਅੱਜ ਤਾਂ ਤੁਸੀਂ ਜਿੱਤ ਗਏ ਬਈ। ਮੈਂ ਵੀ ਖੁਸ਼ ਸੀ ਚਿੰਤਾ ਨਿੱਬੜੀ। ਹੁਣ ਬਾਪੂ ਜੀ ਪੈਰ ਪਿਛਾਂਹ ਨਹੀਂ ਖਿੱਚਣਗੇ। ਪਤਾ ਨਹੀਂ ਕੀ ਮਨ ਵਿੱਚ ਆਇਆ, ਸ਼ਾਮ ਨੂੰ ਬਾਪੂ ਜੀ ਆਪਣੇ ਬੇਟੇ ਨੂੰ ਕਹਿਣ ਲੱਗੇ, ਹੁਣ ਤੁਸੀਂ ਆਪਣੀ ਕਬੀਲਦਾਰੀ ਆਪ ਸਾਂਭੋ।

ਲੈ ਐਂ ਕਿਵੇਂ ਸਾਂਭ ਲੀਏ ਲਾਣੇਦਾਰਾ। ਲਾਣੇਦਾਰੀ ਤਾਂ ਬਜ਼ੁਰਗਾਂ ਹੱਥ ਈ ਸੋਹੰਦੀ ਐ। ਉਹਨਾਂ ਬਾਪੂ ਜੀ ਦੇ ਲੱਕ ਨੂੰ ਜੱਫੀ ਪਾਉਂਦਿਆਂ ਕਿਹਾ।

ਹੁਣ ਸਵਾਸਾਂ ਦਾ ਕੋਈ ਭਰੋਸਾ ਨੀ।

ਐਂ ਨੀ ਮੁੱਕਣ ਦਿੰਦੇ ਸਵਾਸ ਥੋਡੇ। ਉਹਨਾਂ ਬਾਪੂ ਜੀ ਨੂੰ ਹੋਰ ਘੁੱਟ ਲਿਆ।

ਓ ਬੱਸ ਕਰ ... ਪੱਸਲੀਆਂ ਤੋੜੇਂਗਾ ਛੱਡ ਮੈਨੂੰ ਚੰਗਾ ਫੇਰ ਮੇਰੀ ਇੱਕ ਗੱਲ ਮੰਨ ਲੈ, ਜਦੋਂ ਬਾਣੀਏ ਦਾ ਹਿਸਾਬ ਕਰਨਾ ਹੁੰਦਾ ਐ ਮੇਰੇ ਨਾਲ ਚੱਲਿਆ ਕਰ। ਇਹਨਾਂ ਹਾਮੀ ਭਰ ਦਿੱਤੀ। ਬਾਪੂ ਜੀ ਖੁਸ਼ ਹੋ ਗਏ। ਇਹ ਜਮਾਂ ਬੱਚੇ ਬਣ ਜਾਂਦੇ ਸਨ ਜਦੋਂ ਬਾਪੂ ਜੀ ਨਾਲ ਲਾਡ ਜਿਹੇ ਕਰਦੇ। ਮੈਨੂੰ ਬਹੁਤ ਚੰਗਾ ਲੱਗਦਾ ਸੀ। ਜੇ ਸਾਡੇ ਘਰ ਕਿਸੇ ਗੱਲ 'ਤੇ ਤਕਰਾਰ ਹੁੰਦੀ ਤਾਂ ਦੋ ਪਾਰਟੀਆਂ ਬਣ ਜਾਂਦੀਆਂ। ਇਹ ਬੀ ਜੀ ਵੱਲ ਹੋ ਜਾਂਦੇ ਮੈਂ ਬਾਪੂ ਜੀ ਦੀ ਹਾਂ ਵਿੱਚ ਹਾਂ ਮਿਲਾਉਂਦੀ। ਬਾਪੂ ਜੀ ਬੜੇ ਖੁਸ਼ ਹੁੰਦੇ, ਜਦੋਂ ਮੈਂ ਉਹਨਾਂ ਦਾ ਪੱਖ ਲੈਂਦੀ। ਇੱਕ ਦਿਨ ਮੈਨੂੰ ਫਿਰ ਜਾਣਾ ਪਿਆ ਪੇਕੇ, ਕੁਝ ਕਿਤਾਬਾਂ ਲਿਆਉਣੀਆਂ ਸਨ। ਦੂਸਰੇ ਦਿਨ ਵਾਪਸ ਆਈ। ਬਾਪੂ ਜੀ ਨੇ ਫੇਰ ਪੈਰ ਪਿਛਾਂਹ ਨੂੰ ਖਿੱਚ ਲਏ। ਉੱਥੇ ਰੁਕੇ ਵੀ ਨਹੀਂ। ਬਾਹਰਲੇ ਘਰ ਚਲੇ ਗਏ। ਮੈਂ ਬੜੀ ਹੈਰਾਨ ਪ੍ਰੇਸ਼ਾਨ ਹੋਈ। ਗੱਲ ਤਾਂ ਫੇਰ ਉੱਥੇ ਹੀ ਆ ਖੜ੍ਹੀ। ਸੋਚਿਆ, 'ਮਨਾ ਛੱਡ ਕਿਉਂ ਦੁਖੀ ਹੁੰਨੈਂ ।' ਫੇਰ ਸੋਚਿਆ, ਇੱਕ ਵਾਰ ਪੁੱਛੂੰ ਤਾਂ ਜ਼ਰੂਰ, ਦੇਖੀ ਜਾਊ। ਮੈਂ ਆਪਣੀ ਜ਼ਿੱਦ ਛੱਡ ਦਿਊਂ ਜਿਵੇਂ ਉਹਨਾਂ ਨੂੰ ਠੀਕ ਲੱਗੇ, ਉਵੇਂ ਕਰ ਲਿਆ ਕਰੂੰ ਕਿਉਂ ਆਪਣੇ ਦਿਮਾਗ 'ਤੇ ਬੋਝ ਪਾਇਆ ਹੋਇਆ ਹੈ। ਕੋਈ ਗੱਲ ਹੋਣੀ ਐ ਉਹਨਾਂ ਦੇ ਮਨ ਵਿੱਚ, ਤਾਂ ਹੀ ਇਸੇ ਤਰ੍ਹਾਂ ਕਰਦੇ ਨੇ। ਚਲੋ ਕਦੇ ਅਣਜਾਣਪੁਣੇ ਵਿੱਚ ਕਹੀ ਕੋਈ ਗੱਲ ਬੁਰੀ ਲੱਗ ਗਈ ਹੋਊ। ਜਾਣ ਬੁੱਝ ਕੇ ਬਜ਼ੁਰਗਾਂ ਦਾ ਦਿਲ ਦੁਖੀ ਕਰਾਂ, ਇਹ ਤਾਂ ਸੋਚ ਵੀ ਨੀ ਸਕਦੀ।

ਕਈ ਦਿਨ ਮੌਕਾ ਭਾਲਦੀ ਰਹੀ। ਇੱਕ ਦਿਨ ਦੁਪਹਿਰ ਦੀ ਚਾਹ ਫੜਾਉਣ ਗਈ ਤਾਂ ਬਾਪੂ ਜੀ ਇਕੱਲੇ ਹੀ ਮੰਜੀ 'ਤੇ ਬੈਠੇ ਸਨ। ਮੈਂ ਚਾਹ ਰੱਖ ਕੇ ਉੱਥੇ ਹੀ ਮੰਜੀ ਦੀ ਬਾਹੀ ਨੂੰ ਹੱਥ ਪਾ ਕੇ ਹੇਠਾਂ ਹੀ ਬੈਠ ਗਈ। ਬਾਪੂ ਜੀ ਹੈਰਾਨੀ ਨਾਲ ਦੇਖ ਰਹੇ ਸਨ ਕਿ ਮੈਂ ਉੱਥੇ ਕਿਉਂ ਬੈਠ ਗਈ। ਉਹ ਕੁਝ ਆਖਣ ਹੀ ਲੱਗੇ ਸਨ ਕਿ ਮੈਂ ਆਪਣੀ ਗੱਲ ਸ਼ੁਰੂ ਕਰ ਦਿੱਤੀ।

ਬਾਪੂ ਜੀ ! ਇੱਕ ਗੱਲ ਪੁੱਛਾਂ ? ਸੱਚ ਸੱਚ ਦੱਸਣਾ ਮੈਨੂੰ।

ਉਹਦਾ ਸੁਭਾਅ ਈ ਇਹਾ ਜਾ ਪੁੱਤ, ਉਹ ਆਪਣੇ ਅੰਦਰ ਬੈਠੀ ਸੱਸ ਨੂੰ ਕਦੇ ਸੌਣ ਨੀ ਦਿੰਦੀ। ਤੂੰ ਐਵੇਂ ਦਿਲ 'ਤੇ ਨਾ ਲਾਇਆ ਕਰ।

ਬਾਪੂ ਜੀ ਮੇਰੇ ਵੱਲ ਬਿਨਾਂ ਦੇਖੇ ਹੀ ਬੋਲੇ। ਮੈਂ ਸਮਝ ਗਈ ਕਿ ਬਾਪੂ ਜੀ ਬੀ ਜੀ ਬਾਰੇ ਕਹਿ ਰਹੇ ਹਨ। ਉਹ ਕਈ ਵਾਰ ਦਾਲ ਪਾਣੀ ਪਿੱਛੇ ਕਹਿ ਦਿੰਦੇ ਸਨ ਕਿ ਨਾ ਲੂਣ ਨਾ ਮਿਰਚ ਮਿੱਟੀ ਵਰਗੀ ਸਬਜ਼ੀ ਬਣਾ ਕੇ ਰੱਖ ਦਿੰਦੀ ਹੈ। ਚਾਹ ਬਾਰੇ ਵੀ ਨੁਕਸ ਮਾਰ ਦਿੰਦੇ। ਮੈਂ ਕਿਹਾ, ਨਹੀਂ ਬਾਪੂ ਜੀ, ਮੈਂ ਬੀ ਜੀ ਬਾਰੇ ਕੋਈ ਗੱਲ ਨੀ ਆਖਣੀ, ਮੈਂ ਤਾਂ ਥੋਡੇ ਤੋਂ ਪੁੱਛਣੈ ਕਿ ਤੁਸੀਂ ਮੈਨੂੰ ਪੈਰਾਂ ਨੂੰ ਹੱਥ ਕਿਉਂ ਨਹੀਂ ਲਾਉਣ ਦਿੰਦੇ ? ਮੈਂ ਕਾਹਲ਼ੀ ਨਾਲ ਬੋਲੀ।

ਮੈਂ ਤਾਂ ਤੈਨੂੰ ਆਪਣੀ ਨੂੰਹ ਈ ਨਹੀਂ ਮੰਨਦਾ। ਇਹ ਸੁਣਕੇ ਮੈਨੂੰ ਧਰਤੀ ਦੀ ਗਤੀ ਤੇਜ਼ ਹੋਈ ਲੱਗੀ। ਮੈਨੂੰ ਲੱਗਿਆ ਇਸ ਤੇਜ਼ ਗਤੀ ਨਾਲ ਹੁਣੇ ਹੁਣੇ ਰਾਤ ਹੋ ਜਾਵੇਗੀ। ਇਸ ਰਾਤ ਦੀ ਬੁੱਕਲ ਵਿੱਚ ਮੂੰਹ ਲੁਕੋ ਕੇ ਮੈਂ ਬਹੁਤ ਰੋਵਾਂਗੀ। ਕੁਝ ਸਕਿੰਟਾਂ ਵਿੱਚ ਹੀ ਅੱਖਾਂ ਮੂਹਰੇ ਭੰਬੂ ਤਾਰੇ ਦਿਸਣ ਲੱਗੇ। ਐਨੇ ਨੂੰ ਉਹਨਾਂ ਨੇ ਆਪਣਾ ਹੱਥ ਪੋਲੇ ਜਿਹੇ ਮੇਰੇ ਸਿਰ 'ਤੇ ਰੱਖ ਦਿੱਤਾ।

ਮੈਂ ਤਾਂ ਤੈਨੂੰ ਆਪਣੀ ਧੀ ਸਮਝਦਾਂ ... ਧੀਆਂ ਤੋਂ ਪੈਰਾਂ ਨੂੰ ਹੱਥ ਨੀ ਲਵਾਇਆ ਕਰਦੇ।

ਬਾਪੂ ਜੀ ਦੇ ਸਿਰ 'ਤੇ ਰੱਖੇ ਹੱਥ ਨੇ ਸਾਰੇ ਸਰੀਰ ਦਾ ਸੰਤਾਪ ਕੱਢ ਕੇ ਸਕੂਨ ਭਰ ਦਿੱਤਾ। ਮੈਂ ਫੇਰ ਉਹਨਾਂ ਦੇ ਪੈਰਾਂ ਵੱਲ ਨੂੰ ਝੁਕੀ। ਉਹਨਾਂ ਪੈਰ ਪਿਛਾਂਹ ਖਿੱਚ ਲਏ। ਆਪਣੀ ਗਲਤੀ 'ਤੇ ਸ਼ਰਮਿੰਦੀ ਹੋਈ ਮੈਂ ਸਕੂਨ ਨਾਲ ਭਰੀ ਉੱਥੋਂ ਉੱਠ ਕੇ ਅੰਦਰ ਚਲੇ ਗਈ। ਦਿਲ ਦਿਮਾਗ ਅਲੋਕਾਰ ਖੁਸ਼ੀ ਵਿੱਚ ਝੂਮ ਉੱਠੇ।

---

ਮਿੰਨੀ ਕਹਾਣੀ

ਓਮਕਾਰ ਸੂਦ ਬਹੋਨਾ

# ਗਲਹਿਰੀ ਦੇ ਬੱਚੇ

ਪੰਕਜ ਦੀ ਉਮਰ ਅੱਠਾਂ ਸਾਲਾਂ ਦੀ ਸੀ। ਉਹ ਦੂਜੀ ਜਮਾਤ ਵਿੱਚ ਪੜ੍ਹਦਾ ਸੀ ।ਪੜ੍ਹਨ ਵਿੱਚ ਹੁਸ਼ਿਆਰ ਤੇ ਬੋਲਚਾਲ ਵਿੱਚ ਵੀ ਸਿਆਣਾ ਮੁੰਡਾ ਸੀ । ਉਹ ਕਿਸੇ ਨੂੰ ਕੌੜਾ ਤਾਂ ਉੱਕਾ ਹੀ ਨਹੀਂ ਸੀ ਬੋਲਦਾ। ਜਦ ਵੀ ਗੱਲ ਕਰਦਾ ਸੀ ਬੜੀ ਸਿਆਣੀ ਤੇ ਮਧੁਰ ਆਵਾਜ਼ ਵਿੱਚ ਕਰਦਾ ਸੀ।

ਕੁਝ ਦਿਨਾਂ ਤੋਂ ਉਨ੍ਹਾਂ ਦੇ ਘਰ ਮਿਸਤਰੀ ਲੱਗੇ ਹੋਏ ਸਨ । ਉਂ ਮਕਾਨ ਤਾਂ ਉਨ੍ਹਾਂ ਦਾ ਪੱਕਾ ਹੀ ਸੀ । ਚਾਰ-ਪੰਜ ਸਾਲ ਹੋ ਗਏ ਸਨ ਮਕਾਨ ਬਣੇ ਨੂੰ ਪਰ ਪਲੱਸਤਰ ਅਜੇ ਤੱਕ ਇੱਕ ਹੀ ਕਮਰੇ ਨੂੰ ਕਰਵਾਇਆ ਹੋਇਆ ਸੀ। ਬਾਕੀ ਦੋ ਕਮਰੇ ਅਤੇ ਇੱਕ ਬਰਾਂਡਾ ਪਲੱਸਤਰ ਕਰਨ ਵਾਸਤੇ ਹੁਣ ਮਿਸਤਰੀ ਤੇ ਮਜ਼ਦੂਰ ਲਾਏ ਹੋਏ ਸਨ । ਪੰਕਜ ਸਕੂਲੋਂ ਆ ਕੇ ਮਿਸਤਰੀਆਂ ਕੋਲ ਆ ਬੈਠਾ । ਉਹ ਕੰਧਾਂ 'ਤੇ ਪਲੱਸਤਰ ਹੁੰਦਾ ਵੇਖ ਰਿਹਾ ਸੀ । ਮਿਸਤਰੀ ਪਹਿਲਾਂ ਕੰਧ 'ਤੇ ਕਰੰਡੀ ਨਾਲ ਮਸਾਲਾ ਚੇਪ ਦਿੰਦਾ ਤੇ ਬਾਅਦ ਵਿੱਚ ਲਕੜੀ ਦਾ ਚਾਰ ਕੁ ਫੁੱਟਾ ਗ਼ਜ ਫੇਰ ਮਸਾਲੇ ਨੂੰ ਪੱਧਰ ਕਰਦਾ । ਫਿਰ ਹੋਰ ਪੱਧਰ ਕਰਨ ਵਾਸਤੇ ਲੱਕੜੀ ਦਾ ਗੁਰਮਾਲਾ ਫੇਰਦਾ ਤੇ ਅਖੀਰ ਵਿੱਚ ਲੋਹੇ ਦਾ ਗੁਰਮਾਲਾ ਫੇਰ ਕੇ ਕੰਧ ਇੱਕਦਮ ਚਿਕਨੀ ਕਰ ਦਿੰਦਾ ਸੀ । ਪੰਕਜ ਬੈਠਾ ਮਿਸਤਰੀ ਨੂੰ ਕੰਮ ਕਰਦਿਆਂ ਵੇਖ ਰਿਹਾ ਸੀ । ਇਹ ਸਭ ਵੇਖ ਕੇ ਉਸ ਨੂੰ ਬੜਾ ਮਜ਼ਾ ਆ ਰਿਹਾ ਸੀ ।

ਦੁਪਹਿਰੇ ਮਿਸਤਰੀ ਤੇ ਮਜ਼ਦੂਰ ਰੋਟੀ ਖਾਣ ਚਲੇ ਗਏ । ਪੰਕਜ ਉੱਥੇ ਹੀ ਬੈਠਾ-ਬੈਠਾ ਖੇਡਣ ਲੱਗ ਪਿਆ । ਖੇਡਦਿਆਂ-ਖੇਡਦਿਆਂ ਪੰਕਜ ਦਾ ਧਿਆਨ ਕੰਧ ਕੋਲ ਚੱਕਰ ਕੱਟ ਰਹੀ ਇੱਕ ਗਲ਼ਹਿਰੀ ਵੱਲ ਚਲਿਆ ਗਿਆ। ਉਹ ਬੜੀ ਬੇਚੈਨੀ ਨਾਲ ਅੰਦਰ-ਬਾਹਰ ਚੱਕਰ ਲਗਾ ਰਹੀ ਸੀ । ਉਹ ਕੰਧ ਦੇ ਉੱਪਰ ਚੜ੍ਹਨ ਦੀ ਅਸਫ਼ਲ ਕੋਸ਼ਿਸ਼ ਕਰ ਰਹੀ ਸੀ । ਪੰਕਜ ਦਾ ਧਿਆਨ ਖੇਡਣ ਵੱਲੋਂ ਹਟ ਕੇ ਗਲ਼ਹਿਰੀ 'ਤੇ ਕੇਂਦਰਤ ਹੋ ਗਿਆ । ਉਹ ਗਲ਼ਹਿਰੀ ਦੀਆਂ ਬੇਚੈਨ ਹਰਕਤਾਂ ਨੂੰ ਬੜੀ ਉਤਸੁਕਤਾ ਨਾਲ ਵੇਖਣ ਲੱਗ ਪਿਆ । ਉਸ ਨੂੰ ਯਾਦ ਆਇਆ ਕਿ ਕੰਧ ਦੀ ਇੱਕ ਤਰੇੜ ਵਿੱਚ ਗਲ਼ਹਿਰੀ ਦੇ ਬੱਚੇ ਸਨ । ਉਹ ਦਰਜ਼ (ਮੋਰੀ) ਪਲੱਸਤਰ ਹੋਣ ਕਰਕੇ ਬੰਦ ਹੋ ਗਈ ਸੀ । ਬੱਚੇ ਮੋਰੀ ਦੇ ਅੰਦਰ ਹੀ ਸਨ । ਜਿਸ ਕਰਕੇ ਬੱਚਿਆਂ ਕੋਲ ਪਹੁੰਚਣ ਦੀ ਤਾਂਘ ਗਲ਼ਹਿਰੀ ਦੀ ਬੇਚੈਨੀ ਦਾ ਕਾਰਨ ਸੀ । ਗਲ਼ਹਿਰੀ ਨੂੰ ਉਹ ਰੋਜ਼ ਵੇਖਦਾ ਸੀ । ਉਨ੍ਹਾਂ ਦੇ ਘਰੇ ਕਈ ਗਲ਼ਹਿਰੀਆਂ ਘੁੰਮਦੀਆਂ ਫਿਰਦੀਆਂ ਰਹਿੰਦੀਆਂ ਸਨ । ਕਦੇ ਉਹ ਉਨ੍ਹਾਂ ਦੇ ਵਿਹੜੇ ਵਿੱਚ ਉੱਗੇ ਤੂਤ 'ਤੇ ਚੜ੍ਹ ਜਾਂਦੀਆਂ । ਕਦੇ ਗੁਆਂਢੀਆਂ ਦੇ ਘਰੇ ਚਲੀਆਂ ਜਾਂਦੀਆਂ ਸਨ । ਜਿਆਦਾ ਸਮਾਂ ਉਨ੍ਹਾਂ ਦੀ ਕੰਧ 'ਚ ਬਣੀਆਂ ਦਰਜਾਂ ਵਿੱਚ ਛੁਪਦੀਆ-ਨਿਲਕਦੀਆਂ ਰਹਿੰਦੀਆਂ ਸਨ । ਕੰਧਾਂ 'ਤੇ ਪਲੱਸਤਰ ਨਾ ਹੋਇਆ ਹੋਣ ਕਰਕੇ ਕੰਧਾਂ ਵਿੱਚ ਕਈ ਵੱਡੀਆਂ-ਛੋਟੀਆਂ ਖੋੜਾਂ ਸਨ । ਉਨ੍ਹਾਂ ਖੋੜਾਂ ਵਿੱਚ ਗਲ਼ਹਿਰੀਆਂ ਦੇ ਘਰ ਸਨ। ਉੱਪਰ ਛੱਤ ਦੇ ਲੈਂਟਰ ਦੇ ਨਾਲ ਇੱਕ ਵੱਡੀ ਸਾਰੀ ਮੋਰੀ ਵਿੱਚ ਗਲ਼ਹਿਰੀ ਦੇ ਬੱਚਿਆਂ ਦਾ ਉਸ ਨੂੰ ਪਤਾ ਸੀ । ਹੁਣ ਉਹ ਮੋਰੀ ਪਲੱਸਤਰ ਹੋਣ ਕਰਕੇ ਬੰਦ ਹੋ ਗਈ ਸੀ । ਉਸ ਨੇ ਸੋਚਿਆ, 'ਜੇ ਪਲੱਸਤਰ ਸੁੱਕ ਗਿਆ ਤਾਂ ਬੱਚੇ ਵਿੱਚੇ ਹੀ ਦਮ ਘੁੱਟ ਕੇ ਮਰ ਜਾਣਗੇ ।' ਉਹ ਕਿਸੇ ਤਰ੍ਹਾਂ ਗਲ਼ਹਿਰੀ ਦੇ ਮਾਸੂਮ ਬੱਚਿਆਂ ਨੂੰ ਬਚਾਉਣ ਦੀ ਵਿਉਂਤ ਸੋਚਣ ਲੱਗ ਪਿਆ । ਮੋਰੀ ਬਹੁਤ ਉੱਚੀ ਛੱਤ ਦੇ ਨਾਲ ਕਰਕੇ ਸੀ । ਪੰਕਜ ਅਜੇ ਬਹੁਤ ਛੋਟਾ ਸੀ । ਮੋਰੀ ਤੱਕ ਪਹੁੰਚਣਾ ਉਸ ਲਈ ਬੜਾ ਮੁਸ਼ਕਿਲ ਸੀ । ਉਸ ਨੇ ਸੋਚਿਆ ਕਿ ਉਹ ਮਿਸਤਰੀ ਅਤੇ ਮਜ਼ਦੂਰਾਂ ਨੂੰ ਕਹਿ ਕੇ ਗਲ਼ਹਿਰੀ ਦੇ ਬੱਚੇ ਮੋਰੀ ਵਿੱਚੋਂ ਬਾਹਰ ਕਢਵਾ ਦੇਵੇਗਾ ।

(ਬਾਕੀ ਸਫ਼ਾ 31 'ਤੇ)

# ਮੇਰੀ ਕਲਮ

## ਕਦੀ ਜੰਗਲਾਂ ਦੇ ਅੰਦਰ

ਸੁਰਜੀਤ ਪਾਤਰ



ਕਦੀ ਜੰਗਲਾਂ ਦੇ ਅੰਦਰ,
ਕਦੀ ਪਰਬਤਾਂ ਦੇ ਦੁਆਰੇ
ਸਦੀਆਂ ਤੋਂ ਵਾ ਦੇ ਬੁੱਲੇ,
ਫਿਰਦੇ ਨੇ ਮਾਰੇ ਮਾਰੇ
ਤਪਦਾ ਏ ਤਪਿਆ ਸੂਰਜ,
ਸਾਗਰ 'ਚ ਡੁੱਬ ਨਾ ਸਕਿਆ
ਪਾਣੀ ਸਮੁੰਦਰਾਂ ਦਾ,
ਤਪ ਕੇ ਮਿਲਣ ਨੂੰ ਉਡਿਆ
ਡਿਗਿਆ ਪਹਾੜਾਂ ਉਤੇ,
ਬਣ ਕੇ ਬਰਫ਼ ਦੇ ਤੂੰਬੇ
ਕਿੰਝ ਸ਼ਾਂਤ ਹੋ ਰਹੇ ਨੇ,
ਉਹਦੇ ਕਾਲਜੇ ਦੇ ਲੂੰਬੇ
ਧਰਤੀ ਹਜ਼ਾਰ ਦੁਖੜੇ,
ਸੀਨੇ ਦੇ ਵਿੱਚ ਲੁਕੋਂਦੀ
ਅੰਦਰ ਲੁਕੇ ਜਲਾਂ ਵਿੱਚ,
ਅੱਖੀਆਂ ਡੁਬੋ ਕੇ ਰੋਂਦੀ
ਕਦੀ ਪਾੜ ਕੇ ਕਲੇਜਾ,
ਫੁਟਦੀ ਏ ਤੇਜ਼ ਜੁਆਲਾ
ਟੁਟਦੇ ਨੇ ਕੜ ਸਬਰ ਦੇ,
ਖਾਂਦਾ ਏ ਦਿਲ ਉਛਾਲਾ
ਜੋ ਸਹਿ ਲਿਆ ਏ ਸਦੀਆਂ,
ਇਕ ਦਿਵਸ ਨਾ ਸਹੇਗਾ
ਸਦੀਆਂ ਦੀ ਅਣਕਹੀ ਨੂੰ,
ਇੱਕ ਹਾਦਸਾ ਕਹੇਗਾ
ਇਹ ਨੇੜਤਾ ਦੀ ਸੱਧਰ,
ਤੇ ਦੂਰੀਆਂ ਦਾ ਮਸਲਾ
ਸੰਜੋਗ ਦਾ ਇਹ ਸੁਪਨਾ,
ਤੇ ਵਿਯੋਗ ਦਾ ਇਹ ਅਸਲਾ
ਅਟਕੇ ਨੇ ਰੂਪ ਸਾਰੇ,
ਇੱਕ ਦੂਸਰੇ ਸਹਾਰੇ
ਜੇ ਕੋਸ਼ਿਸ਼ ਨਹੀਂ ਤਾਂ ਕੀ ਨੇ,
ਇਹ ਜਹਾਨ ਦੇ ਖਲਾਰੇ

## ਸੱਤ ਸਮੁੰਦਰੋਂ ਪਾਰ ਗਿਆ

ਕੁਲਜੀਤ ਕੌਰ ਗ਼ਜ਼ਲ

ਸੱਤ ਸਮੁੰਦਰੋਂ ਪਾਰ ਗਿਆ ਨੀਂ ਓਹ ਸੱਤ ਸਮੁੰਦਰੋਂ ਪਾਰ ਗਿਆ
ਸਾਨੂੰ ਛੱਡ ਕੇ ਅੱਧ ਵਿਚਕਾਰ ਗਿਆ ਨੀਂ ਓਹ ਸੱਤ ਸਮੁੰਦਰੋਂ ਪਾਰ ਗਿਆ
ਪਰਦੇਸੀ ਸੀ, ਪਰਦੇਸੀਆਂ ਨੇ ਇੱਕ ਦਿਨ ਤੁਰ ਜਾਣਾ ਹੁੰਦਾ ਏ
ਕੀ ਮਾਣ ਮਿੱਟੀ ਦੇ ਬਾਵਿਆਂ ਤੇ ਇਹਨਾ ਖੁਰ ਜਾਣਾ ਹੁੰਦਾ ਏ
ਮੈਨੂੰ ਬਿਰਹਾ ਸੂਲੀ ਚਾੜ ਗਿਆ ਨੀਂ ਓਹ ਸੱਤ ਸਮੁੰਦਰੋਂ ਪਾਰ ਗਿਆ
ਸਮੁੰਦਰੋਂ ਡੂੰਘਾ ਪਿਆਰ ਮੇਰਾ, ਕਿਸੇ ਹੋਰ ਕੋਲੋਂ ਕਰ ਹੋਣਾ ਨਾ
ਪੈ ਗਿਆ ਵਿਛੋੜਾ ਉਮਰਾਂ ਦਾ ਕੱਲੀ ਜਿੰਦ ਤੋਂ ਜਰ ਹੋਣਾ ਨਾ
ਹਾਰ ਗਿਆ, ਮੇਰਾ ਪਿਆਰ ਗਿਆ ਨੀਂ ਓਹ ਸੱਤ ਸਮੁੰਦਰੋਂ ਪਾਰ ਗਿਆ
ਦੁਨੀਆਂ ਦੇ ਤਾਹਨੇ ਮਿਹਣਿਆਂ ਨੂੰ ਹਸ ਹਸ ਕੇ ਜਰਨਾ ਔਖਾ ਏ
ਇਸ ਪਿਆਰ ਵਿਹੂਣੀ ਜ਼ਿੰਦਗੀ ਤੋਂ ਬਿਨ ਸੱਜਣਾ ਮਰਨਾ ਸੌਖਾ ਏ
ਜਿਓਂਦੀ ਹੀ ਕੁਲਜੀਤ ਨੂੰ ਮਾਰ ਗਿਆ ਨੀਂ ਓਹ ਸੱਤ ਸਮੁੰਦਰੋਂ ਪਾਰ ਗਿਆ



## ਸਮੁੰਦਰ

ਸੁਰਜੀਤ ਸਖੀ

ਸਮੁੰਦਰ ਕੀ ਪਤਾ ਕਦ ਆਸ ਦਾ ਸੂਰਜ ਨਿਗਲ ਜਾਵੇ।
ਅਚਾਨਕ ਸੋਚ ਦਾ ਦਰਿਆ, ਕਦੋਂ ਰਸਤਾ ਬਦਲ ਜਾਵੇ।
ਇਹ ਸੱਚ ਹੈ, ਬਰਫ਼ ਦੇ ਬੁੱਤਾਂ 'ਚੋਂ ਅੱਜ ਕੱਲ੍ਹ ਸੇਕ ਆਉਂਦਾ ਹੈ,
ਜੇ ਪਰਬਤ ਸੁਲਗਿਆ ਤਾਂ ਕੀ ਪਤਾ ਅੰਬਰ ਪਿਘਲ ਜਾਵੇ।
ਤਿਰੀ ਇਹ ਚੰਨ ਨੂੰ ਫੜ ਕੇ, ਤਣਾਵਾਂ ਪਾਉਣ ਦੀ ਜ਼ਿਦ ਵਿੱਚ,
ਤਿਰੇ ਪੈਰਾਂ ਦੇ ਹੇਠੋਂ ਨਾ ਤਿਰੀ ਧਰਤੀ ਨਿਕਲ ਜਾਵੇ।
ਇਹ ਜੀਵਨ, ਜਿਸਮ ਤੇ ਧਰਤੀ ਦੇ ਵਿੱਚ ਇੱਕ ਅਹਿਦਨਾਮਾ ਹੈ,
ਉਹੀ ਬੰਦਾ ਹੈ ਜੋ ਇਸ ਅਹਿਦ ਦੇ ਖ਼ਾਕੇ 'ਚ ਢਲ ਜਾਵੇ।
ਫਿਰ ਉਸਦੇ ਪਾਰਦਰਸ਼ੀ ਹੋਣ ਦਾ ਕੀ ਅਰਥ ਰਹਿ ਜਾਂਦੈ,
ਜੇ ਸ਼ੀਸ਼ਾ ਪਰਦਿਆਂ ਵਿੱਚ ਹੋ ਰਹੀ ਸਾਜ਼ਿਸ਼ 'ਚ ਰਲ਼ ਜਾਵੇ।

## ਜਦ ਤੱਕ ਜਾਰੀ ਮੇਰੀਆਂ ਸਾਹਵਾਂ

ਆਗਾ ਨਿਸਾਰ

ਜਦ ਤੱਕ ਜਾਰੀ ਮੇਰੀਆਂ ਸਾਹਵਾਂ ਰਹਿਣਗੀਆਂ।
ਮੇਰੇ ਦਿਲ ਨੂੰ ਤੇਰੀਆਂ ਤਾਂਘਾਂ ਰਹਿਣਗੀਆਂ।
ਇੱਕ ਵੀ ਸ਼ਾਖ਼ ਦਾ ਪੱਤਾ ਹੋਇਆ ਪੀਲਾ ਤੇ,
ਖ਼ੌਫ਼ਜਦਾ ਫਿਰ ਸਾਰੀਆਂ ਸ਼ਾਖ਼ਾਂ ਰਹਿਣਗੀਆਂ।
ਤੇਰੀ ਫ਼ਿਤਰਤ ਵਿੱਚ ਵਫ਼ਾ ਏ ਜਦ ਤੀਕਰ,
ਮੇਰੀਆਂ ਸੱਭੇ ਸੱਧਰਾਂ ਹਰੀਆਂ ਰਹਿਣਗੀਆਂ।
ਅੱਖ ਖੁੱਲ੍ਹੀ ਤੇ ਟੁਟ ਜਾਵੇਗਾ ਸੁਫ਼ਨਾ, ਪਰ ਸੋਚਾਂ
ਵਿੱਚ ਤਨਹਾਈਆਂ ਡੁੱਬੀਆਂ ਰਹਿਣਗੀਆਂ।
ਬਹਿ ਜਾਣਾ ਏ ਰਾਹੀਆਂ ਥੱਕ ਕੇ ਰਸਤੇ ਵਿੱਚ,
ਮੰਜ਼ਿਲ ਦੇ ਵਲ ਸੜਕਾਂ ਤੁਰੀਆਂ ਰਹਿਣਗੀਆਂ।
'ਆਗਾ' ਕਿਸਰਾਂ ਸਾਫ਼ ਤੂੰ ਚਿਹਰੇ ਦੇਖੇਂਗਾ,
ਜੇ ਕਰ ਤੇਰੀਆਂ ਅੱਖਾਂ ਭਿੱਜੀਆਂ ਰਹਿਣਗੀਆਂ।

## ਸੱਜਰੇ ਫੁੱਲ ਦੀਆਂ ਮਹਿਕਾਂ ਵਰਗੇ

ਸੁਖਵਿੰਦਰ ਅੰਮ੍ਰਿਤ



ਸੱਜਰੇ ਫੁੱਲ ਦੀਆਂ ਮਹਿਕਾਂ ਵਰਗੇ
ਤੇਰੇ ਬੋਲ ਮੁਹੱਬਤਾਂ ਵਰਗੇ
ਕੁਝ ਦਿਲ ਹੀਰੇ , ਕੁਝ ਦਿਲ ਮੋਤੀ
ਕੁਝ ਦਿਲ ਖ਼ਾਰੇ ਹੰਝੂਆਂ ਵਰਗੇ
ਵਿਛੜ ਗਈਆਂ ਜਿਹਨਾਂ ਤੋਂ ਰੂਹਾਂ
ਉਹ ਤਨ ਹੋ ਗਏ ਕਬਰਾਂ ਵਰਗੇ
ਸਾਡਾ ਦਿਲ ਕੱਖਾਂ ਦੀ ਕੁੱਲੀ
ਉਹਦੇ ਬੋਲ ਨੇ ਚਿਣਗਾਂ ਵਰਗੇ
ਜਦ ਜੀ ਚਾਹੇ ਪਰਖ ਲਈਂ ਤੂੰ
ਸਾਡੇ ਜੇਰੇ ਬਿਰਖਾਂ ਵਰਗੇ
ਧੁੱਪਾਂ ਸਹਿ ਕੇ ਛਾਵਾਂ ਵੰਡਦੇ
ਰੁੱਖ ਵੀ ਸੱਜਣਾਂ ਮਿੱਤਰਾਂ ਵਰਗੇ
ਕੁਝ ਅਹਿਸਾਸ ਨੇ ਸ਼ੇਅਰ ਗ਼ਜ਼ਲ ਦੇ
ਕੁਝ ਅਣ-ਲਿਖੀਆਂ ਸਤਰਾਂ ਵਰਗੇ

## ਖ਼ਾਮੋਸ਼ੀ

ਇਕਬਾਲ ਦੀਵਾਨਾ

ਲੋਕ ਕਹਿੰਦੇ
ਖ਼ਾਮੋਸ਼ੀ ਬੇਜ਼ੁਬਾਨ ਹੁੰਦੀ ਹੈ
ਪਰ ਮੈਨੂੰ ਲੱਗਦਾ
ਖ਼ਾਮੋਸ਼ੀ ਠੰਢਾ ਸੰਗਰਾਮ ਹੁੰਦੀ ਹੈ
ਖ਼ਾਮੋਸ਼ੀ ਬੇਮੁਹਾਰੇ ਬੜਬੋਲੇਪਨ ਦਾ
ਪਹਿਲਾ ਪੜਾਅ ਹੈ
ਗਲੇ 'ਚ ਅਟਕੀ ਚੀਕ ਦੀ
ਟੁੱਕੀ ਜੀਭ ਦਾ ਦਰਦ ਹੈ
ਖ਼ਾਮੋਸ਼ੀ
ਘੂਕ ਸੁੱਤੇ ਹਨ੍ਹੇਰੇ ਦੀ ਨੀਂਦ ਨਹੀਂ
ਸਗੋਂ ਉਸਦੀ ਹਿੱਕ ਉੱਤੋਂ ਲੰਘੇ
ਸੱਪ ਦੀ ਚਮਕ ਹੁੰਦੀ ਹੈ
ਸਿਰਫ਼ ਸਹਿਮਤੀ ਦਾ ਪ੍ਰਗਟਾਅ ਨਹੀਂ
ਅਸਹਿਮਤ ਮੁੱਦਿਆਂ 'ਤੇ ਅੰਦਰੋ-ਅੰਦਰੀ
ਚੱਲਦਾ ਘੋਲ ਵੀ ਹੈ
ਖ਼ਾਮੋਸ਼ੀ ਸਿਰਫ਼ 'ਹਾਂ' ਦੀ ਮੁਦਰਾ ਵਿੱਚ
ਝੁਕੀ ਹੋਈ ਧੌਣ ਨਹੀਂ ਹੁੰਦੀ
ਬੇਖ਼ੌਫ਼ ਖੜ੍ਹੇ ਬੰਦੇ ਦੀ ਧੌਣ ਦਾ
ਅਕੜਾਅ ਵੀ ਹੁੰਦੀ ਹੈ
ਜਿਨ੍ਹਾਂ ਦੀ ਜ਼ੁਬਾਨ 'ਚ ਨਹੀਂ
ਬਾਹਾਂ 'ਚ ਦਮ ਹੁੰਦਾ ਹੈ
ਉਹ ਬੇਜ਼ੁਬਾਨ ਹੁੰਦੇ ਹੋਏ ਵੀ
ਦਮਦਾਰ ਭਾਸ਼ਾ ਦੇ ਉਸਰੱਈਏ ਹੁੰਦੇ ਹਨ
ਜਿਨ੍ਹਾਂ ਦੀ ਚੁੱਪ ਅੱਗੇ
ਹਰ ਬੋਲ ਗੁੰਗਾ ਹੋ ਜਾਂਦਾ ਹੈ
ਉਹ ਬੋਲਾਂ ਦੇ ਦੁਆਰ 'ਤੇ
ਖ਼ਾਮੋਸ਼ ਮੁਦਰਾ 'ਚ ਬੈਠੇ ਤਪੱਸਵੀ ਹੁੰਦੇ ਹਨ
ਖ਼ਾਮੋਸ਼ੀ
ਸਿਰਫ਼ ਬੇਜ਼ੁਬਾਨ ਹਾਂ ਨਹੀਂ ਹੁੰਦੀ
ਸਹਿਮਤੀ ਦੇ ਪ੍ਰਗਟਾਅ ਦਾ ਵਿਰੋਧ ਕਰਦਾ
ਅਸਹਿਮਤ ਮੁੱਦਿਆਂ ਦਾ ਮੂਕ ਦਿਖਾਵਾ ਵੀ ਹੈ

## ਅੱਜ

ਅੰਮ੍ਰਿਤਾ ਪ੍ਰੀਤਮ



ਮਾਨ ਸਰੋਵਰ ਰਿਸ਼ਮਾਂ ਲੱਥੀਆਂ
ਮੋਤੀ ਰਹੀਆਂ ਚੁੱਗ ਵੇ।
ਫੇਰ ਹਨੇਰੇ ਚਉਸਰ ਖੇਡੇ
ਫ਼ਜ਼ਰ ਗਈ ਉ ਪੁੱਗ ਵੇ।
ਪੂਰਬ ਦੀ ਇੱਕ ਟਾਹਣੀ ਉੱਤੇ
ਕਿਰਣਾਂ ਪਈਆਂ ਉੱਗ ਵੇ।
ਸੱਭੇ ਯਾਦਾਂ ਉੱਮਲ੍ਹ ਆਈਆਂ
ਭਰੀ ਕਲੇਜੇ ਰੁੱਗ ਵੇ।
ਅੱਲੜ੍ਹ ਧੁੱਪਾਂ ਖੇਡਣ ਪਈਆਂ
ਖੇਡਣ ਰੰਗ ਕਸੁੰਭ ਵੇ।
ਲਗਰਾਂ ਜਹੀਆਂ ਸਿਖ਼ਰ ਦੁਪਹਿਰਾਂ
ਹੋਈਆਂ ਚਿੱਟੀਆਂ ਖੁੰਬ ਵੇ।
ਵੇਖ ਸਮੇਂ ਨੇ ਚਾੜ੍ਹ ਧੁਣਖਣੀ
ਚਾਨਣ ਦਿੱਤਾ ਤੁੰਬ ਵੇ।
ਦੋਵੇਂ ਪੈਰ ਦਿਹੁੰ ਦੇ ਠਰ ਗਏ
ਕਿਰਣਾਂ ਮਾਰੀ ਚੁੰਬ ਵੇ।
ਕਿਰਣਾਂ ਜਿਵੇਂ ਜਲੂਟੀ ਹੋਈਆਂ
ਅੰਬਰ ਗਏ ਨੇ ਅੰਬ ਵੇ।
ਕਿਸੇ ਰਾਹੀ ਨੇ ਅੱਡੀ ਝਾੜੀ
ਪੰਛੀ ਝਾੜੇ ਖੰਭ ਵੇ।
ਆ ਗਏ ਝੁੰਡ, ਵੱਗ ਤੇ ਡਾਰਾਂ
ਭਰ ਗਏ ਸਰਵਰ ਛੰਭ ਵੇ।
ਏਸ ਹਿਜਰ ਦੇ ਪੈਂਡੇ ਉੱਤੇ
ਜਿੰਦ ਗਈ ਮੇਰੀ ਹੰਭ ਵੇ।
ਡੋਲ ਗਈ ਸੂਰਜ ਦੀ ਬੇੜੀ
ਪੱਛਮ ਉੱਠੀ ਛੱਲ ਵੇ।
ਗੰਢ ਪੋਟਲੀ ਚੁੱਕ ਤਰਕਾਲਾਂ
ਆਈਆਂ ਸਾਡੀ ਵੱਲ ਵੇ।
ਕਿਹੜੇ ਬੱਦਲੋਂ ਕਣੀਆਂ ਲੱਥੀਆਂ
ਅੱਖੀਆਂ ਭਰ ਲਈ ਡੱਲ ਵੇ।
ਹਰ ਇੱਕ ਮੇਰੀ 'ਅੱਜ' ਢੂੰਡਦੀ
ਕਿੱਥੇ ਕੁ ਤੇਰੀ 'ਕੱਲ੍ਹ' ਵੇ ?

## ਬਿਮਾਰੀਆਂ ਦਾ ਘਰ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਉਹ ਕਿਹੜੀ ਹੈ ਬਿਮਾਰੀ, ਜਿਹੜੀ ਮੈਨੂੰ ਨਹੀਂ ਚਿੰਬੜੀ,
ਪੁੱਛ ਨਾ ਤੂੰ ਹਾਲ ਮੇਰਾ, ਛੇੜ ਨਾ ਕੋਈ ਚਿੰਜੜੀ।
ਦੱਸਣ ਮੈਂ ਲੱਗਾ ਜਦੋਂ, ਤੈਥੋਂ ਨਹੀਉਂ ਸੁਣ ਹੋਣਾ,
ਹੰਝੂ ਤੇਰੇ ਵਗਣਗੇ, ਰੁਕਣਾ ਨਹੀਂ ਤੇਰਾ ਰੋਣਾ।
ਫੇਰ ਵੀ ਜੇ ਚਾਹੁਨਾਂ ਏਂ, ਖੋਲ੍ਹਾਂ ਮੈਂ ਦੁੱਖਾਂ ਦੀ ਪਟਾਰੀ,
ਹੈ ਤੇਰੇ ਕੋਲ ਸਮਾਂ, ਪੂਰਾ ਦਿਨ ਅਤੇ ਰਾਤ ਸਾਰੀ ?
ਭੱਜਣ ਨਹੀਂ ਦੇਣਾ ਤੈਨੂੰ, ਅੱਧਵਾਟੇ ਛੱਡ ਕੇ,
ਘੇਰ ਕੇ ਸੁਣਾਊਂਗਾ ਮੈਂ, ਦੁੱਖ ਸਾਰੇ ਰੱਜ ਕੇ।
ਕਿਹੜਾ ਏ ਉਹ ਅੰਗ ਜਿੱਥੇ, ਪੀੜ ਨਹੀਉਂ ਹੋਂਵਦੀ,
ਕੋਈ ਵੀ ਦਵਾਈ ਮੇਰੇ, ਨੇੜੇ ਨਹੀਉਂ ਪੋਂਹਵੰਦੀ।
ਗਿਣਾਵਾਂ ਉਹ ਬਿਮਾਰੀਆਂ, ਕੋਈ ਜੋ ਗਿਣਾ ਸਕੇ,
ਜਾਣਦਾਂ ਮੈਂ ਸਾਰੀਆਂ ਨੂੰ, ਹਰੇਕ ਮੇਰੇ ਪਿੰਡੇ ਵਸੇ।
ਵਾਰੀਆਂ ਇਹ ਪਾ ਕੇ ਮੈਨੂੰ, ਮੁੜ ਮੁੜ ਢਾਉਂਦੀਆਂ,
ਇੱਕ ਦੂਜੇ ਤੋਂ ਅੱਗੇ ਵਧ, ਪਿਆਰ ਨੇ ਜਤਾਉਂਦੀਆਂ।
ਕਈ ਰਹਿਣ ਕੁੱਛ ਦਿਨ, ਤੇ ਕਈ ਰਹਿਣ ਸਾਲੋਂ ਸਾਲ,
ਛੱਡਣ ਨਾ ਖਹਿੜਾ ਮੇਰਾ, ਕਰਦੀਆਂ ਬੁਰਾ ਹਾਲ।
ਕਦੀ ਕੁੱਛ ਦਿਨਾਂ ਲਈ, ਜੇ ਮੈਨੂੰ ਲੱਗੇ ਸਭ ਠੀਕ,
ਯਕੀਨ ਜਾਣੋਂ ਮੈਨੂੰ ਲੱਗ, ਜਾਂਦੀ ਉਨ੍ਹਾਂ ਦੀ ਉਡੀਕ।
ਲੱਗਦਾ ਹੈ ਜਿਵੇਂ ਮੈਨੂੰ, ਪਿਆਰ ਜਿਹਾ ਹੋ ਗਿਆ,
ਇਨ੍ਹਾਂ ਬਿਨਾ ਮੇਰਾ ਜਿਵੇਂ, ਜੀਵਨ ਖਲੋ ਗਿਆ।
ਸਾਹ ਇੱਕ ਦੂਜੇ ਨਾਲ, ਖਹਿੰਦਾ ਜਿਹਾ ਲੱਗਦਾ
ਠੱਕ ਠੱਕ ਦਿਲ ਵੱਜੇ, ਜਿਵੇਂ ਢੋਲ ਵੱਜਦਾ।
ਪਿੱਤਾ ਅਤੇ ਗੁਰਦੇ ਵੀ, ਢਿੱਲੇ ਜਿਹੇ ਰਹਿੰਦੇ ਨੇ,
ਨਵੇਂ ਨੇ ਉਹ ਪੈਣ ਵਾਲੇ, ਡਾਕਟਰ ਕਹਿੰਦੇ ਨੇ।
ਫੋੜੇ ਜਿਹੇ ਕਈ ਵਾਰੀਂ, ਥਾਂ ਥਾਂ ਤੇ ਦਿਸਦੇ,
ਮੱਲ੍ਹਮਾਂ ਦੇ ਬਾਵਜੂਦ, ਭਰ ਭਰ ਰਿੱਸਦੇ।
ਦਵਾਈਆਂ ਵਾਲੇ ਪੁੜੇ ਵੀ, ਮੈਂ ਰੱਖਾਂ ਨਿੱਤ ਸਾਂਭ ਸਾਂਭ,
ਦਵਾਈਆਂ ਬਿਨਾ ਘਰ ਹੁਣ, ਲੱਗਦਾ ਨਹੀਂ ਆਮ ਵਾਂਗ।
ਪੀਲੀਆਂ ਤੇ ਨੀਲੀਆਂ, ਲਾਲ ਤੇ ਗੁਲਾਬੀ ਕਈ,
ਚਾਵਾਂ ਨਾਲ ਗਿਣ ਗਿਣ, ਖਾਵਾਂ ਫੱਕੇ ਮਾਰ ਬਈ।
ਭੁੱਖ ਹੁਣ ਰੋਟੀ ਦੀ, ਦਵਾਈਆਂ ਨਾਲ ਬੁਝਦੀ,
ਨੀਤ ਮੇਰੀ ਜਾਵੇ ਸਦਾ, ਇਨ੍ਹਾਂ ਵਿੱਚ ਰੁਝਦੀ।
ਪੁੱਛ ਲੈ ਸਵਾਲ ਕੋਈ, ਹੋਰ ਜੇ ਤੂੰ ਪੁੱਛਣਾ,
ਨਹੀਂ ਤੇ ਮੈਂ ਨਹੀਂ ਹੁਣ, ਹੋਰ ਕੁੱਛ ਦੱਸਣਾ।
ਕਿੰਨਾ ਕੁ ਹੁਣ ਹੋਰ ਬੰਦਾ, ਦੁੱਖ ਰਹੇ ਫੋਲਦਾ,
ਇਸੇ ਗੱਲੋਂ ਕੋਈ ਕੋਈ, ਮੇਰੇ ਨਾਲ ਨਹੀਉਂ ਬੋਲਦਾ।
ਕਰਾਂ ਮੈਂ ਇਹ ਬੰਦ ਹੁਣ, ਦੁੱਖਾਂ ਦੀ ਪਟਾਰੀ ਸਾਰੀ,
ਇਸ ਤੋਂ ਕਿ ਪਹਿਲਾਂ ਤੇਰੀ, ਮੱਤ ਜਾਵੇ ਹੋਰ ਮਾਰੀ।
ਜ਼ਿੰਦਗੀ ਹੈ ਹਾਲੇ ਬਾਕੀ, ਉਮੀਦ ਨਾਲ ਜੀਵੰਦਾ ਹਾਂ,
ਦੁੱਖਾਂ ਦੇ ਪਿਆਲੇ ਨਿੱਤ, ਚੀਸ ਵੱਟ ਪੀਵੰਦਾ ਹਾਂ।



# ਭਾਰਤ 'ਚ ਏਨਾ ਹਰਮਨ ਪਿਆਰਾ ਕਿਉਂ ਹੈ ਕ੍ਰਿਕਟ?

ਪ੍ਰੋ ਹਰਦੀਪ ਸਿੰਘ ਸੰਗਰੂਰ



ਉਲੰਪਿਕ ਖੇਡ ਕੈਲੰਡਰ ਵਾਲੀਆਂ ਤਮਾਮ ਖੇਡਾਂ ਨੂੰ ਖੂੰਜੇ ਲਾ ਕੇ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿੱਚ ਹੋਏ ਪੁਰਸ਼ਾਂ ਦੇ ਆਈਪੀਐਲ ਕ੍ਰਿਕਟ ਟੂਰਨਾਮੈਂਟ ਦਾ ਬੁਖ਼ਾਰ ਪੂਰੇ ਮੁਲਕ ਦੀ ਜਨਤਾ ਨੂੰ ਮੁੜ ਚੜ੍ਹਿਆ ਹੋਇਆ ਸੀ। ਪਿਛਲੇ ਆਈਪੀਐਲ ਕ੍ਰਿਕਟ ਸੀਜ਼ਨ ਵਾਂਗੂ ਹੀ ਲੋਕ ਇਸ ਵਾਰ ਵੀ ਆਈਪੀਐਲ ਟੂਰਨਾਮੈਂਟ ਦੌਰਾਨ ਆਪਣਾ ਕੰਮ ਕਾਰ ਛੱਡ ਜਾਂ ਕਈ ਆਪਣੇ ਕੰਮ ਦੇ ਦੌਰਾਨ ਹੀ ਮੀਡੀਆ ਦੇ ਵੱਖੋ-ਵੱਖਰੇ ਮਾਧਿਅਮ ਰਾਹੀਂ ਅੰਗਰੇਜ਼ਾਂ ਵੱਲੋਂ ਲਿਆਂਦੀ ਇਸ ਕ੍ਰਿਕਟ ਖੇਡ ਦੇ ਸੀਜ਼ਨ ਦਾ ਲੁਤਫ਼ ਲੈ ਰਹੇ ਸਨ। ਆਈਪੀਐਲ ਕ੍ਰਿਕਟ ਮੈਚਾਂ ਦਾ ਸਿੱਧਾ ਪ੍ਰਸਾਰਣ ਦਿਖਾਉਣ ਲਈ ਕਈ ਚੈੱਨਲ ਵੀ ਪੱਬਾਂ ਭਾਰ ਹੋਏ ਫਿਰਦੇ ਸਨ। ਚਾਰੇ ਪਾਸੇ ਕ੍ਰਿਕਟ ਹੀ ਕ੍ਰਿਕਟ ਦੇ ਇਸ ਰੌਲੇ ਨਾਲ ਇਉਂ ਲੱਗਦਾ ਹੈ ਕਿ ਕ੍ਰਿਕਟ ਦੇ ਆਈਪੀ.ਐਲ ਸੀਜ਼ਨ ਨੇ ਦੇਸ਼ ਦੀ ਬਹੁਤੀ ਜਨਤਾ ਨੂੰ ਆਹਰੇ ਲਾਇਆ ਹੋਇਆ ਹੈ। ਵੱਖ-ਵੱਖ ਟੀਵੀ ਚੈੱਨਲ ਵਾਲੇ ਮੈਚਾਂ ਦੌਰਾਨ ਜਦੋਂ ਕੈਮਰਾ ਦਰਸ਼ਕਾਂ ਵੱਲ ਘੁੰਮਾਉਂਦੇ ਨੇ ਤਾਂ ਪਤਾ ਚੱਲਦੈ ਕਿ ਸਟੇਡੀਅਮ ਕ੍ਰਿਕਟ ਦੀਵਾਨਿਆਂ ਨਾਲ ਖਚਾ-ਖੱਚ ਭਰੇ ਪਏ ਨੇ। ਇਸ ਤੋਂ ਇਲਾਵਾ ਕਰੋੜਾਂ ਦੀ ਗਿਣਤੀ ਵਿੱਚ ਲੋਕੀਂ ਆਪਣੇ ਘਰਾਂ ਵਿੱਚ ਬੈਠ ਟੀਵੀ 'ਤੇ ਇਨ੍ਹਾਂ ਮੈਚਾਂ ਦਾ ਅਨੰਦ ਮਾਣਦੇ ਨੇ। ਇਸ ਸਮੇਂ ਇਉਂ ਲੱਗਦਾ ਹੈ ਕਿ ਕ੍ਰਿਕਟ ਦੇ ਆਈਪੀ.ਐਲ ਸੀਜ਼ਨ ਨੇ ਦੇਸ਼ ਦੀ ਬਹੁਤੀ ਜਨਤਾ ਨੂੰ ਕਿਸੇ ਮੌਸਮੀ ਬੁਖ਼ਾਰ ਵਾਂਗ ਆਪਣੀ ਲਪੇਟ ਵਿੱਚ ਲਿਆ ਹੋਇਐ।

**ਅੱਠ ਟੀਮਾਂ ਨਾਲ ਹੋਈ ਸੀ ਸ਼ੁਰੂਆਤ**

ਸੰਨ 2008 ਤੋਂ ਚਾਲੂ ਹੋਏ ਇਸ ਆਈਪੀਐਲ ਕ੍ਰਿਕਟ ਟੂਰਨਾਮੈਂਟ ਦੀ ਸ਼ੁਰੂਆਤ ਅੱਠ ਟੀਮਾਂ ਨਾਲ ਹੋਈ । ਜਿਉਂ-ਜਿਉਂ ਇਹ ਟੂਰਨਾਮੈਂਟ ਅੱਗੇ ਅੱਗੇ ਵੱਧਦਾ ਗਿਆ ਇਸ ਦਾ ਕਰੇਜ਼ ਵੀ ਦਰਸ਼ਕਾਂ ਨੂੰ ਕੀਲਦਾ ਗਿਆ। ਮੌਜੂਦਾ ਆਈਪੀਐਲ ਕ੍ਰਿਕਟ ਸੀਜ਼ਨ ਵਿੱਚ 10 ਟੀਮਾਂ ਜਿਨ੍ਹਾਂ ਨੂੰ ਦੋ ਗਰੁੱਪਾਂ ਏ ਅਤੇ ਬੀ ਵਿੱਚ ਵੰਡਿਆ ਹੋਇਆ ਹੈ,ਭਾਗ ਲੈ ਰਹੀਆਂ ਸਨ। ਜਿਨ੍ਹਾਂ ਵਿੱਚ 333 ਖਿਡਾਰੀ ਖੇਡ ਰਹੇ ਸਨ। ਇਨ੍ਹਾਂ ਵਿਚੋਂ 214 ਭਾਰਤੀ ਕ੍ਰਿਕਟ ਖਿਡਾਰੀ ਤੇ 119 ਵਿਦੇਸ਼ੀ ਖਿਡਾਰੀ ਇਸ ਆਈਪੀਐਲ ਸੀਜ਼ਨ ਵਿੱਚ ਖੇਡ ਰਹੇ ਸਨ। ਇਸ ਟੂਰਨਾਮੈਂਟ ਦੀ ਵਿਲੱਖਣਤਾ ਅਤੇ ਰੋਮਾਂਚ ਇਹ ਹੈ ਕਿ ਹਰ ਮੈਚ ਵਿੱਚ ਹਰੇਕ ਟੀਮ 20 ਓਵਰ ਖੇਡਦੀ ਹੈ ਤੇ ਪੂਰਾ ਮੈਚ ਚਾਰ ਘੰਟਿਆਂ ਵਿੱਚ ਹੀ ਨਿਬੜ ਜਾਂਦਾ ਹੈ। ਸੀਮਤ ਓਵਰਾਂ ਕਾਰਨ ਮੈਚ ਖੇਡ ਰਹੇ ਖਿਡਾਰੀਆਂ 'ਚ ਰਨ ਬਣਾਉਣ ਦੀ ਤੇਜ਼ੀ ਬਣੀ ਰਹਿੰਦੀ ਹੈ। ਬੈਟਸਮੈਨ ਰਨ ਬਣਾਉਣ ਲਈ ਜਦੋਂ ਬਾਲ ਵੱਲ ਬੈਟ ਘੁੰਮਾਉਂਦਾ ਹੈ ਤਾਂ ਬੈਟ ਨਾਲ ਮਾਰੇ ਸ਼ਾਟ ਨਾਲ ਠਾਹ ਕਰਕੇ ਵੱਜੀ ਗੇਂਦ ਦੂਰ ਜਾ ਡਿੱਗਦੀ ਹੈ ਤੇ ਤੇਜ਼ੀ ਨਾਲ ਰਨ ਬਣਦੇ ਨੇ ਅਤੇ ਕਿਸੇ ਬਾਲਰ ਵੱਲੋਂ ਬੈਟਸਮੈਂਨ ਨੂੰ ਆਊਟ ਕਰਨ ਨਾਲ ਵੀ ਦਰਸ਼ਕਾਂ 'ਚ ਚਾਅ ਬਣਿਆ ਰਹਿੰਦਾ ਹੈ ਜਿਹੜਾ ਆਈਪੀਐਲ ਟੂਰਨਾਮੈਂਟ ਪ੍ਰਤੀ ਖਿੱਚ ਦਾ ਕਾਰਨ ਬਣਦਾ ਹੈ।

ਇਨ੍ਹਾਂ ਮੈਚਾਂ ਵਿੱਚ ਦਰਸ਼ਕਾਂ ਦੀ ਬੇਲੋੜੀ ਭੀੜ ਵਧਣ ਦਾ ਇੱਕ ਕਾਰਨ ਇਹ ਵੀ ਹੈ ਕਿ ਕਈ ਮੱਧਵਰਗੀ ਲੋਕ ਆਈਪੀਐਲ ਟੂਰਨਾਮੈਂਟ ਦੇ ਕਿਸੇ ਮੈਚ ਨੂੰ ਦੇਖਣ ਵਿੱਚ ਆਪਣੀ ਸ਼ਾਨ ਸਮਝਣ ਲੱਗੇ ਹਨ। ਉਨ੍ਹਾਂ ਨੂੰ ਲੱਗਦਾ ਹੈ ਕਿ ਜੇ ਉਹ ਕਿਸੇ ਆਈਪੀਐਲ ਕ੍ਰਿਕਟ ਮੈਚ ਨੂੰ ਟਿਕਟ ਖ਼ਰੀਦ ਕੇ ਦੇਖਣ ਜਾਣਗੇ ਤਾਂ ਉਨ੍ਹਾਂ ਦਾ ਸੋਸ਼ਲ ਸਟੇਟਸ ਵੱਧ ਜਾਵੇਗਾ।

**ਹਰਮਨ ਪਿਆਰੀ ਕਿਉਂ ਹੈ ?**

ਇਹ ਖੇਡ ਦੇਸ਼ 'ਚ ਇੰਨੀ ਹਰਮਨ ਪਿਆਰੀ ਕਿਉਂ ਹੈ ? ਆਓ ਪਿੱਛਲ ਝਾਤ ਮਾਰੀਏ। ਇੰਗਲੈਂਡ 'ਚ ਅਮੀਰ ਤੇ ਵਿਹਲੇ ਗੋਰਿਆਂ ਦੇ ਟਾਈਮ ਨੂੰ ਪਾਸ ਕਰਨ ਦੀ ਲੋੜ 'ਚੋਂ ਨਿਕਲੀ ਇਸ ਖੇਡ ਨੂੰ ਭਾਰਤ 'ਚ ਸ਼ੁਰੂ ਕੀਤਾ। ਈਸਟ ਇੰਡੀਆ ਕੰਪਨੀ ਦੇ ਅਫ਼ਸਰਾਂ ਨੇ ਸੰਨ 1792 'ਚ ਕਲਕੱਤਾ ਵਿਖੇ 'ਕਲਕੱਤਾ ਕ੍ਰਿਕਟ ਕਲੱਬ' ਬਣਾਇਆ ਅਤੇ 1846 ਮਦਰਾਸ ਕ੍ਰਿਕਟ ਕਲੱਬ। ਭਾਰਤ 'ਚ ਪਾਰਸੀਆਂ ਨੇ ਸਭ ਤੋਂ ਪਹਿਲਾਂ ਇਸ ਨੂੰ ਅਪਣਾਇਆ ਤੇ 1850 'ਚ 'ਯੰਗ ਜ਼ੋਰਸਟਰੀਅਨ ਕਲੱਬ' ਕ੍ਰਿਕਟ ਕਲੱਬ ਹੋਂਦ 'ਚ ਲਿਆਂਦਾ। ਪਾਰਸੀਆਂ ਦੀ ਰੀਸ ਕਰਦਿਆਂ 1878 'ਚ 'ਹਿੰਦੂ ਕ੍ਰਿਕਟ ਕਲੱਬ' ਵੀ ਹੋਂਦ 'ਚ ਆ ਗਿਆ।

ਫੇਰ 1907 'ਚ ਅੰਗਰੇਜ਼ਾਂ,ਪਾਰਸੀਆਂ ਤੇ ਹਿੰਦੂ ਕ੍ਰਿਕਟ ਕਲੱਬਾਂ ਦੇ ਮੁਕਾਬਲੇ ਸ਼ੁਰੂ ਹੋਏ। ਇਨ੍ਹਾਂ ਦੀ ਰੀਸ 'ਚ ਸੰਨ 1912 'ਚ ਮੁਸਲਮਾਨਾਂ ਨੇ 'ਮੁਸਲਮਾਨ ਜਿਮਖਾਨਾ ਕ੍ਰਿਕਟ ਕਲੱਬ ' ਤੇ 1937 'ਚ ਭਾਰਤੀ ਈਸਾਈਆਂ ਨੇ ਵੀ ਕ੍ਰਿਕਟ ਕਲੱਬ ਬਣਾ ਕੇ ਟੀਮਾਂ ਖੜ੍ਹੀਆਂ ਕਰ ਲਈਆਂ ਜਿਸ ਨਾਲ ਇਹ ਪੰਜ ਧਿਰਾਂ ਦਾ ਮੁਕਾਬਲਾ ਬਣ ਗਿਆ।

# ਸੁਨੀਲ ਛੇਤਰੀ ਨੇ ਸੰਨਿਆਸ ਦਾ ਕੀਤਾ ਐਲਾਨ

## 6 ਜੂਨ ਨੂੰ ਕੁਵੈਤ ਖ਼ਿਲਾਫ਼ ਖੇਡਣਗੇ ਆਖ਼ਰੀ ਅੰਤਰਰਾਸ਼ਟਰੀ ਫੁੱਟਬਾਲ ਮੈਚ



ਭਾਰਤੀ ਫੁੱਟਬਾਲਰ ਸੁਨੀਲ ਛੇਤਰੀ ਆਪਣਾ ਆਖਰੀ ਅੰਤਰਰਾਸ਼ਟਰੀ ਮੈਚ 6 ਜੂਨ ਨੂੰ ਕੁਵੈਤ ਖ਼ਿਲਾਫ਼ ਖੇਡਣਗੇ। ਇਹ ਫੀਫਾ ਵਿਸ਼ਵ ਕੱਪ ਕੁਆਲੀਫਾਇੰਗ ਮੈਚ ਹੈ। ਇਸ ਦਿਨ ਉਹ ਦੋ ਦਹਾਕਿਆਂ ਤੱਕ ਫੈਲੇ ਸ਼ਾਨਦਾਰ ਫੁੱਟਬਾਲ ਕੈਰੀਅਰ ਨੂੰ ਅਲਵਿਦਾ ਕਹਿਣਗੇ।

ਉਹ ਪਿਛਲੇ ਕਈ ਸਾਲਾਂ ਤੋਂ ਭਾਰਤੀ ਫੁੱਟਬਾਲ ਟੀਮ ਦੀ ਕਪਤਾਨੀ ਕਰ ਰਹੇ ਹਨ। ਉਨ੍ਹਾਂ ਨੇ ਆਪਣੇ ਸੋਸ਼ਲ ਮੀਡੀਆ ਹੈਂਡਲ 'ਤੇ ਆਪਣੀ ਰਿਟਾਇਰਮੈਂਟ ਦੀ ਜਾਣਕਾਰੀ ਦਿੱਤੀ ਹੈ। 39 ਸਾਲਾ ਸੁਨੀਲ ਛੇਤਰੀ ਨੇ ਕਿਹਾ ਕਿ ਉਹ ਆਖਰੀ ਵਾਰ ਕੁਵੈਤ ਖ਼ਿਲਾਫ਼ ਅੰਤਰਰਾਸ਼ਟਰੀ ਮੈਚ ਖੇਡੇਗਾ।

ਸੁਨੀਲ ਛੇਤਰੀ ਨੇ ਗੁਹਾਟੀ 'ਚ ਅਫਗਾਨਿਸਤਾਨ ਖ਼ਿਲਾਫ਼ ਆਪਣਾ 150ਵਾਂ ਅੰਤਰਰਾਸ਼ਟਰੀ ਮੈਚ ਖੇਡਿਆ। ਹਾਲਾਂਕਿ ਇਸ ਮੈਚ 'ਚ ਭਾਰਤ ਨੂੰ 1-2 ਨਾਲ ਹਾਰ ਦਾ ਸਾਹਮਣਾ ਕਰਨਾ ਪਿਆ।

ਸੁਨੀਲ ਛੇਤਰੀ ਨੇ ਸਾਲ 2005 ਵਿੱਚ ਭਾਰਤ ਲਈ ਡੈਬਿਊ ਕੀਤਾ ਸੀ। ਛੇਤਰੀ ਨੇ ਭਾਰਤ ਲਈ ਖੇਡਦੇ ਹੋਏ 94 ਗੋਲ ਕੀਤੇ। ਉਹ ਭਾਰਤ ਦਾ ਆਲ ਟਾਈਮ ਟਾਪ ਸਕੋਰਰ ਹੈ। ਇਸ ਦੇ ਨਾਲ ਹੀ ਉਹ ਕ੍ਰਿਸਟੀਆਨੋ ਰੋਨਾਲਡੋ ਅਤੇ ਲਿਓਨੇਲ ਮੇਸੀ ਤੋਂ ਬਾਅਦ ਗੋਲ ਕਰਨ ਵਾਲਿਆਂ ਦੀ ਸੂਚੀ ਵਿੱਚ ਤੀਜੇ ਸਥਾਨ 'ਤੇ ਹੈ।

# ਕੀ ਥੌਮਸਨ ਪੈਰਿਸ ਉਲੰਪਿਕ 'ਚ ਪੂਰੀ ਕਰੇਗੀ ਹੈਟ੍ਰਿਕ ?

ਸੁਖਵਿੰਦਰਜੀਤ ਸਿੰਘ ਮਨੌਲੀ



ਰੀਓ-2016 ਤੇ ਟੋਕੀਓ-2020 ਉਲੰਪਿਕ ਖੇਡਾਂ 'ਚ 100 ਤੇ 200 ਮੀਟਰ ਫਰਾਟਾ ਰੇਸਾਂ 'ਚ ਗੋਲਡ ਮੈਡਲ ਜਿੱਤਣ ਵਾਲੀ ਈਲੇਨ ਥੌਮਸਨ 'ਤੇ ਪੈਰਿਸ-2024 ਉਲੰਪਿਕ ਖੇਡਾਂ 'ਚ 100-200 ਮੀਟਰ 'ਚ ਸੋਨ ਤਗ਼ਮਾ ਜਿੱਤਣ ਲਈ ਟਰੈਕ 'ਤੇ ਖ਼ੂਨ-ਪਸੀਨਾ ਇੱਕ ਕਰ ਰਹੀ ਹੈ। ਟੋਕੀਓ ਉਲੰਪਿਕ 'ਚ ਦੋਵੇਂ ਫਰਾਟਾ ਦੌੜਾਂ 'ਚ ਗੋਲਡ ਮੈਡਲਾਂ ਦਾ ਚੌਕਾ ਮਾਰਨ ਵਾਲੀ ਈਲੇਨ ਥੌਮਸਨ ਦਾਅਵਾ ਕੀਤਾ ਸੀ ਕਿ ਉਸ ਦੀ ਅੱਖ ਹੁਣ ਪੈਰਿਸ-2024 ਦੀਆਂ ਉਲੰਪਿਕ ਖੇਡਾਂ 'ਚ ਇਨ੍ਹਾਂ ਦੋਵੇਂ ਰੇਸਾਂ 'ਚ ਸੋਨ ਤਗ਼ਮੇ ਜਿੱਤ ਕੇ ਗੋਲਡ ਮੈਡਲਾਂ ਦਾ ਸਿਕਸਰ ਪੂਰਾ ਕਰਨ 'ਤੇ ਰਹੇਗੀ। ਜਿਨ੍ਹਾਂ 'ਚ ਮੈਡਲ ਜਿਤਣ ਦਾ ਨਿਸ਼ਚਾ ਕਰਨ ਵਾਲੀ ਈਲੇਨ ਆਪਣੇ ਸਿਖਲਾਇਰ ਰੇਨਾਲਡੋ ਵਾਲਕੋਟ ਦੀ ਨਿਗਰਾਨੀ 'ਚ ਟਰੈਕ 'ਤੇ ਖ਼ੂਨ-ਪਸੀਨਾ ਇੱਕ ਕਰ ਰਹੀ ਹੈ। ਥੌਮਸਨ ਦ੍ਰਿੜ ਸੰਕਲਪ ਹੈ ਕਿ ਉਲੰਪਿਕ ਟੂਰਨਾਮੈਂਟਾਂ 'ਚ 100 ਤੇ 200 ਮੀਟਰ ਫਰਾਟਾ ਦੌੜਾਂ 'ਚ ਗੋਲਡ ਮੈਡਲ ਜਿਤਣ ਦਾ ਸੁਪਨਾ ਸਾਕਾਰ ਕਰੇਗੀ।

ਥੌਮਸਨ ਦਾ ਜਨਮ ਗ਼ਰੀਬ ਪਰਿਵਾਰ 'ਚ ਜੂਨ 28, 1992 'ਚ ਰੋਜ਼ ਰਿਚਰਡ ਦੀ ਕੁੱਖੋਂ ਪਿਤਾ ਕੇਥ ਥੌਮਸਨ ਦੇ ਗ੍ਰਹਿ ਵਿਖੇ ਜਮਾਇਕਾ ਦੇ ਸ਼ਹਿਰ ਮਾਨਚੈਸਟਰ ਪੈਰਿਸ 'ਚ ਹੋਇਆ। 5 ਫੁੱਟ 6 ਇੰਚ ਲੰਬੀ ਤੇ 57 ਕਿਲੋ ਵਜ਼ਨੀ ਈਲੇਨ ਨੇ 2019 'ਚ ਬਚਪਨ ਦੇ 38 ਸਾਲਾ ਜਮਾਇਕਨ ਅਥਲੀਟ ਡਾਰਨ ਹੇਰਾਹ ਨਾਲ ਸ਼ਾਦੀ ਕੀਤੀ। ਥੌਮਸਨ 200 ਮੀਟਰ ਫਰਾਟਾ ਰੇਸ 21.66 ਸੈਕਿੰਡ 'ਚ ਤੈਅ ਕਰਨ ਵਾਲੀ ਪੰਜਵੀਂ ਦੌੜਾਕ ਹੈ। ਈਲੇਨ ਥੌਮਸਨ ਦੀ ਖੇਡ ਤੋਂ ਸਾਲਾਨਾ ਕਮਾਈ ਚਾਰ ਮਿਲੀਅਨ ਡਾਲਰ ਹੈ। ਰੀਓ-2016 ਉਲੰਪਿਕ ਖੇਡਾਂ 'ਚ 100 ਮੀਟਰ ਫਰਾਟਾ ਸੋਨ ਤਗ਼ਮਾ ਜਿੱਤਣ ਵਾਲੀ ਥੌਮਸਨ ਨੇ ਟੋਕੀਓ-2020 ਉਲੰਪਿਕ 'ਚ 100 ਮੀਟਰ ਰੇਸ 10.61 ਸੈਕਿੰਡ ਨਾਲ ਪੂਰੀ ਕਰਕੇ ਨਵਾਂ ਉਲੰਪਿਕ ਰਿਕਾਰਡ ਬਣਾਉਣ ਨਾਲ ਸੋਨ ਤਗ਼ਮੇ 'ਤੇ ਆਪਣੇ ਨਾਮ ਦੀ ਮੋਹਰ ਲਗਾਈ ਹੈ।

# ਉਲੰਪਿਕ ਚੋਣ ਟਰਾਇਲ 'ਚ ਨਿਸ਼ਾਨੇਬਾਜ਼ ਮਨੂ ਭਾਕਰ ਦਾ ਦਬਦਬਾ ਕਾਇਮ



ਉਲੰਪੀਅਨ ਮਨੂ ਭਾਕਰ ਨੇ ਇੱਥੇ 10 ਮੀਟਰ ਏਅਰ ਪਿਸਟਲ ਉਲੰਪਿਕ ਚੋਣ ਟਰਾਇਲ (ਓਐੱਸਟੀ) ਵਿੱਚ ਸ਼ਾਨਦਾਰ ਸਕੋਰ ਨਾਲ ਏਸ਼ਿਆਈ ਖੇਡਾਂ ਵਿੱਚ ਤਗ਼ਮਾ ਜੇਤੂ ਨਿਸ਼ਾਨੇਬਾਜ਼ ਈਸ਼ਾ ਸਿੰਘ ਨੂੰ ਹਰਾਉਂਦਿਆਂ ਦਬਦਬਾ ਕਾਇਮ ਰੱਖਿਆ।

ਮਨੂ ਨੇ ਤੀਜੇ ਓਐੱਸਟੀ ਵਿੱਚ 241.0 ਦਾ ਸ਼ਾਨਦਾਰ ਸਕੋਰ ਬਣਾ ਕੇ ਈਸ਼ਾ (240.2) ਅਤੇ ਰਿਦਮ ਸਾਂਗਵਾਨ (220.3) ਨੂੰ ਪਛਾੜ ਦਿੱਤਾ। ਸੁਰਭੀ ਰਾਓ (199.3) ਅਤੇ ਪਲਕ (179.1) ਕ੍ਰਮਵਾਰ ਚੌਥੇ ਅਤੇ ਪੰਜਵੇਂ ਸਥਾਨ 'ਤੇ ਰਹੀਆਂ। ਪੁਰਸ਼ਾਂ ਦੇ 10 ਮੀਟਰ ਏਅਰ ਪਿਸਟਲ ਓਐੱਸਟੀ ਟੀ3 ਫਾਈਨਲ ਵਿੱਚ ਨਵੀਨ ਨੇ 246.8 ਅੰਕ ਦਾ ਸਕੋਰ ਬਣਾਇਆ ਜਿਸ ਨਾਲ ਉਹ ਮੌਜੂਦਾ ਵਿਸ਼ਵ ਰਿਕਾਰਡ ਤੋਂ 0.3 ਅੰਕ ਪਿੱਛੇ ਰਹਿ ਗਿਆ। ਸਰਬਜੋਤ ਸਿੰਘ (242.4) ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਰਮਿਤਾ ਜਿੰਦਲ ਔਰਤਾਂ ਦੇ 10 ਮੀਟਰ ਏਅਰ ਰਾਈਫਲ ਫਾਈਨਲਜ਼ (ਟਰਾਇਲ 3) ਵਿੱਚ 252.6 ਅੰਕਾਂ ਨਾਲ ਉਲੰਪੀਅਨ ਇਲਾਵੇਨਿਲ ਵਲਾਰੀਵਾਨ (252.1) ਤੋਂ ਅੱਗੇ ਰਹੀ। ਨੈਨਸੀ ਸ਼ੂਟ-ਆਫ ਵਿੱਚ ਇਲਾਵੇਨਿਲ ਤੋਂ ਪੱਛੜ ਕੇ ਤੀਜੇ ਸਥਾਨ 'ਤੇ ਰਹੀ। ਪੁਰਸ਼ਾਂ ਦੇ 10 ਮੀਟਰ ਏਅਰ ਰਾਈਫਲ ਫਾਈਨਲਜ਼ ਵਿੱਚ ਸ੍ਰੀ ਕਾਰਤਿਕ ਸਾਬਰੀ ਰਾਜ ਨੇ 24 ਸ਼ਾਟ ਦੇ ਸ਼ੂਟਆਊਟ ਨਾਲ ਲੀਡ ਬਣਾਈ। ਉਸ ਦੇ ਅਤੇ ਦਿਵਯਾਂਸ਼ ਸਿੰਘ ਪੰਵਾਰ ਦੇ ਇੱਕੋ ਜਿਹੇ 252.5 ਅੰਕ ਸਨ। ਅਰਜੁਨ ਬਬੂਤਾ (229.9) ਤੀਜੇ ਸਥਾਨ 'ਤੇ ਰਿਹਾ।

# ਸੂਫ਼ੀ ਤੇ ਲੋਕ ਸੰਗੀਤ ਦਾ ਵਾਰਸ
# ਲਖਵਿੰਦਰ ਵਡਾਲੀ



**ਪਰਮਜੀਤ ਸਿੰਘ ਨਿੱਕੇ ਘੁੰਮਣ**

ਸੱਚੇ-ਸੁੱਚੇ ਸੁਰਾਂ ਦੀ ਦਾਤ ਨਸੀਬਾਂ ਵਾਲਿਆਂ ਨੂੰ ਮਿਲਦੀ ਹੈ ਤੇ ਮੈਂ ਖ਼ੁਸਨਸੀਬ ਹਾਂ ਕਿ ਮੈਨੂੰ ਰੱਬ ਦੀ ਰਹਿਮਤ ਨਾਲ ਨਾ ਕੇਵਲ ਸੁਰਾਂ ਦੀ ਬਖ਼ਸ਼ਿਸ਼ ਹਾਸਲ ਹੋਈ ਹੈ ਸਗੋਂ ਸੂਫ਼ੀ ਸੰਗੀਤ ਦੀ ਉਸ ਮਾਇਆਨਾਜ਼ ਹਸਤੀ ਉਸਤਾਦ ਪੂਰਨ ਚੰਦ ਵਡਾਲੀ ਦਾ ਪੁੱਤਰ ਹੋਣ ਦਾ ਸ਼ਰਫ਼ ਵੀ ਹਾਸਲ ਹੋਇਆ ਹੈ, ਜਿਸ ਰੱਬੀ ਰੂਹ ਲਈ ਸੰਗੀਤ ਹੀ ਭਗਤੀ ਹੈ, ਸੰਗੀਤ ਹੀ ਸਾਧਨਾ ਹੈ।' ਭਾਰਤੀ ਸੰਗੀਤ ਜਗਤ ਵਿੱਚ ਰੁਤਬਾ ਰੱਖਣ ਵਾਲੇ ਸੁਰੀਲੇ ਗਾਇਕ ਲਖਵਿੰਦਰ ਵਡਾਲੀ ਦੇ ਇਹ ਵਿਚਾਰ ਉਸ ਦੀ ਰੂਹ ਦੇ ਧੁਰ ਅੰਦਰ ਤੱਕ ਵਸੇ ਭਾਰਤੀ ਸੂਫ਼ੀ ਤੇ ਲੋਕ ਸੰਗੀਤ ਦੀ ਮਹਾਨਤਾ ਦੀ ਕਹਾਣੀ ਬਿਆਨ ਕਰਦੇ ਹਨ।ਆਪਣੀਆਂ ਵਡਮੁੱਲੀਆਂ ਸੰਗੀਤਕ ਰਚਨਾਵਾਂ ਸਦਕਾ ਲੱਖਾਂ ਦਿਲਾਂ ਦੀ ਧੜਕਣ ਬਣ ਚੁੱਕਿਆ ਇਹ ਗਾਇਕ ਅਜੋਕੇ ਸਮੇਂ ਵਿੱਚ ਵਗ਼ ਰਹੀ ਲੱਚਰਤਾ ਤੇ ਮਿਆਰਹੀਣਤਾ ਦੀ ਹਨੇਰੀ ਵਿੱਚ ਵੀ ਪਾਕ-ਸਾਫ਼ ਸੂਫ਼ੀ ਤੇ ਲੋਕ ਸੰਗੀਤ ਦਾ ਦੀਵਾ ਬਾਲੀ ਰੱਖਣ ਲਈ ਨਿਰੰਤਰ ਯਤਨਸ਼ੀਲ ਹੈ। 20 ਅਪ੍ਰੈਲ, 1978 ਨੂੰ ਅੰਮ੍ਰਿਤਸਰ ਦੀ ਜੂਹ 'ਚ ਪੈਂਦੇ ਪਿੰਡ ਗੁਰੂ ਕੀ ਵਡਾਲੀ ਵਿਖੇ ਜਨਮੇ ਲਖਵਿੰਦਰ ਦੇ ਨਾ ਕੇਵਲ ਪਿਤਾ ਪੂਰਨ ਚੰਦ ਵਡਾਲੀ ਉੱਚਕੋਟੀ ਦੇ ਗਾਇਕ ਹਨ ਸਗੋਂ ਉਸ ਦੇ ਚਾਚਾ ਪਿਆਰੇ ਲਾਲ ਵਡਾਲੀ ਤੇ ਦਾਦਾ ਠਾਕੁਰ ਦਾਸ ਵਡਾਲੀ ਵੀ ਆਪਣੇ ਜ਼ਮਾਨੇ ਦੇ ਨਾਮਵਰ ਗਵੱਈਏ ਸਨ। ਘਰ 'ਚ ਵਹਿੰਦੀ ਸੁਰਾਂ ਦੀ ਇਸ ਗੰਗਾ 'ਤੋਂ ਫਿਰ ਭਲਾ ਲਖਵਿੰਦਰ ਵਾਂਝਾ ਕਿਵੇਂ ਰਹਿ ਸਕਦਾ ਸੀ? ਉਸਨੇ ਆਪਣੇ ਪਿਤਾ-ਗੁਰੂ ਪੂਰਨ ਚੰਦ ਵਡਾਲੀ ਦੀ ਛਤਰ-ਛਾਇਆ ਹੇਠ ਨਿੱਕੀ ਉਮਰੇ ਹੀ ਸੰਗੀਤ ਦੀਆਂ ਬਾਰੀਕੀਆਂ ਸਿੱਖਣੀਆਂ ਸ਼ੁਰੂ ਕਰ ਦਿੱਤੀਆਂ ਸਨ। ਨਿੱਕੀਆਂ ਸਟੇਜਾਂ ਤੋਂ ਵੱਡੀਆਂ ਮਹਿਫ਼ਲਾਂ ਤੇ ਆਲਾ-ਮਿਆਰੀ



ਸੰਗੀਤਕ ਸਮਾਗਮਾਂ ਤੱਕ ਪੁੱਜਣ ਦੀ ਆਪਣੀ ਸੰਗੀਤਕ ਯਾਤਰਾ ਦੇ ਦੌਰਾਨ ਲਖਵਿੰਦਰ ਨੇ ਮਿਹਨਤ ਤੇ ਰਿਆਜ਼ ਦੀ ਭੱਠੀ 'ਚ ਸੁਰਾਂ ਨੂੰ ਖ਼ੂਬ ਪਕਾਇਆ ਤੇ ਫਿਰ ਕਾਮਯਾਬੀ ਦਾ ਐਸਾ ਪਰਚਮ ਲਹਿਰਾਇਆ ਕਿ ਦੇਸ਼-ਵਿਦੇਸ਼ 'ਚ ਉਸ ਦੀ ਸੂਫ਼ੀ ਤੇ ਆਧੁਨਿਕ ਸੰਗੀਤ ਦੇ ਮਿਸ਼ਰਣ ਵਾਲੀ ਜ਼ਬਰਦਸਤ ਗਾਇਕੀ ਦੇ ਚਰਚੇ ਤੁਰ ਪਏ।

**ਨਾਯਾਬ ਗੀਤ ਸਰੋਤਿਆਂ ਦੀ ਝੋਲੀ ਪਾਏ**

ਲਖਵਿੰਦਰ ਵਡਾਲੀ ਨੇ ਹੁਣ ਤੱਕ ਜਿਹੜੇ ਨਾਯਾਬ ਗੀਤ ਤੇ ਐਲਬਮਸ ਸਰੋਤਿਆਂ ਦੀ ਝੋਲ਼ੀ ਪਾਏ ਹਨ, ਉਨ੍ਹਾਂ ਵਿਚ 'ਬੁੱਲਾ', 'ਅਨਪ੍ਰੀਡਿਕਟੇਬਲ', 'ਨੈਣਾਂ ਦੇ ਬੂਹੇ', 'ਇਸ਼ਕੇ ਦਾ ਜਾਮ', 'ਰਾਂਝਣਾਂ', 'ਕਮਲੀ-ਰਮਲੀ', 'ਦੇ ਦੀਦਾਰ', 'ਲੱਗੀਆਂ ਜ਼ੋਰੋ-ਜ਼ੋਰੀ', 'ਤੇਰੀ ਯਾਦ', 'ਇਕ ਤਾਰਾ', 'ਆਪਣਾ ਪਿਆਰਾ', 'ਕੰਗਣਾ', 'ਟੱਪੇ', 'ਰਾਮ', 'ਮੌਲਾ', 'ਕੁੱਲੀ', 'ਸਾਹਿਬਾਂ', 'ਲਜਪਾਲਾਂ', 'ਬਲਮਾ', 'ਸੋਹਣੀ ਕੰਢੇ 'ਤੇ', 'ਰਾਂਝਾ ਪੱਲੇ ਪਾ ਦੇ', 'ਗ਼ੁਲਾਬੀ', 'ਮਾਹੀਆ', 'ਚਰਖ਼ਾ', 'ਰੱਬ ਮੰਨਿਆ', 'ਨਜ਼ਾਰਾ', 'ਸਹੀ-ਸਹੀ', 'ਬੇਨਕਾਬ', 'ਮਸਤ ਨਜ਼ਰੋਂ ਸੇ' ਅਤੇ ਤਾਜ਼ਾ ਰਿਲੀਜ਼ ਐਲਬਮ 'ਰੰਗਰੇਜ਼' ਵਿਚਲੇ ਗੀਤ 'ਨਸ਼ਾ ਚੜ੍ਹਿਆ ਏ ਮੈਨੂੰ ਤੇਰੇ ਪਿਆਰ ਦਾ' ਅਤੇ 'ਰੋਗ ਇਸ਼ਕੇ ਦਾ ਚੰਨਾਂ ਸਾਨੂੰ ਲਾ ਕੇ' ਆਦਿ ਪ੍ਰਮੁੱਖ ਹਨ।

**ਪੰਜਾਬੀ ਫਿਲਮਾਂ 'ਚ ਵੀ ਦਿਖਾਇਆ ਹੁਨਰ**

ਆਪਣੀ ਪਿਤਾ ਪੁਰਖੀ ਗਾਇਕੀ ਦੀ ਵੇਲ ਨੂੰ ਅੱਗੇ ਵਧਾਉਣ ਦੇ ਨਾਲ-ਨਾਲ ਲਖਵਿੰਦਰ ਵਡਾਲੀ ਨੇ ਪੰਜਾਬੀ ਫਿਲਮਾਂ ਵਿੱਚ ਵੀ ਆਪਣੀ ਅਦਾਕਾਰੀ ਦੇ ਜੌਹਰ ਵਿਖਾਏ ਹਨ ਤੇ ਉਸ ਦੀ ਲਾਜਵਾਬ ਗਾਇਕੀ ਤੇ ਬੇਜੋੜ ਅਦਾਕਾਰੀ ਨਾਲ ਸਜੀਆਂ ਇਨ੍ਹਾਂ ਫਿਲਮਾਂ ਵਿੱਚ 'ਛੇਵਾਂ ਦਰਿਆ' ਤੇ 'ਅੱਖੀਆਂ ਉਡੀਕਦੀਆਂ' ਆਦਿ ਪ੍ਰਮੁੱਖ ਹਨ।ਲਖਵਿੰਦਰ ਵਡਾਲੀ ਸੂਫ਼ੀ ਸੰਗੀਤ ਦੀ ਪਾਕੀਜ਼ਗੀ ਨੂੰ ਬਰਕਰਾਰ ਰੱਖਦਿਆਂ ਹੋਇਆਂ ਕੌਮੀ ਤੇ ਕੌਮਾਂਤਰੀ ਮੰਚਾਂ 'ਤੇ ਭਾਰਤੀ ਸੰਗੀਤ ਨੂੰ ਉਭਾਰ ਰਿਹਾ ਹੈ।ਉਸਦੇ ਪ੍ਰਸ਼ੰਸਕਾਂ ਦੀ ਗਿਣਤੀ ਵੱਡੀ ਹੈ। ਆਪਣੇ ਹਰੇਕ ਨਵੇਂ ਗੀਤ ਨਾਲ ਉਹ ਪ੍ਰਸਿੱਧੀ ਦੇ ਗ੍ਰਾਫ਼ 'ਤੇ ਹੋਰ ਅੱਗੇ ਵਧ ਰਿਹਾ ਹੈ।

**ਪਾਏਦਾਰ ਤੇ ਸੁਰੀਲੀ ਗਾਇਕੀ ਦਾ ਮੁੱਦਈ**

ਲਖਵਿੰਦਰ ਅਜੋਕੇ ਦੌਰ ਦਾ ਉਹ ਸੂਝਵਾਨ ਤੇ ਗੁਣੀ ਗਵੱਈਆ ਹੈ ਜੋ ਨਵੀਂ ਤੇ ਪੁਰਾਣੀ ਪੀੜੀ ਦੇ ਸੰਗੀਤ ਪ੍ਰੇਮੀਆਂ ਦਰਮਿਆਨ ਇਕ ਖ਼ੂਬਸੂਰਤ ਰਿਸ਼ਤਾ ਕਾਇਮ ਕਰਦਿਆਂ ਹੋਇਆਂ ਨਿਰੰਤਰ ਅੱਗੇ ਵਧ ਰਿਹਾ ਹੈ।ਉਹ ਬਹੁਤੇ ਗਾਇਕਾਂ ਵਾਂਗ ਸਸਤੀ ਸ਼ੋਹਰਤ ਬਟੋਰਨ ਦਾ ਚਾਹਵਾਨ ਨਹੀਂ ਹੈ ਸਗੋਂ ਕਿਸੇ ਪਾਏਦਾਰ ਤੇ ਸੁਰੀਲੀ ਸੰਗੀਤਕ ਰਚਨਾ ਸਦਕਾ ਸਰੋਤਿਆਂ ਦੇ ਧੁਰ ਅੰਦਰ ਤੱਕ ਉਤਰ ਜਾਣ ਲਈ ਸਦਾ ਯਤਨਸ਼ੀਲ ਹੈ।

**ਪਰਿਵਾਰਕ ਵਿਰਾਸਤ ਨੂੰ ਸੰਭਾਲ ਰਿਹੈ**

ਆਪਣੇ ਪਰਿਵਾਰ ਵਿਚੋਂ ਮਿਲੀ ਸੁਰੀਲੇ ਸੰਗੀਤ ਦੀ ਸ਼ਾਨਾਮੱਤੀ ਵਿਰਾਸਤ ਨੂੰ ਨਫ਼ਾਸਤ ਨਾਲ ਸਾਂਭਦਾ ਤੇ ਉਸ ਦੀ ਸੋਭਾ ਨੂੰ ਹੋਰ ਚਾਰ ਚੰਨ ਲਗਾਉਂਦਾ ਹੋਇਆ ਇਹ ਅਜ਼ੀਮ ਫ਼ਨਕਾਰ ਆਪਣੇ ਮਨਮੋਹਕ ਗੀਤਾਂ ਰਾਹੀਂ ਸੰਗੀਤ ਦੀ ਸਰਜ਼ਮੀਨ 'ਤੇ ਨਿਤ ਦਿਨ ਸੰਦਲੀ ਪੈੜਾਂ ਪਾ ਰਿਹਾ ਹੈ।ਅਜਿਹੇ ਗਾਇਕਾਂ ਦੇ ਹੱਥਾਂ ਵਿੱਚ ਸਾਡੀ ਪੰਜਾਬੀ ਤੇ ਸੂਫ਼ੀ ਗਾਇਕੀ ਦਾ ਮੁਸਤਕਬਿਲ ਰੌਸ਼ਨ ਨਜ਼ਰ ਆਉਂਦਾ ਹੈ।

**ਅਨੇਕ ਪੁਰਸਕਾਰਾਂ ਨਾਲ ਸਨਮਾਨਿਤ**

ਆਪਣੀ ਗਾਇਕੀ ਲਈ ਅਨੇਕ ਮਾਣ-ਸਨਮਾਨ ਹਾਸਲ ਕਰ ਚੁੱਕੇ ਲਖਵਿੰਦਰ ਨੂੰ ਸੰਗੀਤ ਨਾਟਕ ਅਕਾਦਮੀ ਵੱਲੋਂ ਦਿੱਤੇ ਜਾਂਦੇ ਪੁਰਸਕਾਰ 'ਉਸਤਾਦ ਬਿਸਮਿੱਲਾ ਖ਼ਾਂ ਯੁਵਾ ਪੁਰਸਕਾਰ' ਨਾਲ ਸਨਮਾਨਿਤ ਹੋਣ ਦਾ ਸ਼ਰਫ਼ ਹਾਸਲ ਹੈ। ਸ਼ੋਹਰਤ ਦੀ ਬੁਲੰਦੀ 'ਤੇ ਪੁੱਜ ਕੇ ਵੀ ਉਹ ਨਿਮਰ ਤੇ ਮਿੱਠਬੋਲੜਾ ਹੈ।

## ਸ਼ਬਾਨਾ ਆਜ਼ਮੀ ਨੂੰ ਮਿਲਿਆ 'ਫ਼ਰੀਡਮ ਆਫ਼ ਦਿ ਸਿਟੀ ਆਫ਼ ਲੰਡਨ' ਐਵਾਰਡ



ਉੱਘੀ ਫਿਲਮੀ ਅਦਾਕਾਰਾ ਸ਼ਬਾਨਾ ਆਜ਼ਮੀ ਨੂੰ ਭਾਰਤੀ ਸਿਨੇਮਾ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਅਤੇ ਔਰਤਾਂ ਦੇ ਅਧਿਕਾਰਾਂ ਲਈ ਜਾਗਰੂਕ ਕਰਨ ਲਈ 'ਫਰੀਡਮ ਆਫ ਦਿ ਸਿਟੀ ਆਫ ਲੰਡਨ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਪੰਜ ਕੌਮੀ ਪੁਰਸਕਾਰ ਅਤੇ ਛੇ ਫਿਲਮਫੇਅਰ ਐਵਾਰਡ ਜੇਤੂ 73 ਸਾਲਾ ਅਦਾਕਾਰਾ ਯੂਕੇ ਏਸ਼ੀਅਨ ਫਿਲਮ ਫੈਸਟੀਵਲ (ਯੂਕੇਏਐਫਐਫ) ਵਿੱਚ ਸਿਨੇਮਾ ਵਿੱਚ ਆਪਣੇ 50 ਸਾਲਾਂ ਦੇ ਜਸ਼ਨ ਮਨਾਉਣ ਲਈ ਲੰਡਨ ਗਈ ਸੀ ਜਿਸ ਨੂੰ ਇਸ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਐਵਾਰਡ ਦਾ ਸਬੰਧ 13ਵੀਂ ਸਦੀ ਨਾਲ ਹੈ ਅਤੇ ਇਹ ਐਵਾਰਡ ਲੰਡਨ ਜਾਂ ਜਨਤਕ ਜੀਵਨ ਵਿੱਚ ਸ਼ਾਨਦਾਰ ਯੋਗਦਾਨ ਲਈ ਜਾਂ ਹੋਰ ਮਹੱਤਵਪੂਰਨ ਪ੍ਰਾਪਤੀ ਦੇ ਇਵਜ਼ ਵਜੋਂ ਦਿੱਤਾ ਜਾਂਦਾ ਹੈ। ਸ਼ਬਾਨਾ ਆਜ਼ਮੀ ਨੇ ਕਿਹਾ, 'ਮੈਨੂੰ ਫਰੀਡਮ ਆਫ ਦਿ ਸਿਟੀ ਆਫ ਲੰਡਨ ਐਵਾਰਡ ਪ੍ਰਾਪਤ ਕਰਕੇ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ।'

## 25 ਦਿਨਾਂ ਤੋਂ ਲਾਪਤਾ ਗੁਰਚਰਨ ਸਿੰਘ ਘਰ ਪਰਤਿਆ



ਤਾਰਕ ਮਹਿਤਾ ਕਾ ਉਲਟਾ ਚਸ਼ਮਾ ਸਟਾਰ ਗੁਰਚਰਨ ਸਿੰਘ ਪਿਛਲੇ 25 ਦਿਨਾਂ ਤੋਂ ਲਾਪਤਾ ਸੀ। ਰੋਸ਼ਨ ਸਿੰਘ ਸੋਢੀ ਦਾ ਕਿਰਦਾਰ ਨਿਭਾਉਣ ਵਾਲਾ ਅਦਾਕਾਰ 22 ਅਪ੍ਰੈਲ ਤੋਂ ਲਾਪਤਾ ਸੀ, ਜਿਸ ਕਾਰਨ ਉਸ ਦੇ ਮਾਪੇ ਵੀ ਕਾਫੀ ਚਿੰਤਤ ਸਨ। ਉਸ ਦੇ ਮਾਪਿਆਂ ਨੇ ਦੱਸਿਆ ਸੀ ਕਿ ਗੁਰਚਰਨ ਸਿੰਘ 22 ਅਪ੍ਰੈਲ ਨੂੰ ਸਵੇਰੇ 8.30 ਵਜੇ ਮੁੰਬਈ ਲਈ ਰਵਾਨਾ ਹੋਇਆ ਸੀ। ਹਾਲਾਂਕਿ, ਉਹ ਮੁੰਬਈ ਨਹੀਂ ਪਹੁੰਚਿਆ ਅਤੇ ਨਾ ਹੀ ਉਸ ਨਾਲ ਸੰਪਰਕ ਕੀਤਾ ਗਿਆ। ਗੁਰਚਰਨ ਸਿੰਘ ਕਰੀਬ 26 ਦਿਨ ਲਾਪਤਾ ਰਹਿਣ ਤੋਂ ਬਾਅਦ 17 ਮਈ ਨੂੰ ਘਰ ਪਰਤਿਆ ਸੀ। ਖਬਰਾਂ ਮੁਤਾਬਕ ਅਦਾਕਾਰ ਤੋਂ ਸਭ ਤੋਂ ਪਹਿਲਾਂ ਦਿੱਲੀ ਪੁਲਿਸ ਨੇ ਪੁੱਛਗਿੱਛ ਕੀਤੀ ਸੀ। ਰਿਪੋਰਟਾਂ ਤੋਂ ਪਤਾ ਲੱਗਾ ਹੈ ਕਿ ਅਦਾਕਾਰ ਨੇ ਪੁਲਿਸ ਨੂੰ ਦੱਸਿਆ ਕਿ ਉਹ 'ਧਾਰਮਿਕ ਤੀਰਥ ਯਾਤਰਾ' 'ਤੇ ਜਾਣ ਲਈ ਘਰੋਂ ਨਿਕਲਿਆ ਸੀ। ਉਸ ਨੇ ਦੱਸਿਆ ਕਿ ਉਹ ਅੰਮ੍ਰਿਤਸਰ ਅਤੇ ਲੁਧਿਆਣਾ ਦੇ ਗੁਰਦੁਆਰਿਆਂ ਵਿੱਚ ਰਿਹਾ।ਰਿਪੋਰਟ ਮੁਤਾਬਕ ਪੁਲਿਸ ਨੂੰ ਜਾਂਚ ਦੌਰਾਨ ਇਹ ਵੀ ਪਤਾ ਲੱਗਾ ਹੈ ਕਿ ਗੁਰਚਰਨ ਸਿੰਘ ਇੱਕ ਸੰਪਰਦਾ



ਦਾ ਪੈਰੋਕਾਰ ਸੀ, ਜੋ ਸਿਮਰਨ ਕਰਦਾ ਸੀ ਅਤੇ ਇਸ ਲਈ ਹਿਮਾਲਿਆ ਜਾਣਾ ਚਾਹੁੰਦਾ ਸੀ। ਰਿਪੋਰਟ ਮੁਤਾਬਕ ਗੁਰਚਰਨ ਸਿੰਘ ਘਰ ਪਰਤਿਆ ਕਿਉਂਕਿ ਉਸ ਨੂੰ ਅਹਿਸਾਸ ਸੀ ਕਿ ਪਰਿਵਾਰ ਹੀ ਸਭ ਕੁਝ ਹੈ ਅਤੇ ਇਸੇ ਲਈ ਉਹ ਘਰ ਪਰਤਿਆ।

**ਗੁਰਚਰਨ ਸਿੰਘ 26 ਦਿਨਾਂ ਤੱਕ ਰਿਹਾ ਲਾਪਤਾ**

ਦੱਸ ਦੇਈਏ ਕਿ ਗੁਰਚਰਨ ਸਿੰਘ 22 ਅਪ੍ਰੈਲ ਨੂੰ ਦਿੱਲੀ ਤੋਂ ਮੁੰਬਈ ਲਈ ਰਵਾਨਾ ਹੋਏ ਸਨ ਪਰ ਉਸਨੇ ਫਲਾਈਟ ਨਹੀਂ ਲਈ।ਜਦੋਂ ਗੁਰਚਰਨ ਨਾਲ ਸੰਪਰਕ ਨਹੀਂ ਹੋ ਸਕਿਆ ਤਾਂ ਉਸ ਦੇ ਪਿਤਾ ਨੇ ਪੁਲਿਸ ਕੋਲ ਗੁੰਮਸ਼ੁਦਗੀ ਦੀ ਸ਼ਿਕਾਇਤ ਦਰਜ ਕਰਵਾਈ। ਇਸ ਤੋਂ ਬਾਅਦ ਉਸ ਬਾਰੇ ਕਈ ਖੁਲਾਸੇ ਹੋਏ। ਅਜਿਹੀਆਂ ਖਬਰਾਂ ਵੀ ਆਈਆਂ ਸਨ ਕਿ ਗੁਰਚਰਨ ਸਿੰਘ ਕਰੀਬ 10 ਬੈਂਕ ਖਾਤਿਆਂ ਦਾ ਸੰਚਾਲਨ ਕਰਦਾ ਸੀ। ਇਸ ਤੋਂ ਬਾਅਦ ਉਹ ਕਥਿਤ ਤੌਰ 'ਤੇ ਆਪਣਾ ਫ਼ੋਨ ਪਾਲਮ 'ਚ ਛੱਡ ਗਿਆ।

## ਭਾਰਤ ਦੀਆਂ ਸਰਕਾਰੀ ਏਜੰਸੀਆਂ ਦੀ ਦਹਿਸ਼ਤ

ਸੁਪਰੀਮ ਕੋਰਟ ਦਾ ਕਹਿਣਾ ਹੈ ਕਿ ਅਜਿਹੇ ਮੁਲਜ਼ਮ ਨੂੰ ਜ਼ਮਾਨਤ ਲਈ ਅਰਜ਼ੀ ਲਾਉਣ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਉਸ ਨੂੰ ਹਿਰਾਸਤ ਅਧੀਨ ਮੁਲਜ਼ਮ ਗਿਣਿਆ ਹੀ ਨਹੀਂ ਜਾ ਸਕਦਾ।

ਸੁਪਰੀਮ ਕੋਰਟ ਦਾ ਇਹ ਫ਼ੈਸਲਾ ਈ.ਡੀ. ਲਈ ਇੱਕ ਵੱਡਾ ਝਟਕਾ ਹੈ ਜਿਸ ਦੇ ਤੌਰ ਤਰੀਕਿਆਂ ਨੂੰ ਲੈ ਕੇ ਪਿਛਲੇ ਕੁਝ ਮਹੀਨਿਆਂ ਤੋਂ ਕਈ ਸਵਾਲ ਉਠਾਏ ਜਾ ਰਹੇ ਸਨ ਅਤੇ ਵਿਰੋਧੀ ਪਾਰਟੀਆਂ ਵੱਲੋਂ ਵੀ ਏਜੰਸੀ 'ਤੇ ਵਧੀਕੀਆਂ ਕਰਨ ਦੇ ਦੋਸ਼ ਲਾਏ ਜਾਂਦੇ ਰਹੇ ਹਨ। ਵੱਖ- ਵੱਖ ਪਾਰਟੀਆਂ, ਖ਼ਾਸ ਕਰਕੇ ਆਪ ਪਾਰਟੀ ਨੇ ਦਾਅਵਾ ਕੀਤਾ ਸੀ ਕਿ ਕੇਂਦਰ ਵਿੱਚ ਸੱਤਾਧਾਰੀ ਪਾਰਟੀ ਦੇ ਇਸ਼ਾਰੇ 'ਤੇ ਕੇਂਦਰੀ ਏਜੰਸੀਆਂ ਵੱਲੋਂ ਉਨ੍ਹਾਂ ਦੇ ਆਗੂਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪੀ.ਐਮ.ਐਲ.ਏ. ਤਹਿਤ ਈ.ਡੀ. ਦੀਆਂ ਨਿਰੰਕੁਸ਼ ਸ਼ਕਤੀਆਂ ਨੂੰ ਲੈ ਕੇ 2017 ਤੋਂ ਬਹਿਸ ਚੱਲ ਰਹੀ ਹੈ ਜਦੋਂ ਸੁਪਰੀਮ ਕੋਰਟ ਦੇ ਇੱਕ ਡਿਵੀਜ਼ਨ ਬੈਂਚ ਨੇ ਇਸ ਕਾਨੂੰਨ ਦੀ ਧਾਰਾ 45 (1) ਨੂੰ ਮਨਸੂਖ਼ ਕਰ ਦਿੱਤਾ ਸੀ ਜਿਸ ਤਹਿਤ ਕਿਸੇ ਮੁਲਜ਼ਮ ਨੂੰ ਜ਼ਮਾਨਤ ਦੇਣ ਲਈ ਵਾਧੂ ਸ਼ਰਤਾਂ ਲਾਈਆਂ ਜਾਂਦੀਆਂ ਸਨ। ਉਂਝ, ਜੁਲਾਈ 2022 ਵਿੱਚ ਇੱਕ ਹੋਰ ਬੈਂਚ ਨੇ ਇਸ ਫ਼ੈਸਲੇ ਨੂੰ ਪਲਟ ਦਿੱਤਾ ਸੀ।

ਇਸ ਦੌਰਾਨ, ਸੁਪਰੀਮ ਕੋਰਟ ਨੇ ਸਪੱਸ਼ਟ ਕੀਤਾ ਹੈ ਕਿ ਕਾਲੇ ਧਨ ਦੇ ਕੇਸ ਵਿੱਚ ਗ੍ਰਿਫ਼ਤਾਰ ਕੀਤੇ ਗਏ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੂੰ ਅੰਤਰਿਮ ਜ਼ਮਾਨਤ ਦੇਣ ਵਿੱਚ ਕੋਈ ਛੋਟ ਨਹੀਂ ਦਿੱਤੀ ਗਈ ਹੈ। ਬੈਂਚ ਨੇ ਆਖਿਆ ਕਿ ਅਸੀਂ ਆਪਣੇ ਫ਼ੈਸਲੇ ਵਿੱਚ ਉਹੀ ਕਿਹਾ ਹੈ ਜੋ ਅਸੀਂ ਮੁਨਾਸਬ ਸਮਝਦੇ ਹਾਂ।" ਇਸ ਦੇ ਨਾਲ ਹੀ ਬੈਂਚ ਨੇ ਇਹ ਵੀ ਕਿਹਾ ਕਿ ਉਸ ਦੇ ਫ਼ੈਸਲੇ ਦਾ ਆਲੋਚਨਾਤਮਕ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਤਾਂ ਉਸ ਦਾ ਸਵਾਗਤ ਹੈ। ਅਦਾਲਤ ਦੀਆਂ ਇਹ ਟਿੱਪਣੀਆਂ ਉਦੋਂ ਆਈਆਂ ਹਨ ਜਦੋਂ ਦੋ ਹਫ਼ਤੇ ਪਹਿਲਾਂ ਇਸ ਨੇ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਕੇਜਰੀਵਾਲ ਦੀ ਗ੍ਰਿਫ਼ਤਾਰੀ ਦੇ ਸਮੇਂ ਨੂੰ ਲੈ ਕੇ ਸਵਾਲ ਉਠਾਇਆ ਸੀ। ਸਾਫ਼ ਜ਼ਾਹਿਰ ਹੈ ਕਿ ਈ.ਡੀ. ਨੂੰ ਇੱਕ ਨਹੀਂ ਸਗੋਂ ਕਈ ਕੇਸਾਂ ਮੁਤੱਲਕ ਇਹੋ ਜਿਹੇ ਤਲਖ਼ ਸਵਾਲਾਂ ਦੇ ਜਵਾਬ ਦੇਣੇ ਪੈਣਗੇ

## ਬਸਪਾ ਦੀ ਚੰਡੀਗੜ੍ਹ ਤੋਂ ਉਮੀਦਵਾਰ ਕਿਸਾਨਾਂ ਤੇ

ਡਾ: ਰੀਤੂ ਸਾਰੀ ਉਮਰ ਕਿਸਾਨਾਂ ਨਾਲ ਜੁੜੀ ਰਹੀ ਹੈ। ਉਹ ਤਰਨਤਾਰਨ ਸਾਹਿਬ, ਪੰਜਾਬ ਵਿੱਚ ਇੱਕ ਕਿਸਾਨ ਪਰਿਵਾਰ ਅਤੇ ਕਿਸਾਨ ਭਾਈਚਾਰੇ ਨਾਲ ਸਬੰਧਿਤ ਹੈ। ਇਹਨਾਂ ਨਿੱਜੀ ਜੜ੍ਹਾਂ ਨੇ ਉਸਨੂੰ ਕਿਸਾਨ ਵਿਰੋਧ ਪ੍ਰਦਰਸ਼ਨਾਂ ਵੱਲ ਖਿੱਚਿਆ ਕਿਉਂਕਿ ਉਹ ਨਵੰਬਰ ਵਿੱਚ ਭਾਰਤ ਦੀ ਰਾਜਧਾਨੀ ਵਿੱਚ ਫ਼ੈਲ ਗਏ ਸਨ। ਡਾ. ਰਿਤੂ ਦਾ ਜਨਮ ਸਿੱਖ ਧਰਮ ਵਿੱਚ ਹੋਇਆ ਹੈ, ਜੋ ਲਿੰਗ ਸਮਾਨਤਾ ਸਾਂਝੀਵਾਲਤਾ ਤੇ ਦਲਿਤ , ਕਿਰਤੀ ਉਥਾਨ ਦੀ ਵਕਾਲਤ ਕਰਦਾ ਹੈ।

## ਕੀ ਸੁਖਬੀਰ ਬਾਦਲ ਅਕਾਲੀ ਦਲ ਦਾ ਵਜੂਦ ਤੇ

ਰਵੀਕਰਨ ਸਿੰਘ ਕਾਹਲੋਂ ਦੇ ਪਿਤਾ ਨਿਰਮਲ ਸਿੰਘ ਕਾਹਲੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਵੀ ਰਹਿ ਚੁੱਕੇ ਹਨ। ਦੂਜੇ ਪਾਸੇ ਬੀਜੇਪੀ ਵਿੱਚ ਸ਼ਾਮਲ ਹੋਣ ਤੋਂ ਬਾਅਦ ਕਾਹਲੋਂ ਨੇ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਦੇ ਖ਼ਿਲਾਫ਼ ਗੰਭੀਰ ਇਲਜ਼ਾਮ ਲਗਾਏ ਕਿ ਅਕਾਲੀ ਦਲ ਪਰਿਵਾਰਵਾਦੀ ਪਾਰਟੀ ਹੈ। ਇਸ ਨੂੰ 2 ਲੋਕ ਚਲਾਉਂਦੇ ਹਨ, ਇੱਕ ਸੁਖਬੀਰ ਸਿੰਘ ਬਾਦਲ, ਦੂਜਾ ਬਿਕਰਮ ਸਿੰਘ ਮਜੀਠੀਆ। ਉਨ੍ਹਾਂ ਕਿਹਾ ਕਿ ਮੈਂ ਹਲਕਾ ਫ਼ਤਿਹਗੜ੍ਹ ਚੂੜੀਆਂ ਵਿੱਚ ਕੰਮ ਕਰਦਾ ਸੀ, ਮਜੀਠੀਆ ਨੂੰ ਪਤਾ ਸੀ ਮੈਂ ਉਸ ਹਲਕੇ ਤੋਂ ਜਿੱਤ ਜਾਣਾ ਹੈ, ਪਰ ਉਹ ਨਹੀਂ ਚਾਹੁੰਦੇ ਸਨ ਕਿ ਮੈਂ ਵਿਧਾਨ ਸਭਾ ਪਹੁੰਚਾਂ, ਕਾਂਗਰਸ ਦੇ ਵਿਧਾਇਕ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨਾਲ ਉਨ੍ਹਾਂ ਦੀ ਦੋਸਤੀ ਸੀ, ਇਸੇ ਲਈ ਮੈਨੂੰ 2022 ਵਿੱਚ ਡੇਰਾ ਬਾਬਾ ਨਾਨਕ ਸੁਖਜਿੰਦਰ ਸਿੰਘ ਰੰਧਾਵਾ ਦੇ ਖ਼ਿਲਾਫ਼ ਟਿਕਟ ਦਿੱਤੀ ਗਈ। ਉਹ ਚਾਹੁੰਦੇ ਸਨ ਮੈਂ ਹਾਰ ਜਾਵਾਂ ਤੇ ਮੇਰਾ ਸਿਆਸੀ ਕੈਰੀਅਰ ਖ਼ਤਮ ਹੋ ਜਾਵੇ। ਮੈਂ ਉੱਥੇ ਵੀ ਮਿਹਨਤ ਕੀਤੀ ਤੇ ਸਿਰਫ਼ 234 ਵੋਟਾਂ ਨਾਲ ਹਾਰ ਗਿਆ। ਕਾਹਲੋਂ ਨੇ ਦੋਸ਼ ਲਾਇਆ ਹੈ ਕਿ 2007 ਤੋਂ ਬਾਅਦ ਮਾਝੇ ਦੇ ਕਈ ਸਿਆਸੀ ਪਰਿਵਾਰਾਂ ਨੂੰ ਬਿਕਰਮ ਸਿੰਘ ਮਜੀਠੀਆ ਨੇ ਖ਼ਤਮ ਕਰ ਦਿੱਤਾ ਜਿਸ ਵਿੱਚ ਬ੍ਰਹਮਪੁਰਾ ਤੇ ਅਜਨਾਲਾ ਦਾ ਪਰਿਵਾਰ ਵੀ ਸ਼ਾਮਲ ਹੈ। ਮੈਂ ਸਿਰਫ਼ ਇਹ ਹੀ ਕਿਹਾ ਸੀ ਕਿ ਸੁੱਚਾ ਸਿੰਘ ਲੰਗਾਹ ਵਰਗੇ ਜਬਰਜਨਾਹ ਦੇ ਮੁਲਜ਼ਮਾਂ ਨੂੰ ਪਾਰਟੀ ਵਿੱਚ ਸ਼ਾਮਲ ਨਾ ਕੀਤਾ ਜਾਵੇ। ਇਹਨਾਂ ਨੇ ਮੇਰੇ ਇਸ ਬਿਆਨ ਨੂੰ ਪਾਰਟੀ ਵਿਰੋਧੀ ਕਾਰਵਾਈ ਮੰਨ ਲਿਆ।

ਰਵੀਕਰਨ ਸਿੰਘ ਕਾਹਲੋਂ ਦੀ ਪਾਰਟੀ ਨਾਲ ਨਰਾਜ਼ਗੀ ਕੁਝ ਹੀ ਦਿਨਾਂ ਦੀ ਨਹੀਂ ਹੈ। 2022 ਵਿੱਚ ਵਿਧਾਨਸਭਾ ਚੋਣਾਂ ਵਿੱਚ ਮਿਲੀ ਹਾਰ ਤੋਂ ਬਾਅਦ ਰਵੀਕਰਨ ਦੇ ਪਿਤਾ ਨਿਰਮਲ ਸਿੰਘ ਕਾਹਲੋਂ ਦਾ ਦੇਹਾਂਤ ਹੋ ਗਿਆ ਸੀ। ਭੋਗ ਤੋਂ ਠੀਕ ਪਹਿਲਾਂ ਬੀਬੀ ਜਗੀਰ ਕੌਰ ਅਤੇ ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਰਵੀਕਰਨ ਸਿੰਘ ਕਾਹਲੋਂ ਦੇ ਘਰ ਮੀਟਿੰਗ ਕਰਕੇ ਬਗਾਵਤ ਦੇ ਸੰਕੇਤ ਦੇ ਦਿੱਤੇ ਸਨ। ਉਸ ਤੋਂ ਬਾਅਦ ਬੀਬੀ ਜਗੀਰ ਕੌਰ ਨੇ ਖੁੱਲ੍ਹ ਕੇ ਬਗਾਵਤ ਕੀਤੀ ਅਤੇ ਪਾਰਟੀ ਤੋਂ ਬਾਹਰ ਜਾਣ ਤੋਂ ਵਾਪਸੀ ਵੀ ਕਰ ਲਈ ਅਤੇ ਮਨਪ੍ਰੀਤ ਸਿੰਘ ਇਆਲੀ ਵੀ ਹੁਣ ਪਾਰਟੀ ਦੀਆਂ ਮੀਟਿੰਗਾਂ ਵਿੱਚ ਸ਼ਾਮਲ ਹੋਣ ਲੱਗੇ ਹਨ। ਪਰ ਰਵੀਕਰਨ ਨੇ ਬਗਾਵਤ ਕਰਨ ਦੇ ਲਈ 2 ਸਾਲ ਲਾ ਦਿੱਤੇ।

ਆਉਣ ਵਾਲੇ ਸਮੇਂ ਦੌਰਾਨ ਜਬਰ ਜਨਾਹ ਦੇ ਦੋਸ਼ਾਂ ਵਿੱਚ ਘਿਰੇ ਸੁੱਚਾ ਸਿੰਘ ਲੰਗਾਹ ਅਕਾਲੀ ਦਲ ਵਿੱਚ ਸ਼ਾਮਲ ਹੋਣ ਦੀ ਸੰਭਾਵਨਾ ਵਧ ਗਈ ਹੈ। ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਲੰਗਾਹ ਅਕਾਲੀ ਦਲ ਵਿੱਚ ਸ਼ਾਮਲ ਹੋ ਗਿਆ ਤਾਂ ਪੰਥਕ ਹਲਕਿਆਂ ਵਿੱਚ ਬਾਦਲ ਪਰਿਵਾਰ ਵਿਰੁੱਧ ਰੋਸ ਉਠ ਸਕਦਾ ਹੈ। ਹਾਲੇ ਤੱਕ ਅਕਾਲੀ ਦਲ ਨੇ ਰਾਜਾਂ ਦੀ ਖ਼ੁਦਮੁਖਤਿਆਰੀ ਬਾਰੇ ਆਪਣੀ ਪਾਲਿਸੀ ਸਪਸ਼ਟ ਨਹੀਂ ਕੀਤੀ, ਨਾ ਹੀ ਪੰਥਕ ਮੁੱਦਿਆਂ ਬਾਰੇ।

***

## ਖੇਤੀ ਆਧਾਰਿਤ ਸਨਅਤੀ ਮਾਡਲ

ਸਿਆਣਪ ਭਰੇ ਫ਼ੈਸਲੇ ਲੈਣ ਦੀ ਲੋੜ ਹੁੰਦੀ ਹੈ, ਜਿਸ ਦੀ ਅਣਹੋਂਦ ਦੇ ਚਲਦਿਆਂ ਹੀ ਸੂਬੇ ਦੇ ਕਾਰੋਬਾਰੀ ਸ਼ਾਇਦ ਉੱਤਰ ਪ੍ਰਦੇਸ਼ ਵੱਲ ਰੁਖ਼ ਕਰਨ ਲਈ ਮਜਬੂਰ ਹੋਏ ਹੋਣਗੇ। ਇਸ ਦੀ ਪੰਜਾਬ ਨੂੰ ਆਉਣ ਵਾਲੇ ਸਮੇਂ 'ਚ ਡਾਢੀ ਕੀਮਤ ਚੁਕਾਉਣੀ ਪੈ ਸਕਦੀ ਹੈ।

ਉਦਯੋਗਾਂ ਦਾ ਮਹੱਤਵ

ਸੂਬੇ ਦੇ ਕੁੱਲ ਰੁਜ਼ਗਾਰ ਵਸੀਲਿਆਂ ਦਾ 23% ਇਕੱਲਾ ਉਦਯੋਗਿਕ ਖੇਤਰ ਸੰਭਾਲ ਰਿਹਾ ਹੈ। ਇਸ ਤੋਂ ਇਲਾਵਾ ਜਿਵੇਂ-ਜਿਵੇਂ ਉਦਯੋਗ ਤਰੱਕੀ ਕਰਦਾ ਹੈ, ਸੂਬੇ ਦੀ ਆਰਥਿਕਤਾ ਨੂੰ ਬਹੁ-ਧਾਰਾਵੀ ਹੁਲਾਰਾ ਮਿਲਦਾ ਹੈ। ਮਸਲਨ ਬੈਂਕਾਂ, ਬੀਮਾ ਖੇਤਰ, ਸੜਕਾਂ, ਟਰਾਂਸਪੋਰਟ, ਸੰਚਾਰ ਵਿਵਸਥਾ ਆਦਿ ਨਾਲ ਜੁੜੀਆਂ ਸੇਵਾਵਾਂ 'ਚ ਇਜ਼ਾਫ਼ਾ ਹੋਣਾ ਲਾਜ਼ਮੀ ਹੈ। ਅੰਦਾਜ਼ਾ ਲਗਾਉਣਾ ਔਖਾ ਨਹੀਂ ਕਿ ਉਕਤ ਸੇਵਾਵਾਂ 'ਚ ਵਾਧਾ ਅੱਗੇ ਕਿੰਨੇ ਹੀ ਲੋਕਾਂ ਲਈ ਰੁਜ਼ਗਾਰ ਦੇ ਅਵਸਰ ਲੈ ਕੇ ਹਾਜ਼ਰ ਹੋਵੇਗਾ।

ਹੁਣ ਇਸੇ ਕੜੀ ਨੂੰ ਉਲਟ ਦਿਸ਼ਾ ਵੱਲੋਂ ਸ਼ੁਰੂ ਕਰਕੇ ਅੱਗੇ ਵਧਣ ਦੀ ਕੋਸ਼ਿਸ਼ ਕਰੋ। ਜੇਕਰ ਸਥਾਪਿਤ ਉਦਯੋਗ ਆਪਣਾ ਬੋਰੀਆ-ਬਿਸਤਰਾ ਸਮੇਟ ਕੇ ਸੂਬੇ ਤੋਂ ਰੁਖ਼ਸਤ ਹੋ ਜਾਂਦੇ ਹਨ ਤਾਂ ਰੁਜ਼ਗਾਰ ਅਤੇ ਵਿਕਾਸ ਦੇ ਉਹ ਸਾਰੇ ਪਹਿਲੂ ਪ੍ਰਭਾਵਿਤ ਹੋਏ ਬਿਨਾਂ ਕਿਵੇਂ ਰਹਿ ਸਕਦੇ ਹਨ? ਇਕੱਲਾ ਹੀਰੋ ਸਾਈਕਲ ਗਰੁੱਪ ਹੀ 500 ਕਰੋੜ ਰੁਪਏ ਉੱਤਰ ਪ੍ਰਦੇਸ਼ 'ਚ ਨਿਵੇਸ਼ ਕਰਨ ਦੇ ਸਮਝੌਤਾ ਪੱਤਰ 'ਤੇ ਦਸਤਖ਼ਤ ਕਰਕੇ ਆਇਆ ਹੈ, ਜਦੋਂ ਕਿ ਇਸ ਦਿਸ਼ਾ ਵੱਲ 300 ਕਰੋੜ ਰੁਪਏ ਨਾਲ ਦੂਜੇ ਨੰਬਰ 'ਤੇ ਅੱਗੇ ਵਧਣ ਵਾਲਾ 'ਏਵਨ ਸਾਈਕਲ ਸਮੂਹ' ਹੈ। ਫਿਰ ਇਹ ਘਰਾਣੇ ਆਪਣੇ ਕਾਰੋਬਾਰ ਦਾ ਵਿਸਤਾਰ ਉੱਤਰ ਪ੍ਰਦੇਸ਼ ਵਿੱਚ ਹੀ ਕਰਨਗੇ, ਪੰਜਾਬ ਕੀ ਕਰਨ ਆਉਣਾ ਹੈ ਅਗਲਿਆਂ ਨੇ?

ਪੰਜਾਬ 'ਚ ਸੜਕੀ ਅਤੇ ਰੇਲ ਆਵਾਜਾਈ ਦਾ ਵਿਵਸਥਾਗਤ ਢਾਂਚਾ ਬਾਕੀ ਸੂਬਿਆਂ ਦੇ ਮੁਕਾਬਲਤਨ ਵਧੀਆ ਹੀ ਮੰਨਿਆ ਜਾਂਦਾ ਹੈ ਪਰੰਤੂ ਫਿਰ ਵੀ ਰਾਸ਼ਟਰੀ ਘਰੇਲੂ ਪੈਦਾਵਾਰ 'ਚ ਪੰਜਾਬ ਦਾ ਔਸਤਨ ਯੋਗਦਾਨ ਘੱਟ ਰਿਹਾ ਹੈ, ਜਦੋਂ ਕਿ ਹੋਰ ਸੂਬੇ ਇਸ ਔਸਤ 'ਚ ਵਾਧਾ ਦਿਖਾ ਰਹੇ ਹਨ, ਭਾਵੇਂ ਕਿ ਉਹ ਸੂਬੇ 'ਵਿਕਾਸ ਮੁਲਾਂਕਣ ਦੀ ਕਿਸੇ ਵੀ ਪੱਧਤੀ' 'ਤੇ ਪੰਜਾਬ ਤੋਂ ਅੱਗੇ ਨਹੀਂ ਹਨ। ਜਿਸ ਦਾ ਸਪੱਸ਼ਟ ਭਾਵ ਇਹੀ ਬਣਦਾ ਹੈ ਕਿ ਪੰਜਾਬ ਵਿੱਚ ਉਦਯੋਗ ਬੁਰੀ ਤਰ੍ਹਾਂ ਲੜਖੜਾ ਗਿਆ ਹੈ। ਲੋਹਾ ਇਸਪਾਤ ਦੇ ਉਦਯੋਗ 'ਚ ਮੰਡੀ ਗੋਬਿੰਦਗੜ੍ਹ ਦਾ ਨਾਂਅ ਕਿਸੇ ਵਕਤ ਦੁਨੀਆ ਦੇ ਨਕਸ਼ੇ 'ਤੇ ਦਿਖਾਈ ਦਿੰਦਾ ਸੀ ਪਰੰਤੂ ਹੁਣ ਇਸ ਨਗਰੀ ਦੀ ਹਾਲਤ ਕਿਸੇ ਤੋਂ ਗੁੱਝੀ ਨਹੀਂ ਹੈ। ਕਿਸੇ ਖੇਤਰ ਦੀ ਨਾਂਹ-ਪੱਖੀ ਰਿਪੋਰਟ ਰਾਤੋ-ਰਾਤ ਪੈਦਾ ਹੋਏ ਹਾਲਾਤ ਦੀ ਵਜ੍ਹਾ ਨਾਲ ਨਹੀਂ ਬਣਦੀ। ਉੱਤਰ ਪ੍ਰਦੇਸ਼ ਜਾ ਕੇ ਕਾਰੋਬਾਰ ਕਰਨ ਦੀ ਦਿਲਚਸਪੀ ਦਾ ਪ੍ਰਗਟਾਵਾ ਮਹਿਜ਼ ਪੰਜ-ਸੱਤ ਲੱਖ ਕਰੋੜ ਰੁਪਏ ਦੇ ਨਿਵੇਸ਼ ਦਾ ਸਵਾਲ ਨਹੀਂ ਹੈ, ਬਲਕਿ ਮਾਮਲਾ ਭਵਿੱਖ ਵਿਚਲੀ ਉਦਯੋਗ ਦੀ ਦਿਸ਼ਾ ਦਾ ਹੈ।

ਸੈਰ ਸਪਾਟਾ ਵਿਭਾਗ

ਇਸ ਤੋਂ ਪਹਿਲਾਂ ਸੂਬਾ ਸਰਕਾਰ ਵੱਲੋਂ 'ਸੈਰ ਸਪਾਟਾ ਸਨਅਤ' ਨੂੰ ਪ੍ਰਫੁਲਿਤ ਕਰਨ ਦੀ ਮਨਸ਼ਾ ਨਾਲ ਕਰੋੜਾਂ ਰੁਪਏ ਖਰਚ ਕੇ 'ਨਿਵੇਸ਼ ਸੰਮੇਲਨ' ਕਰਵਾਇਆ ਗਿਆ ਸੀ। ਇੱਕ ਵੀ ਨਿਵੇਸ਼ਕ ਪੰਜਾਬ 'ਚ ਨਿਵੇਸ਼ ਕਰਨ ਲਈ ਰਾਜ਼ੀ ਨਹੀਂ ਹੋਇਆ। ਵਿਭਾਗ ਦੇ ਇੱਕ ਅਧਿਕਾਰੀ ਨੇ ਦੱਬਵੀਂ ਸੁਰ ਵਿੱਚ ਕਿਹਾ ਕਿ ਸੰਮੇਲਨ ਦੀ ਅਸਫ਼ਲਤਾ ਪਿੱਛੇ ਕਾਰਨ ਭਾਵੇਂ ਬਾਹਰੀ ਵਾਤਾਵਰਨ ਦਾ ਅਨੁਕੂਲ ਨਾ ਹੋਣਾ ਦੱਸਿਆ ਜਾ ਰਿਹਾ ਹੋਵੇ ਪਰੰਤੂ ਅਸਲ 'ਚ ਇਹ 'ਤਿਆਰੀ ਤੇ ਤਜਰਬੇ' ਦੀ ਘਾਟ ਹੀ ਸੀ ਕਿ ਅਸੀਂ ਨਿਵੇਸ਼ਕਾਂ ਵੱਲੋਂ ਉਠਾਏ ਗਏ ਪ੍ਰਸ਼ਨ ਕਿ 'ਸਰ੍ਹੋਂ ਦੇ ਖੇਤਾਂ ਤੋਂ ਬਿਨਾਂ ਪੰਜਾਬ 'ਚ ਦੇਖਣਯੋਗ ਕੀ ਹੈ?' ਦਾ ਉੱਤਰ ਦੇਣ 'ਚ ਨਾਕਾਮਯਾਬ ਰਹੇ ਹਾਂ।

ਸੂਬੇ ਦੇ ਕਰੋੜਾਂ ਰੁਪਏ ਅਜਾਈਂ ਚਲੇ ਗਏ। ਇੱਕ ਵੀ ਐਮ.ਓ.ਯੂ. ਸਾਈਨ ਨਹੀਂ ਹੋਇਆ। ਇਥੇ ਇੰਨਾ ਹੀ ਕਹਿਣਾ ਉਚਿਤ ਹੋਵੇਗਾ ਕਿ ਕਿਸੇ ਪ੍ਰਾਂਤਕ ਜਾਂ ਕੇਂਦਰੀ ਸਰਕਾਰ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕਰਨ ਦੀ ਸਾਲ ਦਾ ਸਮਾਂ ਥੋੜ੍ਹਾ ਨਹੀਂ ਹੁੰਦਾ। ਬਾਕੀ ਰਹਿ ਗਏ ਤਿੰਨ ਸਾਲਾਂ ਵਿੱਚ ਸੂਬੇ ਦੀ ਤਸਵੀਰ ਕਿਹੋ ਜਿਹੀ ਉੱਘੜ ਕੇ ਸਾਹਮਣੇ ਆਵੇਗੀ, ਅੰਦਾਜ਼ਾ ਲਗਾਉਣਾ ਵੀ ਕਠਿਨ ਨਹੀਂ ਹੈ।

***

## ਅੱਗ ਨਾਲ ਖੇਡ ਰਿਹਾ ਅਮਰੀਕਾ...

ਬਹੁਤ ਸਾਰੇ ਦੇਸ਼ਾਂ ਵਿੱਚ ਖੱਬੇਪੱਖੀ ਪਾਰਟੀਆਂ ਨੇ ਰੂਸ ਅਤੇ ਯੂਕਰੇਨ ਵਿਚਕਾਰ ਸ਼ਾਂਤੀ ਦੀ ਮੰਗ ਕੀਤੀ ਹੈ ਅਤੇ ਇਸ ਗੱਲ 'ਤੇ ਬਹਿਸ ਨੂੰ ਤੇਜ਼ ਕੀਤਾ ਹੈ ਕਿ ਕੀ ਨਵੇਂ ਫੌਜੀ ਖਰਚਿਆਂ ਦੀ ਥਾਂ ਪੈਸਾ ਸਿਹਤ ਅਤੇ ਸਮਾਜ ਭਲਾਈ ਦੀ ਬਿਹਤਰੀ ਲਈ ਖਰਚਿਆ ਜਾਣਾ ਚਾਹੀਦਾ ਸੀ। ਰਾਠਕੇ ਦੱਸਦਾ ਹੈ ਕਿ ਜਰਮਨੀ ਵਿੱਚ, ਸਰਕਾਰੀ ਉਧਾਰ ਲੈਣ ਦੀਆਂ ਸੀਮਾਵਾਂ, ਬਜਟ ਘਾਟੇ ਨੂੰ ਵਿੱਤ ਕਰਨ ਦੀ ਸਰਕਾਰ ਦੀ ਸਮਰੱਥਾ ਨੂੰ ਸੀਮਿਤ ਕਰਦੀਆਂ ਹਨ। ਇਸਦਾ ਮਤਲਬ ਹੈ ਕਿ ਸਾਲਸ ਸਰਕਾਰ ਕੋਲ ਫਰਾਂਸ ਜਿੰਨੇ ਮੌਕੇ ਨਹੀਂ ਹਨ।

**ਨਾਟੋ ਦੇ ਰੱਖਿਆ ਟੀਚਿਆਂ ਅਤੇ ਯੂਰਪੀਅਨ ਦੇਸ਼ਾਂ ਵਿਚਕਾਰ ਟਕਰਾਅ**

ਯੂਰਪੀਅਨ ਯੂਨੀਅਨ ਦੇ ਦੂਸਰੇ ਦੇਸ਼, ਖਾਸ ਤੌਰ 'ਤੇ 2011 ਦੇ ਯੂਰਪੀਅਨ ਕਰਜ਼ੇ ਦੇ ਸੰਕਟ ਤੋਂ ਪ੍ਰਭਾਵਿਤ, ਹੋਣ ਵਾਲੇ ਦੇਸ਼ਾਂ ਵਿੱਚ ਪਹਿਲਾਂ ਤੋਂ ਹੀ ਬਚਤ ਤੇ ਕਟੌਤੀ ਵਰਗੇ ਕਦਮ ਉਠਾਏ ਜਾ ਰਹੇ ਹਨ। ਇਹਨਾਂ ਕਟੌਤੀਆਂ ਵਿੱਚ ਵਾਧਾ ਜਨਤਕ ਸੇਵਾਵਾਂ 'ਤੇ ਨਕਾਰਾਤਮਕ ਪ੍ਰਭਾਵ ਪਾ ਸਕਦਾ ਹੈ।

ਉਦਾਹਰਣ ਵਜੋਂ, ਇਟਲੀ ਇਸ ਸਾਲ ਆਪਣੇ ਜੀਡੀਪੀ ਦਾ ਸਿਰਫ਼ 1.46 ਪ੍ਰਤੀਸ਼ਤ ਰੱਖਿਆ ਉੱਤੇ ਖਰਚ ਕਰ ਸਕੇਗਾ ਅਤੇ ਚਿਤਾਵਨੀ ਦਿੱਤੀ ਹੈ ਕਿ 2028 ਤੱਕ ਨਾਟੋ ਦੇ ਦੋ ਪ੍ਰਤੀਸ਼ਤ ਦੇ ਟੀਚੇ ਨੂੰ ਪ੍ਰਾਪਤ ਕਰਨਾ ਵੀ ਉਸ ਲਈ ਮੁਸ਼ਕਿਲ ਹੋਵੇਗਾ। ਇਸ ਸਾਲ ਇਟਲੀ ਦਾ ਸਰਕਾਰੀ ਕਰਜ਼ਾ ਜੀਡੀਪੀ ਅਨੁਪਾਤ 137.8 ਫੀਸਦੀ ਰਹਿਣ ਦਾ ਅਨੁਮਾਨ ਹੈ। ਦੂਜੇ ਦੇਸ਼ਾਂ ਦੀ ਵਿੱਤੀ ਹਾਲਤ ਵੀ ਬਹੁਤੀ ਚੰਗੀ ਨਹੀਂ ਹੈ। ਮਿਸਾਲ ਦੇ ਤੌਰ 'ਤੇ ਸਪੇਨ ਵਿੱਚ ਵੀ ਇਸ ਸਾਲ ਰੱਖਿਆ ਖਰਚੇ ਵਧਣ ਦੀ ਕੋਈ ਸੰਭਾਵਨਾ ਨਹੀਂ ਹੈ, ਜਦਕਿ ਪਿਛਲੇ ਸਾਲ ਹੀ ਇਸ ਨੇ ਫ਼ੌਜੀ ਬਜਟ ਵਿੱਚ ਸਵੀਡਨ, ਨਾਰਵੇ, ਰੋਮਾਨੀਆ ਤੇ ਨੀਦਰਲੈਂਡ 'ਤੇ ਕਰਜ਼ੇ ਦਾ ਦਬਾਅ ਘੱਟ ਹੈ ਪਰ ਨੀਦਰਲੈਂਡ ਵਿੱਚ, ਚਾਰ ਪਾਰਟੀਆਂ ਦੀ ਸੱਜੇ-ਪੱਖੀ ਗੱਠਜੋੜ ਸਰਕਾਰ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਜਨਤਕ ਘਰ ਬਣਾਉਣ ਅਤੇ ਖੇਤੀਬਾੜੀ ਨਾਲ ਸੰਬੰਧਿਤ ਮੁੱਦਿਆਂ 'ਤੇ ਪੈਸਾ ਖਰਚਣਾ ਚਾਹੁੰਦੀ ਹੈ। ਰਾਠਕੇ ਦੇ ਅਨੁਸਾਰ ਵਿੱਤੀ ਸਮਰੱਥਾ ਅਤੇ ਕਰਜ਼ੇ ਦੀਆਂ ਸਮੱਸਿਆਵਾਂ ਤੋਂ ਇਲਾਵਾ, ਸਰੋਤਾਂ ਬਾਰੇ ਇਸ ਬਹਿਸ ਵਿੱਚ ਇਹ ਧਿਆਨ ਦੇਣਾ ਵੀ ਜ਼ਰੂਰੀ ਹੈ ਕਿ ਯੂਰਪ ਵਿੱਚ ਜੋਖ਼ਮ ਦਾ ਅਰਥ ਹਰ ਕਿਸੇ ਲਈ ਵੱਖਰਾ ਹੈ। ਇਸ ਲਈ, ਯੂਕਰੇਨੀ ਸਰਹੱਦਾਂ ਦੇ ਕਰੀਬ ਵਸੇ ਦੇਸ਼ਾਂ ਦੇ ਮੁਕਾਬਲੇ ਉਸ ਤੋਂ ਦੂਰ ਸਥਿਤ ਦੇਸ਼ ਰੱਖਿਆ ਨੂੰ ਤਰਜੀਹ ਦੇਣ ਵਿੱਚ ਉਨੀ ਦਿਲਚਸਪੀ ਨਹੀਂ ਰੱਖ ਰਹੇ।

***

## ਬਿਹਾਰ ਦੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ

ਉਨ੍ਹਾਂ ਨੇ ਕਿਹਾ ਕਿ ਮੈਂ ਆਪਣੇ ਕਿਸੇ ਭਾਸ਼ਣ ਵਿੱਚ ਬਿਹਾਰੀ ਸ਼ਬਦ ਦਾ ਜ਼ਿਕਰ ਨਹੀਂ ਕੀਤਾ ਅਤੇ ਨਾ ਹੀ ਉਨ੍ਹਾਂ ਦੇ ਬਾਈਕਾਟ ਦਾ ਜ਼ਿਕਰ ਕੀਤਾ। ਖਹਿਰਾ ਨੇ ਕਿਹਾ ਕਿ ਉਹ ਕਿਸੇ ਸ਼ਾਹੀ ਪਰਿਵਾਰ ਦਾ ਨਹੀਂ ਸਗੋਂ ਆਮ ਲੋਕਾਂ ਦਾ ਲੀਡਰ ਹਾਂ। ਖਹਿਰਾ ਨੇ ਕਿਹਾ ਕਿ ਉਹ ਪੰਜਾਬ ਵਿੱਚ ਆਉਣ ਵਾਲੇ ਪਰਵਾਸੀਆਂ ਦੇ ਖ਼ਿਲਾਫ਼ ਨਹੀਂ ਹਨ ਪਰ ਉਨ੍ਹਾਂ ਨੂੰ ਬਾਹਰੀਆਂ ਦੇ ਪੰਜਾਬ ਵਿੱਚ ਪੱਕੀ ਨੌਕਰੀ 'ਤੇ ਇਤਰਾਜ਼ ਹੈ। ਖਹਿਰਾ ਨੇ ਕਿਹਾ ਕਿ ਮੈਂ ਹਿਮਾਚਲ ਪ੍ਰਦੇਸ਼ ਵਰਗੇ ਕਾਨੂੰਨ ਦੀ ਗੱਲ ਕਰ ਰਿਹਾ ਹਾਂ ਜੋ ਬਾਹਰੀ ਲੋਕਾਂ ਨੂੰ ਜ਼ਮੀਨ ਖਰੀਦਣ, ਵੋਟਰ ਬਣਨ ਜਾਂ ਸਰਕਾਰੀ ਨੌਕਰੀਆਂ ਲਈ ਰਾਜ ਦੀਆਂ ਸਥਿਤੀਆਂ ਨੂੰ ਸਾਫ਼ ਕੀਤੇ ਬਿਨਾਂ ਅਰਜ਼ੀ ਦੇਣ ਤੋਂ ਰੋਕਦਾ ਹੈ ਜਿਵੇਂ ਕਿ ਬੇਤਰਤੀਬੇ ਤੌਰ 'ਤੇ ਇਜਾਜ਼ਤ ਦਿੱਤੀ ਜਾਂਦੀ ਹੈ ਤਾਂ ਇਹ ਹਿਮਾਚਲ ਦੀ ਪਛਾਣ ਨੂੰ ਪ੍ਰਭਾਵਤ ਕਰੇਗਾ ਅਤੇ ਉਨ੍ਹਾਂ ਦੀ ਆਬਾਦੀ ਦੀ ਸਥਿਤੀ ਨੂੰ ਪਰੇਸ਼ਾਨ ਕਰੇਗਾ। ਉਨ੍ਹਾਂ ਨੇ ਕਿਹਾ ਕਿ ਜੇਕਰ ਕੋਈ ਗੈਰ ਪੰਜਾਬੀ ਪੰਜਾਬ ਵਿੱਚ ਰੋਜ਼ੀ-ਰੋਟੀ ਕਮਾਉਣਾ ਚਾਹੁੰਦਾ ਹੈ ਤਾਂ ਸਾਨੂੰ ਕੋਈ ਇਤਰਾਜ਼ ਨਹੀਂ ਹੈ ਪਰ ਜੇਕਰ ਉਹ ਪੱਕੇ ਤੌਰ 'ਤੇ ਵੱਸਣਾ ਚਾਹੁੰਦਾ ਹੈ ਤਾਂ ਉਸ ਨੂੰ ਐਚਪੀ ਟੈਨੇਸੀ ਐਕਟ 1972 ਵਰਗੀਆਂ ਸ਼ਰਤਾਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ। ਅਜਿਹਾ ਕਾਨੂੰਨ ਪੰਜਾਬ ਵਿੱਚ ਸਭ ਤੋਂ ਵੱਧ ਜ਼ਰੂਰੀ ਹੈ ਕਿਉਂਕਿ ਸਾਡੀਆਂ ਜ਼ਿਆਦਾਤਰ ਸਰਕਾਰਾਂ ਹਨ।

ਖਹਿਰਾ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਸਵਾਲ ਕਰਦਿਆਂ ਕਿਹਾ ਕਿ ਮੈਂ ਮਾਨਯੋਗ ਪ੍ਰਧਾਨ ਮੰਤਰੀ ਨੂੰ ਇਹ ਵੀ ਯਾਦ ਕਰਾਉਣਾ ਚਾਹੁੰਦਾ ਹਾਂ ਕਿ ਹਿਮਾਚਲ ਪ੍ਰਦੇਸ਼ ਵਰਗਾ ਕਾਨੂੰਨ ਉਨ੍ਹਾਂ ਦੇ ਗ੍ਰਹਿ ਰਾਜ ਗੁਜਰਾਤ ਵਿੱਚ ਵੀ ਮੌਜੂਦ ਹੈ ਅਤੇ ਬੀਜੇਪੀ ਨੇ ਉੱਤਰਾਖੰਡ ਵਿੱਚ ਵੀ ਸ਼ਾਸਨ ਕੀਤਾ ਹੈ, ਮੈਂ ਹੈਰਾਨ ਹਾਂ ਕਿ ਉਹ ਵਿਰFੁੱਧਵਾਦ ਫੈਲਾਉਣ ਲਈ ਸਾਡੇ ਪ੍ਰਸਤਾਵ ਦਾ ਵਿਰੋਧ ਕਿਉਂ ਕਰ ਰਹੇ ਹਨ।

ਉਨ੍ਹਾਂ ਨੇ ਕਿਹਾ ਕਿ ਗੁਜਰਾਤ ਸਰਕਾਰ ਸਪੱਸ਼ਟ ਕਰੇ ਕਿ ਉਹ ਕੱਛ ਗੁਜਰਾਤ ਦੇ ਸਿੱਖ ਕਿਸਾਨਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਤੋਂ ਕਿਉਂ ਲੁੱਟ ਰਹੀ ਹੈ ਜੋ ਉਨ੍ਹਾਂ ਨੇ ਸਵਰਗੀ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਦੇ ਕਹਿਣ 'ਤੇ ਵਿਕਸਤ ਕੀਤੀ ਸੀ। ਖਹਿਰਾ ਨੇ ਕਿਹਾ ਕਿ ਉਹ ਅੱਜ ਵੀ ਆਪਣੇ ਬਿਆਨ 'ਤੇ ਕਾਇਮ ਹਨ ਅਤੇ ਰਹਿਣਗੇ।

***

## ਭਾਰਤ ਤੋਂ ਬਰਾਮਦ ਕੀਤੇ ਜਾਣ ਵਾਲੇ

ਯਕੀਨੀ ਬਣਾਉਣ ਲਈ ਉਨ੍ਹਾਂ ਨਾਲ ਕੰਮ ਕਰ ਰਹੇ ਹਾਂ। ਹਾਲਾਂਕਿ ਇਸ ਸਬੰਧੀ ਐਵਰੈਸਟ ਤੋਂ ਕੋਈ ਪ੍ਰਤੀਕਿਰਿਆ ਨਹੀਂ ਆਈ ਹੈ।

ਵੱਖ-ਵੱਖ ਦੇਸ਼ ਈ.ਟੀ.ਓ. ਸੰਬੰਧੀ ਵੱਖ-ਵੱਖ ਅਧਿਕਤਮ ਸੀਮਾਵਾਂ ਨਿਰਧਾਰਤ ਕਰਦੇ ਹਨ। ਜਦੋਂ ਕਿ ਯੂਰਪੀਅਨ ਯੂਨੀਅਨ ਨੇ ਇਹ ਸੀਮਾ 0.02-0.1 ਮਿਲੀਗ੍ਰਾਮ ਪ੍ਰਤੀ ਕਿਲੋਗ੍ਰਾਮ ਰੱਖੀ ਹੈ, ਸਿੰਗਾਪੁਰ ਵਿੱਚ ਇਹ 50 ਮਿਲੀਗ੍ਰਾਮ ਪ੍ਰਤੀ ਕਿਲੋਗ੍ਰਾਮ ਅਤੇ ਜਾਪਾਨ ਵਿੱਚ ਇਹ 0.01 ਮਿਲੀਗ੍ਰਾਮ ਪ੍ਰਤੀ ਕਿਲੋਗ੍ਰਾਮ ਹੈ। ਇਨ੍ਹਾਂ ਨਮੂਨਿਆਂ ਦੀ ਜਾਂਚ 0.1 ਮਿਲੀਗ੍ਰਾਮ ਪ੍ਰਤੀ ਕਿਲੋਗ੍ਰਾਮ ਦੇ ਆਧਾਰ 'ਤੇ ਕੀਤੀ ਗਈ। ਅਪ੍ਰੈਲ 'ਚ ਮਸਾਲਿਆਂ ਦੀ ਬਰਾਮਦ 12.27 ਫੀਸਦੀ ਵਧ ਕੇ 405.6 ਮਿਲੀਅਨ ਡਾਲਰ ਹੋ ਗਈ।

***

## ਚੰਡੀਗੜ੍ਹ ਦਾ ਮੱਸਲਾ ਲੋਕ ਸਭਾ ਚੋਣਾਂ 'ਚ ਭਖਿਆ

ਸੀਐਮ ਭਗਵੰਤ ਮਾਨ ਨੂੰ ਘੇਰਦਿਆਂ ਭਾਜਪਾ ਦੇ ਸੂਬਾ ਪ੍ਰਧਾਨ ਨੇ ਕਿਹਾ ਕਿ ਮਾਨ ਨੇ ਵੀ ਪੰਜਾਬ ਦੀ ਨਵੀਂ ਵਿਧਾਨ ਸਭਾ ਬਣਾਉਣ ਦੀ ਗੱਲ ਕਰਦਿਆਂ ਚੰਡੀਗੜ੍ਹ 'ਤੇ ਪੰਜਾਬ ਦੇ ਦਾਅਵੇ ਨੂੰ ਇਕ ਤਰ੍ਹਾਂ ਨਾਲ ਵੱਟੇ ਖਾਤੇ ਪਾ ਦਿੱਤਾ ਹੈ, ਜਦੋਂਕਿ ਪਹਿਲਾਂ ਹੀ ਇਕ ਵਿਧਾਨ ਸਭਾ ਮੌਜੂਦ ਹੈ। ਜਾਖੜ ਨੇ ਕਿਹਾ ਕਿ ਚੰਡੀਗੜ੍ਹ ਦੇ ਮੁੱਦੇ ਉੱਤੇ ਆਪ ਦਾ ਰੁਖ ਦੋਵਾਂ ਜਗਹ ਵੱਖੋ-ਵੱਖਰਾ ਹੈ। ਉਹ ਚੰਡੀਗੜ੍ਹ ਵਿਚ ਗਠਜੋੜ ਵਜੋਂ ਲੜ ਰਹੇ ਹਨ। 'ਆਪ' ਨੂੰ ਇਸ ਮੁੱਦੇ 'ਤੇ ਸਫਾਈ ਦੇਣ ਲਈ ਮਨੀਸ਼ ਤਿਵਾੜੀ ਤੋਂ ਆਪਣਾ ਸਮਰਥਨ ਤੁਰੰਤ ਵਾਪਸ ਲੈਣਾ ਚਾਹੀਦਾ ਹੈ, ਨਹੀਂ ਤਾਂ ਇਹ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਵੇਗਾ ਕਿ ਆਪ ਚੰਡੀਗੜ੍ਹ 'ਤੇ ਪੰਜਾਬ ਦੇ ਦਾਅਵੇ ਨੂੰ ਖ਼ਤਮ ਕਰਨਾ ਚਾਹੁੰਦੀ ਹੈ।

ਚੰਡੀਗੜ੍ਹ ਮੁਦੇ ਬਾਰੇ ਪੰਜਾਬ ਦੀਆ ਸਿਆਸੀ ਪਾਰਟੀਆਂ ਦਾ ਦ੍ਰਿੜ ਸਟੈਂਡ ਕੀ ਹੈ

ਬਾਬਾ ਫਰੀਦ ਯੂਨੀਵਰਸਿਟੀ ਦੇ ਸਾਬਕਾ ਰਜਿਸਟਰਾਰ ਅਤੇ ਸਮਾਜਿਕ ਕਾਰਕੁਨ ਡਾ. ਪਿਆਰੇ ਲਾਲ ਗਰਗ ਕਹਿੰਦੇ ਹਨ, ਕਿ 1981 ਤੋਂ ਬਾਅਦ ਕਿਸੇ ਵੀ ਪਾਰਟੀ ਨੇ ਪੰਜਾਬ ਦੇ ਹੱਕਾਂ ਲਈ ਆਵਾਜ਼ ਨਹੀਂ ਚੁੱਕੀ। ਗਰਗ ਨੇ ਕਿਹਾ ਕਿ ਚੰਡੀਗੜ੍ਹ ਦੀ ਉਸਾਰੀ ਪੰਜਾਬ ਦੇ ਕਰੀਬ 27 ਪਿੰਡਾਂ ਨੂੰ ਉਜਾੜ ਕੇ ਹੋਈ ਸੀ ਜਿਸ ਕਾਰਨ ਪੰਜਾਬ ਦੇ ਲੋਕ ਅਤੇ ਸਿਆਸੀ ਪਾਰਟੀਆਂ ਇਸ ਉੱਤੇ ਆਪਣਾ ਹੱਕ ਸਮਝਦੀਆਂ ਹਨ।

ਉਨ੍ਹਾਂ ਕਿਹਾ ਕਿ ਚੰਡੀਗੜ੍ਹ ਦੀ ਉਸਾਰੀ ਕੈਪੀਟਲ ਸਿਟੀ ਐਕਟ ਅਧੀਨ ਹੋਈ ਹੈ ਜੋ ਅੱਜ ਵੀ ਮੌਜੂਦ ਹੈ। ਚੰਡੀਗੜ੍ਹ ਦੇ ਮੁਲਾਜ਼ਮ ਵੀ ਉਸ ਸਮੇਂ ਡੈਪੂਟੇਸ਼ਨ 'ਤੇ ਮੰਨੇ ਗਏ ਸਨ।

ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਦਾ ਕਹਿਣਾ ਹੈ ਕਿ ਚੰਡੀਗੜ੍ਹ, ਭਾਸ਼ਾ ਅਤੇ ਐੱਸ. ਵਾਈ. ਐੱਲ. ਦੇ ਮੁੱਦੇ ਲੋਕਾਂ ਦਾ ਧਿਆਨ ਭੜਕਾਉਣ ਲਈ ਛੇੜੇ ਜਾਂਦੇ ਹਨ। ਨਾ ਹੀ ਕੇਂਦਰ ਅਤੇ ਨਾ ਹੀ ਸੂਬਾ ਸਰਕਾਰਾਂ ਇਹਨਾਂ ਮੁੱਦਿਆਂ ਨੂੰ ਨਿਪਟਾਉਣਾ ਚਾਹੁੰਦੀਆਂ ਹਨ

ਚੰਡੀਗੜ੍ਹ 'ਤੇ ਪੰਜਾਬ ਦਾ ਹੱਕ ਕਿਉਂ?

ਚੰਡੀਗੜ੍ਹ 'ਤੇ ਪੰਜਾਬ ਦਾ ਹੱਕ ਮਹਿਜ਼ ਜਜ਼ਬਾਤੀ ਮੁੱਦਾ ਹੀ ਨਹੀਂ ਸਗੋਂ ਇਸ ਦਾ ਇਤਿਹਾਸਕ ਤੇ ਸਭਿਆਚਾਰਕ ਮਹੱਤਵ ਹੈ। 1947 ਵਿਚ ਪੰਜਾਬ ਅਤੇ ਪੰਜਾਬੀਆਂ ਨੂੰ ਆਜ਼ਾਦੀ ਦੀ ਵੱਡੀ ਕੀਮਤ ਚੁਕਾਉਣੀ ਪਈ ਸੀ। ਬਸਤੀਵਾਦੀ ਨੀਤੀਆਂ ਅਤੇ ਧਾਰਮਿਕ ਕੱਟੜਤਾ ਨੇ ਪੰਜਾਬੀਆਂ ਨੂੰ ਖ਼ੁਆਰ ਕੀਤਾ। ਧਾਰਮਿਕ ਕੱਟੜਤਾ ਸਿਰ ਚੜ੍ਹ ਕੇ ਬੋਲੀ ਅਤੇ ਭੈਣ-ਭਰਾ-ਮਾਰੂ ਹਿੰਸਾ ਵਿਚ 10 ਲੱਖ ਪੰਜਾਬੀਆਂ ਦੀਆਂ ਜਾਨਾਂ ਗਈਆਂ, ਲੱਖਾਂ ਬੇਘਰ ਹੋਏ ਅਤੇ ਲੋਕਾਂ ਨੇ ਉਨ੍ਹਾਂ ਥਾਵਾਂ, ਜਿੱਥੇ ਉਹ ਸਦੀਆਂ ਤੋਂ ਵੱਸਦੇ ਰਹੇ ਸਨ, ਤੋਂ ਉੱਜੜ ਜਾਣ ਦਾ ਸੰਤਾਪ ਹੰਢਾਇਆ। ਲੱਖਾਂ ਲੋਕ ਲਹਿੰਦੇ ਪੰਜਾਬ 'ਚੋਂ ਉੱਜੜ ਕੇ ਚੜ੍ਹਦੇ ਪੰਜਾਬ ਵਿਚ ਆਏ। ਸਦੀਆਂ ਤੋਂ ਪੰਜਾਬ ਦੀ ਰਾਜਧਾਨੀ ਅਤੇ ਸਭਿਆਚਾਰਕ ਧੁਰੀ ਰਿਹਾ ਲਾਹੌਰ ਲਹਿੰਦੇ ਪੰਜਾਬ ਵਿਚ ਰਹਿ ਗਿਆ। ਚੜ੍ਹਦੇ ਪੰਜਾਬ ਨੂੰ ਨਵੀਂ ਰਾਜਧਾਨੀ, ਨਵੇਂ 'ਲਾਹੌਰ' ਦੀ ਤਲਾਸ਼ ਸੀ; ਉਹ ਚੰਡੀਗੜ੍ਹ ਦੇ ਰੂਪ ਵਿਚ ਸਾਕਾਰ ਹੋਇਆ; ਇਹ ਉਸ ਜ਼ਮੀਨ 'ਤੇ ਬਣਿਆ ਜਿਸ 'ਤੇ 50 ਤੋਂ ਵੱਧ ਪੁਆਧੀ- ਪੰਜਾਬੀ ਬੋਲਦੇ ਪਿੰਡ ਵੱਸਦੇ ਸਨ। ਆਜ਼ਾਦੀ ਤੋਂ ਬਾਅਦ ਪੂਰਬ ਵਿਚ ਅੱਧੋ ਰਹਿ ਗਏ ਪੰਜਾਬ ਨੇ ਇਸ ਸ਼ਹਿਰ ਨੂੰ ਪ੍ਰਸ਼ਾਸਨ ਦੇ ਨਾਲ ਨਾਲ ਆਪਣੇ ਸੁਪਨਿਆਂ ਦਾ ਕੇਂਦਰ ਵੀ ਬਣਾਇਆ।

ਦੇਸ਼ ਵਿਚ 1956 ਵਿਚ ਭਾਸ਼ਾਵਾਂ ਦੇ ਆਧਾਰ 'ਤੇ ਸੂਬੇ ਬਣਾਏ ਗਏ ਪਰ ਪੰਜਾਬ ਨੂੰ ਛੱਡ ਦਿੱਤਾ ਗਿਆ। ਪੰਜਾਬੀਆਂ ਦੀ ਪੰਜਾਬੀ ਭਾਸ਼ਾ ਦੇ ਆਧਾਰ 'ਤੇ ਸੂਬੇ ਦੀ ਮੰਗ ਹੱਕੀ ਤੇ ਵਾਜਬ ਸੀ। ਇਸ ਲਈ ਵੀ ਪੰਜਾਬੀਆਂ ਨੂੰ ਮੋਰਚੇ ਲਗਾਉਣੇ ਪਏ। ਪੰਜਾਬੀ ਸੂਬਾ ਲਹਿਰ ਦੀ ਅਗਵਾਈ ਸ਼੍ਰੋਮਣੀ ਅਕਾਲੀ ਦਲ ਨੇ ਕੀਤੀ ਅਤੇ ਇਸੇ ਕਾਰਨ ਉਸ ਨੇ ਪੰਜਾਬੀਆਂ ਦੇ ਦਿਲ ਵੀ ਜਿੱਤੇ ਤੇ ਸੱਤਾ ਵੀ ਹਾਸਿਲ ਕੀਤੀ। ਵੰਡ ਮਗਰੋਂ ਨਵੰਬਰ 1966 ਵਿੱਚ ਪੰਜਾਬ ਪੁਨਰਗਠਨ ਐਕਟ (1966) ਰਾਹੀਂ ਮੌਜੂਦਾ ਪੰਜਾਬ ਅਤੇ ਹਰਿਆਣਾ ਹੋਂਦ ਵਿੱਚ ਆਏ। ਪੰਜਾਬ ਦੇ ਕੁਝ ਹਿੱਸੇ ਹਿਮਾਚਲ ਪ੍ਰਦੇਸ਼ ਨੂੰ ਦੇ ਦਿੱਤੇ ਗਏ। ਇਸ ਸਮੇਂ ਚੰਡੀਗੜ੍ਹ ਨੂੰ ਯੂ.ਟੀ. ਦਾ ਦਰਜਾ ਮਿਲ ਗਿਆ ਅਤੇ ਇਸ ਨੂੰ ਦੋਵਾਂ ਸੂਬਿਆਂ ਦੀ ਰਾਜਧਾਨੀ ਬਣਾ ਦਿੱਤਾ ਗਿਆ। ਮੁਲਾਜ਼ਮਾਂ ਲਈ 60-40 ਦਾ ਅਨੁਪਾਤ ਰੱਖਿਆ ਗਿਆ। ਚੰਡੀਗੜ੍ਹ ਮੰਗ ਨੂੰ ਮਨਵਾਉਣ ਲਈ ਦਰਸ਼ਨ ਸਿੰਘ ਫੇਰੂਮਾਨ ਨੇ ਕੁਰਬਾਨੀ ਦਿੱਤੀ।

ਸ਼੍ਰੋਮਣੀ ਅਕਾਲੀ ਦਲ ਵੱਲੋਂ 1982 ਵਿੱਚ ਧਰਮਯੁੱਧ ਮੋਰਚੇ ਦਾ ਐਲਾਨ ਕੀਤਾ ਗਿਆ ਜਿਸ ਵਿੱਚ ਚੰਡੀਗੜ੍ਹ ਪੰਜਾਬ ਨੂੰ ਦੇਣ ਦੀ ਮੰਗ ਸ਼ਾਮਿਲ ਸੀ।

## ਲੋਕ ਸਭਾ ਚੋਣਾਂ ਵਿੱਚ 'ਪਾਣੀ' ...

ਦੁਬਾਰਾ ਵਰਤੋਂ ਵਿਚ ਲਿਆਉਣਾ ਚਾਹੀਦਾ ਹੈ ਅਤੇ ਸਭ ਤੋਂ ਵੱਡੀ ਗੱਲ ਉਦਯੋਗ ਦਾ ਗੰਦਾ ਪਾਣੀ ਧਰਤੀ ਹੇਠਾਂ ਨਾ ਪਾਓ। ਸਰਕਾਰ ਨੂੰ ਚਾਹੀਦਾ ਹੈ ਕਿ ਸੀਵਰ ਦੇ ਪਾਣੀ ਨੂੰ ਟ੍ਰੀਟਮੈਂਟ ਪਲਾਟਾਂ ਵਿੱਚ ਸਾਫ ਕਰਕੇ ਅੱਡ ਨਹਿਰਾਂ ਕੱਢ ਕੇ ਖੇਤੀ ਲਈ ਵਰਤਿਆ ਜਾਵੇ ਨਾਂ ਕੇ ਦਰਿਆਵਾਂ ਵਿੱਚ ਸੁੱਟ ਕੇ ਸਾਫ਼ ਪਾਣੀ ਖ਼ਰਾਬ ਕੀਤਾ ਜਾਵੇ।

ਅੱਜ ਇੱਕ ਨਵੇਂ ਉਦਯੋਗ ਨੂੰ ਅੱਗੇ ਵਧਾਇਆ ਜਾ ਰਿਹਾ ਹੈ ਜਿਸ ਦਾ ਕੱਚਾ ਮਾਲ ਖੇਤੀ ਅਧਾਰਿਤ ਹੈ।

ਮੇਰੀ ਮੁਰਾਦ ਹੈ ਏਥਨੋਲ ਅਤੇ ਬਾਇਓਡੀਜ਼ਲ ਤੋਂ। ਇਹ ਦੋਨੋਂ ਪਦਾਰਥ ਗੰਨੇ ਦਾ ਰੱਸ, ਖੰਡ ਅਤੇ ਦਾਣਿਆਂ ਤੋਂ ਬਣਦੇ ਹਨ ਦਾਣਿਆਂ ਵਿੱਚ ਮੁੱਖ ਤੌਰ 'ਤੇ ਮੱਕੀ ਅਤੇ ਚੌਲ ਆਉਂਦੇ ਹਨ। ਹੁਣ ਸਵਾਲ ਇਹ ਹੈ ਕਿ ਗੰਨਾ ਅਤੇ ਚਾਵਲ ਦੋਨੋਂ ਫਸਲਾਂ ਵਿੱਚ ਹੀ ਪਾਣੀ ਦੀ ਖਪਤ ਜ਼ਿਆਦਾ ਹੈ। ਭਾਰਤ ਸਰਕਾਰ ਨੇ ਪੈਟਰੋਲ ਵਿੱਚ 20 ਪ੍ਰਤੀਸ਼ਤ ਏਥਨੋਲ ਮਿਲਾਉਣ ਦਾ ਟੀਚਾ ਰੱਖਿਆ ਹੈ ਜਿਹੜੀ ਹੁਣ 12 ਪ੍ਰਤੀਸ਼ਤ ਹੈ। ਇਸੇ ਕਰਕੇ ਪਾਣੀ ਦੀ ਥੋੜ ਵਾਲੇ ਇਲਾਕਿਆਂ ਵਿੱਚ ਕਿਹੜੀ ਇੰਡਸਟਰੀ ਨੂੰ ਅੱਗੇ ਵਧਾਉਣਾ ਹੈ ਉਸ ਦੀ ਲੰਮੇਂ ਸਮੇਂ ਦੀ ਵਿਉਂਤਬੰਦੀ ਜ਼ਰੂਰੀ ਹੈ।

ਘਰੇਲੂ ਖਪਤ:-ਵਰਲਡ ਹੈਲਥ ਆਰਗੇਨਾਈਜ਼ੇਸ਼ਨ ਮੁਤਾਬਕ ਪ੍ਰਤੀ ਜੀਅ ਪ੍ਰਤੀ ਦਿਨ 50 ਤੋਂ 100 ਲੀਟਰ ਪਾਣੀ ਨਾਲ ਇਨਸਾਨ ਦੀਆਂ ਮੁਢਲੀਆਂ ਲੋੜਾਂ (ਜਿਸ ਵਿੱਚ ਪਾਣੀ ਪੀਣ, ਖਾਣਾ ਪਕਾਉਣ ਅਤੇ ਆਪਣੀ ਸਫਾਈ) ਪੂਰੀਆਂ ਹੋ ਸਕਦੀਆਂ ਹਨ। ਭਾਰਤ ਦੇ ਬਹੁਤੇ ਸ਼ਹਿਰਾਂ ਵਿੱਚ ਪਾਣੀ ਦੀ ਔਸਤ ਲਾਗਤ 135 ਲੀਟਰ ਪ੍ਰਤੀ ਜੀਅ ਪ੍ਰਤੀ ਦਿਨ ਹੈ। ਪਾਣੀ ਦੀ ਲਾਗਤ ਆਮਦਨ ਨਾਲ ਵੱਧਦੀ ਹੈ। ਇਸ ਦੀ ਸੁਚੱਜੀ ਵਰਤੋਂ ਲਈ ਲੋਕਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ। ਜਿਥੇ ਪਾਣੀ ਦੀ ਕਮੀ ਹੈ ਉਥੇ ਦੁਨੀਆਂ ਵਿੱਚ ਵਖੋ-ਵੱਖਰੇ ਸਿਸਟਮ ਬਣਾਏ ਹਨ। ਮਿਸਾਲ ਦੇ ਤੌਰ 'ਤੇ ਦੱਖਣੀ ਅਫਰੀਕਾ ਦੇ ਸ਼ਹਿਰ 'ਫਿਰੀ' ਵਿੱਚ ਆਟੋਮੇਟਿਕ ਵਾਟਰ ਮੀਟਰ ਲੱਗੇ ਹਨ ਜੋ ਪ੍ਰਤੀ ਜੀਅ ਪ੍ਰਤੀ ਦਿਨ 25 ਲੀਟਰ ਪਾਣੀ ਦਿੰਦੇ ਹਨ ਜਾਂ ਵੱਧ ਤੋਂ ਵੱਧ ਮਹੀਨੇ ਦਾ 6000 ਲੀਟਰ ਇੱਕ ਟੱਬਰ ਨੂੰ। ਲੋਕਾਂ ਦੀ ਅਪੀਲ ਅਤੇ ਸਰਕਾਰ ਦੀ ਦਲੀਲ ਨਾਲ ਉਥੇ ਦੀ ਹਾਈਕੋਰਟ ਨੇ 42 ਲੀਟਰ ਪ੍ਰਤੀ ਜੀਅ ਪ੍ਰਤੀ ਦਿਨ ਕਰ ਦਿੱਤਾ। ਸਾਨੂੰ ਇਥੇ ਇੰਨੇ ਸਖ਼ਤ ਕਦਮਾਂ ਦੀ ਲੋੜ ਤਾਂ ਨਹੀਂ ਪਰ ਜਿਹੜੇ ਲੋਕ ਟੱਬਾਂ ਵਿੱਚ ਲੇਟੇ ਮਾਰਦੇ ਹਨ ਜਾਂ ਸ਼ਾਵਰਾਂ ਹੇਠਾਂ ਖੜੇ ਰਹਿੰਦੇ ਹਨ ਉਨ੍ਹਾਂ ਨੂੰ ਪਾਣੀ ਦੇ ਡਿੱਗਦੇ ਪੱਧਰ ਤੋਂ ਸੁਚੇਤ ਕਰਨ ਦੀ ਲੋੜ ਹੈ।

ਸੁਝਾਅ:- ਇਸ ਵੇਲੇ ਪੰਜਾਬ ਵਿੱਚ 12 ਬਿਲੀਅਨ ਕਿਊਬਕ ਮੀਟਰ ਪਾਣੀ ਦੀ ਘਾਟ ਹੈ ਜੋ ਕੁੱਲ ਲਾਗਤ ਦਾ ਤਕਰੀਬਨ 33 ਫੀਸਦੀ ਜਾਂ ਕਹਿ ਲਓ ਤੀਜਾ ਹਿੱਸਾ ਘੱਟ ਹੈ ਜੋ ਅਸੀਂ ਧਰਤੀ ਹੇਠੋਂ ਕੱਢ ਕੇ ਪੂਰਾ ਕਰਦੇ ਹਨ ਜਿਸ ਨਾਲ ਧਰਤੀ ਤੇ ਹੇਠਲੇ ਪਾਣੀ ਦਾ ਪੱਧਰਟ ਨੀਵਾਂ ਹੁੰਦਾ ਜਾਂਦਾ ਹੈ। ਨੈਸ਼ਨਲ ਗ੍ਰੀਨ ਟ੍ਰਬਿਊਨਲ ਦੀ ਮਾਨੀਟਰਿੰਗ ਕਮੇਟੀ ਮੁਤਾਬਕ ਸਾਲ 2039 ਤੱਕ ਪਾਣੀ ਦੀ ਸਤਰ 300 ਮੀਟਰ ਤੋਂ ਹੇਠਾਂ ਚਲੀ ਜਾਵੇਗੀ। ਇਸ ਕਰਕੇ ਪੰਜਾਬ ਦੇ ਹਰ ਵਾਸੀ ਦਾ ਇਹ ਫਰਜ਼ ਬਣਦਾ ਹੈ ਕਿ ਇਸ ਮੁੱਦੇ ਨੂੰ ਗੰਭੀਰਤਾ ਨਾਲ ਉਠਾਇਆ ਜਾਵੇ ਅਤੇ ਸਰਕਾਰ ਤੇ ਦਬਾਅ ਵਧਾਇਆ ਜਾਵੇ ਕਿ ਇਸ ਦੇ ਸਥਾਈ ਹੱਲ ਲਈ ਕੋਈ ਪਾਲਿਸੀ ਬਣਾਈ ਜਾਵੇ। ਅਫਸੋਸ ਹੈ ਅੱਜ ਚੋਣਾਂ ਵੇਲੇ ਵੀ 'ਪਾਣੀ' ਮੁੱਦਾ ਹੀ ਨਹੀਂ ਬਣਿਆ।

***

## ਗਲ਼ਹਿਰੀ ਦੇ ਬੱਚੇ...

ਇਸ ਲਈ ਜਦੋਂ ਮਿਸਤਰੀ- ਮਜ਼ਦੂਰ ਰੋਟੀ ਖਾ ਕੇ ਵਾਪਸ ਆਏ ਤਾਂ ਉਸ ਨੇ ਕਿਹਾ, 'ਅੰਕਲ ਜੀ,ਉੱਥੇ ਮੋਰੀ ਵਿੱਚ ਗਲ਼ਹਿਰੀ ਦੇ ਬੱਚੇ ਹਨ! ਪਲੱਸਤਰ ਨਾਲ ਮੋਰੀ ਬੰਦ ਹੋ ਗਈ ਹੈ ।'

ਫਿਰ ਅਸੀਂ ਕੀ ਕਰੀਏ ? ਗਲ਼ਹਿਰੀ ਦੇ ਬੱਚੇ ਹੀ ਹਨ ,ਹੋਰ ਤਾਂ ਕੁਝ ਨਹੀਂ ਹੈ ! ਮਿਸਤਰੀ ਉਸ ਦੀ ਗੱਲ ਵਿੱਚੋਂ ਹੀ ਕਟਦਿਆਂ ਰੁੱਖੇ ਜਿਹੇ ਅੰਦਾਜ਼ ਵਿੱਚ ਬੋਲ ਕੇ ਹੱਸ ਪਿਆ । ਕੋਲ ਖੜ੍ਹੇ ਮਜ਼ਦੂਰ ਵੀ ਹਿੜ-ਹਿੜ ਕਰਨ ਲੱਗ ਪਏ । ਪੰਕਜ ਰੋਣਹਾਕਾ ਜਿਹਾ ਹੋ ਗਿਆ । ਕੋਈ ਵਾਹ ਨਾ ਚੱਲਦੀ ਵੇਖ ਉਹ ਦੁਖੀ ਮਨ ਨਾਲ ਆਪਣੇ ਪਾਪਾ ਕੋਲ ਆ ਗਿਆ । ਉਸ ਨੂੰ ਕੁਝ ਚਿਰ ਪਹਿਲਾਂ ਜਿਹੜੇ ਮਜ਼ਦੂਰ ਕੰਮ ਕਰਦੇ ਚੰਗੇ-ਚੰਗੇ ਲੱਗ ਰਹੇ ਸਨ,ਹੁਣ ਉਹੀ ਭੈੜੇ-ਭੈੜੇ ਬਦਮਾਸ਼ ਜਿਹੇ ਜਾਪਣ ਲੱਗ ਪਏ ਸਨ । ਉਸ ਦੇ ਪਾਪਾ ਅਖਬਾਰ ਪੜ੍ਹ ਰਹੇ ਸਨ । ਉਹ ਆਉਂਦਿਆਂ ਹੀ ਨਿਮਰਤਾ ਨਾਲ ਬੋਲਿਆ, ਪਾਪਾ ਜੀ !

ਦੱਸ ਪੁੱਤਰ ? ਕਹਿ ਕੇ ਉਸ ਦੇ ਪਾਪਾ ਨੇ ਅਖਬਾਰ ਤੋਂ ਧਿਆਨ ਹਟਾ ਕੇ ਉਸ ਦੇ ਮੋਢੇ 'ਤੇ ਹੱਥ ਰੱਖ ਲਿਆ । ਪਿਓ ਦੇ ਮਿੱਠੇ ਬੋਲਾਂ ਅਤੇ ਪਿਆਰ ਨਾਲ ਮੋਢੇ 'ਤੇ ਰੱਖੇ ਹੱਲਾਸ਼ੇਰੀ ਵਰਗੇ ਹੱਥ ਨੇ ਉਸ ਨੂੰ ਬੋਲਣ ਦਾ ਹੌਸਲਾ ਬਖਸ਼ਿਆ । ਉਹ ਬੋਲਿਆ, ਪਾਪਾ ਜੀ, ਉੱਥੇ ਜਿਹੜੇ ਮੋਰੀ ਵਿੱਚ ਕਾਟੋ ਦੇ ਬੱਚੇ ਹਨ, ਉਨ੍ਹਾਂ ਦੀ ਮੋਰੀ ਆਪਣੇ ਮਿਸਤਰੀ ਨੇ ਬੰਦ ਕਰ ਦਿੱਤੀ ਹੈ । ਬੱਚੇ ਵਿੱਚੇ ਹੀ ਹਨ ,ਵਿਚਾਰੇ ਮਰ ਜਾਣਗੇ ! ਪਾਪਾ ਪੰਕਜ ਦੀ ਗੱਲ ਦੀ ਅਸਲੀਅਤ ਸਮਝ ਗਏ । ਬੋਲੇ, ਚੱਲ ਪੁੱਤਰ, ਹੁਣੇ ਹੀ ਆਪਾਂ ਕਢਵਾ ਦਿੰਦੇ ਹਾਂ ਚੱਲ, ਚੱਲ ! ਤੇ ਉਸਦੇ ਪਾਪਾ ਉੱਠ ਕੇ ਉਹਦੇ ਨਾਲ ਦੂਜੇ ਕਮਰੇ ਵਿੱਚ ਚਲੇ ਗਏ । ਪੰਕਜ ਨੇ ਆਪਣੀ ਨਿੱਕੀ ਜਿਹੀ ਉਂਗਲੀ ਨਾਲ ਇਸ਼ਾਰਾ ਕਰਕੇ ਬੱਚਿਆਂ ਬਾਰੇ ਦੱਸਿਆ । ਪਾਪਾ ਨੇ ਕੋਲ ਪਈ ਲੱਕੜ ਦੀ ਪੌੜੀ ਕੰਧ ਨਾਲ ਲਗਾ ਦਿੱਤੀ । ਮਿਸਤਰੀ ਨੂੰ ਕਹਿ ਕੇ ਪਲੱਸਤਰ ਝੜਵਾ ਦਿੱਤਾ । ਫਿਰ ਇੱਕ ਡੱਕੇ ਨਾਲ ਦਰਜ਼ ਖੁਰਚ ਕੇ ਵਿੱਚ ਫਸਿਆ ਗਿੱਲਾ ਮਸਾਲਾ ਵੀ ਕਢਵਾ ਦਿੱਤਾ । ਮੋਰੀ ਵਿੱਚੋਂ ਗਲ਼ਹਿਰੀ ਦੇ ਬੱਚੇ ਬਾਹਰ ਛਾਲਾਂ ਮਾਰ ਗਏ । ਉਹ ਬੇਚੈਨ ਹੋਈ ਫਿਰਦੀ ਆਪਣੀ ਮਾਂ ਦੇ ਸੰਗ ਜਾ ਰਲੇ । ਮਿਸਤਰੀ ਤੇ ਮਜ਼ਦੂਰ ਚੁੱਪਚਾਪ ਖੜ੍ਹੇ ਪੰਕਜ ਦੀ ਦਿਆਲਤਾ ਬਾਰੇ ਸੋਚ ਰਹੇ ਸਨ । ਮਿਸਤਰੀ ਨੂੰ ਸੰਬੋਧਿਨ ਹੋ ਕੇ ਪੰਕਜ ਦੇ ਪਾਪਾ ਬੋਲੇ, ਮਿਸਤਰੀ ਸਾਬ੍ਹ , ਉੱਪਰ ਦੁਬਾਰਾ ਪਲੱਸਤਰ ਮਾਰ ਦੇਵੀਂ ! ਜੀ ! ਕਹਿ ਕੇ ਮਿਸਤਰੀ ਬੱਠਲ ਵਿਚਲੇ ਮਸਾਲੇ ਵਿੱਚ ਕਰੰਡੀ ਫੇਰਨ ਲੱਗ ਪਿਆ । ਪੰਕਜ ਮੁਸਕਰਾਉਂਦਾ ਕਿਸੇ ਜੇਤੂ ਵਾਂਗ ਆਪਣੇ ਪਾਪਾ ਦੇ ਨਾਲ ਹੀ ਕਮਰੇ ਵਿੱਚੋਂ ਬਾਹਰ ਨਿਕਲ ਆਇਆ। ਉਸ ਦਾ ਮੁਸਕਰਾਉਂਦਾ ਚਿਹਰਾ ਕਿਸੇ ਗੁਲਾਬ ਦੇ ਖਿੜੇ ਫੁੱਲ ਵਾਂਗ ਪ੍ਰਤੀਤ ਹੋ ਰਿਹਾ ਸੀ।

***

## ਭਾਜਪਾ ਦੀ ਫਿਰਕੂ ਰਾਜਨੀਤੀ ਕਾਰਨ...

ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੂੰ ਭਾਜਪਾ 'ਚ ਰਲਾਉਣ ਲਈ ਸੱਚੇ-ਝੂਠੇ ਕੇਸ ਕੱਢ ਕੇ ਉਨ੍ਹਾਂ 'ਤੇ ਕਾਰਵਾਈਆਂ ਕਰਨ ਲਈ ਭਾਜਪਾ ਤੇ ਉਸ ਦੀ ਸਰਕਾਰ ਵੱਲੋਂ ਕੇਂਦਰੀ ਏਜੰਸੀਆਂ ਉਨ੍ਹਾਂ ਦੇ ਮਗਰ ਛੱਡ ਦਿੱਤੀਆਂ ਜਾਂਦੀਆਂ ਹਨ। ਵਿਰੋਧੀ ਪਾਰਟੀਆਂ ਦੇ ਨੇਤਾਵਾਂ ਦੀ ਕੇਂਦਰੀ ਜਾਂਚ ਏਜੰਸੀਆਂ ਵੱਲੋਂ ਕੀਤੀ ਜਾਂਦੀ ਖਿੱਚ-ਧੂਹ ਕਾਰਨ ਡਰੇ ਹੋਏ ਜਾਂ ਲਾਲਚ ਦਾ ਸ਼ਿਕਾਰ ਹੋਏ ਨੇਤਾਵਾਂ ਨੂੰ ਭਾਜਪਾਈ ਥੋਕ ਵਿੱਚ ਭਾਜਪਾ ਵਿੱਚ ਰਲਾ ਰਹੇ ਹਨ ਅਤੇ ਅਜਿਹੇ ਨੇਤਾਵਾਂ 'ਚ ਜਿਹੜੇ ਸੱਚਮੁੱਚ ਝੂਠੇ ਤੇ ਭ੍ਰਿਸ਼ਟ ਸਨ, ਉਹ ਭਾਜਪਾ ਲਈ ਦੁੱਧ ਧੋਤੇ ਬਣ ਗਏ ਹਨ। ਭਾਜਪਾ ਦੀ ਤਰਜ਼ 'ਤੇ ਪੰਜਾਬ ਦੀ ਅਜੋਕੀ ਸਰਕਾਰ ਵੀ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਮਗਰ ਰਾਜ ਦੀ ਵਿਜੀਲੈਂਸ ਪੁਲਿਸ ਛੱਡ ਕੇ ਉਨ੍ਹਾਂ ਨੂੰ ਆਪਣੀ ਲੋੜ ਤੇ ਇੱਛਾ ਅਨੁਸਾਰ ਤੋਰਨ ਤੇ ਆਪਣੀ ਪਾਰਟੀ 'ਚ ਰਲਾਉਣ ਤੇ ਵਰਤਣ ਦੇ ਯਤਨ ਕਰ ਕਰ ਰਹੀ ਹੈ।

ਚੋਣਾਂ ਜਿੱਤਣ ਤੇ ਸੱਤਾ 'ਚ ਬਣੇ ਰਹਿਣ ਲਈ ਹਰ ਤਰ੍ਹਾਂ ਦੇ ਹਰਬੇ ਤੇ ਹੱਥਕੰਡੇ ਵਰਤਣ ਦੀ ਪਹਿਲ ਪੰਜਾਬ 'ਚ ਬਾਦਲ ਸਰਕਾਰ ਨੇ ਕੀਤੀ ਸੀ, ਹਾਲਾਂਕਿ ਬਾਦਲ ਸਰਕਾਰ ਤੋਂ ਪਿੱਛੋਂ ਤੇ ਵਿੱਚ-ਵਿਚਾਲੇ ਆਉਣ ਵਾਲੀਆਂ ਹੋਰ ਰਾਜਨੀਤਕ ਪਾਰਟੀਆਂ ਦੀਆਂ ਸਰਕਾਰਾਂ ਨੇ ਵੀ ਬਹੁਤੇ ਬਾਦਲ ਸਰਕਾਰ ਵਾਲੇ ਫਾਰਮੂਲਿਆਂ ਦੀ ਹੀ ਵਰਤੋਂ ਕੀਤੀ। ਸੱਤਾ ਪ੍ਰਾਪਤੀ ਲਈ ਬਾਦਲ ਸਰਕਾਰ ਦੇ ਮਾਡਲ ਦੀ ਬੁਨਿਆਦ ਤਿੰਨ ਪੱਖਾਂ 'ਤੇ ਆਧਾਰਿਤ ਸੀ, ਆਮ ਲੋਕਾਂ ਲਈ ਸਬਸਿਡੀਆਂ ਅਤੇ ਮੁਫ਼ਤ ਸਹੂਲਤਾਂ ਲਈ ਸਰਕਾਰੀ ਖ਼ਜ਼ਾਨੇ ਦੇ ਮੂੰਹ ਖੋਲ੍ਹਣੇ, ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਅਤੇ ਧਰਮ-ਮਜ਼ਬ ਦੇ ਪੀਲ ਪਾਵੇ (ਕੌਲੇ) ਦੁਆਲੇ ਆਪਣੀ ਰਾਜਨੀਤੀ ਦੀ ਵੇਲ ਚੜ੍ਹਾਉਣੀ।

ਇਨ੍ਹਾਂ ਤਿੰਨ ਫਾਰਮੂਲਿਆਂ 'ਤੇ ਆਧਾਰਿਤ ਮਾਡਲ ਨਾਲ ਸਮੇਂ-ਸਮੇਂ ਚੋਣਾਂ 'ਚ ਸ਼ਾਨਦਾਰ ਜਿੱਤਾਂ ਵੀ ਹੋਈਆਂ ਅਤੇ ਸਰਕਾਰਾਂ ਵੀ ਬਣੀਆਂ, ਪਰ ਇਨ੍ਹਾਂ ਫਾਰਮੂਲਿਆਂ ਤੇ ਇਸ ਮਾਡਲ ਨਾਲ ਰਾਜ ਦੀ ਆਰਥਿਕਤਾ ਦਾ ਲੱਕ ਟੁੱਟ ਗਿਆ, ਰਾਜਨੀਤੀ ਦਾ ਫ਼ਿਰਕੂਕਰਨ ਹੋਇਆ ਅਤੇ ਸਮਾਜ ਵਿੱਚ ਨਿਖੱਟੂ ਤੇ ਭਿਖਾਰੀ ਬਣਨ ਦਾ ਰੁਝਾਨ ਵਧਣ ਲੱਗ ਪਿਆ, ਇਸ ਦੇ ਨਾਲ-ਨਾਲ ਕਿਸਾਨਾਂ ਤੇ ਹੋਰ ਵਰਗਾਂ ਨੂੰ ਮੁਫ਼ਤ ਪਾਣੀ ਤੇ ਬਿਜਲੀ ਦੇਣ ਨਾਲ ਕੁਦਰਤੀ ਸੋਮਿਆਂ ਦੀ ਬਰਬਾਦੀ ਵੀ ਹੋਈ। ਪੰਜਾਬ 'ਚ ਸਮੇਂ-ਸਮੇਂ ਸੱਤਾ 'ਚ ਆਇਆ ਅਕਾਲੀ-ਭਾਜਪਾ ਗੱਠਜੋੜ ਇਸ ਤਿੰਨ-ਪੱਖੀ ਫਾਰਮੂਲੇ ਦੀ ਬੁਨਿਅਦ 'ਤੇ ਹੀ ਕੰਮ ਕਰਦਾ ਰਿਹਾ ਹੈ। ਬਾਅਦ 'ਚ ਕਾਂਗਰਸ ਪਾਰਟੀ ਦੀ ਸਰਕਾਰ ਅਤੇ ਰਾਜ ਦੀ ਅਜੋਕੀ ਸਰਕਾਰ ਵੀ ਇਸੇ ਮਾਡਲ ਦੇ ਆਧਾਰ 'ਤੇ ਕੰਮ ਕਰ ਰਹੀ ਹੈ। ਭਾਜਪਾ ਦੀ ਕੇਂਦਰ ਸਰਕਾਰ ਨੇ ਤਿੰਨਾਂ ਫਾਰਮੂਲਿਆਂ ਵਾਲੇ ਬਾਦਲ ਸਰਕਾਰ ਦੇ ਇਸ ਰਾਜਨੀਤਕ ਮਾਡਲ ਨੂੰ ਕਾਫ਼ੀ ਹੱਦ ਤੱਕ ਅਪਣਾਇਆ, ਬਲਕਿ ਰਾਜਨੀਤਕ ਖੇਤਰ ਨੂੰ ਫ਼ਿਰਕੂ ਰੰਗਤ ਦੇਣ 'ਚ ਵੀ ਸਫਲਤਾ ਪ੍ਰਾਪਤ ਕੀਤੀ, ਅੱਜ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਬਹੁਗਿਣਤੀ ਹਿੰਦੂ ਭਾਈਚਾਰੇ ਨੂੰ ਘੱਟ ਗਿਣਤੀ ਮੁਸਲਿਮ ਭਾਈਚਾਰੇ ਨੂੰ ਉਕਸਾ ਕੇ ਇਹੀ ਖੇਡ ਖੇਡੀ ਜਾ ਰਹੀ ਹੈ। ਆਉਣ ਵਾਲੇ ਸਮੇਂ ਵਿੱਚ ਇਸ ਤਰ੍ਹਾਂ ਦੀ ਨਾਂਹਪੱਖੀ ਰਾਜਨੀਤੀ ਦੇ ਦੇਸ਼ 'ਤੇ ਬੇਹੱਦ ਮਾੜੇ ਪ੍ਰਭਾਵ ਪੈ ਸਕਦੇ ਹਨ। ਸਮਾਜ ਦਾ ਤਾਣਾਬਾਣਾ ਫ਼ਿਰਕੂ ਨਫ਼ਰਤ ਬਦਲਣ ਨਾਲ ਵਿਗੜ ਸਕਦਾ ਹੈ। ਰਾਜਨੀਤੀ ਵਿੱਚ ਵਧ ਰਹੇ ਉਪਰੋਕਤ ਮਾੜੇ ਰੁਝਾਨਾਂ ਪ੍ਰਤੀ ਲੋਕਾਂ ਨੂੰ ਸੁਚੇਤ ਹੋਣਾ ਚਾਹੀਦਾ ਹੈ।

****

## ਜਨਤਕ ਨੀਤੀਆਂ ਦੇ ਨਿਰਮਾਣ 'ਚ ਨਾਗਰਿਕਾਂ ...

'ਚ ਸਰਗਰਮੀ ਨਾਲ ਹਿੱਸਾ ਲੈਂਦੇ ਹਨ। ਇਸ ਲਈ ਅਜਿਹੀ ਸੱਭਿਆਚਾਰਕ ਤਬਦੀਲੀ ਦੀ ਲੋੜ ਹੈ, ਜਿੱਥੇ ਨਾਗਰਿਕ ਸਰਕਾਰ ਦੀਆਂ ਕਾਰਵਾਈਆਂ ਅਤੇ ਨੀਤੀਆਂ ਨੂੰ ਆਪਣੀਆਂ ਸਮਝਣ। ਸਰਕਾਰ ਨੂੰ ਪੂਰੀ ਤਰ੍ਹਾਂ ਪਾਰਦਰਸ਼ਤਾ ਲਈ ਯਤਨ ਕਰਨੇ ਚਾਹੀਦੇ ਹਨ, ਇਹ ਯਕੀਨੀ ਬਣਾਉਣ ਲਈ ਕਿ ਨਾਗਰਿਕ ਸਾਰੇ ਫ਼ੈਸਲਿਆਂ ਨੂੰ ਪੂਰੀ ਤਰ੍ਹਾਂ ਜਾਣਦੇ ਅਤੇ ਸਮਝਦੇ ਹਨ। ਇਹ ਭਾਗੀਦਾਰੀ ਪਹੁੰਚ ਸਾਂਝੀ ਜ਼ਿੰਮੇਦਾਰੀ ਅਤੇ ਜਵਾਬਦੇਹੀ ਦੀ ਭਾਵਨਾ ਨੂੰ ਉਤਸ਼ਾਹਿਤ ਕਰੇਗੀ, ਜਿਸ ਨਾਲ ਨਾਗਰਿਕ ਨੂੰ ਦੇਸ਼ ਦੇ ਸ਼ਾਸਨ 'ਚ ਹਿੱਸੇਦਾਰ ਬਣਾਇਆ ਜਾ ਸਕੇਗਾ।

ਸਾਨੂੰ ਇਤਿਹਾਸਕ ਗ਼ਲਤੀਆਂ ਤੋਂ ਸਿੱਖਣ, ਮੌਜੂਦਾ ਕਮੀਆਂ ਨੂੰ ਦੂਰ ਕਰਨ ਅਤੇ ਵਿਆਪਕ ਸੁਧਾਰਾਂ ਨੂੰ ਲਾਗੂ ਕਰਨ ਦੀ ਜ਼ਰੂਰਤ ਹੈ, ਜੋ ਇਕ ਮਜ਼ਬੂਤ ਅਤੇ ਵਧੇਰੇ ਲਚਕੀਲਾ ਲੋਕਤੰਤਰ ਬਣਾਉਣ ਲਈ ਘਰੇਲੂ ਅਤੇ ਭੂ-ਰਾਜਨੀਤਕ ਸਥਿਤੀਆਂ ਨੂੰ ਪੂਰੀ ਤਰ੍ਹਾਂ ਨਾਲ ਪ੍ਰਤੀਬਿੰਬਤ ਕਰਦੇ ਹਨ। ਲੋਕਾਂ ਨੂੰ ਸ਼ਕਤੀ ਦੇਣ ਵਾਲੇ ਨਾਗਰਿਕ-ਕੇਂਦਰਿਤ ਸ਼ਾਸਨ ਦਾ ਸੱਦਾ ਸਿਰਫ਼ ਇੱਕ ਨਾਅਰਾ ਨਹੀਂ ਹੋਣਾ ਚਾਹੀਦਾ, ਸਗੋਂ ਇਹ ਹਰ ਨਾਗਰਿਕ ਨੂੰ ਮਜ਼ਬੂਤ ਬਣਾਉਣ ਅਤੇ ਉਨ੍ਹਾਂ ਨੂੰ ਦੇਸ਼ ਦੀ ਤਰੱਕੀ ਦਾ ਅਨਿੱਖੜਵਾਂ ਅੰਗ ਬਣਾਉਣ ਦੀ ਵਚਨਬੱਧਤਾ ਵਾਲਾ ਹੋਣਾ ਚਾਹੀਦਾ ਹੈ।

***

## ਪੰਜਾਬ ਲੋਕ ਸਭਾ ਚੋਣਾਂ- ਅਣਦਿਖਵੇਂ ਪੱਖ...

ਜਦੋਂ ਉਮੀਦਵਾਰ ਆਪੋ-ਆਪਣੇ ਨਾਮਜ਼ਦਗੀ ਪੇਪਰ ਦਾਖ਼ਲ ਕਰ ਦੇਣਗੇ, ਕੁਝ ਸਥਿਤੀ ਉਸ ਵੇਲੇ ਅਤੇ ਕੁਝ ਚੋਣਾਂ ਤੋਂ ਕੁਝ ਦਿਨ ਪਹਿਲਾ ਸਾਫ਼ ਹੋਏਗੀ ਕਿ ਕੌਣ ਕਿਹੜੀ ਧਿਰ ਨਾਲ ਖੜਦਾ ਹੈ। ਪਰ ਇਸ ਭੰਬਲ ਭੂਸੇ ਵਾਲੀ ਸਥਿਤੀ ਵਿੱਚ ਜਦੋਂ ਕਿ ਭਾਜਪਾ ਦੇ ਉਮੀਦਵਾਰਾਂ ਦਾ ਪਿੰਡਾਂ 'ਚ ਖਾਸ ਕਰਕੇ ਕਿਸਾਨਾਂ ਵੱਲੋਂ ਵਿਰੋਧ ਹੋ ਰਿਹਾ ਹੈ, ਕਿਸਾਨ ਕਿਧਰ ਭੁਗਤਣਗੇ, ਇਹ ਆਉਣ ਵਾਲੇ ਸਮੇਂ 'ਚ ਤਹਿ ਹੋਏਗਾ। ਪਰ ਇਕ ਗੱਲ ਸਾਫ ਦਿਖਣ ਲੱਗੀ ਹੈ ਕਿ ਲੋਕਾਂ ਦਾ ਵੋਟਾਂ ਪਾਉਣ ਵੱਲ ਰੁਝਾਣ ਘਟੇਗਾ।

ਇੱਕ ਹੋਰ ਪੱਖ ਇਹ ਵੀ ਹੈ ਕਿ ਸਿਆਸੀ ਪਾਰਟੀਆਂ ਵਿੱਚ ਬਾਹਰਲੀਆਂ ਪਾਰਟੀਆਂ ਦੇ ਵੱਡੇ ਨੇਤਾਵਾਂ ਦੀ ਆਮਦ ਨਾਲ ਪਾਰਟੀਆਂ ਦੇ ਕਾਡਰ ਵਿੱਚ ਨਿਰਾਸ਼ਤਾ ਵੇਖਣ ਨੂੰ ਮਿਲ ਰਹੀ ਹੈ। ਇਹ ਨਿਰਾਸ਼ ਕਾਡਰ ਦੀ ਚੁੱਪੀ ਵੋਟਾਂ ਨੂੰ ਪ੍ਰਭਾਵਤ ਕਰੇਗੀ, ਕਿਉਂਕਿ ਕਿਸੇ ਨਵੇਂ ਨੇਤਾ ਦੀ ਆਮਦ ਪਾਰਟੀ ਵਿੱਚ ਨਵੀਆਂ ਸਮੀਕਰਨਾਂ ਨਵੇਂ ਧੜੇ ਪੈਦਾ ਕਰਦੀ ਹੈ। ਉਂਝ ਵੀ ਜਿਹੜੇ ਲੋਕ ਵਰ੍ਹਿਆਂ ਤੋਂ ਕਿਸੇ ਇੱਕ ਧਿਰ ਨਾਲ ਖੜਕੇ ਦੂਜੀ ਧਿਰ ਦਾ ਤਿੱਖਾ ਵਿਰੋਧ ਕਰਦੇ ਰਹੇ ਹੋਣ, ਉਹ ਮਾਨਸਿਕ ਤੌਰ 'ਤੇ ਨਵੀਂ ਧਿਰ ਨਾਲ ਕਿਵੇਂ ਇੱਕ-ਮਿਕ ਹੋ ਸਕਦੇ ਹਨ ?

ਪੰਜਾਬ 'ਚ ਇਹਨਾਂ ਚੋਣਾਂ 'ਚ ਇੱਕ ਨਵਾਂ ਪੱਖ ਸਾਹਮਣੇ ਆ ਰਿਹਾ ਹੈ, ਉਹ ਇਹ ਹੈ ਕਿ ਸੂਬੇ ਦੇ ਵੱਡੇ ਕਾਰੋਬਾਰੀ ਸਿਆਸੀ ਪਾਰਟੀਆਂ ਦੀ ਧਿਰ ਬਣਕੇ ਉਹਨਾਂ ਦੇ ਜਲਸਿਆਂ ,ਬੈਠਕਾਂ 'ਚ ਹਾਜ਼ਰੀ ਭਰ ਰਹੇ ਹਨ। ਉਹ ਆਪਣੇ ਬਾਹੂ-ਬਲ ਨਾਲ ਵੱਡੀ ਭੂਮਿਕਾ ਨਿਭਾਉਂਦੇ ਦਿਖ ਰਹੇ ਹਨ । ਕੇਂਦਰੀ ਹਾਕਮਾਂ ਨਾਲ ਜੁੜੇ ਕਾਰੋਬਾਰੀ ਭਾਜਪਾ ਦੇ ਹੱਕ 'ਚ ਭੁਗਤ ਰਹੇ ਹਨ ਅਤੇ ਉਹਨਾਂ ਨੂੰ ਹਰ ਕਿਸਮ ਦੀ ਸਹਾਇਤਾ ਪ੍ਰਦਾਨ ਕਰ ਰਹੇ ਹਨ ਜਦੋਂ ਕਿ ਸੂਬੇ ਦੀ ਹਾਕਮ ਪਾਰਟੀ ਆਪ ਨਾਲ ਵੀ ਕਾਰੋਬਾਰੀ ਖੜੇ ਹਨ, ਜਿਹੜੇ ਉਮੀਦਵਾਰਾਂ ਤੋਂ ਆਪੋ-ਆਪਣੀਆਂ ਸਮੱਸਿਆਵਾਂ ਦੇ ਹੱਕ ਲਈ ਵਾਇਦੇ ਲੈ ਰਹੇ ਹਨ। ਉਂਝ ਵੀ ਚੋਣਾਂ ਵਿੱਚ ਧਨ ਦੀ ਵਰਤੋਂ ਵੱਡੇ ਪੱਧਰ 'ਤੇ ਹੁੰਦੀ ਹੈ, ਜਿਸ ਵਿੱਚ ਉਮੀਦਵਾਰ ਵੱਲੋਂ ਚੋਣ ਪ੍ਰਚਾਰ, ਬੈਠਕਾਂ ਆਦਿ ਦਾ ਖ਼ਰਚਾ ਸ਼ਾਮਲ ਹੁੰਦਾ ਹੈ, ਅਤੇ ਕਾਰੋਬਾਰੀਆਂ ਅਤੇ ਧਨ ਕੁਬੇਰਾਂ ਦੀ ਮਦਦ ਉਤੇ ਬਿਨਾਂ ਵੱਡੀ ਗਿਣਤੀ ਉਮੀਦਵਾਰ ਟੇਕ ਰੱਖਦੇ ਹਨ ।ਪਿਛਲੀਆਂ ਲੋਕ ਸਭਾ ਚੋਣਾਂ ਦੇ ਮੁਕਾਬਲੇ ਇਸ ਵੇਰ ਲੋਕ ਸਭਾ ਉਮੀਦਵਾਰ ਵੱਲੋਂ ਚੋਣਾਂ 'ਚ ਖ਼ਰਚੇ ਦੀ ਹੱਦ ਵਧਾ ਕੇ 95 ਲੱਖ ਕਰ ਦਿੱਤੀ ਗਈ ਹੈ, ਜਿਸਨੂੰ ਸਧਾਰਨ ਉਮੀਦਵਾਰ ਬਾਹਰੀ ਸਹਾਇਤਾ ਤੋਂ ਬਿਨ੍ਹਾਂ ਇਕੱਲਿਆਂ ਪੂਰਿਆਂ ਨਹੀਂ ਕਰ ਸਕਦਾ।

ਆਮ ਤੌਰ 'ਤੇ ਪੰਜਾਬ ਦੇ ਲੋਕ ਦਿੱਲੀ ਹਾਕਮਾਂ ਨਾਲ ਭੇੜ 'ਚ ਰਹਿੰਦੇ ਹਨ ਅਤੇ ਪਿਛਲਿਆਂ ਗੇੜਾਂ 'ਚ ਜਦੋਂ ਮੋਦੀ ਦੀ ਲਹਿਰ ਦਿਖਦੀ ਸੀ ਜਾਂ ਕਾਂਗਰਸ ਦੇ ਹੱਕ 'ਚ ਵੱਡੀ ਗਿਣਤੀ 'ਚ ਲੋਕ ਕਿਸੇ ਸਮੇਂ ਭੁਗਤੇ ਸਨ, ਪੰਜਾਬ ਦੇ ਲੋਕਾਂ ਨੇ ਆਪਣੇ ਢੰਗ ਨਾਲ ਵੋਟ ਪਾਈ ਸੀ। ਇਸ ਵਾਰ ਵੀ ਰੁਝਾਣ ਉਸ ਤੋਂ ਵੱਖਰਾ ਹੋਣ ਦੀ ਸੰਭਾਵਨਾ ਨਹੀਂ ਦਿਖਦੀ, ਪਰ ਇੱਕ ਗੱਲ ਪੱਕੀ ਹੈ, ਉਹ ਇਹ ਕਿ ਪੰਜਾਬੀਆਂ ਨੇ ਦਲ-ਬਦਲੂ ਸਿਆਸਤ ਨੂੰ ਪਸੰਦ ਨਹੀਂ ਕੀਤਾ, ਉਹ ਦਲ-ਬਦਲੂਆਂ ਨੂੰ ਸਬਕ ਸਿਖਾਉਣਾ ਮਿਥੀ ਬੈਠੇ ਹਨ ।

***

## ਲੋਕ ਸਭਾ ਚੋਣਾਂ 'ਚ ਬੇਅਦਬੀ ਦਾ ਮੁੱਦਾ...

ਇਸ ਮਾਮਲੇ ਨਾਲ ਜੁੜੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦੀ ਗੱਲ ਤਾਂ ਪਿੱਛੇ ਰਹੀ ਇਸ ਮਾਮਲੇ ਵਿੱਚ ਨਾਮਜ਼ਦ ਦੋਸ਼ੀਆਂ ਡੇਰਾ ਸਿਰਸਾ ਮੁਖੀ ਸੌਦਾ ਸਾਧ ਵਿਰੁੱਧ ਮੁਕੱਦਮਾ ਚਲਾਉਣ ਦੀ ਵੀ ਗ੍ਰਹਿ ਵਿਭਾਗ ਨੂੰ ਇਜ਼ਾਜਤ ਨਹੀਂ ਦਿੱਤੀ। ਹੁਣ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੀ ਸੱਤਾਧਾਰੀ ਪਾਰਟੀ ਨੇ ਪੂਰੀ ਤਰ੍ਹਾਂ ਚੁੱਪ ਧਾਰ ਰੱਖੀ ਹੈ ਤੇ ਅਕਾਲੀ ਦਲ ਨੇ ਵੀ।

'ਆਪ' ਦੇ ਸੂਬਾ ਸੰਯੁਕਤ ਸਕੱਤਰ ਰਹਿ ਚੁਕੇ ਜਸਟਿਸ (ਸੇਵਾਮੁਕਤ) ਜੋਰਾ ਸਿੰਘ ਨੇ ਬੇਅਦਬੀ ਦੇ ਮਾਮਲੇ ਵਿੱਚ ਆਪਣੀ ਸਰਕਾਰ ਖ਼ਿਲਾਫ਼ ਝੰਡਾ ਚੁੱਕ ਲਿਆ ਹੈ। ਉਨ੍ਹਾਂ ਕਿਹਾ ਕਿ 'ਮਾਨ' ਸਰਕਾਰ ਨੇ ਉਨ੍ਹਾਂ ਨਾਲ ਇਹ ਵਾਅਦਾ ਕੀਤਾ ਸੀ ਕਿ ਉਨ੍ਹਾਂ ਵੱਲੋਂ ਬਤੌਰ ਕਮਿਸ਼ਨ ਬੇਅਦਬੀ ਤੇ ਗੋਲੀ ਕਾਂਡ ਮਾਮਲਿਆਂ ਦੀ ਜਾਂਚ ਨੂੰ ਜਨਤਕ ਕੀਤਾ ਜਾਵੇਗਾ। ਸਰਕਾਰ ਬਣਨ ਦੇ ਦੋ ਸਾਲ ਬਾਅਦ ਵੀ ਉਨ੍ਹਾਂ ਦੀ ਰਿਪੋਰਟ ਜਨਤਕ ਨਹੀਂ ਕੀਤੀ ਗਈ। ਜ਼ਿਕਰਯੋਗ ਹੈ ਕਿ ਜਸਟਿਸ (ਸੇਵਾਮੁਕਤ) ਜੋਰਾ ਸਿੰਘ ਦਸੰਬਰ 2018 ਵਿੱਚ 'ਆਪ' ਵਿੱਚ ਸ਼ਾਮਲ ਹੋਏ ਸਨ ਅਤੇ ਉਨ੍ਹਾਂ ਨੂੰ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਜਲੰਧਰ ਰਾਖਵਾਂ ਹਲਕੇ ਤੋਂ 'ਆਪ' ਉਮੀਦਵਾਰ ਵਜੋਂ ਮੈਦਾਨ ਵਿੱਚ ਉਤਾਰਿਆ ਗਿਆ ਸੀ ਪਰ ਉਹ ਅਸਫ਼ਲ ਰਹੇ ਸਨ। ਉਹ ਹੁਣ 'ਆਪ' ਵਿਚੋਂ ਅਸਤੀਫਾ ਦੇ ਚੁਕੇ ਹਨ।

**ਕੀ ਇਸ ਵਾਰ ਬਾਦਲ ਦਲ ਨੂੰ ਫਾਇਦਾ ਹੋਵੇਗਾ ?**

ਵਿਰੋਧੀ ਧਿਰ ਦੀ ਅਣਹੋਂਦ ਦੇ ਬਾਵਜੂਦ ਬਾਦਲ ਦਲ ਦੀ ਮੁਹਿੰਮ ਇਸ ਵਾਰ ਬਹੁਤਾ ਵਿਰੋਧ ਨਾ ਹੋਣ ਦੇ ਬਾਵਜੂਦ ਵੀ ਰਫ਼ਤਾਰ ਫੜ ਨਹੀਂ ਸਕੀ। ਜ਼ਿਆਦਾਤਰ ਸੀਟਾਂ 'ਤੇ ਪਾਰਟੀ ਉਮੀਦਵਾਰ ਵੀ ਦੌੜ ਵਿੱਚ ਨਜ਼ਰ ਨਹੀਂ ਆ ਰਹੇ। ਹਾਲਾਂਕਿ ਇਸ ਵਾਰ ਪਾਰਟੀ ਨੂੰ ਇਹ ਵੀ ਉਮੀਦ ਹੈ ਕਿ ਜੇਕਰ ਕਾਂਗਰਸ ਕੁਝ ਸੀਟਾਂ 'ਤੇ ਚੰਗਾ ਪ੍ਰਦਰਸ਼ਨ ਕਰਦੀ ਹੈ ਤਾਂ ਉਨ੍ਹਾਂ ਨੂੰ ਇਸ ਦਾ ਫਾਇਦਾ ਜ਼ਰੂਰ ਮਿਲੇਗਾ।

***

## ਅਕਾਲੀ, ਪੰਥਕ ਸਿਆਸਤ ਤੋਂ ਖਾਲੀ

1984 ਤੋਂ ਮਗਰੋਂ ਪੰਥਕ ਸਿਆਸਤ ਦਾ ਪਹਿਰੇਦਾਰ ਸ਼੍ਰੋਮਣੀ ਅਕਾਲੀ ਦਲ ਕੁਰਸੀ ਦਾ ਮੁਥਾਜ ਤੇ ਪਰਿਵਾਰਵਾਦ ਦੀ ਪਕੜ ਦਾ ਸ਼ਿਕਾਰ ਹੋ ਜਾਂਦਾ ਹੈ। ਪੰਥਕ ਸਿਆਸਤ ਦੀ ਸਮਝ ਇਸ ਦੌਰ ਵਿੱਚ ਸੁਰਤਿ ਵਿਚੋਂ ਪੰਥਕ ਸਿਆਸਤ ਦੇ ਨਾਮ ਨਿਹਾਤ ਸੇਵਕ ਕਹਾਉਣ ਵਾਲਿਆਂ ਵਿੱਚੋਂ ਮਰਨੀ ਮੁੱਕਣੀ ਸ਼ੁਰੂ ਹੋ ਗਈ। ਇਸ ਨਵੇਂ ਅਖਾਣ ਦੇ ਰੂਪ ਵਿੱਚ ਵਟ ਗਈ। ਅਕਾਲੀ, ਪੰਥਕ ਸਿਆਸਤ ਤੋਂ ਖਾਲੀ।

ਅੱਜ ਦੇ ਅਕਾਲੀ ਅਖਵਾਉਣ ਵਾਲਿਆਂ ਦੇ ਧੜੇ ਮਨੁੱਖੀ ਤੇ ਮਤਲਬੀ ਪ੍ਰਭਾਵਾਂ ਹੇਠ ਵਧੇਰੇ ਕਰ ਚਲੇ ਗਏ ਹਨ। ਇਥੇ ਪੰਥਕ ਸਿਆਸਤ ਦੀ ਥਾਂ ਧੜਿਆਂ ਦੇ ਆਗੂਆਂ ਦੀ ਸੋਚ ਵਾਲੀ ਇੱਕ ਦੂਜੇ ਨੂੰ ਭੰਡਣ, ਦਬਾਉਣ, ਦਬਕਾਉਣ ਵਾਲੀ ਸਿਆਸਤ ਭਾਰੂ ਹੋ ਗਈ ਹੈ। ਸੱਚ ਪਰਵਾਨ ਕਰਨਾ ਬਣਦਾ ਹੈ ਜੋ ਇਹ ਹੈ ਕਿ ਅੱਜ ਦੀ ਤਰੀਕ ਵਿੱਚ ਪੰਥਕ ਸਿਆਸਤ ਦੀ ਸਮਝ ਸੂਝ ਵਾਲਾ ਸਿਆਸੀ ਦਲ ਖ਼ਾਲਸਾ ਪੰਥ ਦੇ ਪਾਸ ਨਹੀਂ ਹੈ। ਕੂੜੀ ਦਾਵੇਦਾਰੀ ਵਾਲੇ ਦਰਜਨਾਂ ਹੀ ਅਕਾਲੀ ਸਦਵਾਉਂਦੇ ਧੜੇ ਭਾਵੇਂ ਆਪੋ ਆਪਣਾ ਰਾਗ ਅਲਾਪ ਰਹੇ ਮਿਲਦੇ ਹਨ। ਸਵਾਲ ਇਹ ਹੈ ਪੰਥਕ ਸਿਆਸਤ ਲਈ ਸਹੀ ਪੰਥਕ ਸਿਆਸੀ ਜੱਥਾ ਨਵੇਂ ਸਿਰੇ ਤੋਂ ਹੋਂਦ ਵਿੱਚ ਆ ਸਕਦਾ ਹੈ ? ਸਾਰਥਿਕ ਉੱਤਰ ਹੈ ਕਿ ਆ ਸਕਦਾ ਹੈ ! ਦੂਜਾ ਸਵਾਲ ਹੈ ਪੰਥਕ ਸਿਆਸੀ ਜੱਥਾ ਕਦੋਂ ਹੋਂਦ ਵਿੱਚ ਆਵੇਗਾ ? ਇਸ ਦਾ ਉੱਤਰ ਹੈ ਜਦੋਂ ਗੁਰੂ- ਗ੍ਰੰਥ ਗੁਰੂ- ਪੰਥ ਪ੍ਰਸਤ ਸਿੱਖ ਮਨੋ ਚਾਹੁੰਣਗੇ !

ਅੱਜ ਦੀ ਤਰੀਕ ਵਿੱਚ ਬਹੁਤੇ ਪੰਥਪ੍ਰਸਤ ਸਿੱਖ ਕਹਾਉਣ ਵਾਲੇ ਆਪਣੀ ਨਿੱਜੀ ਜ਼ਿੰਦਗੀ ਦੇ ਸੁੱਖ ਸਾਧਨਾਂ ਦੀ ਜਦੋ ਜਹਿਦ ਵਿੱਚ ਮਸ਼ਰੂਫ ਹਨ। ਪੰਥਕ ਫਰਜ਼ ਨੂੰ ਪਿੱਛੇ ਪਾ ਕੇ ਦਿਨ ਕਟੀ ਕਰਨਾ ਜੀਵਨ ਵਿਹਾਰ ਅਪਣਾ ਲਿਆ ਹੈ। ਹਾਂ ਸਮਾਜਿਕ ਪ੍ਰਚਾਰ ਸਾਧਨਾਂ 'ਤੇ ਜਾਂ ਸੱਥਾਂ ਵਿੱਚ ਇੱਕ ਦੂਜੇ ਤੇ ਟੀਕਾ ਟਿੱਪਣੀ ਵਾਲੀ ਨੂਰਾ ਕੁਸ਼ਤੀ ਜਾਰੀ ਰੱਖਣਾ ਹੀ ਹਾਲ ਦੀ ਘੜੀ ਪੰਥਕ ਸੇਵਾ ਹੈ।

ਸਿੱਖ ਨੌਜਵਾਨਾਂ ਨੂੰ ਵਿਰਸੇ ਵਿਰਾਸਤ ਦਾ ਗਿਆਨ ਦੇਣ ਲਈ ਜੋ ਕੌਮੀ ਵਿਧੀ ਵਿਧਾਨ ਉਸਾਰ ਕੇ ਕੰਮ ਕਰਨਾ ਜ਼ਰੂਰੀ ਹੈ ਇਸ ਨੂੰ ਬੇਧਿਆਨਾ ਛੱਡਿਆ ਹੋਇਆ ਹੈ।

ਸਿਰਲੇਖ ਵਾਲੇ ਸ਼ਬਦ ਕਿ 'ਪੰਥਕ ਸਿਆਸਤ ਦਾ ਝੰਡਾ ਬਰਦਾਰ ਕੌਣ ਬਣੂੰ ?' ਬਹੁਤ ਵੱਡਾ ਸਵਾਲ ਹੈ। ਇਸ ਤਰ੍ਹਾਂ ਮਹਿਸੂਸ ਹੋ ਰਿਹਾ ਹੈ ਇਹ ਸਵਾਲ ਵਰਤਮਾਨ ਸਮੇਂ ਕੌਮੀ ਧਿਆਨ ਵਿਚੋਂ ਦਰ ਕਿਨਾਰੇ ਹੈ। ਇਹ ਚੋਣਾਂ ਬਿਨਾ ਪੰਥਕ ਸਿਆਸਤ ਦੇ ਨੁਕਤਾ ਨਿਗਾਹ ਵੱਲ ਝਾਤ ਮਾਰਿਆ ਹੀ ਲੰਘਣਗੀਆਂ। ਸਭ ਗੈਰ ਪੰਥਕ ਸਿਆਸਤ ਦਾ ਰਾਗ ਹੀ ਅਲਾਪਣਗੇ ! ਆਪਣੀ ਆਪਣੀ ਹਉਮੈ ਦੇ ਘੋੜੇ ਸਰਪਟ ਜਰੂਰ ਭਜਾਉਣਗੇ। ਪੰਥ ਤੇ ਪੰਜਾਬ ਇਨ੍ਹਾਂ ਦੀਆਂ ਨਾਕਾਬਲ ਨੀਤਾਂ ਨੂੰ ਵੇਖ ਵੇਖ ਭਵਿੱਖ ਦੀ ਉਡੀਕ ਕਰੇਗਾ।

**

## ਸਾਈਬਰ ਅਪਰਾਧ ਦੇ ਮਾਮਲੇ 'ਚ

ਇਨ੍ਹਾਂ ਸ਼੍ਰੇਣੀਆਂ ਵਿੱਚ ਰੈਂਸਮਵੇਅਰ, ਕ੍ਰੈਡਿਟ ਕਾਰਡ ਚੋਰੀ ਅਤੇ ਘਪਲੇ ਸ਼ਾਮਲ ਹਨ। 'ਪਲੋਸ ਵਨ' ਜਰਨਲ 'ਚ ਛਪੇ ਅਧਿਐਨ ਮੁਤਾਬਕ ਇਸ ਸੂਚੀ ਵਿੱਚ ਰੂਸ ਚੋਟੀ 'ਤੇ ਹੈ, ਜਿਸ ਤੋਂ ਬਾਅਦ ਯੂਕ੍ਰੇਨ, ਚੀਨ, ਅਮਰੀਕਾ, ਨਾਈਜ਼ੀਰੀਆ ਤੇ ਰੋਮਾਨੀਆ ਆਉਂਦੇ ਹਨ। ਉੱਤਰੀ ਕੋਰੀਆ 7ਵੇਂ ਨੰਬਰ 'ਤੇ ਹੈ, ਜਦੋਂਕਿ ਬ੍ਰਿਟੇਨ ਤੇ ਬ੍ਰਾਜ਼ੀਲ ਕ੍ਰਮਵਾਰ 8ਵੇਂ ਤੇ 9ਵੇਂ ਨੰਬਰ 'ਤੇ ਸਨ। ਖੋਜਕਰਤਾਵਾਂ ਨੇ ਜਿਨ੍ਹਾਂ ਪ੍ਰਮੁੱਖ ਸ਼੍ਰੇਣੀਆਂ ਦੀ ਪਛਾਣ ਕੀਤੀ ਸੀ, ਉਨ੍ਹਾਂ ਵਿੱਚ ਤਕਨੀਕੀ ਉਤਪਾਦ ਤੇ ਸੇਵਾਵਾਂ ਜਿਵੇਂ ਮੈਲਵੇਅਰ, ਰੈਂਸਮਵੇਅਰ ਸਮੇਤ ਹਮਲੇ ਅਤੇ ਜਬਰੀ ਵਸੂਲੀ, ਹੈਕਿੰਗ ਤੇ ਕ੍ਰੈਡਿਟ ਕਾਰਡ ਸਮੇਤ ਡਾਟਾ ਚੋਰੀ, ਐਡਵਾਂਸ ਫ਼ੀਸ ਧੋਖਾਦੇਹੀ ਵਰਗੇ ਘਪਲੇ, ਮਨੀ ਲਾਂਡ੍ਰਿੰਗ ਆਦਿ ਸ਼ਾਮਲ ਹਨ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com